**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969


*Jassi Gill*
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Obama Care Covered CA**
COVERED CALIFORNIA
Certified Insurance Agent
ਐਪਲੀਕੇਸ਼ਨ ਭਰਨ ਲਈ
ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
*Insurance Services Since 1999 License # 0C70672*



Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 07, February 18, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਦਿੱਲੀ 'ਚ ਵੀ ਪੰਥਕ ਮੁੱਦਿਆਂ 'ਤੇ ਘਿਰੇ ਬਾਦਲ

## ਡੇਰਾ ਸਿਰਸਾ ਤੋਂ ਸਮਰਥਨ ਲੈਣ ਵਾਲਾ ਮੁੱਦਾ ਇਕ ਵਾਰ ਫਿਰ ਭਖਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਪੰਥਕ ਮਸਲਿਆਂ ਉਤੇ ਦਿੱਲੀ ਵਿਚ ਵੀ ਬੁਰੀ ਤਰ੍ਹਾਂ ਘਿਰ ਗਿਆ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਡੇਰੇ ਦੀ ਹਮਾਇਤ ਲੈਣਾ ਅਕਾਲੀ ਦਲ ਨੂੰ ਦਿੱਲੀ ਵਿਚ ਮਹਿੰਗਾ ਪੈ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮੁੱਖ ਮੁੱਦਾ ਡੇਰਾ ਸਿਰਸਾ ਨਾਲ ਅਕਾਲੀ ਦਲ ਦੇ ਸਬੰਧ ਹੀ ਬਣ ਗਿਆ ਹੈ।

ਸਿੱਖ ਜਥੇਬੰਦੀਆਂ ਅਕਾਲੀ ਦਲ ਨੂੰ 'ਡੇਰਾ ਸਿਰਸਾ ਅਕਾਲੀ ਦਲ' ਕਹਿ ਰਹੀਆਂ ਹਨ। ਪਾਰਟੀ ਨਾਲ ਸਬੰਧਤ ਦਿੱਲੀ ਦੇ ਅਕਾਲੀ ਆਗੂਆਂ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਕਿਹਾ ਹੈ ਕਿ ਡੇਰਾ ਸਿਰਸਾ ਦੀ ਹਮਾਇਤ ਵਿਚ ਗਏ ਆਗੂਆਂ ਨੂੰ ਦਿੱਲੀ ਦੀਆਂ ਚੋਣਾਂ ਤੋਂ ਦੂਰ ਹੀ ਰੱਖਿਆ ਜਾਵੇ। ਇਸ ਮਾਮਲੇ ਉਤੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਭਰਵੀਂ ਚਰਚਾ ਹੋਈ। ਡੇਰੇ ਵਿਚ ਜਾ ਕੇ ਵੋਟਾਂ ਮੰਗਣ ਵਾਲੇ ਅਕਾਲੀ ਨੇਤਾਵਾਂ ਨੇ ਜਿਥੇ ਇਸ ਮਾਮਲੇ ਨੂੰ ਸਰਸਰੀ ਮੰਨਦਿਆਂ ਰਸਮੀ ਕਾਰਵਾਈ ਨਾਲ 'ਰਫ਼ਾ-ਦਫ਼ਾ' ਕਰਨ ਦਾ ਤਰਕ ਪੇਸ਼ ਕੀਤਾ, ਉਥੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਕਿਹਾ ਕਿ ਇਸ ਮਾਮਲੇ ਦਾ ਅਕਾਲ ਤਖ਼ਤ ਉਤੇ ਮੁਕੰਮਲ ਕਾਰਵਾਈ ਕਰਨ ਤੋਂ ਬਾਅਦ ਹੀ ਨਿਬੇੜਾ ਹੋਣਾ ਚਾਹੀਦਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਡੇਰੇ ਦੇ ਸ਼ਰਧਾਲੂਆਂ ਦੀਆਂ ਵੋਟਾਂ ਮੰਗਣ ਵਾਲੇ ਅਕਾਲੀ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਬਣਾਈ ਕਮੇਟੀ ਨੂੰ ਵੀ ਜਲਦਬਾਜ਼ੀ ਵਿਚ ਚੁੱਕਿਆ ਕਦਮ ਕਰਾਰ ਦੇ ਕੇ ਆਲੋਚਨਾ ਵੀ ਕੀਤੀ ਹੈ। ਮਾਮਲੇ ਨੂੰ ਲਮਕਾਉਣ ਵਜੋਂ ਕਾਂਗਰਸ ਨਾਲ ਸਬੰਧਤ ਡੇਰੇ 'ਤੇ ਜਾਣ ਵਾਲੇ ਸਿੱਖ ਨੇਤਾਵਾਂ ਨੂੰ ਵੀ ਸ੍ਰੀ ਅਕਾਲ ਤਖ਼ਤ ਉਪਰ ਸੱਦਣ ਦੀ ਗੱਲ ਚੱਲ ਰਹੀ ਹੈ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਕਮੇਟੀ ਬਣਾਉਣ ਤੋਂ ਪਹਿਲਾਂ ਵਿਚਾਰ ਕਰ ਲੈਣੀ ਚਾਹੀਦੀ ਸੀ। ਸੀਨੀਅਰ ਆਗੂਆਂ ਨੇ ਮੰਨਿਆ ਕਿ ਡੇਰੇ ਦੀ ਹਮਾਇਤ ਨਾਲ ਪਾਰਟੀ ਨੂੰ ਭਵਿੱਖ ਵਿਚ ਸਿਆਸੀ ਤੌਰ ਉਤੇ ਭਾਰੀ ਨੁਕਸਾਨ ਹੋ ਸਕਦਾ ਹੈ। ਆਗੂਆਂ ਮੁਤਾਬਕ ਪਾਰਟੀ ਦਾ ਮੁੱਖ ਆਧਾਰ ਸਿੱਖ ਵੋਟਰ ਪਾਰਟੀ ਤੋਂ ਦੂਰ ਜਾ ਸਕਦਾ ਹੈ। ਡੇਰਾ ਮੁਖੀ ਖਿਲਾਫ਼ ਸ੍ਰੀ ਅਕਾਲ ਤਖਤ ਤੋਂ 2007 ਵਿਚ ਜਾਰੀ ਹੁਕਮਨਾਮੇ ਨੂੰ ਲਾਗੂ ਕਰਨ ਲਈ ਤੂਲ ਵੀ ਅਕਾਲੀ ਨੇਤਾਵਾਂ ਵੱਲੋਂ ਹੀ ਦਿੱਤੀ ਗਈ ਸੀ। ਵਿਧਾਨ ਸਭਾ ਚੋਣਾਂ ਦੌਰਾਨ ਵੀ ਪਾਰਟੀ ਵੱਲੋਂ ਸਿੱਖ ਵੋਟ ਕਾਂਗਰਸ ਜਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲ ਭੁਗਤਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

ਪਾਰਟੀ ਦੇ ਇਕ ਸੰਸਦ ਮੈਂਬਰ ਨੇ ਮੰਨਿਆ ਹੈ ਕਿ ਦਿੱਲੀ ਚੋਣਾਂ ਵਿਚ ਇਹ ਮਾਮਲਾ ਅਕਾਲੀ ਦਲ ਦੇ ਰਾਜਸੀ ਵਿਰੋਧੀਆਂ ਵੱਲੋਂ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।

ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਜਾਂਚ ਕਮੇਟੀ ਦੀ ਰਿਪੋਰਟ 26 ਫਰਵਰੀ ਨੂੰ ਹੋਣ ਵਾਲੀਆਂ ਦਿੱਲੀ ਚੋਣਾਂ ਤੋਂ ਬਾਅਦ ਹੀ ਸ੍ਰੀ ਅਕਾਲ ਤਖਤ ਨੂੰ ਸੌਂਪੀ ਜਾਵੇਗੀ। ਜਾਂਚ ਕਮੇਟੀ ਨੇ ਵੀ ਕਿਹਾ ਹੈ ਕਿ ਜਾਂਚ ਦੌਰਾਨ ਡੇਰੇ ਗਏ ਸਿੱਖ ਆਗੂਆਂ ਦਾ ਪੱਖ ਲੈਣ ਵਿਚ ਸਮਾਂ ਲੱਗ ਸਕਦਾ ਹੈ। ਉਧਰ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ 'ਡੇਰਾ ਸਿਰਸਾ ਅਕਾਲੀ ਦਲ' ਦਾ ਨਾਂ ਦਿੰਦਿਆਂ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਸਲਾਹ ਦਿੱਤੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਛੱਡ ਦੇਣ। ਉਨ੍ਹਾਂ ਦਿੱਲੀ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਬਾਦਲ ਦਲ ਨੂੰ ਵੋਟਾਂ ਨਾ ਪਾਉਣ ਅਤੇ ਬੇਰੰਗ ਵਾਪਸ ਭੇਜਣ। ਇਕ ਬਿਆਨ ਵਿਚ ਭਾਈ ਮੋਹਕਮ ਸਿੰਘ ਨੇ ਦਿੱਲੀ ਦੇ ਸੰਤਾਂ-ਮਹਾਂਪੁਰਸ਼ਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਨਕਾਰ ਕੇ ਪੰਥਕ ਪਰੰਪਰਾਵਾਂ 'ਤੇ ਪਹਿਰਾ ਦੇਣ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਤਖਤ ਸਾਹਿਬਾਨ ਦੀ ਮਾਣ ਮਰਿਆਦਾ ਅਤੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਵੱਡੀ ਢਾਹ ਲਾਈ ਹੈ, ਪਰ ਇਨ੍ਹਾਂ ਦੀਆਂ ਆਪਣੀਆਂ ਜਾਇਦਾਦਾਂ ਤੇ ਹੋਰ ਵਸੀਲਿਆਂ ਵਿਚ ਨਿਰੰਤਰ ਵਾਧਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਰ-ਵਾਰ ਹੋਣਾ ਵੀ ਸਾਬਤ ਕਰਦਾ ਹੈ ਕਿ ਇਸ ਪਿੱਛੇ ਕੋਈ ਡੂੰਘੀ ਸਾਜਿਸ਼ ਹੈ, ਜਿਸ ਨੂੰ ਬੇਨਕਾਬ ਕਰਨਾ ਬਹੁਤ ਜ਼ਰੂਰੀ ਹੈ। ਪੰਜਾਬ ਵਿਚ 96 ਥਾਵਾਂ 'ਤੇ ਬੇਅਦਬੀ ਹੋਈ ਹੈ, ਪਰ ਕਿਸੇ ਵੀ ਦੋਸ਼ੀ ਨੂੰ ਫੜਿਆ ਨਹੀਂ ਗਿਆ।

DELHI SIKH GURDWARA MANAGEMENT COMMITTEE
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

### ਬਹੁਕੋਣੇ ਮੁਕਾਬਲੇ ਨੇ ਬਣਾਈ ਰੋਚਕ ਸਥਿਤੀ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 26 ਫਰਵਰੀ ਨੂੰ ਚੋਣ ਲਈ ਕੁੱਲ 335 ਉਮੀਦਵਾਰ ਮੈਦਾਨ ਵਿਚ ਨਿੱਤਰ ਗਏ ਹਨ। ਇਨ੍ਹਾਂ 335 ਉਮੀਦਵਾਰਾਂ ਵਿਚ 46 ਸੀਟਾਂ ਉਤੇ ਸ਼੍ਰੋਮਣੀ ਅਕਾਲੀ (ਬਾਦਲ) ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਸਾਰੇ 46-46 ਉਮੀਦਵਾਰ ਚੋਣ ਲੜ ਰਹੇ ਹਨ। ਇਸ ਵਾਰ ਮੁਕਾਬਲਾ ਬਹੁਕੋਣਾ ਹੋਣ ਕਰ ਕੇ ਅਤੇ ਪੰਜ ਤੋਂ ਵਧ ਧੜੇ ਚੋਣ ਮੈਦਾਨ ਵਿਚ ਹੋਣ ਕਰ ਕੇ ਕਮੇਟੀ ਚੋਣ ਕਾਫੀ ਰੋਚਕ ਬਣੀ ਹੋਈ ਹੈ। ਇਸ ਦੇ ਨਾਲ ਪੰਥਕ ਸੇਵਾ ਦਲ ਦੇ 39 ਉਮੀਦਵਾਰ, ਭਾਈ ਰਣਜੀਤ ਸਿੰਘ ਦੀ ਸਰਪ੍ਰਸਤੀ ਵਾਲੀ ਅਕਾਲ ਸਹਾਇ ਵੈਲਫੇਅਰ ਐਸੋਸੀਏਸ਼ਨ ਦੇ 11 ਮੈਂਬਰ ਹਨ। ਸਾਰੀਆਂ ਸੀਟਾਂ ਤੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ 184 ਹੈ ਤੇ 85 ਉਮੀਦਵਾਰਾਂ ਨੇ ਆਪਣੇ ਕਾਗਜ਼ ਵਾਪਸ ਲਏ ਹਨ। ਦੱਸ ਦਈਏ ਕਿ ਦਿੱਲੀ ਕਮੇਟੀ ਲਈ ਸਿੱਖ ਸੰਗਤ ਵੱਲੋਂ 46 ਉਮੀਦਵਾਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, ਦੋ ਮੈਂਬਰ ਦਿੱਲੀ ਦੀਆਂ ਸਿੰਘ ਸਭਾਵਾਂ ਦੇ ਨੁਮਾਇੰਦਿਆਂ ਵਜੋਂ ਸਰਬਸੰਮਤੀ ਨਾਲ ਚੁਣੇ ਜਾਂਦੇ ਹਨ, ਦੋ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਤੇ ਇਕ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕੁੱਲ 51 ਮੈਂਬਰੀ ਕਮੇਟੀ ਵਿਚ ਬਹੁਮਤ ਲਈ 26 ਮੈਂਬਰਾਂ ਦਾ ਸਮਰਥਨ ਜ਼ਰੂਰੀ ਹੁੰਦਾ ਹੈ। ਹਾਲਾਂਕਿ ਚਾਰ ਤਖਤਾਂ ਦੇ ਸਿੰਘ ਸਾਹਿਬਾਨ ਵੀ ਕਮੇਟੀ ਦੇ ਮੈਂਬਰ ਹੁੰਦੇ ਹਨ, ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਪਿਛਲੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਧੜੇ ਦੇ 37 ਮੈਂਬਰ ਜਿੱਤੇ ਸਨ ਜਦਕਿ ਸਰਨਾ ਧੜੇ ਦੇ ਸਿਰਫ 8 ਮੈਂਬਰ ਜਿੱਤੇ ਸਨ। ਕੁੱਲ 46 ਉਮੀਦਵਾਰਾਂ ਵਿਚੋਂ 1 ਮੈਂਬਰ ਕੇਂਦਰੀ ਗੁਰੂ ਸਿੰਘ ਸਭਾ ਦਾ ਜਿੱਤਿਆ ਸੀ। ਇਸ ਵਾਰ ਮੁਕਾਬਲਾ ਦੂਹਰਾ ਨਹੀਂ ਬਲਕਿ ਪੰਜਕੋਣਾ ਬਣਿਆ ਹੋਇਆ ਹੈ।


**We Do Real Estate in Bay Area & Central Valley**
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Follow us on:
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਬੇਕਸੂਰ ਪਰਵਾਸੀ ਨੂੰ ਝੱਲਣਾ ਪਿਆ ਪੁਲਿਸ ਦਾ ਤਸ਼ੱਦਦ

**ਚੰਡੀਗੜ੍ਹ:** ਅਮਰੀਕਾ ਦੇ ਗਰੀਨ ਕਾਰਡ ਹੋਲਡਰ ਅਤੇ ਨਵਾਂ ਸ਼ਹਿਰ ਦੇ ਪਿੰਡ ਗੁਣਾਚੌਰ ਦੇ ਅਵਤਾਰ ਸਿੰਘ ਸਿੱਧੂ ਨੇ ਅਮਰੀਕਾ ਤੋਂ ਆਉਂਦਿਆਂ ਹੀ ਦੁਬਈ ਪੁਲਿਸ ਵੱਲੋਂ ਉਸ ਨੂੰ ਬਿਨਾਂ ਕਿਸੇ ਕਸੂਰ ਤੋਂ 13 ਦਿਨ ਬੇੜੀਆਂ ਵਿਚ ਨੂੜ ਕੇ ਰੱਖੇ ਜਾਣ ਦਾ ਖ਼ੁਲਾਸਾ ਕੀਤਾ ਹੈ। ਪੰਜਾਬ ਦੇ ਅਗਾਂਹਵਧੂ ਕਿਸਾਨ ਵਜੋਂ ਸਟੇਟ ਐਵਾਰਡ ਹਾਸਲ ਕਰਨ ਵਾਲੇ ਸ. ਸਿੱਧੂ ਨੇ ਇਥੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਉਹ 2013 ਵਿਚ ਪਰਿਵਾਰ ਸਮੇਤ ਅਮਰੀਕਾ ਚਲੇ ਗਏ ਸਨ।

25 ਜਨਵਰੀ ਨੂੰ ਉਹ ਅਤੇ ਉਸ ਦਾ ਪੁੱਤਰ ਅਮੀਰਾਤ ਏਅਰਲਾਈਨਜ਼ ਰਾਹੀਂ ਨਿਊ ਯਾਰਕ ਤੋਂ ਵਾਇਆ ਦੁਬਈ ਦਿੱਲੀ ਆ ਰਹੇ ਸਨ। ਜਦੋਂ ਉਹ ਦੁਬਈ ਦੇ ਹਵਾਈ ਅੱਡੇ 'ਤੇ ਉਤਰੇ ਤਾਂ ਅਫਸਰਾਂ ਨੇ ਉਸ ਦਾ ਪਾਸਪੋਰਟ ਦੇਖ ਕੇ ਉਸ ਨੂੰ ਹਿਰਾਸਤ 'ਚ ਲੈ ਲਿਆ ਅਤੇ ਕਿਹਾ ਕਿ ਉਹ ਇਸ ਉਡਾਣ ਰਾਹੀਂ ਭਾਰਤ ਨਹੀਂ ਜਾ ਸਕਦਾ, ਕਿਉਂਕਿ ਉਸ ਕੋਲ ਜਾਅਲੀ ਪਾਸਪੋਰਟ ਹੈ। ਉਸ ਦੇ ਪਤੇ, ਜਨਮ ਮਿਤੀ ਅਤੇ ਪਾਸਪੋਰਟ ਦੇ ਨੰਬਰ ਵਾਲਾ ਪਾਸਪੋਰਟ ਅਵਤਾਰਬੀਰ ਸਿੰਘ ਨਾਮ ਦੇ ਬੰਦੇ ਕੋਲ ਵੀ ਹੈ ਤੇ ਉਹ ਦੁਬਈ 'ਚ ਕਤਲ ਕਰ ਕੇ ਫਰਾਰ ਹੋਇਆ ਹੈ।

ਪੁਲਿਸ ਨੇ ਉਸ ਨੂੰ 9 ਫੁੱਟ ਦੇ ਕਮਰੇ ਵਿਚ ਤਾੜ ਦਿੱਤਾ ਅਤੇ 26 ਘੰਟੇ ਬਿਨਾਂ ਰੋਟੀ-ਪਾਣੀ ਤੋਂ ਰੱਖਿਆ। ਫਿਰ ਉਸ ਨੂੰ ਥਾਣੇ ਦੇ ਕਸਟੱਡੀ ਰੂਮ ਵਿਚ ਤਾੜ ਦਿੱਤਾ ਜਿਥੇ ਕਰੀਬ 200 ਬੰਦੇ ਬੰਦ ਸਨ ਅਤੇ ਉਸ ਦੇ ਹੱਥ-ਪੈਰ ਬੇੜੀਆਂ ਨਾਲ ਨੂੜ ਦਿੱਤੇ। ਇਸ ਦੌਰਾਨ ਉਸ ਦੇ ਪੁੱਤਰ ਨੇ ਦੁਬਈ ਵਿਚ ਹੀ ਉਸ ਨੂੰ ਬਚਾਉਣ ਲਈ ਵਕੀਲਾਂ ਰਾਹੀਂ ਯਤਨ ਕੀਤੇ।

ਸ. ਸਿੱਧੂ ਨੇ ਕਿਸੇ ਤਰ੍ਹਾਂ ਫੋਨ ਕਰ ਕੇ ਸਾਰੀ ਗੱਲ ਆਪਣੇ ਪਰਿਵਾਰ ਨੂੰ ਦੱਸੀ ਤਾਂ ਉਸ ਦੀ ਧੀ ਨੇ ਅਮਰੀਕਾ ਤੋਂ ਇਹ ਮਾਮਲਾ ਈਮੇਲ ਰਾਹੀਂ ਦੁਬਈ ਸਥਿਤ ਭਾਰਤੀ ਰਾਜਦੂਤ ਦੇ ਦਫਤਰ, ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਪਾਸਪੋਰਟ ਦਫਤਰ ਜਲੰਧਰ ਕੋਲ ਉਠਾਇਆ। ਇਸੇ ਦੌਰਾਨ ਉਹ ਜੇਲ੍ਹ ਵਿਚ ਉਹ ਬਿਮਾਰ ਹੋ ਗਿਆ। ਪੁਲਿਸ ਉਸ ਨੂੰ ਬੇੜੀਆਂ ਨਾਲ ਨੂੜ ਕੇ ਹਸਪਤਾਲ ਲੈ ਗਈ ਅਤੇ ਬੈੱਡ ਨਾਲ ਬੰਨ੍ਹ ਦਿੱਤਾ। ਫਿਰ ਉਸ ਦਾ ਡੀ.ਐਨ.ਏ. ਟੈਸਟ ਕਰਵਾਇਆ ਅਤੇ ਉਸ ਦੇ ਨਾਮ ਉਪਰ ਬਣਾਏ ਫਰਜ਼ੀ ਪਾਸਪੋਰਟ ਵਾਲੇ ਬੰਦੇ ਨਾਲ ਮੇਲ ਨਾ ਖਾਣ 'ਤੇ 13 ਦਿਨਾਂ ਬਾਅਦ 7 ਫਰਵਰੀ ਨੂੰ ਉਸ ਨੂੰ ਰਿਹਾਅ ਕੀਤਾ ਗਿਆ।

# ਪਾਸਪੋਰਟ ਘੁਟਾਲਾ: ਪੁਲਿਸ ਮੁਲਾਜ਼ਮਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

**ਮੋਗਾ:** ਇਥੇ ਥਾਣਾ ਸਿਟੀ ਵਿਚ ਕਰੀਬ ਸਾਢੇ ਅੱਠ ਵਰ੍ਹੇ ਪਹਿਲਾਂ 13 ਜੁਲਾਈ 2008 ਨੂੰ ਪੁਲਿਸ ਮੁਲਾਜ਼ਮ ਦੀ ਸ਼ਿਕਾਇਤ ਉਤੇ ਪਾਸਪੋਰਟ ਘੁਟਾਲੇ ਦੀ ਦਰਜ ਐਫ.ਆਈ.ਆਰ. ਦੀ ਪੁਲਿਸ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਸ ਕੇਸ ਦੀ ਜਾਂਚ ਨਾਲ ਜੁੜੇ ਐਸ.ਪੀਜ਼ ਤੇ ਡੀ.ਐਸ.ਪੀਜ਼ ਸਮੇਤ ਦੋ ਦਰਜਨ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਦੇ ਅਦਾਲਤ ਵੱਲੋਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਇਹ ਅਫ਼ਸਰ ਕਈ ਵਾਰ ਤਲਬ ਕੀਤੇ ਗਏ, ਪਰ ਗਵਾਹੀ ਲਈ ਪੇਸ਼ ਨਹੀਂ ਹੋਏ।

ਜ਼ਿਲ੍ਹਾ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ (ਈ.ਓ. ਵਿੰਗ) ਦੇ ਇੰਚਾਰਜ ਦੇਵਿੰਦਰ ਸਿੰਘ ਨੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕੁਝ ਪੁਲਿਸ ਅਫ਼ਸਰਾਂ ਦੀ ਗਵਾਹੀ ਹੋ ਚੁੱਕੀ ਹੈ ਅਤੇ ਕੁਝ ਦੀ ਰਹਿੰਦੀ ਹੈ। ਕੇਸ ਦੀ ਅਗਲੀ ਸੁਣਵਾਈ 27 ਫਰਵਰੀ ਹੈ। ਇਹ ਐਫ.ਆਈ.ਆਰ. ਜ਼ਿਲ੍ਹਾ ਪੁਲਿਸ ਦੀ ਪਾਸਪੋਰਟ ਸ਼ਾਖਾ ਵਿਚ ਤਾਇਨਾਤ ਤਤਕਾਲੀ ਪੁਲਿਸ ਮੁਲਾਜ਼ਮ (ਹੁਣ ਆਨਰੇਰੀ ਏ.ਐਸ.ਆਈ.) ਸੱਤਪਾਲ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਪੁਲਿਸ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਸੈਂਕੜੇ ਲੋਕਾਂ ਵੱਲੋਂ ਜਾਅਲੀ ਦਸਤਾਵੇਜ਼ਾਂ ਤਿਆਰ ਕਰ ਕੇ ਸਥਾਨਕ ਗਾਂਧੀ ਰੋਡ ਤੋਂ ਇਲਾਵਾ ਇੱਥੋਂ ਨੇੜਲੇ ਪਿੰਡ ਦੁਨੇਕੇ ਦੇ ਪਤੇ ਉਤੇ ਪਾਸਪੋਰਟ ਜਾਰੀ ਕਰਵਾ ਕੇ ਵਿਦੇਸ਼ ਵਿਚ ਉਡਾਰੀ ਮਾਰ ਗਏ। ਵਿਸ਼ੇਸ਼ ਜਾਂਚ ਟੀਮ ਵੱਲੋਂ 2002 ਤੋਂ 2008 ਤੱਕ 795 ਪਾਸਪੋਰਟ ਫਾਈਲਾਂ ਦੀ ਜਾਂਚ ਦੌਰਾਨ 398 ਪਾਸਪੋਰਟ ਜਾਅਲੀ ਦਸਤਾਵੇਜ਼ਾਂ ਨਾਲ ਜਾਰੀ ਹੋਣ ਦੀ ਪੁਸ਼ਟੀ ਕੀਤੀ ਸੀ।

# ਐਸ.ਪੀ.ਓ. ਹੱਤਿਆ ਕੇਸ ਵਿਚੋਂ ਹਵਾਰਾ ਬਰੀ

**ਰੂਪਨਗਰ:** ਅਦਾਲਤ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਕੁਨ ਅਤੇ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਸਪੈਸ਼ਲ ਪੁਲਿਸ ਅਫ਼ਸਰ (ਐਸ.ਪੀ.ਓ.) ਦੀ ਹੱਤਿਆ ਦੇ ਮਾਮਲੇ ਵਿਚ ਬਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 21 ਦਸੰਬਰ 1992 ਵਿਚ ਚਮਕੌਰ ਸਾਹਿਬ ਵਿਚ ਸ਼ਹੀਦੀ ਜੋੜ ਮੇਲ ਵਿਚ ਗੋਲੀਬਾਰੀ ਦੌਰਾਨ ਐਸ.ਪੀ.ਓ. ਕਾਂਸਟੇਬਲ ਸੁਨੀਲ ਕੁਮਾਰ ਦੀ ਮੌਤ ਹੋ ਗਈ ਸੀ ਅਤੇ ਕਾਂਸਟੇਬਲ ਮੋਹਨ ਲਾਲ ਤੇ ਰਾਜ ਕੁਮਾਰ ਜ਼ਖ਼ਮੀ ਹੋ ਗਏ ਸਨ।

ਪੁਲਿਸ ਨੇ 23 ਦਸੰਬਰ 1992 ਨੂੰ ਅਣਪਛਾਤੇ ਬੰਦਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਪਿਛੋਂ ਜਗਤਾਰ ਸਿੰਘ ਹਵਾਰਾ, ਸੂਰਤ ਸਿੰਘ ਤੇ ਸਰਬਜੀਤ ਸਿੰਘ ਭੋਜੇਮਾਜਰਾ ਨੂੰ ਇਸ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ। ਸੂਰਤ ਸਿੰਘ ਅਤੇ ਸਰਬਜੀਤ ਸਿੰਘ ਭੋਜੇਮਾਜਰਾ ਪਹਿਲਾਂ ਹੀ ਬਰੀ ਹੋ ਗਏ ਸਨ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਓਰੋਵਿਲ ਲੇਕ 'ਚ ਹੜ੍ਹ ਕਾਰਨ 2 ਲੱਖ ਲੋਕਾਂ ਨੂੰ ਇਲਾਕਾ ਖਾਲੀ ਕਰਨ ਦੇ ਹੁਕਮ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ ਵਿਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਓਰੋਵਿਲ ਡੈਮ ਦੇ ਇਕ ਹਿੱਸੇ ਵਿਚ ਪਾੜ ਪੈਣ ਪਿਛੋਂ ਇਸ ਦੇ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਸੀ ਜਿਸ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਪ੍ਰਭਾਵਿਤ ਇਲਾਕਾ ਖਾਲੀ ਕਰਨ ਦੇ ਆਦੇਸ਼ ਦੇ ਦਿੱਤੇ। ਇਨ੍ਹਾਂ ਹੁਕਮਾਂ ਕਰਕੇ ਕਰੀਬ ਦੋ ਲੱਖ ਲੋਕਾਂ ਉਤੇ ਬੇਘਰ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਨ੍ਹਾਂ ਵਿਚ ਕਰੀਬ ਵੀਹ ਹਜ਼ਾਰ ਲੋਕ ਪੰਜਾਬੀ ਹਨ। ਸਮੁੱਚੀ ਯੂਬਾ ਕਾਊਂਟੀ ਹੜ੍ਹ ਦੀ ਮਾਰ ਹੇਠ ਹੈ। ਇਸ ਇਲਾਕੇ ਵਿਚ ਕਰੀਬ 13 ਫੀਸਦੀ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਭਾਈਚਾਰੇ ਦੇ ਲੋਕ ਹਨ। ਪੰਜਾਬੀ ਭਾਈਚਾਰੇ ਦੇ ਇੱਥੇ ਵੱਡੇ ਵੱਡੇ ਫਾਰਮ ਹਾਊਸ ਹਨ।

ਇਹ ਡੈਮ ਇਥੋਂ ਕੋਈ 75 ਮੀਲ ਦੂਰ ਹੈ। ਸੂਤਰਾਂ ਅਨੁਸਾਰ ਹਾਲ ਦੀ ਘੜੀ ਓਰੋਵਿਲ ਲੇਕ ਵਿਚ ਪਾਣੀ ਦਾ ਪੱਧਰ ਕੁਝ ਘਟ ਜਾਣ ਪਿਛੋਂ ਅਮਰੀਕਾ ਦੇ ਸਭ ਤੋਂ ਉਚੇ (770 ਫੁੱਟ) ਇਸ ਡੈਮ ਦੇ ਟੁੱਟਣ ਦਾ ਖਤਰਾ ਟਲ ਗਿਆ ਹੈ। ਲੇਕ ਵਿਚ ਐਤਵਾਰ ਸਵੇਰੇ ਪਾਣੀ ਦਾ ਪੱਧਰ 902.59 ਫੁੱਟ 'ਤੇ ਪਹੁੰਚ ਗਿਆ ਸੀ ਜੋ ਕਿ ਲੇਕ ਦਾ ਸਭ ਤੋਂ ਉਚਾ ਪੱਧਰ ਹੈ ਪਰ ਸੋਮਵਾਰ ਨੂੰ ਸਵੇਰੇ ਇਹ ਘਟ ਕੇ 898 ਫੁੱਟ ਦੇ ਕਰੀਬ ਰਹਿ ਗਿਆ ਸੀ। ਡੈਮ ਤੋਂ ਇਸ ਸਮੇਂ ਇੱਕ ਲੱਖ ਕਿਊਬਿਕ ਫੁੱਟ ਪਾਣੀ ਪ੍ਰਤੀ ਸੈਕਿੰਡ ਮੁੱਖ ਗੇਟ ਰਾਹੀਂ ਛੱਡਿਆ ਜਾ ਰਿਹਾ ਹੈ। ਇਸ ਬਿਪਤਾ ਮੌਕੇ ਲੋਕਾਂ ਦੀ ਮਦਦ ਲਈ ਸਿੱਖ ਭਾਈਚਾਰੇ ਨੇ ਅੱਗੇ ਆਉਂਦਿਆਂ ਗੁਰੂਘਰਾਂ ਵਿਚ ਵਿਸ਼ੇਸ਼ ਪ੍ਰਬੰਧ ਕੀਤੇ ਹਨ ਅਤੇ ਵਿਸ਼ੇਸ਼ ਫੋਨ ਲਾਈਨਾਂ ਵੀ ਚਾਲੂ ਕੀਤੀਆਂ ਹਨ।



ਓਰੋਵਿਲ ਡੈਮ ਦੇ ਪਹਾੜ ਵਾਲੀ ਤਰਫ ਇੱਕ ਨੁਕਸਾਨੇ ਲਾਂਘੇ 'ਚੋਂ ਉਛਲ ਰਿਹਾ ਪਾਣੀ

ਕੈਲੀਫੋਰਨੀਆ ਵਿਚ ਰਿਕਾਰਡ ਸੋਕਾ ਪੈਣ ਪਿਛੋਂ ਇਸ ਵਰ੍ਹੇ ਭਾਰੀ ਮੀਂਹ ਪਿਆ ਹੈ ਜੋ ਸਾਲ ਦੇ ਇਸ ਸਮੇਂ ਪੈਂਦੇ ਔਸਤ ਮੀਂਹ ਨਾਲੋਂ 228 ਫੀਸਦੀ ਵੱਧ ਹੈ। ਡੈਮ ਦੇ 50 ਸਾਲ ਦੇ ਇਤਿਹਾਸ ਵਿਚ ਇਹ ਹਾਲਾਤ ਪਹਿਲੀ ਵਾਰ ਪੈਦਾ ਹੋਏ ਹਨ। ਇਹ ਵੀ ਅਜੀਬ ਸਥਿਤੀ ਹੈ ਕਿ ਪੰਜ ਸਾਲ ਦੇ ਸੋਕੇ ਦੌਰਾਨ ਓਰੋਵਿਲ ਲੇਕ ਦਾ ਪਾਣੀ ਇਕ ਵਾਰ ਤਾਂ ਇਸ ਦੀ ਸਮਰੱਥਾ ਦਾ 33 ਫੀਸਦੀ ਰਹਿ ਗਿਆ ਸੀ ਪਰ ਇਨ੍ਹਾਂ ਸਰਦੀਆਂ ਵਿਚ ਰਿਕਾਰਡ ਮੀਂਹ ਪੈਣ ਕਰ ਕੇ ਹੜ੍ਹ ਦੀ ਇਹ ਸਥਿਤੀ ਪੈਦਾ ਹੋਈ ਹੈ। ਜ਼ਿਕਰਯੋਗ ਹੈ ਕਿ ਡੈਮ ਦੀ ਉਸਾਰੀ 1961 ਵਿਚ ਸ਼ੁਰੂ ਹੋਈ ਸੀ ਅਤੇ ਚਾਰ ਮਈ 1968 ਨੂੰ ਤਿਆਰ ਹੋ ਗਿਆ ਸੀ।

ਡੈਮ ਤੋਂ ਪਾਣੀ ਉਛਲਣ ਦੇ ਹਾਲਾਤ ਨਾਲ ਨਜਿੱਠਣ ਲਈ ਐਤਵਾਰ ਰਾਤੀਂ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਹੰਗਾਮੀ ਹੁਕਮ ਜਾਰੀ ਕਰ ਦਿੱਤੇ ਤਾਂ ਜੋ ਕਿਸੇ ਵੀ ਮਾੜੀ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਪ੍ਰਬੰਧ ਕੀਤੇ ਜਾ ਸਕਣ।

# 634 ਮੈਡੀਕਲ ਵਿਦਿਆਰਥੀਆਂ ਦੇ ਦਾਖਲੇ ਰੱਦ


**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਵਿਚ 2008 ਤੋਂ 2012 ਦੌਰਾਨ ਪੰਜ ਸਾਲਾ ਐਮ.ਬੀ.ਬੀ.ਐਸ. ਕੋਰਸ 'ਚ ਦਾਖ਼ਲਾ ਲੈਣ ਵਾਲੇ 634 ਵਿਦਿਆਰਥੀਆਂ ਦੇ ਦਾਖ਼ਲੇ ਰੱਦ ਕਰ ਦਿੱਤੇ ਹਨ। ਚੀਫ਼ ਜਸਟਿਸ ਜਗਦੀਸ਼ ਸਿੰਘ ਖੇਹਰ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਮਾਮਲੇ 'ਚ ਵਿਦਿਆਰਥੀਆਂ ਵੱਲੋਂ ਦਾਖ਼ਲ ਸਾਰੀਆਂ ਪਟੀਸ਼ਨਾਂ ਨੂੰ ਵੀ ਖ਼ਾਰਜ ਕਰ ਦਿੱਤਾ।

ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਧਾਰਾ 142 ਤਹਿਤ ਦਿੱਤੇ ਹੁਕਮਾਂ ਨਾਲ ਵਿਦਿਆਰਥੀਆਂ ਦੇ ਇਸ ਮਾਮਲੇ ਦਾ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਪਿਛਲੇ ਸਾਲ ਮਈ 'ਚ ਦੋ ਜੱਜਾਂ 'ਤੇ ਆਧਾਰਿਤ ਬੈਂਚ ਵਿਦਿਆਰਥੀਆਂ ਦੇ ਭਵਿੱਖ ਨੂੰ ਲੈ ਕੇ ਵੰਡਿਆ ਗਿਆ ਸੀ ਅਤੇ ਇਕ ਜੱਜ ਜੇ ਚੇਲਮੇਸ਼ਵਰ ਨੇ ਉਨ੍ਹਾਂ ਨਾਲ ਨਰਮੀ ਦੀ ਸਿਫ਼ਾਰਿਸ਼ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਵਿਦਿਆਰਥੀਆਂ ਨੇ ਇੰਨੇ ਸਾਲ ਪੜ੍ਹਾਈ ਕੀਤੀ ਹੈ ਅਤੇ ਇਹ ਹੁਣ ਬੇਕਾਰ ਨਹੀਂ ਜਾਣੀ ਚਾਹੀਦੀ। ਉਨ੍ਹਾਂ ਮੁਤਾਬਕ ਵਿਦਿਆਰਥੀ ਕੋਈ ਅਪਰਾਧੀ ਨਹੀਂ ਹਨ ਅਤੇ ਜਦੋਂ ਦਾ ਇਹ ਵਾਕਿਆ ਹੈ, ਉਸ ਸਮੇਂ ਉਹ ਨਾਬਾਲਗ ਸਨ।

## ਦੇਵ ਪਟੇਲ ਨੂੰ ਬਾਫਟਾ ਪੁਰਸਕਾਰ

**ਲੰਡਨ:** 70ਵੇਂ ਬ੍ਰਿਟਿਸ਼ ਅਕੈਡਮੀ ਫਿਲਮ ਪੁਰਸਕਾਰ ਸਮਾਰੋਹ (ਬਾਫਟਾ) ਵਿਚ ਫਿਲਮ 'ਲਾਇਨ' ਵਿਚ ਬਿਹਤਰੀਨ ਸਹਾਇਕ ਕਲਾਕਾਰ ਵਜੋਂ ਦਿਖਾਈ ਅਦਾਕਾਰੀ ਲਈ ਭਾਰਤੀ ਮੂਲ ਦੇ ਬਰਤਾਨਵੀ ਅਦਾਕਾਰ ਦੇਵ ਪਟੇਲ ਨੇ ਪੁਰਸਕਾਰ ਜਿੱਤ ਕੇ ਬਾਜ਼ੀ ਮਾਰ ਲਈ ਹੈ।


ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ



ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
**5887A Lone Tree Way**
**Antioch, CA 94531**
Better Homes and Gardens Real Estate | MASON-McDUFFIE



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ
  (ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
*email: sanjana4loans@gmail.com*



Arcus Lending
America's Premier Mortgage Experts
*Arcus NMLS # 1035734*

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਡੇਰੇ ਤੋਂ ਅਸ਼ੀਰਵਾਦ ਲੈਣ ਗਏ ਸਿਆਸੀ ਆਗੂਆਂ ਨੂੰ ਘੇਰਾ

**ਬਠਿੰਡਾ:** ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਟੀਮ ਨੇ ਡੇਰਾ ਸਿਰਸਾ ਗਏ ਉਮੀਦਵਾਰਾਂ ਦੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਮੁਢਲੇ ਪੜਾਅ ਉਤੇ ਟੀਮ ਨੇ ਡੇਰਾ ਸਿਰਸਾ ਗਏ ਉਮੀਦਵਾਰਾਂ ਦੀਆਂ ਤਸਵੀਰਾਂ ਅਤੇ ਵੀਡੀਓ ਕਲਿੱਪ ਇਕੱਤਰ ਕੀਤੀਆਂ ਹਨ ਅਤੇ ਹੋਰ ਸਰੋਤਾਂ ਤੋਂ ਸਬੰਧਤ ਮੈਟੀਰੀਅਲ ਇਕੱਠਾ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਚੋਣਾਂ ਤੋਂ ਪਹਿਲਾਂ 26 ਜਨਵਰੀ ਨੂੰ ਦਰਜਨਾਂ ਅਕਾਲੀ ਤੇ ਕਾਂਗਰਸੀ ਉਮੀਦਵਾਰ ਡੇਰਾ ਮੁਖੀ ਨੂੰ ਮਿਲਣ ਡੇਰਾ ਸਿਰਸਾ ਗਏ ਸਨ, ਜਦੋਂ ਕਿ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਮੁਖੀ ਖ਼ਿਲਾਫ਼ ਹੁਕਮਨਾਮਾ ਜਾਰੀ ਹੈ। ਇਥੋਂ ਤੱਕ ਕਿ ਉਸ ਮਗਰੋਂ ਬਠਿੰਡਾ ਤੇ ਮਾਨਸਾ ਦੇ ਅਕਾਲੀ ਉਮੀਦਵਾਰਾਂ ਨੇ ਬਠਿੰਡਾ ਵਿਚ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਸਮਾਗਮ ਵਿਚ ਵੀ ਸ਼ਮੂਲੀਅਤ ਕੀਤੀ ਸੀ, ਜਿਸ ਵਿਚ ਸਿਆਸੀ ਵਿੰਗ ਨੇ ਉਮੀਦਵਾਰਾਂ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ। ਸ਼੍ਰੋਮਣੀ ਕਮੇਟੀ ਤਰਫੋਂ ਇਸ ਮਾਮਲੇ ਦੀ ਜਾਂਚ ਲਈ ਬਣਾਈ ਤਿੰਨ ਮੈਂਬਰੀ ਕਮੇਟੀ ਵਿਚ ਬਲਦੇਵ ਸਿੰਘ, ਅਮਰਜੀਤ ਸਿੰਘ ਚਾਵਲਾ ਅਤੇ ਗੁਰਚਰਨ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਜਾਂਚ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੜਤਾਲ ਸ਼ੁਰੂ ਕਰ ਦਿੱਤੀ ਹੈ ਅਤੇ ਮੁੱਢਲੇ ਤੱਥ ਇਕੱਠੇ ਕੀਤੇ ਜਾ ਰਹੇ ਹਨ। ਚਸ਼ਮਦੀਦਾਂ ਨਾਲ ਵੀ ਰਾਬਤਾ ਕਾਇਮ ਕੀਤਾ ਜਾਵੇਗਾ ਅਤੇ ਮੀਡੀਆ ਰਿਪੋਰਟਾਂ ਵੀ ਇਕੱਠੀਆਂ ਕੀਤੀਆਂ ਜਾਣਗੀਆਂ। ਜੋ ਵੀ ਸਿੱਖ ਉਮੀਦਵਾਰ ਡੇਰੇ ਗਏ ਹਨ, ਭਾਵੇਂ ਉਹ ਅਕਾਲੀ ਹਨ ਜਾਂ ਕਾਂਗਰਸੀ, ਉਹ ਜਾਂਚ ਘੇਰੇ ਵਿਚ ਆਉਣਗੇ। ਤੱਥ ਇਕੱਠੇ ਹੋਣ ਮਗਰੋਂ ਉਮੀਦਵਾਰਾਂ ਨੂੰ ਵੀ ਪੱਖ ਜਾਣਨ ਲਈ ਬੁਲਾ ਸਕਦੇ ਹਨ। ਜਾਂਚ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਉਹ ਆਪਣੇ ਸਰੋਤਾਂ ਰਾਹੀਂ ਲੋੜੀਂਦੇ ਸਬੂਤ ਜੁਟਾ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਸਿਰਫ ਸਿੱਖ ਉਮੀਦਵਾਰਾਂ ਦੀ ਹੀ ਜਾਂਚ ਕਰਨਗੇ। ਵੀਡੀਓਜ਼ ਵੀ ਇਕੱਠੇ ਕੀਤੇ ਗਏ ਹਨ ਅਤੇ ਕੋਸ਼ਿਸ਼ ਕਰਨਗੇ ਕਿ ਉਹ ਤੈਅ ਸਮੇਂ ਵਿਚ ਜਾਂਚ ਮੁਕੰਮਲ ਕਰ ਲੈਣ। ਸੂਤਰ ਆਖਦੇ ਹਨ ਕਿ ਦਿੱਲੀ ਚੋਣਾਂ ਵਿਚ ਡੇਰਾ ਮਾਮਲਾ ਭਖ ਰਿਹਾ ਹੈ, ਜਿਸ ਕਰ ਕੇ ਜਾਂਚ ਕਮੇਟੀ 'ਤੇ ਜਾਂਚ ਜਲਦੀ ਮੁਕੰਮਲ ਕਰਨ ਦਾ ਦਬਾਅ ਹੈ। ਦੱਸਣਯੋਗ ਹੈ ਕਿ ਅਕਾਲੀ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਦੇ ਸਿਆਸੀ ਵਿੰਗ ਨਾਲ ਵਾਅਦਾ ਵੀ ਕਰ ਲਿਆ ਸੀ ਕਿ ਉਹ ਜਲਦੀ ਡੇਰਾ ਮੁਖੀ ਦਾ ਪੰਜਾਬ ਵਿਚ ਸਤਿਸੰਗ ਕਰਾਉਣਗੇ।



## ਡੇਰੇ ਦੇ ਦਾਅਵੇ ਨੇ ਬਾਦਲਾਂ ਦੀਆਂ ਮੁਸ਼ਕਿਲਾਂ ਵਧਾਈਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਡੇਰੇ ਤੋਂ ਕੋਈ ਹਮਾਇਤ ਨਹੀਂ ਮੰਗੀ, ਸਗੋਂ ਡੇਰੇ ਨੇ ਖੁਦ ਹੀ ਹਮਾਇਤ ਕੀਤੀ ਹੈ। ਦੂਜੇ ਪਾਸੇ ਡੇਰੇ ਦੇ ਸਿਆਸੀ ਵਿੰਗ ਨੇ ਦਾਅਵਾ ਕੀਤਾ ਹੈ ਕਿ ਐਤਕੀਂ ਡੇਰੇ ਦੀ ਹਮਾਇਤ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਸ਼ਰਮਨਾਕ ਹਾਰ ਤੋਂ ਬਚਾਏਗੀ। ਉਨ੍ਹਾਂ ਇਹ ਵੀ ਕਿਹਾ ਹੈ ਕਿ ਅਕਾਲੀ ਦਲ ਦੇ ਮੰਗਣ 'ਤੇ ਹੀ ਹਮਾਇਤ ਕੀਤੀ ਗਈ ਹੈ। ਹੁਣ ਇਸ ਮਾਮਲੇ ਦੀ ਜਾਂਚ ਕਰ ਰਹੀ 3 ਮੈਂਬਰੀ ਕਮੇਟੀ 'ਤੇ ਹੀ ਸਭ ਦੀਆਂ ਨਜ਼ਰਾਂ ਹਨ।

ਕਾਬਲੇਗੌਰ ਹੈ ਕਿ ਜਦੋਂ ਡੇਰੇ ਜਾਣ ਵਾਲੇ ਸਾਰੇ ਸਿੱਖ ਉਮੀਦਵਾਰਾਂ ਦਾ ਜ਼ਬਰਦਸਤ ਵਿਰੋਧ ਹੋ ਰਿਹਾ ਸੀ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਉਨ੍ਹਾਂ ਨੇ ਡੇਰਾ ਸਿਰਸਾ ਤੋਂ ਸਿਆਸੀ ਹਮਾਇਤ ਨਹੀਂ ਮੰਗੀ। ਬਾਦਲ ਦੇ ਇਸ ਬਿਆਨ ਤੋਂ ਬਾਅਦ ਡੇਰੇ ਦੇ ਸਿਆਸੀ ਵਿੰਗ ਨੇ ਬਾਦਲ ਦੇ ਹਮਾਇਤ ਨਾ ਮੰਗਣ ਵਾਲੇ ਬਿਆਨ ਨਾਲ ਅਸਹਿਮਤੀ ਜਤਾਈ ਹੈ। ਡੇਰੇ ਦੇ ਸਿਆਸੀ ਵਿੰਗ ਦੇ ਚੇਅਰਮੈਨ ਰਾਮ ਸਿੰਘ ਨੇ ਕਿਹਾ ਹੈ ਕਿ ਬਿਨਾ ਮੰਗਿਆਂ ਕੁਝ ਨਹੀਂ ਮਿਲਦਾ। ਰਾਮ ਸਿੰਘ ਨੇ ਦਾਅਵਾ ਕੀਤਾ ਕਿ ਪੰਜਾਬ ਚੋਣਾਂ ਵਿਚ ਡੇਰਾ ਸਿਰਸਾ ਦੇ ਪੈਰੋਕਾਰਾਂ ਨੇ ਡਟ ਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਹਮਾਇਤ ਵਿਚ ਵੋਟਾਂ ਪਾਈਆਂ ਹਨ। ਇਨ੍ਹਾਂ ਵੋਟਾਂ ਕਰ ਕੇ ਹੀ ਅਕਾਲੀ ਦਲ ਦੇ ਉਮੀਦਵਾਰ ਨਮੋਸ਼ੀਜਨਕ ਹਾਰ ਤੋਂ ਬਚਣਗੇ। ਉਨ੍ਹਾਂ ਦਾਅਵਾ ਕੀਤਾ ਕਿ ਸਿਆਸੀ ਵਿੰਗ ਦੀ ਅਪੀਲ ਮਗਰੋਂ 80 ਫੀਸਦੀ ਡੇਰਾ ਪੈਰੋਕਾਰਾਂ ਨੇ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਹਨ।

## ਡੇਰਾ ਸਿਰਸਾ ਮਾਮਲੇ ਦੀ ਜਾਂਚ ਕਮੇਟੀ 'ਤੇ ਸਵਾਲ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ 'ਚ ਹਮਾਇਤ ਹਾਸਲ ਕਰਨ ਲਈ ਡੇਰਾ ਸਿਰਸਾ ਪਹੁੰਚੇ ਸਿੱਖ ਲੀਡਰਾਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਦੀ ਜਾਂਚ 'ਤੇ ਸਵਾਲ ਉਠੇ ਹਨ। ਦਲ ਖ਼ਾਲਸਾ ਨੇ ਕਿਹਾ ਹੈ ਕਿ ਇਹ ਜਾਂਚ ਦੀ ਕੋਈ ਤੁਕ ਨਹੀਂ। ਸਿੱਖ ਵਿਦਵਾਨ ਵੀ ਇਸ ਜਾਂਚ ਨਾਲ ਸਹਿਮਤ ਨਜ਼ਰ ਨਹੀਂ ਆ ਰਹੇ। ਦਲ ਖ਼ਾਲਸਾ ਦੇ ਆਗੂ ਹਰਚਰਨਜੀਤ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੂੰ ਪੁੱਛਿਆ ਹੈ ਕਿ ਕੀ ਹੁਣ ਅਕਾਲੀ ਦਲ ਦੇ ਹੇਠਲੇ ਪੱਧਰ ਦੇ ਆਗੂ ਆਪਣੇ ਹੀ ਉਚ ਆਗੂਆਂ ਦੇ ਗੈਰ ਸਿਧਾਂਤਕ ਕਾਰਨਾਮਿਆਂ ਦੀ ਜਾਂਚ ਕਰਨਗੇ? ਉਨ੍ਹਾਂ ਵਿਅੰਗ ਕੱਸਦਿਆਂ ਕਿਹਾ ਕਿ ਪ੍ਰੋ. ਬਡੂੰਗਰ ਦਾ ਇਹ ਫੈਸਲਾ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਥਾਣੇਦਾਰ ਨੂੰ ਕਿਹਾ ਜਾਵੇ ਕਿ ਉਹ ਏ.ਡੀ.ਜੀ.ਪੀ ਦੇ ਖ਼ਿਲਾਫ਼ ਜਾਂਚ ਕਰੇ। ਕਾਬਲੇਗੌਰ ਹੈ ਕਿ ਸ਼੍ਰੋਮਣੀ ਕਮੇਟੀ ਨੇ ਜਾਂਚ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਤੇ ਅੰਤ੍ਰਿਮ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਹੈ। ਦਿਲਚਸਪ ਗੱਲ ਹੈ ਕਿ ਇਹ ਮੈਂਬਰ ਅਕਾਲੀ ਦਲ ਦੇ ਹਮਾਇਤੀ ਹਨ।


## ਜਾਂਚ ਕਮੇਟੀ ਬਾਰੇ ਇਤਰਾਜ਼ ਜਾਇਜ਼ ਨਹੀਂ: ਬਡੂੰਗਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਜਾਂਚ ਕਮੇਟੀ ਨਿਰਪੱਖ ਢੰਗ ਨਾਲ ਕੰਮ ਕਰ ਰਹੀ ਹੈ। ਜਾਂਚ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਹੁਦੇਦਾਰ ਸ਼ਾਮਲ ਹਨ, ਜਿਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਪੂਰਾ ਅਹਿਸਾਸ ਹੈ ਅਤੇ ਉਹ ਨਿਰਪੱਖ ਢੰਗ ਨਾਲ ਜਾਂਚ ਕਰਨਗੇ। ਉਨ੍ਹਾਂ ਆਖਿਆ ਕਿ ਜਾਂਚ ਕਮੇਟੀ 'ਤੇ ਇਤਰਾਜ਼ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।

# ਯੂ.ਕੇ. 'ਚ ਮੁੜ ਉਠਿਆ ਓਪਰੇਸ਼ਨ ਬਲੂ ਸਟਾਰ ਦਾ ਮੁੱਦਾ

**ਲੰਡਨ:** ਵਿਦੇਸ਼ ਤੇ ਕਾਮਨਵੈਲਥ ਮੰਤਰਾਲੇ ਵੱਲੋਂ ਸਿੱਖ ਫੈਡਰੇਸ਼ਨ ਯੂ.ਕੇ. ਨੂੰ ਚਿੱਠੀ ਲਿਖ ਕੇ 1984 ਦੇ ਅਪਰੇਸ਼ਨ ਬਲੂ ਸਟਾਰ ਵਿਚ ਬ੍ਰਿਟੇਨ ਵੱਲੋਂ ਭਾਰਤ ਸਰਕਾਰ ਦੀ ਮਦਦ ਦੇ ਇਲਜ਼ਾਮਾਂ ਬਾਰੇ ਜਾਂਚ ਦਾ ਭਰੋਸਾ ਦਿੱਤਾ ਗਿਆ ਹੈ। ਸਿੱਖ ਫੈਡਰੇਸ਼ਨ ਯੂ.ਕੇ. ਇਸ ਮਾਮਲੇ ਨਾਲ ਸਬੰਧਤ ਰਿਪੋਰਟ 'ਤੇ ਕੰਮ ਕਰ ਰਿਹਾ ਹੈ।

ਇਸ ਦਾ ਨਾਂ 'ਸੈਕਰੀਫਾਈਸਿੰਗ ਸਿੱਖਸ, ਨੀਡ ਫਾਰ ਐਨ ਇਨਵੈਸਟੀਗੇਸ਼ਨ' ਹੈ, ਜਿਸ ਵਿਚ ਯੂ.ਕੇ. ਵੱਲੋਂ ਉਸ ਫੌਜੀ ਹਮਲੇ ਦੌਰਾਨ ਭਾਰਤ ਦੀ ਮਦਦ ਦੇ ਸਬੂਤ ਪੇਸ਼ ਕਰਨ ਦਾ ਦਾਅਵਾ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਮੰਤਰੀ ਆਲੋਕ ਵਰਮਾ ਨੇ ਕਿਹਾ ਕਿ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਵਿਚ ਯੂ.ਕੇ. ਦੇ ਦਖਲ ਸਬੰਧੀ ਦੋਸ਼ ਵੀ ਪਾਰਦਰਸ਼ੀ ਤਰੀਕੇ ਨਾਲ ਲਾਏ ਜਾ ਚੁੱਕੇ ਹਨ। ਅਜਿਹੇ ਵਿਚ ਇਹ ਇਕ ਅਹਿਮ ਮੁੱਦਾ ਬਣ ਜਾਂਦਾ ਹੈ। ਮੰਤਰਾਲੇ ਵੱਲੋਂ ਸਿੱਖ ਫੈਡਰੇਸ਼ਨ ਯੂ.ਕੇ. ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਤੁਹਾਡੇ ਵੱਲੋਂ ਚੁੱਕੇ ਗਏ ਸਵਾਲ ਨਕਾਰੇ ਜਾਣ ਵਾਲੇ ਨਹੀਂ। ਇਨ੍ਹਾਂ ਸਬੰਧੀ ਛੇਤੀ ਹੀ ਉਤਰ ਦਿੱਤਾ ਜਾਵੇਗਾ। ਦੱਸ ਦਈਏ ਕਿ ਇਸ ਮਾਮਲੇ ਦੀ ਤਾਜ਼ਾ ਨਿਰਪੱਖ ਜਾਂਚ ਲਈ ਪਿਛਲੇ ਮਹੀਨੇ ਵਿਰੋਧੀ ਧਿਰ ਦੇ ਆਗੂ ਜੈਰੇਮੀ ਨੇ ਵੀ ਯੂ.ਕੇ. ਦੇ ਪ੍ਰਧਾਨ ਮੰਤਰੀ ਨੂੰ ਖ਼ਤ ਲਿਖ ਕੇ ਮਾਮਲੇ ਦੀ ਜਾਂਚ ਕਰ ਕੇ ਜਨਤਕ ਕੀਤੇ ਜਾਣ ਦੀ ਅਪੀਲ ਕੀਤੀ ਹੈ। ਵਿਦੇਸ਼ ਮੰਤਰਾਲੇ ਵੱਲੋਂ ਸਿੱਖ ਜਥੇਬੰਦੀ ਨੂੰ ਕੁਝ ਫਾਈਲਾਂ ਮੁਹੱਈਆ ਕਰਵਾਉਣ ਦਾ ਭਰੋਸਾ ਵੀ ਦੁਆਇਆ ਗਿਆ, ਜਿਨ੍ਹਾਂ ਤੋਂ ਕੇਸ ਸਬੰਧੀ ਹੋਰ ਜਾਣਕਾਰੀ ਮਿਲ ਸਕਦੀ ਹੈ।



ਕੁਝ ਗੁਪਤ ਫਾਈਲਾਂ ਦੀ ਜਾਣਕਾਰੀ ਜਨਤਕ ਕੀਤੇ ਜਾਣ ਦਾ ਵੀ ਵਿਸ਼ਵਾਸ ਦੁਆਇਆ ਗਿਆ ਹੈ। 1984 ਵਿਚ ਜਦੋਂ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਗਿਆ ਸੀ ਤਾਂ ਯੂਕੇ ਵਿਚ ਮਾਰਗਰੇਟ ਥੈਚਰ ਪ੍ਰਧਾਨ ਮੰਤਰੀ ਸੀ, ਜਿਨ੍ਹਾਂ ਖ਼ਿਲਾਫ਼ ਭਾਰਤ ਸਰਕਾਰ ਵੱਲੋਂ ਉਸ ਹਮਲੇ ਲਈ ਤਿਆਰ ਕੀਤੀ ਯੋਜਨਾ ਵਿਚ ਮਦਦ ਦੇ ਇਲਜ਼ਾਮ ਲੱਗੇ ਹਨ।

# ਡੇਰਾ ਮੁਖੀ ਦੀ ਫਿਲਮ ਉਤੇ ਪਾਬੰਦੀ ਮੰਗੀ

**ਬਠਿੰਡਾ:** ਡੇਰਾ ਸਿਰਸਾ ਦੇ ਮੁਖੀ ਦੀ ਨਵੀਂ ਫਿਲਮ ਰਿਲੀਜ਼ ਹੋ ਗਈ ਹੈ। ਦੂਜੇ ਪਾਸੇ ਫਿਲਮ ਦੇ ਰਿਲੀਜ਼ ਤੋਂ ਪਹਿਲਾਂ ਹੀ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਸਿੱਖ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਫਿਲਮ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ, ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਫਿਲਮ 'ਤੇ ਪੰਜਾਬ ਵਿਚ ਪਾਬੰਦੀ ਲਾਈ ਜਾਵੇ।



ਡੇਰਾ ਮੁਖੀ ਦੀ ਨਵੀਂ ਫਿਲਮ 'ਐਮ.ਐਸ.ਜੀ. ਹਿੰਦ ਕਾ ਨਾਪਾਕ ਕੋ ਜਵਾਬ' ਪੰਜਾਬ ਦੇ ਸਿਨੇਮਾਘਰਾਂ ਵਿਚ ਰਿਲੀਜ਼ ਹੋਈ ਹੈ। ਇਹ ਫਿਲਮ ਸਰਜੀਕਲ ਸਟ੍ਰਾਈਕ ਉਤੇ ਬਣਾਈ ਗਈ ਹੈ। ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਉਮੀਦਵਾਰਾਂ ਵੱਲੋਂ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਮਗਰੋਂ ਡੇਰਾ ਵਿਵਾਦ ਮੁੜ ਖੜ੍ਹਾ ਹੋਣ ਲੱਗਿਆ ਹੈ।

ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਖਿਆ ਕਿ ਸਿੱਖ ਭਾਈਚਾਰਾ ਫਿਲਮ ਦਾ ਖੁੱਲ੍ਹਾ ਬਾਈਕਾਟ ਕਰੇ। ਜਥੇਦਾਰ ਨੇ ਆਖਿਆ ਕਿ ਪੰਜਾਬ ਦੇ ਲੋਕ ਅਮਨ ਸ਼ਾਂਤੀ ਚਾਹੁੰਦੇ ਹਨ ਅਤੇ ਫਿਲਮ ਲੱਗਣ ਨਾਲ ਹਾਲਾਤ ਖ਼ਰਾਬ ਹੁੰਦੇ ਹਨ ਤਾਂ ਉਸ ਲਈ ਡੇਰਾ ਜ਼ਿੰਮੇਵਾਰ ਹੋਵੇਗਾ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਨੇ ਆਖਿਆ ਕਿ ਕੋਈ ਵੀ ਸਿੱਖ ਇਹ ਫਿਲਮ ਦੇਖਣ ਨਾ ਜਾਵੇ ਅਤੇ ਪੰਜਾਬ ਦੇ ਲੋਕ ਇਸ ਦਾ ਬਾਈਕਾਟ ਕਰਨ। ਉਨ੍ਹਾਂ ਆਖਿਆ ਕਿ ਜੋ ਵੀ ਅਕਾਲ ਤਖ਼ਤ ਸਾਹਿਬ ਨੂੰ ਮੰਨਦਾ ਹੈ, ਉਹ ਫਿਲਮ ਤੋਂ ਦੂਰ ਰਹੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਫਿਲਮ 'ਤੇ ਪੰਜਾਬ ਵਿੱਚ ਪਾਬੰਦੀ ਲਾਈ ਜਾਵੇ।

### ਸਤਿੰਦਰ ਸਰਤਾਜ ਬਣਿਆ ਮਨੁੱਖੀ ਤਸਕਰੀ ਵਿਰੋਧੀ ਮੁਹਿੰਮ ਦਾ ਦੂਤ

**ਵਾਸ਼ਿੰਗਟਨ:** ਯੂਨਾਈਟਿਡ ਨੇਸ਼ਨਜ਼ ਦੇ ਨਸ਼ਾ ਤੇ ਅਪਰਾਧ ਵਿਭਾਗ ਨੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਨੂੰ ਮਨੁੱਖੀ ਤਸਕਰੀ ਰੋਕਣ ਬਦਲੇ ਆਪਣੀ 'ਬਲੂ ਹਾਰਟ ਮੁਹਿੰਮ' ਲਈ ਦੂਤ ਚੁਣਿਆ ਹੈ। ਇਸ ਮੁਹਿੰਮ ਲਈ ਯੂ.ਐਨ.ਓ. ਨੇ ਦੁਨੀਆਂ ਭਰ ਤੋਂ 30 ਤੋਂ ਵੱਧ ਕਲਾਕਾਰਾਂ ਦੀ ਚੋਣ ਕੀਤੀ ਹੈ। ਇਨ੍ਹਾਂ ਵਿਚ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਾ ਨਾਂ ਵੀ ਸ਼ਾਮਲ ਹੈ। ਇਨ੍ਹਾਂ ਕਲਾਕਾਰਾਂ ਵਿਚ ਮਿਊਜ਼ਕ ਡਾਇਰੈਕਟਰ ਏ.ਆਰ. ਰਹਿਮਾਨ ਤੇ ਗਾਇਕ ਸੋਨੂੰ ਨਿਗਮ ਵੀ ਚੁਣਿਆ ਗਿਆ ਹੈ।

ਦੇਸ਼-ਵਿਦੇਸ਼ ਦੇ ਵੱਖ-ਵੱਖ ਕਲਾਕਾਰਾਂ ਨਾਲ ਮਿਲ ਕੇ ਬਣਾਈ ਐਲਬਮ ਯੂ.ਐਨ. ਦੇ ਨਿਊ ਯਾਰਕ ਸਥਿਤ ਦਫਤਰ ਵਿਚ ਲਾਂਚ ਕੀਤੀ ਗਈ ਹੈ ਜੋ ਆਈਟਿਊਨਜ਼, ਐਮਾਜ਼ੋਨ ਤੇ ਗੂਗਲ ਪੇ ਉਤੇ ਉਪਲਬਧ ਹੋਵੇਗੀ। ਯੂ.ਐਨ.ਓ. ਦੀ ਬਲੂ ਹਾਰਟ ਮੁਹਿੰਮ ਦਾ ਮਕਸਦ ਦੁਨੀਆਂ ਭਰ ਵਿਚ ਮਨੁੱਖੀ ਤਸਕਰੀ ਵਰਗੇ ਅਪਰਾਧ ਨੂੰ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ। ਇਸ ਤੋਂ ਇਲਾਵਾ ਪੀੜਤ ਲੋਕਾਂ ਨੂੰ ਇਨਸਾਫ ਦੁਆਉਣਾ ਤੇ ਉਨ੍ਹਾਂ ਪ੍ਰਤੀ ਇੱਕਮੁਠਤਾ ਦਾ ਪ੍ਰਗਟਾਵਾ ਕਰਨਾ ਹੈ।

# ਇਨਸਾਫ ਲਈ ਅਦਾਲਤ ਪੁੱਜੇ ਬਹਿਬਲ ਕਲਾਂ ਕਾਂਡ ਦੇ ਪੀੜਤ

**ਫਰੀਦਕੋਟ:** ਅਕਤੂਬਰ 2015 ਵਿਚ ਵਾਪਰੇ ਬਹਿਬਲ ਕਲਾਂ ਕਾਂਡ ਵਿਚ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਦੋ ਸਿੱਖ ਨੌਜਵਾਨਾਂ ਦਾ ਮਾਮਲਾ ਇਥੋਂ ਦੀ ਅਦਾਲਤ ਵਿਚ ਪੁੱਜ ਗਿਆ ਹੈ। ਮ੍ਰਿਤਕ ਕ੍ਰਿਸ਼ਨ ਭਗਵਾਨ ਦੇ ਭਰਾ ਰੇਸ਼ਮ ਸਿੰਘ ਨੇ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਮੋਗਾ ਦੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ, ਫਰੀਦਕੋਟ ਦੇ ਸਾਬਕਾ ਐਸ.ਪੀ. ਬਿਕਰਮਜੀਤ ਸਿੰਘ ਤੇ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਖ਼ਿਲਾਫ਼ ਕਤਲ, ਇਰਾਦਾ ਕਤਲ ਤੇ ਅਸਲੇ ਦੀ ਦੁਰਵਰਤੋਂ ਦਾ ਕੇਸ ਚਲਾ ਕੇ ਸਜ਼ਾ ਦਿੱਤੀ ਜਾਵੇ।

ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪਿੰਡ ਬਹਿਬਲ ਕਲਾਂ ਕੋਲ ਇਕੱਤਰ ਸਿੱਖ ਸੰਗਤ ਉਪਰ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ। ਇਸ ਵਿਚ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਪੁਲਿਸ ਦੀਆਂ ਗੋਲੀਆਂ ਲੱਗਣ ਨਾਲ ਮੌਤ ਹੋ ਗਈ ਸੀ। ਸਿੱਖ ਸੰਗਤ ਦੇ ਦਬਾਅ ਮਗਰੋਂ ਪੁਲਿਸ ਨੇ ਬਾਜਾਖਾਨਾ ਥਾਣੇ ਵਿਚ ਇਨ੍ਹਾਂ ਦੋ ਸਿੱਖ ਨੌਜਵਾਨਾਂ ਦੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਸੀ।



ਇਸ ਵਿਚ ਅਣਪਛਾਤੇ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਪਰ ਘਟਨਾ ਤੋਂ 17 ਮਹੀਨੇ ਬਾਅਦ ਵੀ ਦੋਸ਼ੀਆਂ ਦੀ ਸ਼ਨਾਖਤ ਨਹੀਂ ਹੋ ਸਕੀ। ਇਸ ਗੱਲ ਤੋਂ ਖਫ਼ਾ ਕ੍ਰਿਸ਼ਨ ਭਗਵਾਨ ਦੇ ਭਰਾ ਰੇਸ਼ਮ ਸਿੰਘ ਨੇ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾ ਕੇ ਉਕਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਬੇਅਦਬੀ ਕਾਂਡ ਨਾਲ ਸਬੰਧਤ ਕੁੱਲ ਛੇ ਮੁਕੱਦਮੇ ਦਰਜ ਹੋਏ ਹਨ ਜਿਨ੍ਹਾਂ ਵਿਚ ਦੋ ਮੁਕੱਦਮੇ ਕਤਲ ਦੇ ਹਨ। ਪੁਲਿਸ ਇਨ੍ਹਾਂ ਛੇ ਮੁਕੱਦਮਿਆਂ ਵਿਚੋਂ ਕਿਸੇ ਵੀ ਮੁਕੱਦਮੇ ਦੀ ਤਫਤੀਸ਼ ਮੁਕੰਮਲ ਨਹੀਂ ਕਰ ਸਕੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਤਿੰਨ ਮੁਕੱਦਮੇ ਪੰਜਾਬ ਸਰਕਾਰ ਸੀ.ਬੀ.ਆਈ. ਨੂੰ ਸੌਂਪ ਚੁੱਕੀ ਹੈ, ਪਰ ਅਜੇ ਤੱਕ ਸੀ.ਬੀ.ਆਈ. ਵੀ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀ। ਪੀੜਤ ਪਰਿਵਾਰ ਨੇ ਸੀ.ਬੀ.ਆਈ. ਤੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਪਹਿਲੀ ਵਾਰ ਅਦਾਲਤ ਵਿਚ ਸਿੱਧੀ ਪਹੁੰਚ ਕੀਤੀ ਹੈ।

ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਘਟਨਾ ਵਾਲੇ ਦਿਨ ਮੌਕੇ 'ਤੇ 350 ਦੇ ਕਰੀਬ ਪੁਲਿਸ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ ਜਿਨ੍ਹਾਂ ਬਿਨਾਂ ਚੇਤਾਵਨੀ ਦਿੱਤਿਆਂ ਗੋਲੀਆਂ ਚਲਾ ਦਿੱਤੀਆਂ। ਇਸ ਵਿਚ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦੋਂ ਕਿ ਦੋ ਦਰਜਨ ਤੋਂ ਵੱਧ ਨੌਜਵਾਨ ਜ਼ਖਮੀ ਹੋ ਗਏ।

# ਚੋਣਾਂ ਤੋਂ ਬਾਅਦ ਪੰਜਾਬ ਵਿਚ ਗੈਂਗਸਟਰਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਗੈਂਗਸਟਰ ਹੁਣ ਪੰਜਾਬ ਦੀਆਂ ਜੇਲ੍ਹਾਂ ਵਿਚ ਚੰਮ ਦੀਆਂ ਨਹੀਂ ਚਲਾ ਸਕਣਗੇ। ਪੰਜਾਬ ਦੇ ਜੇਲ੍ਹ ਵਿਭਾਗ ਵੱਲੋਂ ਹਾਲ ਹੀ ਵਿਚ ਜੇਲ੍ਹਾਂ ਅੰਦਰ ਬੰਦ ਗੈਂਗਸਟਰਾਂ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਇਨ੍ਹਾਂ ਵਾਸਤੇ ਵਿਸ਼ੇਸ਼ ਹਾਈ ਸਕਿਉਰਿਟੀ ਜ਼ੋਨ ਬਣਾਉਣ ਦਾ ਫੈਸਲਾ ਲਿਆ ਗਿਆ ਹੈ।

ਦੱਸਣਯੋਗ ਹੈ ਕਿ ਇਸ ਵੇਲੇ ਜੇਲ੍ਹਾਂ ਵਿਚ ਕੁੱਲ 250 ਗੈਂਗਸਟਰ ਹਨ, ਜਿਨ੍ਹਾਂ ਵਿਚੋਂ 35 ਕਾਫੀ ਖਤਰਨਾਕ ਮੰਨੇ ਜਾਂਦੇ ਹਨ। ਇਸ ਫੈਸਲੇ ਤਹਿਤ ਹੁਣ ਗੈਂਗਸਟਰ ਜੇਲ੍ਹਾਂ ਵਿਚ ਹੋਰ ਅਪਰਾਧੀਆਂ ਜਾਂ ਆਮ ਬੈਰਕਾਂ ਵਿਚ ਨਹੀਂ ਰੱਖੇ ਜਾਣਗੇ। ਗੈਂਗਸਟਰਾਂ ਲਈ ਜੇਲ੍ਹਾਂ ਵਿਚ ਵਿਸ਼ੇਸ਼ ਸੁਰੱਖਿਆ ਜ਼ੋਨ ਬਣਾ ਕੇ ਉਨ੍ਹਾਂ ਨੂੰ ਹੋਰ ਕੈਦੀਆਂ ਤੋਂ ਵੱਖਰਾ ਰੱਖਿਆ ਜਾਵੇਗਾ। ਦੱਸਣਯੋਗ ਹੈ ਕਿ ਪਹਿਲਾਂ ਗੈਂਗਸਟਰਾਂ ਨੂੰ ਵੱਖ-ਵੱਖ ਆਮ ਬੈਰਕਾਂ ਵਿਚ ਰੱਖਿਆ ਜਾਂਦਾ ਸੀ। ਪਹਿਲੇ ਪੜਾਅ ਵਿਚ ਨੌਂ ਕੇਂਦਰੀ ਜੇਲ੍ਹਾਂ ਪਟਿਆਲਾ, ਲੁਧਿਆਣਾ, ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ, ਫਿਰੋਜ਼ਪੁਰ, ਫ਼ਰੀਦਕੋਟ, ਬਠਿੰਡਾ, ਅੰਮ੍ਰਿਤਸਰ ਅਤੇ ਹਾਈ ਸਕਿਉਰਟੀ ਜੇਲ੍ਹ ਨਾਭਾ ਵਿਚ ਸਪੈਸ਼ਲ ਹਾਈ ਸਕਿਉਰਟੀ ਜ਼ੋਨ ਬਣਾਏ ਜਾਣਗੇ, ਜਿਨ੍ਹਾਂ ਵਿਚ ਖਤਰਨਾਕ ਕੈਦੀ ਰੱਖੇ ਜਾਣਗੇ। ਇਸ ਫੈਸਲੇ ਨਾਲ ਗੈਂਗਸਟਰ ਜੇਲ੍ਹ ਵਿਚ ਬੰਦ ਹੋਰ ਕੈਦੀਆਂ ਨਾਲ ਘੁਲ ਮਿਲ ਕੇ ਨਵੇਂ ਗਰੋਹ ਬਣਾਉਣ ਦੇ ਸਮਰੱਥ ਵੀ ਨਹੀਂ ਰਹਿਣਗੇ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚ ਬਣਾਏ ਜਾ ਰਹੇ ਨਵੇਂ ਵਿਸ਼ੇਸ਼ ਜ਼ੋਨਾਂ ਉਪਰ ਆਧੁਨਿਕ ਤਕਨੀਕਾਂ ਨਾਲ ਕਾਂ ਅੱਖ ਰੱਖੀ ਜਾਵੇਗੀ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਵੀ 24 ਘੰਟੇ ਪਹਿਰਾ ਰਹੇਗਾ। ਗੈਂਗਸਟਰਾਂ ਦੀਆਂ ਜੇਲ੍ਹ ਵਿਚ ਸਰਗਰਮੀਆਂ ਵੀ ਸੀਮਤ ਕੀਤੀਆਂ ਜਾਣਗੀਆਂ। ਗੈਗਸਟਰਾਂ ਨਾਲ ਮੁਲਾਕਾਤਾਂ ਦਾ ਸਮਾਂ ਵੀ ਆਮ ਕੈਦੀਆਂ ਤੋਂ ਵੱਖਰਾ ਰੱਖਿਆ ਜਾਵੇਗਾ। ਵਿਸ਼ੇਸ਼ ਜ਼ੋਨਾਂ ਲਈ ਨਵੀਆਂ ਉਸਾਰੀਆਂ ਕਰਵਾਈਆਂ ਜਾਣਗੀਆਂ। ਇਨ੍ਹਾਂ ਦੇ ਇਰਦ ਗਿਰਦ 4ਜੀ ਨੂੰ ਵੀ ਜਾਮ ਕਰਨ ਵਾਲੇ ਵਿਸ਼ੇਸ਼ ਜੈਮਰ ਲਾਏ ਜਾਣਗੇ। ਇਨ੍ਹਾਂ ਜ਼ੋਨਾਂ ਵਿਚ ਜੇਲ੍ਹ ਦੇ ਵਿਸ਼ੇਸ਼ ਤੇ ਪੂਰੀ ਤਰ੍ਹਾਂ ਪਰਖੇ ਸਟਾਫ ਨੂੰ ਤਾਇਨਾਤ ਕੀਤਾ ਜਾਵੇਗਾ। ਸਹਾਇਕ ਸੁਪਰਡੈਂਟ ਰੈਂਕ ਦਾ ਅਧਿਕਾਰੀ ਇਨ੍ਹਾਂ ਵਿਸ਼ੇਸ਼ ਜ਼ੋਨਾਂ ਦਾ ਇੰਚਾਰਜ ਹੋਵੇਗਾ। ਇਨ੍ਹਾਂ ਜ਼ੋਨਾਂ ਵਿਚ ਤਾਇਨਾਤ ਸਟਾਫ ਦੀ ਪਛਾਣ ਛੁਪਾਉਣ ਲਈ ਵਰਦੀ ਉਪਰ ਨੇਮ ਪਲੇਟ ਲਾਉਣ ਤੋਂ ਵੀ ਛੋਟ ਹੋਵੇਗੀ। ਇਨ੍ਹਾਂ ਵਿਸ਼ੇਸ਼ ਜ਼ੋਨਾਂ ਵਿਚ ਤਾਇਨਾਤ ਸਟਾਫ ਨੂੰ 10 ਤੋਂ ਲੈ ਕੇ 15 ਫੀਸਦੀ ਤੱਕ ਰਿਸਕ ਭੱਤਾ ਦੇਣ ਦੀ ਤਜਵੀਜ਼ ਵੀ ਸਰਕਾਰ ਨੂੰ ਭੇਜੀ ਗਈ ਹੈ।



## ਪੁਲਿਸ ਨੇ ਗੈਂਗਸਟਰ ਭੁਲੇਖੇ ਬੇਦੋਸ਼ੇ ਨੂੰ ਮਾਰਿਆ

**ਮਲੇਰਕੋਟਲਾ:** ਗੈਂਗਸਟਰਾਂ ਤੇ ਪੁਲਿਸ ਵਿਚਾਲੇ ਹੋਈ ਫਾਇਰਿੰਗ ਵਿਚ ਬੇਕਸੂਰ ਦੀ ਮੌਤ ਹੋ ਗਈ। ਮਾਮਲਾ ਮਲੇਰਕੋਟਲਾ ਦਾ ਹੈ, ਜਿਥੋਂ ਦੀ ਮਤੋਈ ਰੋਡ ਉਤੇ ਗੋਲੀ ਕਾਂਡ ਵਿਚ ਬੇਕਸੂਰ ਦਲਿਤ ਨੌਜਵਾਨ ਦੀ ਜਾਨ ਚਲੀ ਗਈ। ਮ੍ਰਿਤਕ ਦੀ ਪਛਾਣ ਬਿਕਰਮਜੀਤ ਸਿੰਘ ਬੌਬੀ ਪਿੰਡ ਜਿੱਤਵਾਲ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਪਿੰਡ ਜਿੱਤਵਾਲ ਵਿਚ ਕੁਝ ਸ਼ੱਕੀ ਵਿਅਕਤੀਆਂ ਦੇ ਲੁਕੇ ਹੋਣ ਦੀ ਖਬਰ ਮਿਲੀ। ਇਸ ਤੋਂ ਬਾਅਦ ਪੁਲਿਸ ਨੇ ਪੂਰੇ ਪਿੰਡ ਨੂੰ ਘੇਰ ਲਿਆ।

ਪੁਲਿਸ ਵੱਲੋਂ ਮਾਰੇ ਗਏ ਛਾਪੇ ਦੌਰਾਨ ਚੱਲੀ ਗੋਲੀ ਵਿਚ ਜਿੱਤਵਾਲ ਵਾਸੀ ਬਿਕਰਮਜੀਤ ਸਿੰਘ ਬੌਬੀ ਦੀ ਮੌਕੇ ਉਤੇ ਹੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰ ਮੈਂਬਰਾਂ ਅਨੁਸਾਰ ਪੁਲਿਸ ਨੇ ਬੌਬੀ ਨੂੰ ਗੈਂਗਸਟਰ ਸਮਝ ਕੇ ਮਾਰਿਆ ਹੈ ਜਦੋਂਕਿ ਪੁਲਿਸ ਦਾ ਕਹਿਣਾ ਹੈ ਕਿ ਬਿਕਰਮਜੀਤ ਸਿੰਘ ਦੀ ਮੌਤ ਘਰ ਅੰਦਰ ਲੁਕੇ ਨੌਜਵਾਨਾਂ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਮ੍ਰਿਤਕ ਦੇ ਪਿਤਾ ਰਘਵੀਰ ਸਿੰਘ ਤੇ ਮਾਤਾ ਮਨਜਿੰਦਰ ਕੌਰ ਨੇ ਦੱਸਿਆ ਕਿ ਪੁਲਿਸ ਨੇ ਬਿਕਰਮਜੀਤ ਸਿੰਘ ਨੂੰ ਫਰਜ਼ੀ ਮੁਕਾਬਲੇ ਵਿਚ ਮਾਰਿਆ ਹੈ।

## ਗੈਂਗਸਟਰ ਗੁਰਪ੍ਰੀਤ ਸੇਖੋਂ ਸਾਥੀਆਂ ਸਮੇਤ ਕਾਬੂ

**ਮੋਗਾ:** ਪਿੰਡ ਢੁੱਡੀਕੇ ਵਿਚ ਗੋਲੀਬਾਰੀ ਤੋਂ ਬਾਅਦ ਪੁਲਿਸ ਨੇ ਸੁੱਖਾ ਕਾਹਲਵਾਂ ਹੱਤਿਆ ਅਤੇ ਨਾਭਾ ਜੇਲ੍ਹ ਬਰੇਕ ਕਾਂਡ ਵਿਚ ਲੋੜੀਂਦੇ ਖਤਰਨਾਕ ਗੈਂਗਸਟਰ ਗੁਰਪ੍ਰੀਤ ਸੇਖੋਂ ਸਮੇਤ ਚਾਰ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗੈਂਗਸਟਰ ਇਕ ਪਰਵਾਸੀ ਪੰਜਾਬੀ ਦੀ ਕੋਠੀ ਵਿਚ ਲੁਕੇ ਹੋਏ ਸਨ। ਪੁਲਿਸ ਨੇ ਮੌਕੇ ਤੋਂ ਤਿੰਨ ਪਿਸਤੌਲ ਅਤੇ ਇਕ 12 ਬੋਰ ਦੀ ਬੰਦੂਕ ਤੇ ਦੋ ਗੱਡੀਆਂ ਕਬਜ਼ੇ ਵਿਚ ਲਈਆਂ ਹਨ।



ਪਿੰਡ ਢੁੱਡੀਕੇ ਵਿਚ ਜ਼ਿਲ੍ਹਾ ਪੁਲਿਸ ਮੁਖੀ ਮੋਗਾ ਗੁਰਪ੍ਰੀਤ ਸਿੰਘ ਤੂਰ ਅਤੇ ਏ.ਆਈ.ਜੀ. ਕਾਊਂਟਰ ਇੰਟੈਲੀਜੈਂਸ ਪਟਿਆਲਾ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਪਟਿਆਲਾ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਢੁੱਡੀਕੇ ਵਿਚ ਖਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ, ਜੋ ਜ਼ਿਲ੍ਹਾ ਫ਼ਰੀਦਕੋਟ ਦੇ ਕਸਬਾ ਮੁਦਕੀ ਦਾ ਰਹਿਣ ਵਾਲਾ ਹੈ, ਨੇ ਆਪਣੇ ਤਿੰਨ ਸਾਥੀਆਂ ਨਾਲ ਪਰਵਾਸੀ ਪੰਜਾਬੀ ਦੇ ਘਰ ਪਨਾਹ ਲਈ ਹੋਈ ਹੈ। ਪਟਿਆਲਾ ਪੁਲਿਸ ਦੇ ਐਸ.ਪੀ ਦੀ ਅਗਵਾਈ ਹੇਠ ਪਿੰਡ ਢੁੱਡੀਕੇ ਵਿਚ ਸਬੰਧਤ ਘਰ ਨੂੰ ਘੇਰਾ ਪਾ ਲਿਆ ਅਤੇ ਪਿੰਡ ਵਾਸੀਆਂ ਨੂੰ ਆਪਣੇ ਘਰਾਂ ਅੰਦਰ ਜਾਣ ਲਈ ਕਹਿ ਦਿੱਤਾ। ਇਸ ਤੋਂ ਬਾਅਦ ਪੰਦਰਾਂ ਮਿੰਟ ਗੋਲੀ ਚੱਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਇਸ ਤੋਂ ਬਾਅਦ ਪੁਲਿਸ ਨੇ ਨਾਭਾ ਜੇਲ੍ਹ ਬਰੇਕ ਕਾਂਡ ਦੇ ਮੁੱਖ ਸਰਗਨਾ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਅਤੇ ਉਸ ਦੇ ਤਿੰਨ ਸਾਥੀ ਮਨਵੀਰ ਸਿੰਘ ਸੇਖੋਂ, ਰਾਜਵਿੰਦਰ ਸਿੰਘ ਰਾਜਾ ਉਰਫ ਸੁਲਤਾਨ ਪਿੰਡ ਮੰਗੇਵਾਲਾ, ਕੁਲਵਿੰਦਰ ਸਿੰਘ ਢਿੰਬਰੀ ਵਾਸੀ ਸਿਧਾਣਾ ਨੂੰ ਕਾਬੂ ਕਰ ਲਿਆ।

# ਵਿਧਾਨ ਸਭਾ ਚੋਣਾਂ: ਮੁੜ ਵੋਟਿੰਗ ਦੌਰਾਨ ਰਿਹਾ ਅਮਨ-ਅਮਾਨ

**ਚੰਡੀਗੜ੍ਹ:** ਪੰਜਾਬ ਦੇ ਪੰਜ ਵਿਧਾਨ ਸਭਾ ਹਲਕਿਆਂ ਮਜੀਠਾ, ਮਾਨਸਾ, ਸੰਗਰੂਰ, ਮੁਕਤਸਰ, ਸਰਦੂਲਗੜ੍ਹ ਅਤੇ ਅੰਮ੍ਰਿਤਸਰ ਸੰਸਦੀ ਹਲਕੇ ਵਿਚ ਪੈਂਦੇ 48 ਪੋਲਿੰਗ ਬੂਥਾਂ ਉਤੇ ਮੁੜ ਵੋਟਾਂ ਪੈਣ ਦਾ ਕੰਮ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਇਨ੍ਹਾਂ ਵਿਧਾਨ ਸਭਾ ਹਲਕਿਆਂ ਵਿਚ ਮੁੜ ਪਈਆਂ ਵੋਟਾਂ ਦੌਰਾਨ ਪ੍ਰਤੀਸ਼ਤ ਵਧ ਗਈ ਹੈ। ਸਭ ਤੋਂ ਜ਼ਿਆਦਾ ਸਰਦੂਲਗੜ੍ਹ ਦੇ ਪੋਲਿੰਗ ਬੂਥ ਵਿਚ 90.33 ਫੀਸਦੀ ਵੋਟਾਂ ਪਈਆਂ। ਮਹੱਤਵਪੂਰਨ ਤੱਥ ਇਹ ਹੈ ਕਿ ਅੰਮ੍ਰਿਤਸਰ ਸੰਸਦੀ ਹਲਕੇ ਵਿਚ 4 ਫਰਵਰੀ ਨੂੰ ਪਈਆਂ ਵੋਟਾਂ ਨਾਲੋਂ ਪ੍ਰਤੀਸ਼ਤ ਵਿਚ ਗਿਰਾਵਟ ਆਈ ਹੈ। ਜ਼ਿਕਰਯੋਗ ਹੈ ਕਿ ਚਾਰ ਫਰਵਰੀ ਨੂੰ ਪਈਆਂ ਵੋਟਾਂ ਦੌਰਾਨ ਇਲੈਕਟ੍ਰਾਨਿਕਸ ਵੋਟਿੰਗ ਮਸ਼ੀਨਾਂ ਨਾਲ ਲਾਈਆਂ ਵੀ.ਵੀ.ਪੀ.ਏ.ਟੀ. ਮਸ਼ੀਨਾਂ ਵਿਚ ਖਰਾਬੀ ਕਾਰਨ ਵੋਟਰਾਂ ਨੂੰ ਵੋਟਾਂ ਪਾਉਣ ਲਈ ਘੱਟ ਸਮਾਂ ਮਿਲਣ ਅਤੇ ਮਸ਼ੀਨਾਂ ਖਰਾਬ ਹੋਣ ਕਾਰਨ ਕਮਿਸ਼ਨ ਨੇ ਅਚਨਚੇਤੀ ਮੁੜ ਵੋਟਾਂ ਪਵਾਉਣ ਦਾ ਫੈਸਲਾ ਲਿਆ ਸੀ।

ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਜ਼ਿਆਦਾਤਰ ਪੋਲਿੰਗ ਬੂਥਾਂ 'ਤੇ 4 ਫਰਵਰੀ ਨੂੰ ਪਈਆਂ ਵੋਟਾਂ ਨਾਲੋਂ ਜ਼ਿਆਦਾ ਗਿਣਤੀ ਵਿਚ ਵੋਟਾਂ ਭੁਗਤੀਆਂ। ਸਰਦੂਲਗੜ੍ਹ ਅਤੇ ਮੁਕਤਸਰ ਵਿਧਾਨ ਸਭਾ ਹਲਕਿਆਂ ਦੇ ਪੋਲਿੰਗ ਬੂਥਾਂ ਉਤੇ ਇਹ ਅੰਕੜਾ 90 ਫੀਸਦੀ ਤੱਕ ਪਹੁੰਚ ਗਿਆ ਹੈ। ਮਜੀਠਾ ਹਲਕੇ ਵਿਚ ਰਾਜਸੀ ਪਾਰਟੀਆਂ ਅਤੇ ਉਮੀਦਵਾਰਾਂ ਦਾ ਵੱਕਾਰ ਦਾਅ 'ਤੇ ਲੱਗਿਆ ਹੋਣ ਕਾਰਨ ਸਾਰਾ ਦਿਨ ਸਥਿਤੀ ਤਣਾਅ ਵਾਲੀ ਬਣੀ ਰਹੀ। ਕਮਿਸ਼ਨ ਨੇ ਇਸ ਹਲਕੇ ਵਿਚ ਸਥਿਤੀ ਨੂੰ ਨਾਜ਼ੁਕ ਮੰਨਦਿਆਂ ਤਿੰਨ-ਤਿੰਨ ਪਿੰਡਾਂ ਦੇ ਜ਼ੋਨ ਬਣਾ ਕੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਹੋਈ ਸੀ।

ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ, ਕਾਂਗਰਸ ਦੇ ਲਾਲੀ ਮਜੀਠੀਆ ਅਤੇ ਆਮ ਆਦਮੀ ਪਾਰਟੀ ਦੇ ਹਿੰਮਤ ਸਿੰਘ ਸ਼ੇਰਗਿੱਲ ਨੇ ਵੋਟਾਂ ਭੁਗਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਰਾਜ ਦੇ ਮੁੱਖ ਚੋਣ ਅਫਸਰ ਵੀ ਕੇ ਸਿੰਘ ਨੇ ਦੱਸਿਆ ਕਿ ਸਰਦੂਲਗੜ੍ਹ ਹਲਕੇ ਦੇ ਪੋਲਿੰਗ ਸਟੇਸ਼ਨ ਕੋਰੇਵਾਲਾ ਵਿਚ ਪੋਲਿੰਗ 90.33 ਫੀਸਦੀ ਰਹੀ। ਇਸ ਬੂਥ 'ਤੇ 4 ਫਰਵਰੀ ਨੂੰ 89.80 ਫੀਸਦੀ ਵੋਟਾਂ ਪਈਆਂ ਸਨ। ਮੋਗਾ ਹਲਕੇ ਦੇ ਇਕ ਪੋਲਿੰਗ ਬੂਥ 'ਤੇ 81.26 ਫੀਸਦੀ ਪੋਲਿੰਗ ਹੋਈ, ਇਥੇ 4 ਫਰਵਰੀ ਨੂੰ 76.84 ਫੀਸਦੀ ਵੋਟਾਂ ਭੁਗਤੀਆਂ ਸਨ। ਮਜੀਠਾ ਵਿਧਾਨ ਸਭਾ ਹਲਕੇ ਦੇ ਸਭ ਤੋਂ ਵੱਧ 12 ਪੋਲਿੰਗ ਬੂਥਾਂ 'ਤੇ ਮੁੜ ਤੋਂ ਵੋਟਾਂ ਪਈਆਂ। ਇਨ੍ਹਾਂ 12 ਬੂਥਾਂ ਉਤੇ 4 ਫਰਵਰੀ ਨੂੰ 80 ਫੀਸਦੀ ਵੋਟਾਂ ਪਈਆਂ ਸਨ ਤੇ ਹੁਣ ਇਨ੍ਹਾਂ ਬੂਥਾਂ 'ਤੇ 80.80 ਫੀਸਦੀ ਵੋਟਾਂ ਪੈ ਗਈਆਂ। ਅੰਮ੍ਰਿਤਸਰ ਸੰਸਦੀ ਹਲਕੇ ਨਾਲ ਸਬੰਧਤ 16 ਪੋਲਿੰਗ ਬੂਥਾਂ 'ਤੇ ਪੰਜ ਦਿਨ ਪਹਿਲਾਂ ਪਈਆਂ ਵੋਟਾਂ ਨਾਲੋਂ ਵੋਟ ਪ੍ਰਤੀਸ਼ਤ ਘਟ ਗਈ ਹੈ। ਇਨ੍ਹਾਂ ਪੋਲਿੰਗ ਬੂਥਾਂ ਉਪਰ 4 ਫਰਵਰੀ ਨੂੰ 79.47 ਫੀਸਦੀ ਵੋਟਾਂ ਪਈਆਂ ਸਨ ਤੇ ਹੁਣ 75.80 ਫੀਸਦੀ ਹੀ ਭੁਗਤ ਸਕੀਆਂ।



## ਵੋਟਿੰਗ ਮਸ਼ੀਨਾਂ ਦੀ ਰਾਖੀ ਲਈ 'ਆਪ' ਨੇ ਲਾਏ ਤੰਬੂ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਵੋਟਿੰਗ ਮਸ਼ੀਨਾਂ ਦੀ ਰਾਖੀ ਕਰਨੀ ਸ਼ੁਰੂ ਕਰ ਦਿੱਤੀ ਹੈ। ਆਪ ਵਲੰਟੀਅਰਾਂ ਨੇ ਜਿਸ ਥਾਂ ਉਤੇ ਮਸ਼ੀਨਾਂ ਰੱਖੀਆਂ ਹੋਈਆਂ ਹਨ, ਉਸ ਦੀ ਰਾਖੀ ਲਈ ਤੰਬੂ ਲਾ ਲਏ ਹਨ। ਪਾਰਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਈ.ਵੀ.ਐਮ. ਰੱਖਣ ਵਾਸਤੇ ਜੋ ਸਟਰਾਂਗ ਰੂਮ ਬਣਾਏ ਗਏ ਹਨ, ਉਨ੍ਹਾਂ ਨੇੜੇ 'ਆਪ' ਦੇ ਵਾਲੰਟੀਅਰ ਵੀ ਪਹਿਰਾ ਦੇਣਗੇ। ਬਠਿੰਡਾ ਵਿਚ ਈ.ਵੀ.ਐਮਜ਼ ਨੂੰ ਸਨਅਤੀ ਗਰੋਥ ਸੈਂਟਰ ਦੀਆਂ ਇਮਾਰਤਾਂ ਵਿਚ ਰੱਖਿਆ ਗਿਆ ਹੈ, ਜਿਥੇ ਪੁਲਿਸ ਪਹਿਰਾ ਲਾਇਆ ਗਿਆ ਹੈ। ਕੇਂਦਰੀ ਬਲ ਅੰਦਰੂਨੀ ਪਹਿਰੇ ਉਤੇ ਹਨ ਤੇ ਪੰਜਾਬ ਪੁਲਿਸ ਦਾ ਬਾਹਰੀ ਪਹਿਰਾ ਹੈ। ਬਠਿੰਡਾ ਦੇ ਇਸ ਸੈਂਟਰ ਵਿਚ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਵੀ ਹੁਣ ਟੈਂਟ ਲਾ ਲਿਆ ਹੈ। ਬਠਿੰਡਾ ਸ਼ਹਿਰੀ ਤੋਂ 'ਆਪ' ਦੇ ਉਮੀਦਵਾਰ ਦੀਪਕ ਬਾਂਸਲ ਨੇ ਦੱਸਿਆ ਕਿ ਪਾਰਟੀ ਦੇ ਹੁਕਮਾਂ 'ਤੇ ਈ.ਵੀ.ਐਮਜ਼ ਦੀ ਰਾਖੀ ਲਈ ਟੈਂਟ ਲਾ ਦਿੱਤਾ ਗਿਆ ਹੈ, ਜਿਥੇ ਵਾਲੰਟੀਅਰ ਦਿਨ ਰਾਤ ਦਾ ਪਹਿਰਾ ਦੇ ਰਹੇ ਹਨ। 11 ਮਾਰਚ ਤੱਕ ਇਹ ਪਹਿਰਾ ਕਾਇਮ ਰਹੇਗਾ। ਇਸੇ ਤਰ੍ਹਾਂ ਮਾਨਸਾ ਦੇ ਐਨ.ਐਮ. ਕਾਲਜ ਵਿਚ ਵੀ 'ਆਪ' ਵਾਲੰਟੀਅਰਾਂ ਨੇ ਤੰਬੂ ਲਾ ਲਏ ਹਨ। ਇਨ੍ਹਾਂ ਵਾਲੰਟੀਅਰਾਂ ਦੇ ਟੈਂਟਾਂ ਵਿਚ ਚਾਹ ਪਾਣੀ ਆਦਿ ਦਾ ਸਾਮਾਨ ਵੀ ਮੌਜੂਦ ਹੈ। ਚੋਣ ਪ੍ਰਸ਼ਾਸਨ ਨੇ ਦੱਸਿਆ ਕਿ ਬਾਹਰੀ ਇਲਾਕੇ ਵਿਚ ਕੋਈ ਵੀ ਪਾਰਟੀ ਨਿਗਰਾਨੀ ਵਜੋਂ ਆਪਣਾ ਪਹਿਰਾ ਲਾ ਸਕਦੀ ਹੈ ਅਤੇ ਉਮੀਦਵਾਰ ਆਪਣਾ ਨਿੱਜੀ ਤਾਲਾ ਵੀ ਸਟਰਾਂਗ ਰੂਮ ਨੂੰ ਲਾ ਸਕਦੇ ਹਨ। ਜਾਣਕਾਰੀ ਅਨੁਸਾਰ ਬਰਨਾਲਾ, ਮੁਕਤਸਰ, ਫ਼ਰੀਦਕੋਟ ਤੇ ਮੋਗਾ ਵਿਚ ਵੀ 'ਆਪ' ਵਾਲੰਟੀਅਰ ਈ.ਐਮ. ਦੀ ਨਿਗਰਾਨੀ ਕਰ ਰਹੇ ਹਨ।

# ਨਵੀਂ ਸਰਕਾਰ ਲਈ ਚੋਣ ਵਾਅਦੇ ਪੁਗਾਉਣਾ ਹੋਵੇਗਾ ਚੁਣੌਤੀ

**ਜਲੰਧਰ:** ਮਾਰਚ ਮਹੀਨੇ 'ਚ ਜਿਥੇ ਮੌਸਮ ਗਰਮ ਹੋਣਾ ਸ਼ੁਰੂ ਹੋ ਜਾਵੇਗਾ, ਉਥੇ ਜਿੱਤਣ ਵਾਲੀ ਪਾਰਟੀ ਦਾ ਵੀ ਲੋਕਾਂ ਨਾਲ ਕੀਤੇ ਚੋਣ ਵਾਅਦੇ ਪੂਰੇ ਕਰਨ ਲਈ ਪਸੀਨਾ ਨਿਕਲਣਾ ਸ਼ੁਰੂ ਹੋ ਜਾਵੇਗਾ, ਕਿਉਂਕਿ ਵੱਡੀਆਂ ਪਾਰਟੀਆਂ ਵੱਲੋਂ ਜਿਹੜੇ ਚੋਣ ਵਾਅਦੇ ਕੀਤੇ ਗਏ ਹਨ, ਉਨ੍ਹਾਂ ਦਾ ਮੁੱਲ ਹੀ ਸਾਲਾਨਾ 5000 ਕਰੋੜ ਤੋਂ ਜ਼ਿਆਦਾ ਦਾ ਬੈਠਦਾ ਹੈ ਜਦਕਿ ਕਾਂਗਰਸ ਨੇ ਤਾਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਵੱਡਾ ਵਾਅਦਾ ਕੀਤਾ ਹੈ। 11 ਮਾਰਚ ਨੂੰ ਚੋਣ ਨਤੀਜੇ ਆਉਣ ਤੋਂ ਬਾਅਦ ਨਵੀਂ ਸਰਕਾਰ ਨੂੰ ਕੀਤੇ ਗਏ ਆਪਣੇ ਚੋਣ ਵਾਅਦਿਆਂ ਬਾਰੇ ਤਾਂ ਵਿਚਾਰਾਂ ਕਰਨੀਆਂ ਪੈ ਹੀ ਸਕਦੀਆਂ ਹਨ, ਪਰ ਉਸ ਨੂੰ ਆਉਂਦੇ ਹੀ ਪਹਿਲਾਂ 2700 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦੀ ਬਕਾਇਆ ਰਕਮ ਪਾਵਰਕਾਮ ਕੋਲ ਦੇਣੀ ਪਵੇਗੀ ਨਹੀਂ ਤਾਂ ਪਾਵਰਕਾਮ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰਾਜ ਵਿਚ ਬਿਜਲੀ ਦੀ ਸਬਸਿਡੀ ਵੱਧ ਕੇ 6900 ਕਰੋੜ ਤੱਕ ਪੁੱਜ ਗਈ ਹੈ। ਚੋਣ ਵਾਅਦਿਆਂ ਵਿਚ ਤਾਂ ਕਈ ਵਾਅਦੇ ਕੀਤੇ ਗਏ ਹਨ, ਪਰ ਇਨ੍ਹਾਂ ਵਿਚ ਤਾਂ ਸਭ ਤੋਂ ਵੱਡਾ ਵਾਅਦਾ ਮੁਫਤ ਬਿਜਲੀ ਦਾ ਹੈ, ਜਿਸ ਵਿਚ ਪਾਵਰਕਾਮ ਨੂੰ ਸਮੇਂ ਸਿਰ ਬਿਜਲੀ ਦੀ ਸਬਸਿਡੀ ਦੇਣਾ ਸ਼ਾਮਲ ਹੈ। ਅਕਾਲੀ-ਭਾਜਪਾ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਹੋਰ ਵੀ ਕਈ ਵਰਗਾਂ ਲਈ ਮੁਫਤ ਬਿਜਲੀ ਦੇਣ ਦੇ ਵਾਅਦੇ ਕੀਤੇ ਸਨ ਜਿਨ੍ਹਾਂ ਕਰ ਕੇ ਸਬਸਿਡੀ ਦੀ ਰਕਮ ਵੀ 8000 ਕਰੋੜ ਪੁੱਜ ਜਾਣ ਤੋਂ ਬਾਅਦ ਸਰਕਾਰ ਦਾ ਬਜਟ ਹੋਰ ਵੀ ਪ੍ਰਭਾਵਿਤ ਹੋਏਗਾ। ਉਧਰ ਕਾਂਗਰਸ ਨੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਭਰੋਸਾ ਦਿੱਤਾ ਹੈ




ਅਤੇ ਕਿਸਾਨਾਂ ਦਾ ਕਰਜ਼ਾ ਹੀ 30 ਹਜ਼ਾਰ ਕਰੋੜ ਤੋਂ ਜ਼ਿਆਦਾ ਦਾ ਦੱਸਿਆ ਜਾਂਦਾ ਹੈ ਅਤੇ ਇਸੇ ਤਰ੍ਹਾਂ ਕਾਂਗਰਸ ਨੇ ਨੌਜਵਾਨਾਂ ਨੂੰ 30 ਲੱਖ ਸਮਾਰਟ ਫੋਨ ਦੇਣ, ਨੌਜਵਾਨਾਂ ਨੂੰ ਨੌਕਰੀ ਦੇਣ ਜਾਂ 2500 ਰੁਪਏ ਭੱਤਾ ਦੇਣ ਦਾ ਵਾਅਦਾ ਕੀਤਾ ਹੈ।

ਆਮ ਆਦਮੀ ਪਾਰਟੀ ਨੇ ਵੀ ਦਿੱਲੀ ਦੀ ਤਰਜ਼ 'ਤੇ ਨੌਜਵਾਨਾਂ ਨੂੰ ਨੌਕਰੀਆਂ ਦੇਣ, ਮੁਫਤ ਵਾਈ-ਫਾਈ ਦੇਣ, ਵਪਾਰੀਆਂ ਲਈ ਵੈਟ ਮੁਆਫ ਤੇ ਹੋਰ ਵਰਗਾਂ ਲਈ ਵੱਡੀਆਂ ਰਿਆਇਤਾਂ ਦੇਣ ਦੇ ਚੋਣ ਵਾਅਦੇ ਕੀਤੇ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਪਾਰਟੀ ਦੇ ਸਰਕਾਰ ਮਾਰਚ ਦੇ ਮਹੀਨੇ ਵਿਚ ਆਉਂਦੀ ਹੈ ਤਾਂ ਉਸ ਲਈ ਚੋਣ ਵਾਅਦੇ ਪੂਰੇ ਕਰਨੇ ਸਭ ਤੋਂ ਔਖਾ ਕੰਮ ਹੋਏਗਾ ਕਿਉਂਕਿ ਕਿਸੇ ਵੀ ਪਾਰਟੀ ਨੂੰ ਚੋਣ ਵਾਅਦੇ ਪੂਰੇ ਕਰਨ ਲਈ 5 ਸਾਲ ਵਾਸਤੇ ਹੀ 10000 ਕਰੋੜ ਤੋਂ ਜ਼ਿਆਦਾ ਦੀ ਰਕਮ ਦਾ ਜੁਗਾੜ ਕਰਨਾ ਹੋਏਗਾ। ਇਨ੍ਹਾਂ ਵਿਚ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਰਕਮ ਦਾ ਕੋਈ ਜ਼ਿਕਰ ਨਹੀਂ ਹੈ ਕਿ ਇਸ ਦਾ ਪ੍ਰਬੰਧ ਕਿਥੋਂ ਕੀਤਾ ਜਾਣਾ ਹੈ। ਸੂਤਰਾਂ ਦੀ ਮੰਨੀਏ ਤਾਂ ਕੁਝ ਪਾਰਟੀਆਂ ਨੇ ਮਾਰਚ 'ਚ ਆਪਣੀ ਸਰਕਾਰ ਆਉਣ ਦੀ ਸੰਭਾਵਨਾ ਜ਼ਾਹਰ ਕਰਦੇ ਹੋਏ ਚੋਣ ਵਾਅਦਿਆਂ ਉਤੇ ਅਮਲ ਕਰਨ ਲਈ ਹੁਣ ਤੋਂ ਹੀ ਹਿਸਾਬ ਕਿਤਾਬ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਿਆਸੀ ਪਾਰਟੀਆਂ ਵੱਲੋਂ ਆਪਣੇ ਜਾਰੀ ਕੀਤੇ ਚੋਣ ਮਨੋਰਥ ਪੱਤਰਾਂ 'ਚ ਐਨੇ ਲੋਕ ਲੁਭਾਵਣੇ ਵਾਅਦੇ ਕੀਤੇ ਗਏ ਹਨ ਜਿਨ੍ਹਾਂ ਲਈ ਵੱਡੀਆਂ ਰਕਮਾਂ ਦੀ ਲੋੜ ਪਏਗੀ, ਪਰ ਇਹ ਵਾਅਦੇ ਨਵੇਂ ਟੈਕਸ ਲਗਾ ਕੇ ਵੀ ਪੂਰੇ ਨਹੀਂ ਕੀਤੇ ਜਾ ਸਕਦੇ, ਕਿਉਂਕਿ ਰਾਜ ਦੇ ਵਪਾਰੀ ਜਾਂ ਘਰੇਲੂ ਖ਼ਪਤਕਾਰ ਟੈਕਸਾਂ ਦਾ ਹੋਰ ਭਾਰ ਸਹਿਣ ਦੀ ਸਥਿਤੀ 'ਚ ਨਹੀਂ ਹੈ।

# ਨਿਤੀਸ਼ ਕੁਮਾਰ ਨੂੰ 'ਗੁਰੂ ਪਿਆਰਾ' ਦੀ ਉਪਾਧੀ

**ਪਟਨਾ:** ਤਖਤ ਸ੍ਰੀ ਪਟਨਾ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਕੀਤੇ ਖਾਸ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਿੱਖ ਜਗਤ ਵੱਲੋਂ ਰੱਜ ਕੇ ਸ਼ਲਾਘਾ ਹੋਈ ਸੀ। ਇਨ੍ਹਾਂ ਸਮਾਗਮਾਂ ਦੇ ਪ੍ਰਬੰਧਾਂ ਲਈ ਬਿਹਾਰੀ ਮੁੱਖ ਮੰਤਰੀ ਦਾ ਕੱਦ ਪੂਰੀ ਦੁਨੀਆ ਵਿਚ ਮਾਣ ਨਾਲ ਉੱਚਾ ਹੋਇਆ।

ਜਨਵਰੀ ਮਹੀਨੇ ਵਿਚ ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹੇ ਸਮਾਗਮਾਂ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਖਾਸ ਧੰਨਵਾਦ ਕਰਨ ਲਈ ਪੰਜਾਬ ਅਤੇ ਦਿੱਲੀ ਤੋਂ ਸਿੱਖਾਂ ਦਾ ਵਫਦ ਬਿਹਾਰ ਭਵਨ ਵਿਖੇ ਪਹੁੰਚਿਆ। ਸਿੱਖਾਂ ਦੇ ਇਸ ਵਫਦ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਰਾਗੀ ਭਾਈ ਬਲਦੀਪ



ਸਿੰਘ ਅਤੇ ਆਮਦਨ ਕਰ ਵਿਭਾਗ ਦੇ ਸੇਵਾ ਮੁਕਤ ਚੀਫ ਕਮਿਸ਼ਨਰ ਸੁਰਿੰਦਰਜੀਤਪਾਲ ਸਿੰਘ ਸਮੇਤ ਹੋਰ ਵੱਖ-ਵੱਖ ਸ਼ਖਸੀਅਤਾਂ ਸ਼ਾਮਲ ਸਨ। ਬਿਹਾਰ ਭਵਨ ਵਿਖੇ ਸਿੱਖ ਵਫਦ ਦਾ ਨਿੱਘਾ ਸੁਆਗਤ ਕੀਤਾ ਗਿਆ ਅਤੇ ਮੁੱਖ ਮੰਤਰੀ ਖਾਸ ਤੌਰ 'ਤੇ ਸਮਾਂ ਕੱਢ ਕੇ ਵਫਦ ਮੈਂਬਰਾਂ ਨੂੰ ਮਿਲੇ।

ਸਿੱਖਾਂ ਦੇ ਇਸ ਵਫਦ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ 'ਗੁਰੂ ਪਿਆਰਾ' ਕਹਿ ਕੇ ਨਿਵਾਜਿਆ ਜਿਸ ਦਾ ਭਾਵ ਹੈ ਕਿ ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਗੁਰੂ ਦਾ ਪਿਆਰਾ ਬਣ ਗਿਆ ਹੈ ਜੋ ਸਿੱਖ ਜਗਤ ਵਿਚ ਸਨਮਾਨਤ ਉਪਾਧੀ ਮੰਨੀ ਜਾਂਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਇਸ ਉਪਾਧੀ ਨਾਲ ਸਨਮਾਨਤ ਕਰਨ ਲਈ 12 ਮਾਰਚ ਨੂੰ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਆਉਣ ਦਾ ਸੱਦਾ ਦਿੱਤਾ ਜਿਸ ਨੂੰ ਮੁੱਖ ਮੰਤਰੀ ਨੇ ਸਵੀਕਾਰ ਕਰ ਲਿਆ।

# ਜਲੰਧਰ ਦੇ ਕਾਰੋਬਾਰੀ ਦੀ ਹੱਤਿਆ

**ਜਲੰਧਰ:** ਪਿਛਲੇ 40 ਸਾਲ ਤੋਂ ਮਨੀਲਾ 'ਚ ਰਹਿ ਰਹੇ ਜਲੰਧਰ ਦੇ ਕਾਰੋਬਾਰੀ ਭਗਵੰਤ ਬਾਂਸਲ (60) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਉਸ ਦੀ ਪਤਨੀ ਰੀਟਾ ਰਾਣੀ ਬਾਂਸਲ ਨੇ ਦੱਸਿਆ ਕਿ ਭਗਵੰਤ ਬਾਂਸਲ ਮਨੀਲਾ ਵਿਚ ਫਾਇਨਾਂਸਰ ਵਜੋਂ ਕਾਰੋਬਾਰ ਕਰਦਾ ਸੀ। ਜਦੋਂ ਉਹ ਆਪਣੇ ਘਰ ਤੋਂ ਕੰਮ 'ਤੇ ਜਾਣ ਲਈ ਕਾਰ 'ਚ ਬੈਠਣ ਲੱਗਾ ਤਾਂ ਕਿਸੇ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਤੇ ਫਰਾਰ ਹੋ ਗਏ। ਭਗਵੰਤ ਬਾਂਸਲ ਦੇ 5 ਗੋਲੀਆਂ ਲੱਗੀਆਂ ਜਿਸ ਕਰ ਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਯਾਦ ਰਹੇ ਕਿ ਭਗਵੰਤ ਬਾਂਸਲ ਦੀ ਪਤਨੀ ਅਤੇ ਬੱਚੇ ਜਲੰਧਰ ਵਿਚ ਰਹਿੰਦੇ ਹਨ।

# ਡੇਰਾ ਮਾਮਲੇ ਦੀ ਜਾਂਚ ਕਮੇਟੀ ਦੀ ਮਿਆਦ ਖਤਮ

**ਪਟਿਆਲਾ:** ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰ ਕੇ ਸਿੱਖ ਉਮੀਦਵਾਰਾਂ ਵੱਲੋਂ ਡੇਰਾ ਸਿਰਸਾ ਤੋਂ ਸਿਆਸੀ ਹਮਾਇਤ ਲੈਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਪੜਤਾਲੀਆ ਕਮੇਟੀ ਦੀ ਮਿਆਦ ਜਾਂਚ ਦੇ ਬਗੈਰ ਹੀ ਬਿਨਾ ਕਿਸੇ ਸਿੱਟੇ 'ਤੇ ਪਹੁੰਚਿਆ ਖ਼ਤਮ ਹੋ ਗਈ। ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਉਹ ਜਾਂਚ ਕਮੇਟੀ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕਰਨਗੇ, ਜੇ ਕਮੇਟੀ ਸਮਝੇਗੀ ਕਿ ਮਿਆਦ ਖ਼ਤਮ ਹੋ ਗਈ ਹੈ ਤਾਂ ਉਹ ਆਪ ਪਹੁੰਚ ਕਰਨਗੇ।

ਦੱਸਣਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੱਤਾ ਧਿਰ ਅਕਾਲੀ ਦਲ ਸਮੇਤ ਵੱਖ ਵੱਖ ਰਾਜਸੀ ਪਾਰਟੀਆਂ ਦੇ ਸਿੱਖ ਉਮੀਦਵਾਰਾਂ ਵੱਲੋਂ 2007 ਦੇ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਉਲੰਘ ਕੇ ਡੇਰਾ ਸਿਰਸਾ ਤੋਂ ਸਿਆਸੀ ਹਮਾਇਤ ਲਈ ਸੀ।

ਕੁਝ ਸਿੱਖਾਂ ਨੇ ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਕੋਲ ਇਤਰਾਜ਼ ਜ਼ਾਹਿਰ ਕੀਤਾ ਗਿਆ ਸੀ। ਇਸ ਤੋਂ ਬਾਅਦ 6 ਫਰਵਰੀ ਨੂੰ ਅਕਾਲ ਤਖ਼ਤ ਦੇ ਜਥੇਦਾਰ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਨੇ ਤਿੰਨ ਮੈਂਬਰੀ ਜਾਂਚ ਕਮੇਟੀ ਬਣਾ ਕੇ ਜਾਂਚ ਰਿਪੋਰਟ ਹਫ਼ਤੇ 'ਚ ਦੇਣ ਦਾ ਆਦੇਸ਼ ਦਿੱਤਾ ਸੀ।

# ਸ਼੍ਰੋਮਣੀ ਕਮੇਟੀ ਮੁਲਾਜ਼ਮ ਪੜ੍ਹਨ ਲੱਗੇ ਗੁਰਮਤਿ ਦਾ ਪਾਠ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਨ ਲਈ ਗੁਰਮਤਿ ਸਿਖਲਾਈ ਸਕੂਲ 16 ਫਰਵਰੀ ਤੋਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਚ ਆਰੰਭ ਹੋ ਗਿਆ ਹੈ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦਿੱਤੀ ਹੈ।

ਪ੍ਰੋ. ਬਡੂੰਗਰ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਮੁੱਚੇ ਮੁਲਾਜ਼ਮਾਂ ਨੂੰ ਇਸ ਦਾ ਹਿੱਸਾ ਬਣਾਇਆ ਜਾਵੇਗਾ। ਸਕੂਲ ਵਿਚ ਇਕ-ਇਕ ਮਹੀਨੇ ਦੇ ਅਰਸੇ ਦੌਰਾਨ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸ਼ੁੱਧ ਗੁਰਬਾਣੀ ਉਚਾਰਨ ਦੀ ਜਾਣਕਾਰੀ ਦੇ ਨਾਲ-ਨਾਲ ਪਹਿਰਾਵਾ, ਬੋਲਚਾਲ ਅਤੇ ਗੁਰਦੁਆਰਾ ਪ੍ਰਬੰਧ ਸਬੰਧੀ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਿਥੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਹੈ, ਉਥੇ ਧਰਮ ਪ੍ਰਚਾਰ, ਵਿੱਦਿਆ, ਸਿਹਤ ਸਹੂਲਤਾਂ ਅਤੇ ਲੋਕ ਭਲਾਈ ਦੇ ਕਾਰਜ ਵੀ ਕਰਦੀ ਹੈ, ਜਿਸ ਕਰ ਕੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦਾ ਸਿੱਧਾ ਰਾਬਤਾ ਸੰਗਤ ਨਾਲ ਰਹਿੰਦਾ ਹੈ। ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਇਸ ਦੀ ਲੋੜ ਹੈ ਅਤੇ ਰਿਫਰੈਸ਼ਰ ਕੋਰਸ ਲਾ ਕੇ ਵਰਤਮਾਨ ਦੇ ਅਨੁਕੂਲ ਕੀਤਾ ਜਾ ਸਕਦਾ ਹੈ। ਪਹਿਲੇ ਪੜਾਅ ਵਿਚ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ, ਕਥਾਵਾਚਕ, ਗ੍ਰੰਥੀ, ਸੇਵਾਦਾਰ, ਹੈਲਪਰ ਅਤੇ ਕਲਰਕਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

# ਭੀਮ ਟਾਂਕ ਕਤਲ ਕਾਂਡ ਦੇ ਗਵਾਹ ਮੁੱਕਰੇ

**ਅਬੋਹਰ:** ਭੀਮ ਟਾਂਕ ਕਤਲ ਕਾਂਡ ਦਾ ਮੁੱਖ ਗਵਾਹ ਗੁਰਜੰਟ ਸਿੰਘ ਜੰਟਾ ਆਪਣੇ ਬਿਆਨ ਤੋਂ ਮੁੱਕਰ ਗਿਆ ਹੈ। ਦਲਿਤ ਭੀਮ ਟਾਂਕ ਦੀ ਜਦੋਂ ਹੱਤਿਆ ਕੀਤੀ ਗਈ ਸੀ, ਉਸ ਦੇ ਨਾਲ ਗੁਰਜੰਟ ਸਿੰਘ ਸੀ। ਉਸ ਦਾ ਵੀ ਹੱਥ ਇਸ ਘਟਨਾ ਵਿਚ ਕੱਟਿਆ ਗਿਆ ਸੀ। ਪਹਿਲਾਂ ਗੁਰਜੰਟ ਸਿੰਘ ਜੰਟਾ ਦਾ ਭਰਾ ਜੋ ਘਟਨਾ ਵਕਤ ਸਭ ਤੋਂ ਪਹਿਲਾਂ ਫਾਰਮ ਹਾਊਸ ਵਿਚ ਪਹੁੰਚਿਆ ਸੀ, ਵੀ ਬਿਆਨ ਤੋਂ ਮੁਕਰ ਚੁੱਕਾ ਹੈ। ਜੰਟਾ ਦੇ ਬਿਆਨ ਅਨੁਸਾਰ ਕਾਂਡ ਸ਼ਰਾਬ ਕਾਰੋਬਾਰੀ ਡੋਡਾ ਦੇ ਫਾਰਮ ਹਾਊਸ ਦੀ ਥਾਂ ਸ਼ਰਾਬ ਦੇ ਅਹਾਤੇ ਵਿਚ ਹੋਇਆ ਸੀ। ਜੰਟਾ ਇੱਕ ਸਾਲ ਤੋਂ ਸ਼ਿਵਲਾਲ ਡੋਡਾ ਨੂੰ ਇਸ ਕਤਲ ਲਈ ਜ਼ਿੰਮੇਵਾਰ ਦੱਸ ਰਿਹਾ ਸੀ, ਪਰ ਹੁਣ ਉਹ ਆਪਣੇ ਬਿਆਨ ਤੋਂ ਪਲਟ ਗਿਆ ਹੈ।

# ਨਾਭਾ ਜੇਲ੍ਹ ਕਾਂਡ ਬਾਰੇ ਪੁਲਿਸ ਨੂੰ ਪਹਿਲਾਂ ਹੀ ਸੀ ਸੂਹ?

**ਪਟਿਆਲਾ:** ਜੇਲ੍ਹ ਕਾਂਡ ਬਾਰੇ ਨਾਭਾ ਪੁਲਿਸ ਨੂੰ ਪੰਜ ਮਹੀਨੇ ਪਹਿਲਾਂ ਹੀ ਸੂਚਨਾ ਮਿਲ ਗਈ ਸੀ, ਕਿਉਂਕਿ ਇਸ ਘਟਨਾਕ੍ਰਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਤੇ ਹੁਣ ਫ਼ਰਾਰ ਗੈਂਗਸਟਰਾਂ ਦੇ 'ਕੰਟਰੋਲ ਰੂਮ' ਵਜੋਂ ਸਰਗਰਮ ਹਰਮਨਦੀਪ ਸਿੰਘ ਰੋਮੀ ਨੂੰ ਜੂਨ 2016 ਵਿਚ ਨਾਭਾ ਪੁਲਿਸ ਨੇ ਇਸੇ ਤਰਕ ਤਹਿਤ ਗ੍ਰਿਫ਼ਤਾਰ ਕੀਤਾ ਸੀ ਕਿ ਉਹ ਇਕ ਖ਼ਤਰਨਾਕ ਗੈਂਗਸਟਰ ਗਰੋਹ ਦੇ ਮੈਂਬਰਾਂ ਨੂੰ ਛੁਡਾਉਣ ਦੀ ਤਾਕ ਵਿਚ ਹੈ। ਇਸ ਦੌਰਾਨ ਉਸ ਕੋਲੋਂ ਕਈ ਜਾਅਲੀ ਕਰੈਡਿਟ ਕਾਰਡ ਵੀ ਬਰਾਮਦ ਕੀਤੇ ਗਏ ਸਨ, ਪਰ ਉਸ ਨੂੰ ਫਿਰ ਇਸੇ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੋਂ ਜ਼ਮਾਨਤ ਮਿਲਣ 'ਤੇ ਉਹ ਵਿਦੇਸ਼ ਚਲਾ ਗਿਆ।

ਇਸ ਤੋਂ ਬਾਅਦ 27 ਨਵੰਬਰ ਨੂੰ ਨਾਭਾ ਜੇਲ੍ਹ ਕਾਂਡ ਵਾਪਰਿਆ। ਇਹ ਵੱਡਾ ਸਵਾਲ ਹੈ ਕਿ ਫੜੇ ਜਾਣ ਮੌਕੇ ਉਸ ਦਾ ਪਾਸਪੋਰਟ ਜਮ੍ਹਾਂ ਕਰਵਾਇਆ ਗਿਆ ਸੀ ਜਾਂ ਨਹੀਂ? ਜੇ ਹਾਂ ਤਾਂ ਫਿਰ ਉਸ ਨੂੰ ਪਾਸਪੋਰਟ ਕਿਥੋਂ ਤੇ ਕਿਵੇਂ ਮਿਲਿਆ? ਜ਼ਿਕਰਯੋਗ ਹੈ ਕਿ ਰੋਮੀ ਅਤੇ ਛੇ ਹੋਰਾਂ ਨੂੰ ਜੂਨ 2016 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਥਾਣਾ ਕੋਤਵਾਲੀ ਨਾਭਾ ਦੇ ਉਦੋਂ ਦੇ ਐਸ.ਐਚ.ਓ. ਵਾਸਦੇਵ ਸਿੰਘ ਨੇ ਇਹ ਗੱਲਾਂ ਖ਼ੁਦ 3 ਜੂਨ 2016 ਨੂੰ ਦਰਜ ਕੀਤੀ ਐਫ.ਆਈ.ਆਰ. (ਨੰਬਰ 0060) ਵਿਚ ਲਿਖੀਆਂ ਸਨ। ਇਸ ਸਬੰਧੀ ਡੀ.ਆਈ.ਜੀ. ਆਸ਼ੀਸ਼ ਚੌਧਰੀ ਨੇ ਕਿਹਾ ਕਿ ਕੇਸ ਦੇ ਸਾਰੇ ਹੀ ਪੱਖ ਵਿਚਾਰੇ ਜਾ ਰਹੇ ਹਨ।

# ਤਹਿਮੀਨਾ ਪਾਕਿਸਤਾਨ ਦੀ ਵਿਦੇਸ਼ ਸਕੱਤਰ

**ਇਸਲਾਮਾਬਾਦ:** ਤਹਿਮੀਨਾ ਜੰਜੂਆ ਪਾਕਿਸਤਾਨ ਦੇ ਵਿਦੇਸ਼ ਸਕੱਤਰ ਦੇ ਅਹੁਦੇ ਤਕ ਪੁੱਜਣ ਵਾਲੀ ਪਹਿਲੀ ਔਰਤ ਬਣ ਗਈ ਹੈ। ਉਹ ਇਜ਼ਾਜ਼ ਅਹਿਮਦ ਚੌਧਰੀ ਦੀ ਥਾਂ ਲਵੇਗੀ ਅਤੇ ਮਾਰਚ ਦੇ ਪਹਿਲੇ ਹਫ਼ਤੇ ਅਹੁਦਾ ਸੰਭਾਲੇਗੀ। ਇਸ ਅਹੁਦੇ ਲਈ ਪਹਿਲਾਂ ਭਾਰਤ ਵਿਚ ਪਾਕਿਸਤਾਨ ਦੇ ਰਾਜਦੂਤ ਅਬਦੁਲ ਬਾਸਿਤ ਦਾ ਨਾਂ ਚੱਲ ਰਿਹਾ ਸੀ।

# ਹੈਰੀਟੇਜ ਸਟਰੀਟ ਦੀ ਸੰਭਾਲ ਪ੍ਰਾਈਵੇਟ ਕੰਪਨੀ ਹਵਾਲੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ-ਦੁਆਲੇ ਨੂੰ ਵਿਰਾਸਤੀ ਦਿੱਖ ਦੇਣ ਲਈ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਈ ਗਈ ਹੈਰੀਟੇਜ ਸਟਰੀਟ ਅਤੇ ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦੀ ਸਾਂਭ-ਸੰਭਾਲ ਵਾਸਤੇ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਥਾਂ ਇਹ ਕੰਮ ਪ੍ਰਾਈਵੇਟ ਕੰਪਨੀ ਬੀ.ਵੀ.ਜੀ. ਨੂੰ ਸੌਂਪਿਆ ਗਿਆ ਹੈ। ਕੰਪਨੀ ਨੇ ਇਸ ਮਹੀਨੇ ਦੀ 6 ਫਰਵਰੀ ਤੋਂ ਇਸ ਕੰਮ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ।

ਯਾਦ ਰਹੇ ਕਿ ਇਸ ਸਮੁੱਚੇ ਖੇਤਰ ਦੀ ਸਾਂਭ ਸੰਭਾਲ ਵਾਸਤੇ ਸਰਕਾਰ ਵੱਲੋਂ ਅੰਮ੍ਰਿਤਸਰ ਕਲਚਰ ਅਤੇ ਟੂਰਿਜ਼ਮ ਡਿਵੈਲਪਮੈਂਟ ਅਥਾਰਟੀ ਦੀ ਸਥਾਪਨਾ ਕੀਤੀ ਗਈ ਹੈ ਜੋ ਪੰਜਾਬ ਸੈਰ ਸਪਾਟਾ ਵਿਭਾਗ ਨਾਲੋਂ ਵੱਖ ਹੈ। ਇਸ ਦਾ ਸਾਲਾਨਾ ਬਜਟ ਵੀ ਵੱਖ ਰੱਖਿਆ ਗਿਆ ਹੈ। ਅਥਾਰਟੀ ਨੇ ਹੁਣ ਕੰਮ ਸ਼ੁਰੂ ਕਰਦਿਆਂ ਹੀ ਇਸ ਸਮੁੱਚੀ ਵਿਰਾਸਤੀ ਸਟਰੀਟ ਦੀ ਸਾਂਭ ਸੰਭਾਲ, ਸਾਫ



*ਹੈਰੀਟੇਜ ਸਟਰੀਟ ਵਿਚ ਘੁੰਮ ਰਹੇ ਕੁੱਤੇ।*

ਸਫਾਈ, ਸੁਰੱਖਿਆ ਆਦਿ ਦਾ ਕੰਮ ਬੀ.ਵੀ.ਜੀ. ਇੰਡੀਆ ਨਾਂ ਦੀ ਕੰਪਨੀ ਨੂੰ ਸੌਂਪਿਆ ਹੈ। ਅਥਾਰਟੀ ਦੇ ਜਨਰਲ ਮੈਨੇਜਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਇਸ ਸਮੁੱਚੇ ਖੇਤਰ ਦੀ ਸਾਂਭ ਸੰਭਾਲ ਵਾਸਤੇ ਬੀ.ਵੀ.ਜੀ. ਦੀ ਚੋਣ ਕੀਤੀ ਗਈ ਹੈ ਅਤੇ ਛੇ ਫਰਵਰੀ ਤੋਂ ਇਸ ਕੰਪਨੀ ਨੇ ਆਪਣੀ ਜ਼ਿੰਮੇਵਾਰੀ ਸਾਂਭ ਲਈ ਹੈ। ਕੰਪਨੀ ਵੱਲੋਂ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ। ਵਿਰਾਸਤੀ ਸਟਰੀਟ ਵਿਚ ਅਵਾਰਾ ਘੁੰਮਦੇ ਕੁੱਤਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਉਨ੍ਹਾਂ ਆਖਿਆ ਕਿ ਇਸ ਸਬੰਧੀ ਸਬੰਧਤ ਵਿਭਾਗ ਤੱਕ ਪਹੁੰਚ ਕੀਤੀ ਜਾਵੇਗੀ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
BRE#01227109

COLDWELL BANKER VALLEY CENTRAL | EQUAL HOUSING OPPORTUNITY | REALTOR®

**Gurbans Gill**
**Office 209-835-4545**
**Direct 209-815-1869**

18 Years Experiance in Real Estate
e-mail: gurbans@gotracy.com
Fax: 209-836-0706
www.gotracy.com

1486 W 11th Street, Tracy, CA 95376


## 'ਜੁਗਨੀ ਹੱਥ ਕਿਸੇ ਨਾ ਆਉਣੀ' ਫਿਲਮ ਨੂੰ ਬਰੇਕਾਂ

**ਜਲੰਧਰ:** ਜੇਲ੍ਹਾਂ ਵਿਚ ਨਸ਼ਿਆਂ ਦੇ ਵਪਾਰ ਵਰਗੇ ਭਖਦੇ ਮੁੱਦੇ ਨੂੰ ਉਭਾਰਨ ਵਾਲੀ ਪੰਜਾਬੀ ਫਿਲਮ 'ਜੁਗਨੀ ਹੱਥ ਕਿਸੇ ਨਾ ਆਉਣੀ' ਨੂੰ ਹਾਲ ਦੀ ਘੜੀ ਬਰੇਕਾਂ ਲੱਗ ਗਈਆਂ ਹਨ। ਇਹ ਫਿਲਮ 17 ਫਰਵਰੀ ਨੂੰ ਰਿਲੀਜ਼ ਹੋਣੀ ਸੀ। ਇਸ ਫਿਲਮ ਵਿਚ ਸਿੰਥੈਟਿਕ ਡਰੱਗ ਮਾਮਲੇ ਦੇ ਮੁਲਜ਼ਮ ਜਗਦੀਸ਼ ਭੋਲਾ ਨੇ ਵੀ ਖਲਨਾਇਕ ਦੀ ਭੂਮਿਕਾ ਨਿਭਾਈ ਹੈ।

ਜ਼ਿਕਰਯੋਗ ਹੈ ਕਿ ਫਿਲਮ ਦੇ ਨਿਰਮਾਤਾ ਅਤੇ ਮੁੱਖ ਭੂਮਿਕਾ ਨਿਭਾਉਣ ਵਾਲੇ ਗਾਇਕ ਤੋਂ ਅਦਾਕਾਰ ਬਣੇ ਕੇ.ਐਸ. ਮੱਖਣ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਤਲਬ ਕੀਤਾ ਸੀ, ਪਰ ਉਹ ਪੇਸ਼ ਨਹੀਂ ਹੋਏ, ਸਗੋਂ ਦਸਤਾਵੇਜ਼ ਮੁਕੰਮਲ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ।

## ਨਹਿਰ ਬਾਰੇ ਨਵੇਂ ਐਲਾਨ ਮਗਰੋਂ ਸਿੱਖ ਜਥੇਬੰਦੀਆਂ ਸਰਗਰਮ

**ਫਤਹਿਗੜ੍ਹ ਸਾਹਿਬ:** ਇੰਡੀਅਨ ਨੈਸ਼ਨਲ ਲੋਕ ਦਲ ਹਰਿਆਣਾ ਵੱਲੋਂ 23 ਫਰਵਰੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਪੁੱਟਣ ਲਈ ਅੰਬਾਲਾ ਦੇ ਰਸਤੇ ਤੋਂ ਪੰਜਾਬ ਵਿਚ ਦਾਖ਼ਲ ਹੋਣ ਦੇ ਕੀਤੇ ਐਲਾਨ ਤੋਂ ਬਾਅਦ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਵੀ ਹਰਕਤ ਵਿਚ ਆ ਗਈਆਂ ਹਨ।

ਇੱਕ ਪਾਸੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਪੀਰ ਮੁਹੰਮਦ) ਵੱਲੋਂ 23 ਫਰਵਰੀ ਨੂੰ ਹੀ ਕਪੂਰੀ ਵਿਚ ਮਾਰਚ ਕੱਢਣ ਤੋਂ ਬਾਅਦ ਨਹਿਰ ਨੂੰ ਪੂਰਨ ਦਾ ਐਲਾਨ ਕੀਤਾ ਹੋਇਆ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸਾਬਕਾ ਮੁੱਖ ਮੰਤਰੀ ਹਰਿਆਣਾ ਓਮ ਪ੍ਰਕਾਸ਼ ਚੌਟਾਲਾ ਦੇ ਪੁੱਤਰ ਅਤੇ ਵਿਰੋਧੀ ਪਾਰਟੀ ਦੇ ਨੇਤਾ ਅਭੈ ਚੌਟਾਲਾ ਵੱਲੋਂ ਨਹਿਰ ਖੋਦਣ ਦੇ ਦਿੱਤੇ ਬਿਆਨ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦਾ ਜਵਾਬ ਦੇਣ ਦਾ ਫ਼ੈਸਲਾ ਲਿਆ ਹੈ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

7021 Village Park Way, Dublin, CA 94568

Email: Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

# ਟਰੰਪ ਨੂੰ ਝਟਕਾ: ਅਦਾਲਤ ਵੱਲੋਂ ਪਾਬੰਦੀ ਬਹਾਲ ਕਰਨ ਤੋਂ ਨਾਂਹ

**ਸਾਨ ਫਰਾਂਸਿਸਕੋ:** ਅਮਰੀਕਾ ਦੀ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਉਨ੍ਹਾਂ ਦੇ 7 ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਤੇ ਨਾਗਰਿਕਾਂ ਉਤੇ ਅਮਰੀਕਾ ਵਿਚ ਦਾਖਲੇ ਉਤੇ ਲਾਈ ਵਿਵਾਦਪੂਰਨ ਪਾਬੰਦੀ ਨੂੰ ਸਰਬਸੰਮਤੀ ਨਾਲ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ ਟਰੰਪ ਨੇ ਵੀ 'ਮੈਂ ਨਾ ਮਾਨੂੰ' ਵਾਲੀ ਰਟ ਲਾਉਂਦੇ ਹੋਏ ਇਸ ਫੈਸਲੇ ਖਿਲਾਫ ਲੜਨ ਦਾ ਪ੍ਰਣ ਕਰਦਿਆਂ ਅਦਾਲਤ ਦੇ ਨਿਰਣੇ ਨੂੰ ਸਿਆਸੀ ਫੈਸਲਾ ਕਹਿ ਕੇ ਭੰਡਿਆ ਹੈ।

ਸਾਨ ਫਰਾਂਸਿਸਕੋ ਦੀ ਫੈਡਰਲ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਫੈਸਲੇ ਨੂੰ ਟਰੰਪ ਪ੍ਰਸ਼ਾਸਨ ਲਈ ਇਕ ਮਹੱਤਵਪੂਰਨ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨੇ ਦਲੀਲ ਦਿੱਤੀ ਸੀ ਕਿ ਅਗਜ਼ੈਕਟਿਵ ਆਰਡਰ ਗਰਮਖਿਆਲ ਇਸਲਾਮਿਕ ਅਤਿਵਾਦੀਆਂ ਨੂੰ ਆਪਣੇ ਦੇਸ਼ ਵਿਚ ਦਾਖਲ ਹੋਣ ਤੋਂ ਰੋਕਣ ਲਈ ਇਕ ਵੱਡਾ ਕਦਮ ਹੈ। ਟਰੰਪ ਨੇ ਅਦਾਲਤ ਦੇ ਫੈਸਲੇ 'ਤੇ ਤੁਰਤ ਟਵੀਟ ਕਰ ਕੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਲਿਖਿਆ ਕਿ ਤੁਸੀਂ ਅਦਾਲਤ ਦਾ ਫੈਸਲਾ ਸੁਣਿਆਂ ਹੈ, ਸਾਡੇ ਦੇਸ਼ ਦੀ ਸੁਰੱਖਿਆ ਦਾਅ 'ਤੇ ਲਾ ਦਿੱਤੀ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਉਹ ਨੌਵੀਂ ਅਪੀਲ ਅਦਾਲਤ ਦੇ ਫੈਸਲੇ ਤੋਂ ਬਹੁਤ ਜ਼ਿਆਦਾ ਨਿਰਾਸ਼ ਹੋਏ ਹਨ। ਸਾਨ ਫਰਾਂਸਿਸਕੋ ਅਦਾਲਤ ਨੇ ਇਸ ਹਫਤੇ ਦੇ ਸ਼ੁਰੂ ਵਿਚ ਜ਼ੁਬਾਨੀ ਸੁਣਵਾਈ ਕੀਤੀ ਸੀ। ਬੈਂਚ ਵਿਚ ਜੱਜ ਵਿਲੀਅਮ ਸੀ. ਕੈਨਬੀ ਜੂਨੀਅਰ, ਰਿਚਰਡ ਆਰ ਕਲਿਫਟਨ ਅਤੇ ਮਿਸ਼ੇਲ ਟੀ ਫਰੀਡਲੈਂਡ ਸ਼ਾਮਲ ਹਨ।

ਮਾਣਯੋਗ ਜੱਜਾਂ ਨੇ ਆਪਣੇ ਹੁਕਮ ਵਿਚ ਕਿਹਾ ਕਿ ਅਸੀਂ ਦੇਖਿਆ ਕਿ ਸਰਕਾਰ ਆਪਣੀ ਅਪੀਲ ਦੀਆਂ ਖੂਬੀਆਂ ਦੀ ਸੰਭਾਵਤ ਸਫਲਤਾ ਲਈ ਕੁਝ ਵੀ ਪੇਸ਼ ਨਹੀਂ ਕਰ ਸਕੀ ਅਤੇ ਨਾ ਹੀ ਸਰਕਾਰ ਇਹ ਦਿਖਾ ਸਕੀ ਕਿ ਜੇਕਰ ਰੋਕ ਨਾ ਲਾਈ ਤਾਂ ਉਸ ਨਾਲ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਵੇਗਾ, ਇਸ ਲਈ ਅਸੀਂ ਰੋਕ ਉਤੇ ਆਪਣਾ ਹੰਗਾਮੀ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਲਿਖਿਆ ਕਿ ਅਗਜੈਕਟਿਵ ਆਰਡਰ ਸਬੰਧੀ ਸਪਸ਼ਟੀਕਰਨ ਦੇਣ ਲਈ ਸਬੂਤ ਪੇਸ਼ ਕਰਨ ਦੀ ਬਜਾਏ ਸਰਕਾਰ ਨੇ ਇਹ ਪੱਖ ਲਿਆ ਕਿ ਉਹ ਆਪਣੇ ਫੈਸਲੇ 'ਤੇ ਪੁਨਰ ਵਿਚਾਰ ਨਹੀਂ ਕਰੇਗੀ, ਜਿਸ ਨਾਲ ਅਸੀਂ ਸਹਿਮਤ ਨਹੀਂ।

ਫੈਸਲੇ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਨਿਰਣੇ ਨੂੰ ਸਿਆਸੀ ਫੈਸਲਾ ਕਰਾਰ ਦਿੱਤਾ ਹੈ। ਐਨ.ਬੀ.ਸੀ. ਨਿਊਜ਼ ਨੇ ਟਰੰਪ ਦੇ ਹਵਾਲੇ ਨਾਲ ਕਿਹਾ ਕਿ ਇਹ ਰਾਜਨੀਤਕ ਫੈਸਲਾ ਹੈ ਅਤੇ ਅਸੀਂ ਉਨ੍ਹਾਂ ਨਾਲ ਜੰਗ ਲਈ ਅਦਾਲਤ 'ਚ ਜਾਵਾਂਗੇ। ਇਹ ਸਿਰਫ ਇਕ ਫੈਸਲਾ ਆਇਆ ਹੈ, ਪਰ ਅਸੀਂ ਕੇਸ ਜਿੱਤਾਂਗੇ।

ਟਰੰਪ ਨੇ ਪਿਛਲੇ ਮਹੀਨੇ ਆਪਣੇ ਚੋਣ ਵਾਅਦਿਆਂ 'ਚੋਂ ਇਕ ਨੂੰ ਪੂਰਾ ਕਰਦੇ ਹੋਏ 120 ਦਿਨਾਂ ਲਈ ਸਾਰੇ ਸ਼ਰਨਾਰਥੀਆਂ, ਸੀਰੀਆਈ ਸ਼ਰਨਾਰਥੀਆਂ ਉਤੇ ਅਮਿੱਥੇ ਸਮੇਂ ਲਈ ਅਤੇ ਈਰਾਨ, ਇਰਾਕ, ਲਿਬੀਆ, ਯਮਨ, ਸੋਮਾਲੀਆ, ਸੀਰੀਆ ਅਤੇ ਸੁਡਾਨ ਦੇ ਨਾਗਰਿਕਾਂ ਉਤੇ ਅਮਰੀਕਾ ਵਿਚ ਦਾਖਲ ਹੋਣ 'ਤੇ 90 ਦਿਨ ਲਈ ਪਾਬੰਦੀ ਲਾ ਦਿੱਤੀ ਸੀ। ਟਰੰਪ ਦੇ ਰਾਜਸੀ ਵਿਰੋਧੀਆਂ ਅਤੇ ਮਾਨਵੀ ਹੱਕਾਂ ਬਾਰੇ ਕਾਰਕੁਨਾਂ ਨੇ ਅਦਾਲਤ ਦੇ ਫੈਸਲੇ ਉਤੇ ਖੁਸ਼ੀ ਜ਼ਾਹਰ ਕੀਤੀ ਹੈ। ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਪ੍ਰਾਮਿਲਾ ਜੈਯਾਪਾਲ ਜਿਹੜੀ ਟਰੰਪ ਦੇ ਹੁਕਮ ਖਿਲਾਫ ਡੈਮੋਕਰੈਟਿਕ ਕਾਨੂੰਨਘਾੜਿਆਂ ਦੀ ਲੜਾਈ ਦੀ ਅਗਵਾਈ ਕਰਨ ਵਾਲਿਆਂ ਵਿਚ ਸ਼ਾਮਲ ਹੈ, ਨੇ ਕਿਹਾ ਕਿ ਸੰਵਿਧਾਨ ਦੀ ਜਿੱਤ ਹੋਈ ਹੈ।

**ਇਮੀਗਰੇਸ਼ਨ ਬਾਰੇ ਫੈਸਲੇ ਤੋਂ ਪਿੱਛੇ ਨਹੀਂ ਹਟਣਗੇ ਟਰੰਪ**

**ਵਾਸ਼ਿੰਗਟਨ**: ਮੁਸਲਿਮ ਆਬਾਦੀ ਵਾਲੇ ਸੱਤ ਮੁਲਕਾਂ ਦੇ ਲੋਕਾਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਰੋਕਣ ਲਈ ਰਾਸ਼ਟਰਪਤੀ ਡੋਨਲਡ ਟਰੰਪ ਬਜ਼ਿਦ ਹਨ। ਅਮਰੀਕੀ ਅਦਾਲਤ ਵੱਲੋਂ ਟਰੰਪ ਦੇ ਵਿਵਾਦਤ ਫੈਸਲੇ ਨੂੰ ਬਹਾਲ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਹੁਣ ਰਾਸ਼ਟਰਪਤੀ ਮੁਸਲਿਮ ਨਾਗਰਿਕਾਂ ਦੀ ਆਮਦ 'ਤੇ ਰੋਕ ਲਾਉਣ ਲਈ ਨਵੇਂ ਕਾਰਜਕਾਰੀ ਹੁਕਮਾਂ 'ਤੇ ਦਸਤਖਤ ਕਰਨ ਬਾਰੇ ਵਿਚਾਰਾਂ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਸੁਰੱਖਿਆ ਕਾਰਨਾਂ ਕਰ ਕੇ ਉਹ ਤੇਜ਼ੀ ਨਾਲ ਉਕਤ ਹੁਕਮਾਂ ਨੂੰ ਲਾਗੂ ਕਰਾਉਣਾ ਚਾਹੁੰਦੇ ਹਨ। ਟਰੰਪ ਨੇ ਕਿਹਾ ਕਿ ਇਮੀਗਰੇਸ਼ਨ ਸਬੰਧੀ ਨਵੇਂ ਕਾਰਜਕਾਰੀ ਹੁਕਮਾਂ 'ਚ ਸੁਰੱਖਿਆ ਦੇ ਉਪਰਾਲੇ ਵੀ ਸ਼ਾਮਲ ਹੋਣਗੇ। ਅਮਰੀਕਾ 'ਚ ਦਾਖਲ ਹੋਣ ਵਾਲੇ ਵਿਅਕਤੀ ਦੀ ਸਖਤ ਜਾਂਚ ਹੋਏਗੀ ਅਤੇ ਸਿਰਫ ਉਸ ਨੂੰ ਮੁਲਕ 'ਚ ਆਉਣ ਦਿੱਤਾ ਜਾਏਗਾ ਜੋ ਸਹੀ ਉਦੇਸ਼ਾਂ ਲਈ ਇਥੇ ਆਏਗਾ।



## ਪਰਵਾਸੀਆਂ ਨੂੰ ਡੱਕਣ ਲਈ ਟਰੰਪ ਕੰਧ ਕੱਢਣ ਬਾਰੇ ਦ੍ਰਿੜ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਿਆ ਹੈ ਕਿ ਅਮਰੀਕਾ-ਮੈਕਸੀਕੋ ਸਰਹੱਦ ਉਤੇ ਬਣਨ ਵਾਲੀ ਕੰਧ ਦਾ ਡਿਜ਼ਾਈਨ ਤਿਆਰ ਹੋ ਰਿਹਾ ਹੈ। ਵ੍ਹਾਈਟ ਹਾਊਸ ਵਿਚ ਟਰੰਪ ਨੇ ਇਕ ਸਮਾਗਮ ਵਿਚ ਆਖਿਆ ਕਿ ਦੀਵਾਰ ਦਾ ਡਿਜ਼ਾਇਨ ਹੋ ਰਿਹਾ ਹੈ ਤੇ ਬਹੁਤ ਸਾਰੇ ਲੋਕ ਇਹ ਆਖਦੇ ਹਨ ਕਿ ਇਸ ਮੁੱਦੇ ਉਤੇ ਮੈਂ ਮਜ਼ਾਕ ਕਰ ਰਿਹਾ ਹਾਂ, ਮੈਂ ਮਜ਼ਾਕ ਨਹੀਂ ਕਰਦਾ। ਦੀਵਾਰ ਇਕ ਚੋਣ ਵਾਅਦਾ ਹੈ ਤੇ ਸੀਮਾ ਪਾਰ ਤੋਂ ਦੇਸ਼ ਵਿਚ ਗੈਰਕਾਨੂੰਨੀ ਤਰੀਕੇ ਨਾਲ ਆਉਣ ਵਾਲੇ ਤੇ ਨਸ਼ੀਲੇ ਪਦਾਰਥਾਂ ਨੂੰ ਅਮਰੀਕਾ ਵਿਚ ਰੋਕਣ ਲਈ ਇਹ ਜ਼ਰੂਰੀ ਹੈ।

## ਪੱਕੀ ਨਾਗਰਿਕਤਾ ਬਾਰੇ ਸਖਤੀ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਟਰੰਪ ਸਰਕਾਰ ਬਣਨ ਮਗਰੋਂ ਅਮਰੀਕਾ ਵਿਚ ਪਰਵਾਸੀਆਂ ਉਤੇ ਸ਼ਿਕੰਜਾ ਲਗਾਤਾਰ ਟਾਈਟ ਹੁੰਦਾ ਜਾ ਰਿਹਾ ਹੈ। ਦੋ ਅਮਰੀਕੀ ਸੈਨੇਟਰਾਂ ਨੇ ਇਮੀਗ੍ਰੇਸ਼ਨ ਦਾ ਪੱਧਰ ਘੱਟ ਕਰ ਕੇ ਅੱਧਾ ਕਰਨ ਲਈ ਸੈਨੇਟ 'ਚ ਬਿੱਲ ਪੇਸ਼ ਕੀਤਾ ਹੈ। ਇਸ ਨੂੰ ਗ੍ਰੀਨ ਕਾਰਡ ਹਾਸਲ ਕਰਨ ਜਾਂ ਅਮਰੀਕਾ ਵਿਚ ਪੱਕੇ ਤੌਰ ਉਤੇ ਨਾਗਰਿਕਤਾ ਹਾਸਲ ਕਰਨ ਦੀ ਇੱਛਾ ਰੱਖਣ ਵਾਲਿਆਂ ਸਾਹਮਣੇ ਵੱਡੀ ਚੁਣੌਤੀ ਵਜੋਂ ਵੇਖਿਆ ਜਾ ਰਿਹਾ ਹੈ। ਰੀਪਬਲੀਕਨ ਸੈਨੇਟਰ ਟਾਮ ਕਾਟਨ ਤੇ ਡੈਮੋਕ੍ਰੇਟਿਕ ਪਾਰਟੀ ਦੇ ਸੈਨੇਟਰ ਡੇਵਿਡ ਪਰਡੂ ਨੇ 'ਰੇਜ ਐਕਟ' ਪੇਸ਼ ਕੀਤਾ ਹੈ।

ਇਸ ਵਿਚ ਹਰ ਸਾਲ ਜਾਰੀ ਕੀਤੇ ਜਾਣ ਵਾਲੇ ਗ੍ਰੀਨ ਕਾਰਡਾਂ ਜਾਂ ਕਾਨੂੰਨੀ ਪੱਕੇ ਤੌਰ ਉਤੇ ਨਾਗਰਿਕਾਂ ਦੀ ਮੌਜੂਦਗੀ ਤਕਰੀਬਨ 10 ਲੱਖ ਦੀ ਗਿਣਤੀ ਨੂੰ ਘੱਟ ਕਰ ਕੇ ਪੰਜ ਲੱਖ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਇਸ ਬਿੱਲ ਨੂੰ ਟਰੰਪ ਪ੍ਰਸ਼ਾਸਨ ਦੀ ਹਮਾਇਤ ਹਾਸਲ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਉਨ੍ਹਾਂ ਲੱਖਾਂ ਭਾਰਤੀ ਅਮਰੀਕੀਆਂ 'ਤੇ ਬਹੁਤ ਪ੍ਰਭਾਵ ਪਵੇਗਾ, ਜੋ ਰੁਜ਼ਗਾਰ ਆਧਾਰਤ ਵਰਗਾਂ 'ਚ ਗ੍ਰੀਨ ਕਾਰਡ ਮਿਲਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਕਾਬਲੇਗੌਰ ਹੈ ਕਿ ਮੌਜੂਦਾ ਸਮੇਂ 'ਚ ਕਿਸੇ ਭਾਰਤੀ ਨੂੰ ਗ੍ਰੀਨ ਕਾਰਡ ਹਾਸਲ ਕਰਨ ਲਈ 10 ਤੋਂ 35 ਸਾਲ ਦੀ ਉਡੀਕ ਕਰਨੀ ਪੈਂਦੀ ਹੈ। ਜੇ ਪ੍ਰਸਤਾਵਿਤ ਬਿੱਲ ਕਾਨੂੰਨ ਬਣ ਜਾਂਦਾ ਹੈ ਤਾਂ ਇਹ ਮਿਆਦ ਵਧ ਸਕਦੀ ਹੈ। ਇਸ ਬਿੱਲ ਵਿਚ ਐਚ-1 ਬੀ ਵੀਜ਼ੇ ਉਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਕਾਟਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਅਮਰੀਕੀ ਮੁਲਾਜ਼ਮਾਂ ਲਈ ਕੰਮ ਕਰਨਾ ਸ਼ੁਰੂ ਕਰੇ।

ਸਾਲ 2015 'ਚ 1,051,031 ਪਰਵਾਸੀ ਅਮਰੀਕਾ ਆਏ ਸਨ। ਇਸ ਬਿੱਲ ਦੇ ਪਾਸ ਹੋਣ ਬਾਅਦ ਪਹਿਲੇ ਸਾਲ ਪਰਵਾਸੀਆਂ ਦੀ ਕੁਲ ਗਿਣਤੀ ਘਟ ਕੇ 6,37,960 ਹੋ ਜਾਵੇਗੀ ਤੇ ਦਸਵੇਂ ਸਾਲ ਇਹ 5,39,958 ਰਹਿ ਜਾਵੇਗੀ। ਇਸ ਬਿੱਲ 'ਚ ਸ਼ਰਨਾਰਥੀਆਂ ਲਈ ਸਥਾਈ ਨਿਵਾਸ 'ਤੇ ਜ਼ਿੰਮੇਵਾਰਾਨਾ ਸੀਮਾਂ ਤੈਅ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਰੇਜ ਐਕਟ ਸਥਾਈ ਨਿਵਾਸ ਪਾਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਨੂੰ ਪ੍ਰਤੀ ਸਾਲ 50000 ਤੱਕ ਸੀਮਤ ਕਰੇਗਾ।

## ਅਮਰੀਕਾ ਗਏ ਭਾਰਤੀਆਂ ਬਾਰੇ ਵੇਰਵੇ ਇਕੱਠੇ ਕਰਨ ਦਾ ਕੰਮ ਸ਼ੁਰੂ

**ਨਵੀਂ ਦਿੱਲੀ:** ਭਾਰਤ ਸਰਕਾਰ, ਅਮਰੀਕਾ ਦੇ ਐਚ-1 ਬੀ ਵੀਜ਼ੇ ਸਬੰਧੀ ਆਈ.ਟੀ. ਕੰਪਨੀਆਂ ਤੋਂ ਡਾਟਾ ਇਕੱਠਾ ਕਰ ਰਹੀ ਹੈ। ਇਸ ਤੋਂ ਬਾਅਦ ਸਰਕਾਰ ਅਮਰੀਕਾ ਦੀ ਨਵੀਂ ਹਕੂਮਤ ਕੋਲ ਇਸ ਮੁੱਦੇ ਸਬੰਧੀ ਗੱਲਬਾਤ ਕਰੇਗੀ। ਕਾਮਰਸ ਤੇ ਇੰਡਸਟਰੀ ਮੰਤਰੀ ਨਿਰਮਲਾ ਸਿੱਥਾਰਾਮਾ ਨੇ ਸਰਕਾਰ ਦੇ ਉਚ ਅਧਿਕਾਰੀਆਂ ਤੇ ਆਈ.ਟੀ. ਸੈਕਟਰ ਦੇ ਖਾਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਇਸ ਮੁੱਦੇ ਉਤੇ ਵਿਚਾਰ ਕੀਤੀ। ਸਿੱਥਾਰਾਮਾ ਨੇ ਨੈਸਕਾਮ ਵਰਗੀਆਂ ਇੰਡਸਟਰੀਜ਼ ਨੂੰ ਅਮਰੀਕਾ ਦੀ ਨਵੀਂ ਵੀਜ਼ਾ ਨੀਤੀ ਬਾਰੇ ਬਰੀਕੀ ਨਾਲ ਡਾਟਾ ਇਕੱਠਾ ਕਰਨ ਦੀ ਸਲਾਹ ਦਿੱਤੀ ਹੈ ਤਾਂ ਜੋ ਇਸ ਸਮੱਸਿਆ ਨਾਲ ਨਜਿੱਠਿਆ ਜਾ ਸਕੇ।

ਨਵੀਂ ਨੀਤੀ ਨਾਲ ਵਪਾਰ ਉਤੇ ਕੀ ਅਸਰ ਪਵੇਗਾ, ਇਹ ਵੀ ਨਾਪਿਆ ਜਾਵੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਦੇਸ਼ ਤੋਂ ਬਾਅਦ ਜੇ ਭਾਰਤੀ ਇੰਜੀਨੀਅਰਾਂ ਨੂੰ ਨੌਕਰੀਆਂ ਤੋਂ ਕੱਢਿਆ ਜਾਂਦਾ ਹੈ ਤਾਂ ਅਮਰੀਕਾ ਵਿਚ ਹੁਨਰਮੰਦ ਕਾਮਿਆਂ ਦੀ ਕਮੀ ਹੋਣ ਨਾਲ 110 ਬਿਲੀਅਨ ਦੇ ਅਮਰੀਕੀ ਵਪਾਰ ਉਤੇ ਖਾਸਾ ਅਸਰ ਪਏਗਾ।

## 'ਅਤਿਵਾਦ ਨੂੰ ਸ਼ਹਿ ਬਦਲੇ ਪਾਕਿ ਤੋਂ ਮੁੱਲ ਵਸੂਲੇ ਟਰੰਪ'

**ਵਾਸ਼ਿੰਗਟਨ:** ਅਮਰੀਕਾ ਦੇ ਚੋਟੀ ਦੇ ਬੁੱਧੀਜੀਵੀਆਂ ਨੇ ਟਰੰਪ ਪ੍ਰਸ਼ਾਸਨ ਨੂੰ ਸਿਫਾਰਸ਼ ਕੀਤੀ ਹੈ ਕਿ ਭਾਰਤ ਤੇ ਅਫ਼ਗਾਨਿਸਤਾਨ ਖਿਲਾਫ਼ ਅਤਿਵਾਦ ਨੂੰ ਸ਼ਹਿ ਦੇਣ ਬਦਲੇ ਪਾਕਿਸਤਾਨ ਤੋਂ ਅਮਰੀਕਾ ਨੂੰ 'ਕੀਮਤ ਵਸੂਲਣੀ' ਚਾਹੀਦੀ ਹੈ ਅਤੇ ਇਸ ਮੁਲਕ ਨੂੰ ਅਤਿਵਾਦ ਨੂੰ ਵਿਦੇਸ਼ ਨੀਤੀ ਵਜੋਂ ਵਰਤਣ ਤੋਂ ਰੋਕਣ ਲਈ ਇਸ ਪ੍ਰਤੀ ਤੁਰਤ ਨਵੀਂ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ। ਅਮਰੀਕਾ ਦੇ ਚੋਟੀ ਦੇ 10 ਬੁੱਧੀਜੀਵੀਆਂ ਵਿਚੋਂ ਦੱਖਣੀ ਏਸ਼ੀਆ ਮਾਹਿਰਾਂ ਵੱਲੋਂ ਤਿਆਰ ਕੀਤੀ ਰਿਪੋਰਟ ਮੁਤਾਬਕ, 'ਪਾਕਿਸਤਾਨ ਵੱਲੋਂ ਕੁਝ ਅਤਿਵਾਦੀ ਜਥੇਬੰਦੀਆਂ ਨੂੰ ਦਿੱਤੀ ਜਾ ਰਹੀ ਸ਼ਹਿ ਨੂੰ ਅਮਰੀਕਾ ਲੰਬੇ ਸਮੇਂ ਤੋਂ ਅਣਦੇਖਾ ਕਰਦਾ ਆ ਰਿਹਾ ਹੈ। 9/11 ਅਤੇ 2001-2002 'ਚ ਭਾਰਤ-ਪਾਕਿ ਫੌਜੀ ਵਿਵਾਦ ਬਾਅਦ ਅਮਰੀਕਾ ਨੇ ਪਾਕਿ ਦੀ ਅਤਿਵਾਦ ਵਾਲੀ ਵਿਦੇਸ਼ ਨੀਤੀ ਦਾ ਅੰਤ ਕਰਨ ਦੇ ਅਹਿਮ ਮੌਕੇ ਗੁਆਏ ਹਨ।'


## ਪਾਕਿ ਸੈਨੇਟ ਦੇ ਉਪ ਚੇਅਰਮੈਨ ਨੂੰ ਵੀਜ਼ਾ ਦੇਣ ਤੋਂ ਨਾਂਹ

**ਇਸਲਾਮਾਬਾਦ:** ਅਮਰੀਕਾ ਦੀ ਟਰੰਪ ਸਰਕਾਰ ਨੇ ਵੱਡਾ ਝਟਕਾ ਦਿੰਦੇ ਹੋਏ ਪਾਕਿਸਤਾਨੀ ਸੰਸਦ ਸੈਨੇਟ ਦੇ ਡਿਪਟੀ ਚੇਅਰਮੈਨ ਮੌਲਾਨਾ ਅਬਦੁਲ ਗਫੂਰ ਹੈਦਰੀ ਨੂੰ ਵੀਜ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ ਹੈ, ਜਿਸ 'ਚ 2 ਮੈਂਬਰੀ ਪ੍ਰਤੀਨਿਧੀ ਮੰਡਲ ਦਾ ਪ੍ਰਸਤਾਵਿਤ ਅਮਰੀਕੀ ਦੌਰਾ ਰੱਦ ਹੋ ਗਿਆ ਹੈ। ਡਿਪਟੀ ਚੇਅਰਮੈਨ ਅਤੇ ਜਮੀਅਤ ਓਲੇਮਾ ਇਸਲਾਮ ਦੇ ਜਨਰਲ ਸਕੱਤਰ ਮੌਲਾਨਾ ਅਬਦੁਲ ਗਫੂਰ ਹੈਦਰੀ ਸੰਯੁਕਤ ਰਾਸ਼ਟਰ ਦਫਤਰ 'ਚ 13 ਤੇ 14 ਫਰਵਰੀ ਨੂੰ ਇੰਟਰ-ਪਾਰਲੀਮੈਂਟਰੀ ਯੂਨੀਅਨ ਦੀ ਬੈਠਕ 'ਚ ਸ਼ਾਮਲ ਹੋਣ ਲਈ ਨਿਊ ਯਾਰਕ ਜਾਣਾ ਸੀ। ਉਹ ਦੋ ਦਿਨਾਂ ਲਈ ਪ੍ਰਤੀਨਿਧੀ ਮੰਡਲ ਦੀ ਅਗਵਾਈ ਕਰ ਰਹੇ ਸਨ। ਖਬਰ ਏਜੰਸੀ ਅਨੁਸਾਰ ਸੂਤਰਾਂ ਨੇ ਦੱਸਿਆ ਕਿ ਹੈਦਰੀ ਨੂੰ ਵੀਜ਼ਾ ਨਹੀਂ ਦਿੱਤਾ ਗਿਆ ਹੈ।

ਸੈਨੇਟਰ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਸਲਾਹੁਦੀਨ ਤਿਰਮਜੀ ਵੀ ਹੈਦਰੀ ਨਾਲ ਅਮਰੀਕਾ ਜਾਣ ਵਾਲੇ ਸਨ ਅਤੇ ਉਨ੍ਹਾਂ ਨੂੰ ਦੋ ਦਿਨ ਪਹਿਲਾਂ ਹੀ ਅਮਰੀਕਾ ਦਾ ਵੀਜ਼ਾ ਦਿੱਤਾ ਗਿਆ ਸੀ। ਪਾਕਿਸਤਾਨੀ ਸੈਨੇਟ ਦੇ ਸਭਾਪਤੀ ਰਾਜਾ ਰੱਬਾਨੀ ਦੇ ਹੁਕਮਾਂ 'ਤੇ ਦੋਵਾਂ ਸੈਨੇਟਰਾਂ ਦੀ ਯਾਤਰਾ ਨੂੰ ਹੁਣ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਅਮਰੀਕੀ ਸਰਕਾਰ ਦੇ ਕਦਮਾਂ ਨੂੰ ਗੰਭੀਰਤਾ ਨਾਲ ਲੈਣ ਦੀ ਗੱਲ ਕਹੀ ਹੈ। ਉਨ੍ਹਾਂ ਪਾਕਿਸਤਾਨ ਦੇ ਸੰਸਦ ਸਕੱਤਰੇਤ ਨੂੰ ਕਿਸੇ ਅਮਰੀਕੀ ਪ੍ਰਤੀਨਿਧੀ ਨਾਲ ਫਿਲਹਾਲ ਕੋਈ ਵਰਤਾਓ ਨਹੀਂ ਕਰਨ ਲਈ ਕਿਹਾ ਹੈ। ਅਮਰੀਕੀ ਪ੍ਰਸ਼ਾਸਨ ਦਾ ਇਹ ਕਦਮ ਰਾਸ਼ਟਰਪਤੀ ਟਰੰਪ ਦੇ 27 ਜਨਵਰੀ ਦੇ ਉਸ ਹੁਕਮ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ 'ਚ ਉਨ੍ਹਾਂ ਨੇ ਸੱਤ ਮੁਸਲਮਾਨ ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ ਆਉਣ ਉਤੇ ਪਾਬੰਦੀ ਲਗਾਈ ਸੀ।

## 9/11 ਹਮਲੇ ਦੇ ਮੁੱਖ ਦੋਸ਼ੀ ਖਾਲਿਦ ਵਲੋਂ ਬਰਾਕ ਓਬਾਮਾ ਦੀ ਆਲੋਚਨਾ

**ਵਾਸ਼ਿੰਗਟਨ:** 9/11 ਅਤਿਵਾਦੀ ਹਮਲੇ ਦੇ ਮੁੱਖ ਦੋਸ਼ੀ ਖਾਲਿਦ ਸ਼ੇਖ ਮੁਹੰਮਦ ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ 'ਸੱਪ ਦੀ ਸਿਰੀ' ਆਖਦੇ ਹੋਏ ਕਿਹਾ ਕਿ ਅਮਰੀਕਾ ਨੂੰ ਆਪਣੀ ਗਲਤੀ ਲਈ ਭਾਰੀ ਕੀਮਤ ਤਾਰਨੀ ਪਈ ਹੈ। ਓਬਾਮਾ ਨੂੰ ਲਿਖੇ 18 ਸਫਿਆਂ ਦੇ ਪੱਤਰ ਵਿਚ ਉਸ ਨੇ ਕਿਹਾ ਕਿ 9/11 ਦੇ ਹਮਲੇ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਉਸ ਦੇ ਕਾਰਨ ਹੋਈਆਂ ਨਿਰਦੋਸ਼ਾਂ ਲੋਕਾਂ ਦੀਆਂ ਮੌਤਾਂ ਦਾ ਨਤੀਜਾ ਹੈ। ਸ਼ੇਖ ਮੁਹੰਮਦ ਨੇ ਅਮਰੀਕਾ ਨੂੰ ਇਕ ਅੱਤਿਆਚਾਰੀ ਦੇਸ਼ ਵੀ ਆਖਿਆ ਹੈ।



ਮੀਡੀਆ ਰਿਪੋਰਟਾਂ ਮੁਤਾਬਕ ਉਸ ਨੇ 2014 ਵਿਚ ਪੱਤਰ ਲਿਖਣਾ ਸ਼ੁਰੂ ਕੀਤਾ ਸੀ ਅਤੇ ਇਹ ਵ੍ਹਾਈਟ ਹਾਊਸ ਵਿਚ ਓਬਾਮਾ ਦੇ ਰਾਸ਼ਟਰਪਤੀ ਕਾਰਜਕਾਲ ਦੇ ਆਖਰੀ ਦਿਨਾਂ ਵਿਚ ਪੁੱਜਾ ਸੀ। ਇਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ ਇਹ ਪੱਤਰ ਫੌਜ ਦੇ ਜੱਜ ਵੱਲੋਂ ਗੁਆਂਤਨਾਮੋ ਜੇਲ੍ਹ ਕੈਂਪ ਨੂੰ ਅਜਿਹਾ ਕਰਨ ਲਈ ਹੁਕਮ ਦਿੱਤੇ ਜਾਣ ਪਿੱਛੋਂ ਵ੍ਹਾਈਟ ਹਾਊਸ ਭੇਜਿਆ ਗਿਆ ਸੀ। ਅਖਬਾਰ ਨੇ ਉਸ ਦੇ ਪੱਤਰ ਦੇ ਹਵਾਲੇ ਨਾਲ ਲਿਖਿਆ ਕਿ 9/11 ਜੰਗ ਅਸੀਂ ਤੁਹਾਡੇ ਖਿਲਾਫ ਸ਼ੁਰੂ ਨਹੀਂ ਕੀਤੀ, ਸਗੋਂ ਤੁਸੀਂ ਅਤੇ ਤੁਹਾਡੇ ਤਾਨਾਸ਼ਾਹਾਂ ਨੇ ਸਾਡੀ ਧਰਤੀ 'ਤੇ ਸ਼ੁਰੂ ਕੀਤੀ ਸੀ। ਮੁਹੰਮਦ ਨੇ ਲਿਖਿਆ ਕਿ ਅੱਲ੍ਹਾ ਨੇ ਤੁਹਾਡੀ ਵਪਾਰਕ ਰਾਜਧਾਨੀ ਤਬਾਹ ਕਰਨ ਲਈ 9/11 ਦਾ ਹਮਲਾ ਕਰਨ ਵਿਚ ਸਾਡੀ ਮਦਦ ਕੀਤੀ ਅਤੇ ਤੁਹਾਡੇ ਵੱਲੋਂ ਲੰਬੇ ਸਮੇਂ ਤੋਂ ਲੋਕਤੰਤਰ ਅਤੇ ਆਜ਼ਾਦੀ ਦਾ ਕੀਤਾ ਜਾ ਰਿਹਾ ਸਾਰਾ ਪਾਖੰਡ ਜੱਗ ਜ਼ਾਹਿਰ ਹੋ ਗਿਆ। ਤੁਹਾਡੇ ਹੱਥ ਅਜੇ ਵੀ ਸਾਡੀਆਂ ਭੈਣਾਂ, ਭਰਾਵਾਂ ਅਤੇ ਬੱਚਿਆਂ ਦੇ ਖੂਨ ਨਾਲ ਗਿੱਲੇ ਹਨ ਜਿਹੜੇ ਗਾਜ਼ਾ ਵਿਚ ਮਾਰੇ ਗਏ ਹਨ।

## ਪ੍ਰਧਾਨ ਮੰਤਰੀ ਮੋਦੀ ਨੂੰ ਮਹਿੰਗੀ ਪਈ ਭਗਵੰਤ ਮਾਨ ਤੇ ਡਾ. ਮਨਮੋਹਨ ਸਿੰਘ ਨੂੰ ਟਿੱਚਰ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੰਸਦ ਵਿਚ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਟਿੱਪਣੀਆਂ ਕਰ ਕੇ ਕਸੂਤੇ ਫਸ ਗਏ ਹਨ। ਸੋਸ਼ਲ ਮੀਡੀਆ 'ਤੇ ਇਹ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਕੀ ਪ੍ਰਧਾਨ ਮੰਤਰੀ ਨੂੰ ਅਜਿਹੀਆਂ ਟਿੱਪਣੀਆਂ ਸੋਭਦੀਆਂ ਹਨ?




ਭਗਵੰਤ ਮਾਨ ਨੇ ਮੋਦੀ ਦੀ ਸ਼ਿਕਾਇਤ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਕੋਲ ਕੀਤੀ ਹੈ। ਉਥੇ ਹੀ ਕਾਂਗਰਸ ਨੇ ਮੋਦੀ ਖਿਲਾਫ ਮੋਰਚਾ ਖੋਲ੍ਹਦਿਆਂ ਮੁਆਫੀ ਮੰਗਣ ਲਈ ਕਿਹਾ ਹੈ। ਭਗਵੰਤ ਮਾਨ ਨੇ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨਾਲ ਮੁਲਾਕਾਤ ਕਰ ਕੇ ਆਪਣੇ ਉਪਰ ਕੀਤੀ ਗਈ ਮੋਦੀ ਦੀ ਟਿੱਪਣੀ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਭਗਵੰਤ ਮਾਨ ਨੇ ਪਹਿਲਾਂ ਭਾਜਪਾ ਲਈ ਭਾਰਤੀ ਜੁਮਲਾ ਪਾਰਟੀ ਸ਼ਬਦ ਦੀ ਵਰਤੋਂ ਕੀਤੀ ਸੀ, ਜਿਸ ਨੂੰ ਲੋਕ ਸਭਾ ਦੀ ਕਾਰਵਾਈ ਤੋਂ ਹਟਾ ਦਿੱਤਾ ਗਿਆ ਸੀ। ਹੁਣ ਮਾਨ ਚਾਹੁੰਦੇ ਹਨ ਕਿ ਇਸੇ ਤਰ੍ਹਾਂ ਪ੍ਰਧਾਨ ਮੰਤਰੀ ਦੇ ਭਾਸ਼ਣ ਦੇ ਉਸ ਅੰਸ਼ ਨੂੰ ਵੀ ਕਾਰਵਾਈ ਤੋਂ ਬਾਹਰ ਕੀਤਾ ਜਾਣਾ ਚਾਹੀਦਾ।

ਰਾਸ਼ਟਰਪਤੀ ਦੇ ਭਾਸ਼ਣ 'ਤੇ ਹੋ ਰਹੀ ਚਰਚਾ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਕੁਝ ਲੋਕ ਅਜਿਹੇ ਹੁੰਦੇ ਹਨ ਜੋ ਚਾਰਵਾਕ ਦੇ ਸਿਧਾਂਤ 'ਤੇ ਤੁਰਦੇ ਹਨ, ਚਾਰਵਾਕ ਨੇ ਕਿਹਾ ਸੀ 'ਰਿਣ ਕ੍ਰਿਤਵਾ ਘ੍ਰਿਤਮ ਪ੍ਰਵੇਸ਼' ਯਾਨਿ ਕਰਜ਼ਾ ਲਵੋ ਅਤੇ ਘਿਓ ਪੀਵੋ ਤੇ ਸ਼ਾਇਦ ਭਗਵੰਤ ਮਾਨ ਹੁੰਦੇ ਤਾਂ ਕੁਝ ਹੋਰ ਹੀ ਪੀਣ ਲਈ ਕਹਿੰਦੇ।

# ਅਮਰੀਕਾ ਵਸਦੇ ਗੈਰ ਕਾਨੂੰਨੀ ਲੋਕਾਂ ਲਈ ਦੁਸ਼ਵਾਰੀਆਂ ਸ਼ੁਰੂ

**ਫਰਿਜ਼ਨੋ (ਬਿਊਰੋ):** ਰਾਸ਼ਟਰਪਤੀ ਡੋਨਲਡ ਟਰੰਪ ਨੇ ਜਿਵੇਂ ਆਪਣੇ ਚੋਣ ਜਲਸਿਆਂ ਵਿਚ ਲੋਕਾਂ ਨਾਲ ਇਮੀਗਰੇਸ਼ਨ ਕਾਨੂੰਨ ਸਖਤੀ ਨਾਲ ਲਾਗੂ ਕਰਨ ਦੇ ਵਾਅਦੇ ਕੀਤੇ ਸਨ, ਉਸ ਤਹਿਤ ਇਮੀਗਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ ਏਜੰਸੀ (ਆਈ.ਸੀ.ਈ.) ਦੇ ਅਧਿਕਾਰੀਆਂ ਨੇ ਵੱਖ-ਵੱਖ ਸ਼ਹਿਰਾਂ ਵਿਚ ਛਾਪੇਮਾਰੀ ਕਰਕੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫਤਾਰ ਕਰਕੇ ਬਿਨਾ ਕਿਸੇ ਅਪੀਲ-ਦਲੀਲ ਦੇ ਆਪੋ-ਆਪਣੇ ਮੁਲਕਾਂ ਨੂੰ ਡਿਪੋਰਟ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਕੁਝ ਦਿਨਾਂ ਦੌਰਾਨ ਦੱਖਣੀ ਕੈਲੀਫੋਰਨੀਆ ਵਿਚ ਵੀ ਫਾਰਮਾਂ ਅਤੇ ਫੈਕਟਰੀਆਂ ਵਗੈਰਾ ਵਿਚ ਆਈ.ਸੀ.ਈ. ਵਲੋਂ ਛਾਪੇ ਮਾਰ ਕੇ 200 ਦੇ ਕਰੀਬ ਗੈਰ ਕਾਨੂੰਨੀ ਲੋਕਾਂ ਨੂੰ ਡਿਪੋਰਟ ਕੀਤੇ ਜਾਣ ਦੀਆਂ ਖਬਰਾਂ ਹਨ।

ਕੈਲੀਫੋਰਨੀਆ, ਐਰੀਜ਼ੋਨਾ, ਨਿਊ ਮੈਕਸੀਕੋ ਅਤੇ ਟੈਕਸਸ ਆਦਿ ਸਟੇਟਾਂ ਵਿਚ ਬਾਰਡਰ ਸਿਕਿਉਰਿਟੀ ਫੋਰਸਾਂ ਵਲੋਂ ਗਸ਼ਤ ਤੇਜ਼ ਕਰਕੇ ਗੈਰ ਕਾਨੂੰਨੀ ਲੋਕਾਂ ਦੀ ਸਖਤੀ ਨਾਲ ਭਾਲ ਕੀਤੀ ਜਾ ਰਹੀ ਹੈ। ਅਮਰੀਕਾ ਵਿਚ ਹੁਣ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਲਈ ਰਹਿਣਾ ਕਾਫੀ ਮੁਸ਼ਕਿਲ ਹੋ ਗਿਆ ਜਾਪਦਾ ਹੈ। ਇਸ ਤੋਂ ਇਲਾਵਾ ਅਪਰਾਧੀ ਪਿਛੋਕੜ ਵਾਲੇ ਗਰੀਨ ਕਾਰਡ ਹੋਲਡਰ ਪਰਵਾਸੀਆਂ ਦੇ ਸਿਰ 'ਤੇ ਵੀ ਡਿਪੋਰਟੇਸ਼ਨ ਦੀ ਤਲਵਾਰ ਲਟਕ ਗਈ ਹੈ।




# ਟਰੰਪ ਦੀਆਂ ਯੱਭਲੀਆਂ ਵਿਰੁਧ ਮੈਕਸੀਕੋ ਸਿਟੀ ਵਿਚ ਮੁਜਾਹਰਾ

**ਮੈਕਸੀਕੋ ਸਿਟੀ (ਬਿਊਰੋ):** ਮੈਕਸੀਕੋ ਦੇ ਹਜ਼ਾਰਾਂ ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਰੁਧ ਮੁਜਾਹਰਾ ਕੀਤਾ। ਉਨ੍ਹਾਂ ਮੈਕਸੀਕੋ ਵਿਰੋਧੀ ਭਾਸ਼ਣ ਅਤੇ ਸਰਹੱਦ ਉਤੇ ਕੰਧ ਕੱਢਣ ਲਈ ਮੈਕਸੀਕੋ ਤੋਂ ਉਗਰਾਹੀ ਕਰਨ ਦੀ ਟਰੰਪ ਦੀ ਜ਼ਿਦ ਦੀ ਨੁਕਤਾਚੀਨੀ ਕੀਤੀ।

ਮੁਜਾਹਰੇ ਦੌਰਾਨ ਲੋਕਾਂ ਨੇ ਵੱਡ ਅਕਾਰੀ ਬੈਨਰ ਚੁੱਕੇ ਹੋਏ ਸਨ, ਜਿਨ੍ਹਾਂ ਉਤੇ 'ਮਿਸਟਰ ਟਰੰਪ, ਮੈਕਸੀਕੋ ਦਾ ਸਤਿਕਾਰ ਕਰੋ' ਲਿਖਿਆ ਹੋਇਆ ਸੀ। ਮੈਕਸੀਕੋ ਦਾ ਝੰਡਾ ਚੁੱਕੀ ਇਨ੍ਹਾਂ ਮੁਜਾਹਰਾਕਾਰੀਆਂ ਨੇ ਪੁਲਿਸ ਦੀ ਨਿਗਰਾਨੀ ਹੇਠ ਰਾਜਧਾਨੀ ਦੇ ਮੁੱਖ ਐਵੇਨਿਊ ਤੱਕ ਮਾਰਚ ਕੀਤਾ। ਜੁਲੀਏਟਾ ਰੋਜ਼ਿਜ਼ ਨਾਂ ਦੀ ਇਕ ਪ੍ਰਦਰਸ਼ਨਕਾਰੀ ਦੀ ਟੀ-ਸ਼ਰਟ ਉਤੇ ਟਰੰਪ ਦੀ ਹਿਟਲਰ ਵਰਗੀਆਂ ਮੁੱਛਾਂ ਵਾਲੀ ਤਸਵੀਰ ਛਪੀ ਹੋਈ ਸੀ।

ਮੈਕਸੀਕੋ ਦੀ ਕੌਮੀ ਖੁਦਮੁਖਤਾਰ ਯੂਨੀਵਰਸਿਟੀ ਦੀ ਸਾਹਿਤ ਦੀ ਵਿਦਿਆਰਥਣ ਰੋਜ਼ਿਜ਼ ਨੇ ਕਿਹਾ ਕਿ ਅਸੀਂ ਇੱਥੇ ਤਾਂ ਇਕੱਠੇ ਹੋਏ ਹਾਂ ਕਿ ਟਰੰਪ ਦੇਖੇ ਤੇ ਮਹਿਸੂਸ ਕਰੇ ਕਿ ਉਸ ਦੀਆਂ ਯੱਭਲੀਆਂ, ਵਿਦੇਸ਼ੀਆਂ ਤੋਂ ਡਰ, ਪੱਖਪਾਤੀ ਤੇ ਫਾਸ਼ੀਵਾਦੀ ਉਜੱਡਪੁਣੇ ਵਿਰੁਧ ਸਾਰਾ ਦੇਸ਼ ਇਕਜੁੱਟ ਹੈ। ਇਹ ਮੈਕਸੀਕੋ ਦਾ ਸਭ ਤੋਂ ਵੱਡਾ ਟਰੰਪ ਵਿਰੋਧੀ ਪ੍ਰਦਰਸ਼ਨ ਸੀ। ਦਰਜਨਾਂ ਯੂਨੀਵਰਸਿਟੀਆਂ, ਵਪਾਰਕ ਅਦਾਰਿਆਂ ਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਦਿੱਤੇ ਮਾਰਚ ਦੇ ਸੱਦੇ ਵਿਚ 20 ਸ਼ਹਿਰਾਂ ਦੇ ਬਾਸ਼ਿੰਦੇ ਸ਼ਾਮਲ ਹੋਏ।

ਸਥਾਨਕ ਅਧਿਕਾਰੀਆਂ ਮੁਤਾਬਕ ਮੈਕਸੀਕੋ ਸਿਟੀ ਵਿਚ 20 ਹਜ਼ਾਰ ਤੋਂ ਵੱਧ ਪ੍ਰਦਰਸ਼ਨਕਾਰੀ ਪੁੱਜੇ। ਗੁਆਡਾਲਜਾਰਾ, ਮੋਂਟਰੀ ਅਤੇ ਮੋਰੇਲੀਆ ਵਿਚ ਵੀ ਹਜ਼ਾਰਾਂ ਲੋਕ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਏ, ਜਦੋਂ ਕਿ ਸਰਹੱਦੀ ਸ਼ਹਿਰ ਤਿਜੂਆਨਾ ਵਿਚ ਯੋਜਨਾਬੱਧ ਪ੍ਰਦਰਸ਼ਨ ਸਫਲ ਨਹੀਂ ਹੋਇਆ। ਟਰੰਪ ਵੱਲੋਂ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ-ਮੈਕਸੀਕੋ ਸਬੰਧ ਰਸਾਤਲ ਵਿਚ ਚਲੇ ਗਏ ਹਨ। ਮੈਕਸੀਕੋ ਦੇ ਪਰਵਾਸੀਆਂ ਨੂੰ ਅਪਰਾਧੀ ਤੇ ਬਲਾਤਕਾਰੀ ਦੱਸ ਕੇ ਆਪਣੀ ਰਾਸ਼ਟਰਪਤੀ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਵਾਲੇ ਟਰੰਪ ਵੱਲੋਂ ਗੈਰਕਾਨੂੰਨੀ ਪਰਵਾਸ ਰੋਕਣ ਲਈ ਸਰਹੱਦ 'ਤੇ ਕੰਧ ਖੜ੍ਹੀ ਕਰਨ ਦੀ ਯੋਜਨਾ ਐਲਾਨੇ ਜਾਣ ਕਾਰਨ ਅਮਰੀਕਾ ਦਾ ਇਹ ਦੱਖਣੀ ਗੁਆਂਢੀ ਖਿਝਿਆ ਹੋਇਆ ਹੈ। ਮੈਕਸੀਕੋ ਦੇ ਰਾਸ਼ਟਰਪਤੀ ਐਨਰਿਕ ਪੇਨਾ ਨਿਏਟੋ ਨੇ ਕੰਧ ਲਈ ਮੈਕਸੀਕੋ ਤੋਂ ਭੁਗਤਾਨ ਕਰਵਾਉਣ ਦੀ ਟਰੰਪ ਦੀ ਅੜੀ ਕਾਰਨ 31 ਜਨਵਰੀ ਦਾ ਆਪਣਾ ਵਾਸ਼ਿੰਗਟਨ ਦੌਰਾ ਰੱਦ ਕਰ ਦਿੱਤਾ ਸੀ।

ਆਪਣੀ ਨੌਂ ਸਾਲਾ ਪੋਤੀ ਨਾਲ ਮੈਕਸੀਕੋ ਸਿਟੀ ਵੱਲ ਮਾਰਚ ਕਰ ਰਹੇ ਜੋਸ ਐਂਤੋਨੀਓ ਸਾਂਚੇਜ (73) ਨੇ ਕਿਹਾ ਕਿ ਇਹ ਸਮਾਂ ਕੰਧਾਂ ਕੱਢਣ ਦੀ ਥਾਂ ਪੁਲ ਬਣਾਉਣ ਦਾ ਹੈ। ਇਕ ਮੈਕਸੀਕਨ ਔਰਤ ਨਾਲ ਵਿਆਹੇ ਅਮਰੀਕੀ ਮੁਜਾਹਰਾਕਾਰੀ ਐਰਿਕ ਸਮਿੱਥ ਨੇ ਮਾਰਚ ਦੌਰਾਨ 'ਮੁਆਫ ਕਰਨਾ ਮੈਕਸੀਕੋ' ਦੇ ਨਾਅਰੇ ਵਾਲੀ ਤਖ਼ਤੀ ਚੁੱਕੀ ਹੋਈ ਸੀ। ਇਸ ਤਖ਼ਤੀ ਉਤੇ ਲਿਖਿਆ ਸੀ, 'ਮੈਂ ਇੱਥੇ ਇਹ ਦੱਸਣ ਆਇਆ ਹਾਂ ਕਿ ਮੈਂ ਆਪਣੇ ਰਾਸ਼ਟਰਪਤੀ ਦੇ ਵਿਹਾਰ ਉਤੇ ਸ਼ਰਮਿੰਦਾ ਹਾਂ।'

ਮੈਕਸੀਕੋ ਸਿਟੀ ਵਿਚ ਡੋਨਲਡ ਟਰੰਪ ਦੇ ਪੁਤਲੇ ਨੂੰ ਲੱਤਾਂ ਮਾਰਦੇ ਹੋਏ ਪ੍ਰਦਰਸ਼ਨਕਾਰੀ

## ਟਰੰਪ ਵੱਲੋਂ ਮੈਰਿਟ ਆਧਾਰਤ ਪਰਵਾਸ ਦੀ ਵਕਾਲਤ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਰਵਾਸ ਪ੍ਰਬੰਧ ਮੈਰਿਟ ਦੇ ਆਧਾਰ 'ਤੇ ਹੋਣ ਦੀ ਪੈਰਵੀ ਕੀਤੀ ਹੈ। ਇਸ ਨਾਲ ਅਮਰੀਕੀ ਅਰਥ ਵਿਵਸਥਾ ਨੂੰ ਫਾਇਦਾ ਮਿਲੇਗਾ ਅਤੇ ਨੌਕਰੀਆਂ ਵੀ ਪੈਦਾ ਹੋਣਗੀਆਂ।

ਵ੍ਹਾਈਟ ਹਾਊਸ ਦੇ ਸੀਨੀਅਰ ਨੀਤੀ ਸਲਾਹਕਾਰ ਸਟੀਫਨ ਮਿੱਲਰ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਸਪਸ਼ਟ ਕੀਤਾ ਹੈ ਕਿ ਉਹ ਦੇਸ਼ ਵਿਚ ਪਰਵਾਸੀਆਂ ਦੀ ਆਮਦ ਮੈਰਿਟ ਦੇ ਆਧਾਰ 'ਤੇ ਹੋਣ ਵਿਚ ਯਕੀਨ ਰੱਖਦੇ ਹਨ, ਇਸ ਨਾਲ ਸਾਡੀ ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਸਾਰਿਆਂ ਲਈ ਉਜਰਤਾਂ ਵਧਾਉਣ ਵਿਚ ਵੀ ਮਦਦ ਮਿਲੇਗੀ। ਦੱਸਣਯੋਗ ਹੈ ਕਿ ਅਮਰੀਕਾ ਵਿਚ ਭਾਰਤ ਦੇ ਸੂਚਨਾ ਤਕਨੀਕ ਨਾਲ ਸਬੰਧਤ ਪ੍ਰੋਫੈਸ਼ਨਲ ਅਤੇ ਕਾਰੋਬਾਰੀ ਲੋਕ ਨਾ ਕੇਵਲ ਅਮਰੀਕਾ ਦਾ ਅਰਥਚਾਰਾ ਮਜ਼ਬੂਤ ਕਰਨ ਲਈ ਜਾਣੇ ਜਾਂਦੇ ਹਨ ਬਲਕਿ ਨੌਕਰੀਆਂ ਪੈਦਾ ਕਰਨ ਲਈ ਵੀ ਮਸ਼ਹੂਰ ਹਨ।


## Matrimonial

**ਕੰਨਿਆ ਦੀ ਲੋੜ ਹੈ**

Wanted traditional, simple & sincere girl for a boy in 40s, 5, 6" teacher having legal US status. Only serious enquiries. No bars. Email full details & recent photo @ singh.millionaire@gmail.com or Call, Ph: 323-351-5737

## TRUCK STOP 40

SAYRE, OK 73662

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ


ਸੰਪਰਕ ਕਰੋ, ਰਾਜ ਸਿੰਘ

ਫੋਨ: 832-512-7172

## Prince's Barber Shop

37477 Fremont Blvd, suite C, Fremont, CA 94536

**Men & Children's Hair Cut**



*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬ ਦੇ ਚੋਣ ਨਤੀਜਿਆਂ ਤੋਂ ਪਹਿਲਾਂ ਦਿੱਲੀ 'ਚ ਬਾਦਲਾਂ ਦਾ ਇਮਤਿਹਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦਾ ਨਤੀਜਾ 11 ਮਾਰਚ ਨੂੰ ਆਉਣਾ ਹੈ, ਪਰ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਤੋਂ 10 ਦਿਨ ਪਹਿਲਾਂ ਹੀ ਇਕ ਲੋਕ ਫਤਵੇ ਦਾ ਸਾਹਮਣਾ ਕਰਨਾ ਪਏਗਾ। ਇਹ ਫਤਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਪੀ.ਸੀ.) ਦੀਆਂ ਚੋਣਾਂ ਵਿਚ ਦਿੱਲੀ ਦੇ ਸਿੱਖ ਦੇਣਗੇ। ਦਿੱਲੀ ਕਮੇਟੀ ਲਈ ਵੋਟਾਂ 26 ਫਰਵਰੀ ਨੂੰ ਪੈਣਗੀਆਂ ਤੇ ਨਤੀਜੇ ਪਹਿਲੀ ਮਾਰਚ ਨੂੰ ਆਉਣਗੇ।

ਸਿਆਸੀ ਮਾਹਿਰਾਂ ਮੁਤਾਬਕ ਭਾਵੇਂ ਡੀ.ਐਸ.ਜੀ.ਪੀ.ਸੀ. ਦੀਆਂ ਚੋਣਾਂ ਦਾ ਪੰਜਾਬ ਵਿਧਾਨ ਸਭਾ ਚੋਣਾਂ ਨਾਲ ਕੋਈ ਸਿੱਧਾ ਸਬੰਧ ਨਹੀਂ, ਪਰ ਇਨ੍ਹਾਂ ਦੇ ਨਤੀਜੇ ਪੰਜਾਬ ਬਾਰੇ ਵੀ ਬਹੁਤ ਕੁਝ ਸਪਸ਼ਟ ਕਰ ਦੇਣਗੇ। ਇਸ ਵੇਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਹੀ ਕਾਬਜ਼ ਹੈ। ਇਸ ਲਈ ਵਿਰੋਧੀ ਧਿਰਾਂ ਪੰਜਾਬ ਨਾਲ ਜੁੜੇ ਮਸਲੇ ਹੀ ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਉਠਾ ਰਹੇ ਹਨ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਚੋਣਾਂ ਵਿਚ ਵੀ ਅਕਾਲੀ ਦਲ ਦੀ ਪਿਛਲੀ ਕਾਰਗੁਜ਼ਾਰੀ ਦੀ ਹੀ ਪਰਖ ਹੋਣੀ ਹੈ।

ਸ਼ਾਇਦ ਇਸੇ ਕਰ ਕੇ ਪੰਜਾਬ ਵਿਧਾਨ ਸਭਾ ਚੋਣਾਂ ਵਾਂਗ ਇਸ ਵਾਰ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਵੀ ਰੋਚਕ ਬਣਦੀਆਂ ਦਿਖਾਈ ਦੇ ਰਹੀਆਂ ਹਨ। ਰੋਚਕ ਇਸ ਲਈ ਕਿਉਂਕਿ ਇਸ ਵਾਰ ਜਿਵੇਂ ਪੰਜਾਬ ਵਿਚ ਪਹਿਲੀ ਵਾਰ ਤਿਕੋਣਾ ਮੁਕਾਬਲਾ ਬਣਿਆ ਹੋਇਆ ਸੀ, ਉਸੇ ਤਰ੍ਹਾਂ ਦਿੱਲੀ ਵਿਚ ਵੀ ਇਸ ਵਾਰ ਸਿਰਫ ਦੋ ਨਹੀਂ, ਬਲਕਿ ਪੰਜ ਪਾਰਟੀਆਂ ਚੋਣ ਮੈਦਾਨ ਵਿਚ ਨਿਤਰੀਆਂ ਹਨ।

26 ਫਰਵਰੀ ਨੂੰ ਹੋਣ ਜਾ ਰਹੀ ਦਿੱਲੀ ਕਮੇਟੀ ਦੀ ਚੋਣ ਵਿਚ ਪੁਰਾਣੀਆਂ ਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ (ਸਰਨਾ ਧੜਾ) ਦੇ ਨਾਲ ਆਮ ਆਦਮੀ ਪਾਰਟੀ ਵੱਲੋਂ ਪੰਥਕ ਸੇਵਾ ਦਲ ਵੀ ਨਿਤਰਿਆ ਹੈ। ਇਸ ਨੂੰ 'ਆਪ' ਦੇ ਦਿੱਲੀ ਤੋਂ ਐਮ.ਐਲ.ਏ. ਅਵਤਾਰ ਸਿੰਘ ਕਾਲਕਾਜੀ ਚਲਾ ਰਹੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਕਾਲ ਵੈਲਫੇਅਰ ਸੁਸਾਇਟੀ ਵੀ ਮੈਦਾਨ ਵਿਚ ਨਿੱਤਰੀ ਹੈ। ਇਸ ਦੇ ਨਾਲ ਹੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਸੰਸਥਾ ਸਿੱਖ ਸਦਭਾਵਨਾ ਦਲ ਵੀ ਪੂਰੇ ਜੋਸ਼ ਨਾਲ ਚੋਣ ਮੈਦਾਨ ਵਿਚ ਉਤਰਿਆ ਹੈ। ਭਾਈ ਵਡਾਲਾ ਨੇ ਪਿਛਲੇ 5 ਮਹੀਨਿਆਂ ਤੋਂ ਦਿੱਲੀ ਵਿਚ ਹੀ ਡੇਰੇ ਲਾਏ ਹੋਏ ਹਨ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ।




## ਅਕਾਲੀ ਦਲ ਦੇ ਪੋਸਟਰਾਂ ਤੋਂ ਬਾਦਲ ਪਰਿਵਾਰ ਗਾਇਬ

**ਚੰਡੀਗੜ੍ਹ:** ਅਕਾਲੀ ਦਲ ਬਾਦਲ ਦੇ ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਦੇ ਉਮੀਦਵਾਰਾਂ ਵੱਲੋਂ ਜੋ ਪੋਸਟਰ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿਚੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਤਸਵੀਰਾਂ ਗਾਇਬ ਹਨ। ਦਿੱਲੀ ਕਮੇਟੀ ਦੀਆਂ ਚੋਣਾਂ 26 ਫਰਵਰੀ ਨੂੰ ਹੋਣੀਆਂ ਹਨ। ਕਮੇਟੀ ਉਤੇ ਕਾਬਜ਼ ਅਕਾਲੀ ਦਲ ਨੇ 46 ਸੀਟਾਂ ਉਤੇ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ।

ਦਿੱਲੀ ਕਮੇਟੀ ਵਿਚ ਇਸ ਵਾਰ ਦੋ ਮੁੱਦੇ ਅਹਿਮ ਰਹਿਣ ਦੀ ਸੰਭਾਵਨਾ ਹੈ। ਪਹਿਲਾਂ ਮੁੱਦਾ ਹੈ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਤੇ ਦੂਜਾ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਦੀ ਅਕਾਲੀ ਦਲ ਨੂੰ ਹਮਾਇਤ ਦਾ ਮਾਮਲਾ। ਦੋਵੇਂ ਹੀ ਮੁੱਦਿਆਂ ਉਤੇ ਮੌਜੂਦਾ ਗੁਰਦੁਆਰਾ ਕਮੇਟੀ ਚੋਣਾਂ ਦੌਰਾਨ ਅਕਾਲੀ ਦਲ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ।

## ਪੰਥਕ ਧਿਰਾਂ ਵੀ ਨਹੀਂ ਦੇ ਰਹੀਆਂ ਔਰਤਾਂ ਨੂੰ ਨੁਮਾਇੰਦਗੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਅੱਜ ਤੱਕ ਦੇ ਇਤਿਹਾਸ ਵਿਚ ਔਰਤਾਂ ਦੀ ਭੂਮਿਕਾ ਨਾਮਾਤਰ ਰਹੀ ਹੈ। ਇਸ ਵਾਰ ਵੀ ਚੋਣ ਮੈਦਾਨ ਵਿਚ ਨਿਤਰੀਆਂ ਪੰਜ ਜਥੇਬੰਦੀਆਂ ਵੱਲੋਂ ਔਰਤਾਂ ਨੂੰ ਕੋਈ ਖਾਸ ਨੁਮਾਇੰਦਗੀ ਨਹੀਂ ਦਿੱਤੀ ਗਈ। ਹਾਲੇ ਤੱਕ ਕਿਸੇ ਵੀ ਵੱਡੇ ਸਿਆਸੀ ਧੜੇ ਨੇ ਔਰਤਾਂ ਨੂੰ ਟਿਕਟਾਂ ਨਹੀਂ ਦਿੱਤੀਆਂ। ਔਰਤ ਸੰਮੇਲਨ ਕਰਵਾਉਣ ਵਾਲੀਆਂ ਪਾਰਟੀਆਂ ਚੋਣਾਂ ਵੇਲੇ ਔਰਤਾਂ ਨੂੰ ਬਰਾਬਰ ਨੁਮਾਇੰਦਗੀ ਦੇਣ ਤੋਂ ਟਾਲਾ ਵੱਟ ਜਾਂਦੀਆਂ ਹਨ। ਉਮੀਦਵਾਰਾਂ 'ਤੇ ਨਜ਼ਰ ਮਾਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਐਲਾਨੇ 46 ਉਮੀਦਵਾਰਾਂ ਵਿੱਚੋਂ ਇਕ ਵੀ ਔਰਤ ਨੂੰ ਟਿਕਟ ਨਹੀਂ ਦਿੱਤੀ ਗਈ। ਪਿਛਲੀਆਂ ਚੋਣਾਂ ਦੌਰਾਨ ਦਲਜੀਤ ਕੌਰ ਬਾਦਲ ਧੜੇ (ਵਸੰਤ ਵਿਹਾਰ ਹਲਕਾ ਜੋ ਹੁਣ ਸਫ਼ਦਰਜੰਗ) ਤੋਂ ਜਿੱਤ ਕੇ ਕਮੇਟੀ ਵਿਚ ਆਈ ਸੀ, ਪਰ ਬੀਬੀ ਦਾ ਉਚ ਆਗੂਆਂ ਨਾਲ ਮਨ-ਮਟਾਵ ਹੋਣ ਕਰ ਕੇ ਉਸ ਦੀਆਂ ਸਿਆਸੀ ਸਰਗਰਮੀਆਂ ਘਟ ਗਈਆਂ ਸਨ। ਸ਼੍ਰੋਮਣੀ ਅਕਾਲੀ ਦਲ, ਦਿੱਲੀ (ਸਰਨਾ ਧੜਾ) ਵੱਲੋਂ ਵੀ 46 ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ, ਪਰ ਇਸ ਪਾਰਟੀ ਵਿਚ ਵੀ ਔਰਤ ਉਮੀਦਵਾਰ ਕੋਈ ਨਹੀਂ ਹੈ। ਪਰਮਜੀਤ ਸਿੰਘ ਸਰਨਾ ਦਾ ਕਹਿਣਾ ਹੈ ਕਿ ਅਸੀਂ ਬੀਬੀਆਂ ਤੱਕ ਪਹੁੰਚ ਜ਼ਰੂਰ ਕੀਤੀ ਸੀ, ਪਰ ਕੋਈ ਬੀਬੀ ਚੋਣਾਂ ਲੜਨ ਲਈ ਤਿਆਰ ਨਹੀਂ ਹੈ।

## ਇਉਂ ਹੋਂਦ 'ਚ ਆਈ ਸੀ ਦਿੱਲੀ ਗੁਰਦੁਆਰਾ ਕਮੇਟੀ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਹੀ ਹਿੱਸਾ ਸੀ। 1923 ਵਿਚ ਬਣੀ ਸ਼੍ਰੋਮਣੀ ਕਮੇਟੀ ਨੇ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਿਆ ਸੀ। ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹੋਰ ਬਿਹਤਰ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਦਿੱਲੀ ਕਮੇਟੀ ਨਾਂ ਦੀ 11 ਮੈਂਬਰੀ ਕਮੇਟੀ ਬਣਾਈ ਸੀ। 1947 'ਚ ਆਜ਼ਾਦੀ ਤੋਂ ਬਾਅਦ ਦਿੱਲੀ ਵਿਚ ਸਿੱਖਾਂ ਦੀ ਆਬਾਦੀ ਵਧੀ। ਇਸ ਦੇ ਨਾਲ ਹੀ ਦਿੱਲੀ ਵਿਚ ਦੋ ਧੜੇ ਬਣ ਗਏ। ਇਸ ਕਰ ਕੇ ਤਣਾਅ ਵਧਣ ਲੱਗਾ, ਜਿਸ ਦੇ ਸਿੱਟੇ ਵਜੋਂ 1971 ਵਿਚ ਭਾਰਤ ਸਰਕਾਰ ਨੇ ਆਰਡੀਨੈਂਸ ਜ਼ਰੀਏ 5 ਮੈਂਬਰੀ ਗੁਰਦੁਆਰਾ ਬੋਰਡ ਬਣਾ ਦਿੱਤਾ।

ਇਸ ਤੋਂ ਬਾਅਦ 1971 ਦਾ ਦਿੱਲੀ ਸਿੱਖ ਗੁਰਦੁਆਰਾ ਐਕਟ ਬਣਿਆ ਤੇ ਦਿੱਲੀ ਵਿਚ ਵੱਖਰੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਬਣ ਗਈ। ਐਕਟ ਮੁਤਾਬਕ 1974 ਵਿਚ ਪਹਿਲੀ ਵਾਰ ਕਮੇਟੀ ਦੀਆਂ ਚੋਣਾਂ ਹੋਈਆਂ। ਚੁਣੀ ਗਈ ਕਮੇਟੀ ਦੇ ਅਧਿਕਾਰ ਖੇਤਰ ਵਿਚ ਦਿੱਲੀ ਦੇ ਇਤਿਹਾਸਕ ਗੁਰਧਾਮਾਂ ਦਾ ਪ੍ਰਬੰਧ ਤੇ ਸਾਂਭ-ਸੰਭਾਲ, ਇਤਿਹਾਸਕ ਗੁਰਧਾਮਾਂ ਤੇ ਯਾਦਗਾਰਾਂ ਜ਼ਰੀਏ ਸਿੱਖੀ ਨੂੰ ਪ੍ਰਫੁਲਿਤ ਕਰਨਾ, ਦਿੱਲੀ ਵਿਚ ਪੰਜਾਬੀ ਭਾਸ਼ਾ ਦੇ ਪ੍ਰਸਾਰ ਤੇ ਵਿੱਦਿਆ ਦੇ ਖੇਤਰ ਵਿਚ ਕਾਰਜ ਕਰਨੇ, ਮੁਫਤ ਦਵਾਖਾਨੇ ਖੋਲ੍ਹਣਾ ਤੇ ਸਿੱਖ ਭਾਈਚਾਰੇ ਦੀ ਭਲਾਈ ਦੇ ਕੰਮ ਕਰਨਾ ਆਉਂਦੇ ਹਨ। ਦਿੱਲੀ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 55 ਹੈ ਜਿਨ੍ਹਾਂ ਵਿਚ 46 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, ਜਦਕਿ 9 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਨ੍ਹਾਂ 9 ਮੈਂਬਰਾਂ ਵਿਚ ਦੋ ਮੈਂਬਰ ਦਿੱਲੀ ਦੇ ਸਿੰਘ ਸਭਾਵਾਂ ਵਿਚੋਂ ਹੁੰਦੇ ਹਨ, ਇਕ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਹੁੰਦਾ ਹੈ, ਚਾਰ ਮੈਂਬਰਾਂ ਨੂੰ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਚੁਣ ਕੇ ਭੇਜਿਆ ਜਾਂਦਾ ਹੈ। ਬਾਕੀ ਦੋ ਮੈਂਬਰ ਦਿੱਲੀ ਕਮੇਟੀ ਦੇ ਕਾਰਜਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਨਾਮਜ਼ਦ ਕੀਤੇ ਜਾਂਦੇ ਹਨ। ਕਮੇਟੀ ਦੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵਿਚ ਪੰਦਰਾਂ ਮੈਂਬਰ ਹੁੰਦੇ ਹਨ, ਜਿਨ੍ਹਾਂ ਵਿਚ ਕਮੇਟੀ ਦਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਜਾਇੰਟ ਸਕੱਤਰ ਸਮੇਤ 10 ਹੋਰ ਕਮੇਟੀ ਮੈਂਬਰ ਸ਼ਾਮਲ ਹੁੰਦੇ ਹਨ। ਦਿੱਲੀ ਕਮੇਟੀ ਦਾ ਸਾਰਾ ਪ੍ਰਬੰਧ ਸੰਗਤ ਵੱਲੋਂ ਗੁਰਦੁਆਰਿਆਂ 'ਚ ਕੀਤੇ ਜਾਂਦਾ ਚੜ੍ਹਾਵੇ ਨਾਲ ਚਲਦਾ ਹੈ।

**ਚੋਣ ਲੜਨ ਲਈ ਸ਼ਰਤਾਂ:** ਦਿੱਲੀ ਕਮੇਟੀ ਦੇ ਮੈਂਬਰਾਂ ਦੀ ਚੋਣ ਲੜਨ ਲਈ ਘੱਟ ਤੋਂ ਘੱਟ ਉਮਰ 25 ਸਾਲ ਹੋਣੀ ਜ਼ਰੂਰੀ ਹੈ। ਉਮੀਦਵਾਰ ਸਾਬਤ-ਸੂਰਤ ਅੰਮ੍ਰਿਤਧਾਰੀ ਸਿੱਖ ਹੋਣਾ ਚਾਹੀਦਾ ਹੈ। ਉਮੀਦਵਾਰ ਕੋਈ ਵੀ ਨਸ਼ਾ ਨਹੀਂ ਕਰਦਾ ਹੋਣਾ ਚਾਹੀਦਾ। ਉਮੀਦਵਾਰ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਆਉਣੀ ਚਾਹੀਦੀ ਹੈ। ਉਮੀਦਵਾਰ ਤੇ ਉਸ ਦਾ ਪਰਿਵਾਰ ਸਿੱਖੀ ਨੂੰ ਸਮਰਪਤ ਭਾਵਨਾ ਵਾਲਾ ਹੋਣਾ ਚਾਹੀਦਾ ਹੈ।

# ਅਫਗਾਨ-ਪਾਕਿ ਸਰਹੱਦ 'ਤੇ ਆਈ.ਐਸ. ਸਰਗਰਮ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਇਸਲਾਮਿਕ ਸਟੇਟ (ਆਈ.ਐਸ.) ਅਫਗਾਨਿਸਤਾਨ-ਪਾਕਿਸਤਾਨ ਸਰਹੱਦ 'ਤੇ ਲਗਾਤਾਰ ਨੌਜਵਾਨਾਂ ਦੀ ਭਰਤੀ ਕਰ ਰਿਹਾ ਹੈ, ਪਰ ਅਤਿਵਾਦੀ ਸੰਗਠਨ ਅਫਗਾਨਿਸਤਾਨ ਵਿਚ ਵਿੱਤੀ ਸੰਕਟ ਨਾਲ ਜੂਝ ਰਿਹਾ ਹੈ ਅਤੇ ਇਸ ਨੇ ਫਿਰੌਤੀਆਂ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਅਤਿਵਾਦੀ ਸੰਗਠਨ ਬਾਰੇ ਵਿਸ਼ਲੇਸ਼ਣ ਸਹਾਇਤਾ ਅਤੇ ਪਾਬੰਦੀਆਂ ਨਿਗਰਾਨ ਟੀਮ ਦੀ 19ਵੀਂ ਰਿਪੋਰਟ ਇਸ ਹਫਤੇ ਸੁਰੱਖਿਆ ਕੌਂਸਲ ਬਾਰੇ ਪਾਬੰਦੀਆਂ ਕਮੇਟੀ ਨੂੰ ਸੌਂਪੀ ਗਈ।


ਰਿਪੋਰਟ ਵਿਚ ਕਿਹਾ ਕਿ ਇਸਲਾਮਿਕ ਸਟੇਟ ਦੇ ਅਫਗਾਨਿਸਤਾਨ ਵਿਚ 2000 ਤੋਂ 3500 ਲੜਾਕੇ ਹਨ, ਪਰ 2016 ਵਿਚ ਭਾਰੀ ਨੁਕਸਾਨ ਦੇ ਬਾਵਜੂਦ ਉਨ੍ਹਾਂ ਦੀ ਗਿਣਤੀ ਘਟੀ ਨਹੀਂ। ਇਸਲਾਮਿਕ ਸਟੇਟ ਲਗਾਤਾਰ ਅਫਗਾਨਿਸਤਾਨ-ਪਾਕਿਸਤਾਨ ਦੇ ਸਰਹੱਦੀ ਖੇਤਰ ਤੋਂ ਭਰਤੀ ਕਰ ਰਿਹਾ ਹੈ ਅਤੇ ਅਫਗਾਨਿਸਤਾਨ ਵਿਚ ਵਧ ਰਹੀ ਸ਼ਰਨਾਰਥੀਆਂ ਦੀ ਗਿਣਤੀ ਸ਼ਾਇਦ ਉਸ ਨੂੰ ਭਰਤੀ ਵਿਚ ਸਹਾਇਤਾ ਮੁਹੱਈਆ ਕਰ ਰਹੀ ਹੈ।

# ਚੀਨ ਦਾ ਸੈਨਿਕ ਪੰਜ ਦਹਾਕਿਆਂ ਪਿੱਛੋਂ ਵਤਨ ਪਰਤਿਆ



**ਭੁਪਾਲ:** ਮੱਧ ਪ੍ਰਦੇਸ਼ ਦੇ ਬਾਲਾਘਾਟ ਜ਼ਿਲ੍ਹੇ 'ਚ ਵੱਸ ਗਏ ਚੀਨ ਦੇ ਸੈਨਿਕ ਵਾਂਗ ਕੀ ਪੰਜ ਦਹਾਕਿਆਂ ਬਾਅਦ ਆਪਣੇ ਵਤਨ ਪਰਤਿਆ ਹੈ। ਜੇਲ੍ਹ ਤੋਂ ਛੁੱਟਣ ਤੋਂ ਬਾਅਦ ਵਾਂਗ ਨੇ ਇਕ ਭਾਰਤੀ ਔਰਤ ਨਾਲ ਵਿਆਹ ਕਰਵਾ ਕੇ ਆਪਣਾ ਪਰਿਵਾਰ ਵਸਾ ਲਿਆ ਸੀ। 77 ਸਾਲ ਦੇ ਵਾਂਗ ਨੂੰ 1962 ਦੇ ਚੀਨ-ਭਾਰਤ ਯੁੱਧ ਦੇ ਬਾਅਦ ਭਾਰਤੀ ਖੇਤਰ ਵਿਚ ਘੁੰਮਦਿਆਂ ਫੜਿਆ ਗਿਆ ਸੀ, ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਬਾਲਾਘਾਟ ਦੇ ਕੁਲੈਕਟਰ ਭਾਰਤ ਯਾਦਵ ਨੇ ਦੱਸਿਆ ਕਿ ਵਾਂਗ ਆਪਣੀ ਪਤਨੀ ਸੁਸ਼ੀਲਾ ਅਤੇ ਬੇਟੇ ਵਿਸ਼ਨੂੰ ਤੇ ਦੋ ਹੋਰ ਪਰਿਵਾਰਕ ਮੈਂਬਰਾਂ ਨਾਲ ਚੀਨ ਗਏ ਹਨ।

# ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣਿਆ ਪਲਾਜ਼ਾ



**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂ ਜਿਥੇ ਇਸ ਮੁਕੱਦਸ ਸਥਾਨ 'ਤੇ ਆ ਕੇ ਜਿਥੇ ਆਤਮਿਕ ਸ਼ਾਂਤੀ ਮਹਿਸੂਸ ਕਰਦੇ ਹਨ, ਉਥੇ ਇਸ ਦੇ ਬਾਹਰ ਬਣੇ ਪਲਾਜ਼ਾ ਦੇ ਮਲਟੀਮੀਡੀਆ ਗੈਲਰੀਆਂ ਵਿਚੋਂ ਗੁਰੂਆਂ ਦੇ ਇਤਿਹਾਸ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਹਾਸਲ ਕਰ ਕੇ ਜਾਂਦੇ ਹਨ। ਥੋੜ੍ਹੇ ਹੀ ਸਮੇਂ 'ਚ ਇਹ ਪਲਾਜ਼ਾ ਲੋਕਾਂ ਵਿਚ ਵਿਸ਼ੇਸ਼ ਸਥਾਨ ਬਣਾ ਗਿਆ ਹੈ। ਇਸ ਪਲਾਜ਼ਾ 'ਚ ਚੱਲਣ ਵਾਲੇ ਧਾਰਮਿਕ ਪ੍ਰੋਗਰਾਮਾਂ ਦੇ ਸਮੇਂ ਵਿਚ ਵਾਧਾ ਕਰਨ ਸਬੰਧੀ ਸ਼ਰਧਾਲੂਆਂ ਵੱਲੋਂ ਮੰਗ ਉਠਣ ਲੱਗ ਪਈ ਹੈ।

ਅੰਮ੍ਰਿਤਸਰ ਕਲਚਰਲ ਐਂਡ ਟੂਰਿਜ਼ਮ ਡਿਵੈਲਪਮੈਂਟ ਅਥਾਰਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਵਾਰ ਬਣੇ ਜ਼ਮੀਨਦੋਜ਼ ਪਲਾਜ਼ਾ 'ਚ 4 ਗੈਲਰੀਆਂ ਬਣੀਆਂ ਹਨ, ਜਿਸ 'ਚ ਚੱਲਣ ਵਾਲੇ ਧਾਰਮਿਕ ਮਲਟੀਮੀਡੀਆ ਪ੍ਰੋਗਰਾਮ ਨੂੰ ਦੇਖਣ ਲਈ ਤਕਰੀਬਨ 50 ਮਿੰਟ ਦਾ ਸਮਾਂ ਲੱਗਦਾ ਹੈ। ਇਹ ਪ੍ਰੋਗਰਾਮ 4 ਵੱਡੀਆਂ ਗੈਲਰੀਆਂ ਵਿਚ ਚੱਲਦਾ ਹੈ। ਇਕ ਸਮੇਂ ਪ੍ਰਤੀ ਗੈਲਰੀ 'ਚ 350 ਵਿਅਕਤੀ ਬੈਠ ਸਕਦੇ ਹਨ। ਪਹਿਲੀ ਗੈਲਰੀ 'ਚ ਦਸ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਜਦਕਿ ਬਾਕੀ 3 ਗੈਲਰੀਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ, ਸ੍ਰੀ ਹਰਿਮੰਦਰ ਸਾਹਿਬ ਅੰਦਰ ਰੋਜ਼ਾਨਾ ਦੀ ਆਰੰਭਤਾ ਤੋਂ ਸਮਾਪਤੀ ਤੱਕ ਦੀ ਸਾਰੀ ਸੇਵਾ, ਕੀਰਤਨ ਤੇ ਪਾਠ ਬਾਰੇ ਧਾਰਮਿਕ ਜਾਣਕਾਰੀ ਵੱਡੀਆਂ ਸਕਰੀਨਾਂ 'ਤੇ ਦਿੱਤੀ ਜਾਂਦੀ ਹੈ। ਇਹ ਜਾਣਕਾਰੀ ਪੰਜਾਬੀ ਤੋਂ ਇਲਾਵਾ ਡਿਵਾਇਸ ਰਾਹੀਂ ਅੰਗਰੇਜ਼ੀ ਤੇ ਹਿੰਦੀ 'ਚ ਵੀ ਮੁਹੱਈਆ ਕਰਵਾਈ ਜਾਂਦੀ ਹੈ। ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਇਸ ਪਲਾਜ਼ਾ ਵਿਚ ਪ੍ਰਵੇਸ਼ ਕਰਨ ਦਾ ਸਮਾਂ ਰੱਖਿਆ ਗਿਆ ਹੈ ਤੇ ਹਰ ਸੋਮਵਾਰ ਨੂੰ ਇਹ ਪਲਾਜ਼ਾ ਬੰਦ ਹੁੰਦਾ ਹੈ, ਪਰ ਸ਼ਰਧਾਲੂਆਂ ਵੱਲੋਂ ਇਸ ਪਲਾਜ਼ਾ ਦਾ ਸਮਾਂ ਸ਼ਾਮ 4 ਵਜੇ ਤੋਂ ਵਧਾ ਕੇ ਰਾਤ 8 ਵਜੇ ਤੱਕ ਤੇ ਸੋਮਵਾਰ ਦੀ ਛੁੱਟੀ ਵੀ ਨਾ ਕੀਤੇ ਜਾਣ ਸਬੰਧੀ ਮੰਗ ਕੀਤੀ ਜਾ ਰਹੀ ਹੈ।

ਇਸ ਸਬੰਧੀ ਅੰਮ੍ਰਿਤਸਰ ਕਲਚਰਲ ਐਂਡ ਟੂਰਿਜ਼ਮ ਡਿਵੈਲਪਮੈਂਟ ਅਥਾਰਟੀ ਦੇ ਜਨਰਲ ਮੈਨੇਜਰ ਤੇਜਇੰਦਰ ਸਿੰਘ ਨੇ ਕਿਹਾ ਕਿ ਪਲਾਜ਼ਾ 'ਚ ਸਾਫਟਵੇਅਰ ਤਕਨੀਕ ਨਾਲ ਸਾਰਾ ਪ੍ਰੋਗਰਾਮ ਚੱਲਦਾ ਹੈ। ਤਕਨੀਕੀ ਕਾਰਨਾਂ ਕਰ ਕੇ ਇਸ ਨੂੰ ਕੁਝ ਸਮਾਂ ਬੰਦ ਰੱਖਣਾ ਜ਼ਰੂਰੀ ਹੈ। ਸੋਮਵਾਰ ਦੀ ਛੁੱਟੀ ਵਾਲੇ ਦਿਨ ਗੈਲਰੀਆਂ 'ਚ ਚੱਲਣ ਵਾਲੀ ਮਸ਼ੀਨਰੀ ਦੀ ਜਾਂਚ ਕੀਤੀ ਜਾਂਦੀ ਹੈ।

# ਹਰਿਆਣਾ 'ਚ ਬਣੇਗਾ ਸਿੱਖ ਇਤਿਹਾਸ 'ਤੇ ਆਧਾਰਤ ਮਿਊਜ਼ੀਅਮ

**ਕੁਰੂਕਸ਼ੇਤਰ:** ਹਰਿਆਣਾ ਸਰਕਾਰ ਵੱਲੋਂ ਪੰਜਾਬ ਦੀ ਹੱਦ ਨਾਲ ਕੌਮੀ ਰਾਜ ਮਾਰਗ ਨੰਬਰ ਇਕ ਜਾਂ ਚੰਡੀਗੜ੍ਹ ਰਾਜ ਮਾਰਗ 'ਤੇ ਸਿੱਖ ਇਤਿਹਾਸ ਉਤੇ ਆਧਾਰਤ ਇਕ ਮਿਊਜ਼ੀਅਮ ਬਣਾਉਣ ਦਾ ਫੈਸਲਾ ਲਿਆ ਹੈ। ਇਸ ਲਈ ਲੋਕ ਨਿਰਮਾਣ ਵਿਭਾਗ ਦੇ ਡਿਪਟੀ ਮੁੱਖ ਸਕੱਤਰ ਅਲੋਕ ਨਿਗਮ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਾਜਬ ਥਾਂ ਦੀ ਪਛਾਣ ਕਰ ਕੇ ਸਰਕਾਰ ਨੂੰ ਜਾਣਕਾਰੀ ਦੇਣ ਦੇ ਹੁਕਮ ਦਿੱਤੇ ਹਨ। ਸਥਾਨ ਦੀ ਚੋਣ ਲਈ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ 'ਚ ਇਕ ਕਮੇਟੀ ਵੀ ਗਠਿਤ ਕੀਤੀ ਗਈ ਹੈ।

ਡੀ.ਸੀ. ਨੇ ਲੋਕ ਨਿਰਮਾਣ ਵਿਭਾਗ ਦੇ ਅਫਸਰਾਂ ਨੂੰ ਹੁਕਮ ਦਿੱਤੇ ਕਿ ਉਹ ਇਨ੍ਹਾਂ ਸਥਾਨਾਂ ਦੀ ਸਹੀ ਪੈਮਾਇਸ਼ ਕਰ ਕੇ ਛੇਤੀ ਪ੍ਰਸ਼ਾਸਨ ਨੂੰ ਸੂਚਿਤ ਕਰਨ ਤਾਂ ਜੋ ਸਰਕਾਰ ਨੂੰ ਇਸ ਪ੍ਰਾਜੈਕਟ ਦੀ ਜ਼ਰੂਰੀ ਜਾਣਕਾਰੀ ਛੇਤੀ ਦਿੱਤੀ ਜਾ ਸਕੇ।

# ਪੰਜਾਬ ਦੇ ਕਿਸਾਨਾਂ ਲਈ ਘਾਟੇ ਦਾ ਸੌਦਾ ਹੋਵੇਗੀ ਵਿਦੇਸ਼ੀ ਕਣਕ ਦੀ ਆਮਦ

**ਜਲੰਧਰ:** ਵਿਦੇਸ਼ੀ ਕਣਕ ਦੀ ਆਮਦ ਨੇ ਚਾਹੇ ਦੇਸ਼ ਦਾ ਕਣਕ ਬਾਜ਼ਾਰ ਸਥਿਰ ਕਰ ਦਿੱਤਾ ਹੈ, ਪਰ ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਵਿੱਤੀ ਨੁਕਸਾਨ ਉਠਾਉਣਾ ਪੈ ਸਕਦਾ ਹੈ, ਜਿਸ ਦੀ ਹੁਣ ਤੋਂ ਹੀ ਚਿੰਤਾ ਜ਼ਾਹਰ ਕੀਤੀ ਜਾਣ ਲੱਗੀ ਹੈ। ਦੋ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਕਣਕ ਦਾ ਮੁੱਲ ਸਥਿਰ ਰੱਖਣ ਲਈ ਵਿਦੇਸ਼ਾਂ ਤੋਂ ਆਉਣ ਵਾਲੀ ਕਣਕ ਤੋਂ 25 ਫ਼ੀਸਦੀ ਦਰਾਮਦ ਡਿਊਟੀ ਹਟਾ ਲਈ ਸੀ। ਇਸ ਤੋਂ ਬਾਅਦ ਹੀ ਵਿਦੇਸ਼ੀ ਕਣਕ ਦੀ ਆਮਦ 25 ਲੱਖ ਮੀਟਰਕ ਟਨ ਤੋਂ ਜ਼ਿਆਦਾ ਆ ਚੁੱਕੀ ਦੱਸੀ ਜਾ ਰਹੀ ਹੈ।



ਕੇਂਦਰ ਨੇ ਵਿਦੇਸ਼ਾਂ ਤੋਂ ਉਸ ਵੇਲੇ ਕਣਕ ਦੀ ਦਰਾਮਦ ਦਾ ਕੰਮ ਸ਼ੁਰੂ ਕੀਤਾ ਸੀ ਜਦੋਂ ਕੇਂਦਰ ਦੀ ਏਜੰਸੀ ਕੋਲ ਆਪਣੀ ਕਣਕ ਦਾ ਸਟਾਕ ਖਤਮ ਹੋ ਗਿਆ ਸੀ ਤੇ ਖੁੱਲ੍ਹੇ ਬਾਜ਼ਾਰ ਵਿਚ ਕਣਕ ਦਾ ਮੁੱਲ 2000 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜ ਗਿਆ ਸੀ। ਦੱਖਣੀ ਰਾਜਾਂ ਵਿਚ ਵੀ ਹੁਣ ਕਣਕ ਦੀ ਜ਼ਿਆਦਾ ਮੰਗ ਵਧ ਗਈ ਹੈ। ਹੁਣ ਤੱਕ ਦੱਖਣੀ ਰਾਜਾਂ ਵਿਚ ਜ਼ਿਆਦਾ ਚੌਲ ਖਾਣ ਦੀ ਪਰੰਪਰਾ ਸੀ, ਪਰ ਕੇਂਦਰ ਵੱਲੋਂ ਦੱਖਣੀ ਰਾਜਾਂ ਨੂੰ ਵੀ 2 ਰੁਪਏ ਕਿੱਲੋ ਕਣਕ ਦੇਣ ਤੋਂ ਬਾਅਦ ਕੇਂਦਰ ਦਾ ਕਣਕ ਦਾ ਸਟਾਕ ਕਾਫੀ ਹੱਦ ਤੱਕ ਖਾਲੀ ਹੋ ਗਿਆ ਸੀ। ਦੇਸ਼ ਵਿਚ ਕੇਂਦਰ ਪੰਜਾਬ, ਹਰਿਆਣਾ ਤੇ ਮੱਧ ਪ੍ਰਦੇਸ਼ ਤੋਂ ਹੀ ਕਣਕ ਦੀ ਖਰੀਦ ਕਰਦ ਹੈ।

ਪੰਜਾਬ ਵਿਚ ਵਿਦੇਸ਼ੀ ਕਣਕ ਦਾ ਅਸਰ ਕਿਸਾਨਾਂ ਉਤੇ ਇਸ ਕਰ ਕੇ ਵੀ ਪੈਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿਉਂਕਿ ਦੱਖਣੀ ਰਾਜਾਂ ਵਿਚ ਇਸ ਵੇਲੇ ਕਣਕ ਕਾਫੀ ਮਾਤਰਾ ਵਿਚ ਉਪਲਬਧ ਹੈ। ਉਂਜ ਪੰਜਾਬ ਦੇ ਕਈ ਕਿਸਾਨ ਖ਼ਰੀਦ ਸਮੇਂ ਤੋਂ ਬਾਅਦ ਵੀ ਆਪਣੀ ਕਣਕ ਕੁਝ ਮਹਿੰਗੀ ਵੇਚਣ ਲਈ ਸਟਾਕ ਰੱਖ ਲੈਂਦੇ ਹਨ ਤੇ ਸਾਰਾ ਸਾਲ ਸਟਾਕ ਨੂੰ ਰੱਖ ਕੇ ਕਈ ਵਾਰ ਇਸ ਦੀ ਵਪਾਰੀਆਂ ਨੂੰ ਵਿਕਰੀ ਕਰਦੇ ਰਹਿੰਦੇ ਹਨ, ਪਰ ਜੇਕਰ ਕਣਕ ਆਸਟਰੇਲੀਆ ਤੋਂ 1800 ਰੁਪਏ ਦੇ ਕਰੀਬ, ਯੂਕਰੇਨ ਤੋਂ 1675 ਰੁਪਏ ਪ੍ਰਤੀ ਕੁਇੰਟਲ ਦੇ ਕਰੀਬ ਦੇਸ਼ 'ਚ ਉਪਲਬਧ ਕਰਵਾ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਪੰਜਾਬ ਦੇ ਕਿਸਾਨਾਂ ਤੋਂ ਕੋਈ ਵੀ ਵਪਾਰੀ ਕਣਕ ਦੀ ਖ਼ਰੀਦ ਨਹੀਂ ਕਰੇਗਾ।

ਉਂਜ ਵਿਦੇਸ਼ੀ ਕਣਕ ਦੀ ਮੰਗ ਨਾ ਆਈ ਤਾਂ ਖਰੀਦ ਸੀਜ਼ਨ 'ਚ ਹੀ ਕਿਸਾਨਾਂ ਤੋਂ ਸਸਤੀ ਕਣਕ ਵੀ ਲੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਕੇਂਦਰ ਨੇ ਚਾਹੇ ਸਾਲ 2017-18 ਲਈ 1625 ਰੁਪਏ ਐਮ.ਐਸ.ਪੀ. ਮੁੱਲ ਦੇਣ ਦਾ ਐਲਾਨ ਕੀਤਾ ਹੈ, ਪਰ ਪਿਛਲੀ ਵਾਰ ਵੀ ਕਈ ਜ਼ਿਲ੍ਹਿਆਂ ਵਿਚ ਕਿਸਾਨ ਸਸਤੀ ਕਣਕ ਦੀ ਵਿਕਰੀ ਕਰਨ ਲਈ ਮਜਬੂਰ ਹੋ ਗਏ ਸਨ। ਉਧਰ, ਸੂਤਰਾਂ ਦਾ ਕਹਿਣਾ ਹੈ ਕਿ ਵਿਦੇਸ਼ੀ ਕਣਕ ਦੀ ਆਮਦ ਕਰ ਕੇ ਉਤਰ ਪ੍ਰਦੇਸ਼ ਦੀ ਕਣਕ ਵੀ ਸਸਤੀ ਵਿਕਣ ਦੀ ਸੰਭਾਵਨਾ ਹੈ। ਮਾਰਚ ਦੇ ਮਹੀਨੇ ਵਿਚ ਉਤਰ ਪ੍ਰਦੇਸ਼ ਤੋਂ ਕਣਕ ਦੀ ਆਮਦ ਸ਼ੁਰੂ ਹੋ ਜਾਂਦੀ ਹੈ।

ਵਪਾਰੀਆਂ ਨੂੰ ਪੰਜਾਬ ਦੀ ਕਣਕ ਤੋਂ ਹੀ ਇਹ ਕਣਕ ਕੁਝ ਸਸਤੀ ਪੈ ਜਾਂਦੀ ਹੈ। ਵਿਦੇਸ਼ੀ ਕਣਕ ਜ਼ਿਆਦਾ ਹੋਣ ਕਰ ਕੇ ਕਿਸਾਨਾਂ ਨੂੰ ਖਰੀਦ ਸੀਜ਼ਨ ਵਿਚ ਤਾਂ ਜ਼ਿਆਦਾ ਮੁੱਲ ਮਿਲਣ ਦੀ ਸੰਭਾਵਨਾ ਨਹੀਂ ਹੁੰਦੀ, ਕਿਉਂਕਿ ਦੱਖਣੀ ਰਾਜਾਂ ਤੋਂ ਇਲਾਵਾ ਦਿੱਲੀ ਦੇ ਵਪਾਰੀਆਂ ਨੂੰ ਵਿਦੇਸ਼ੀ ਕਣਕ ਉਪਲਬਧ ਕਰਵਾਈ ਗਈ ਹੈ। ਮਾਰਚ ਤੋਂ ਉਤਰ ਪ੍ਰਦੇਸ਼ ਦੀ ਸਸਤੀ ਕਣਕ ਵੀ ਦਿੱਲੀ ਨੂੰ ਉਪਲਬਧ ਹੋ ਜਾਏਗੀ।

ਇਸ ਸਬੰਧੀ ਪੰਜਾਬ ਰੋਲਰ ਫਲੋਰ ਮਿਲ ਐਸੋਸੀਏਸਨ ਦੇ ਪ੍ਰਧਾਨ ਨਰੇਸ਼ ਕੁਮਾਰ ਦਾ ਕਹਿਣਾ ਹੈ ਕਿ ਵਿਦੇਸ਼ੀ ਕਣਕ ਨਾਲ ਪੰਜਾਬ ਦੀਆਂ ਆਟਾ ਮਿੱਲਾਂ ਦੇ ਬਣੇ ਮੈਦੇ ਦੀ ਦੂਸਰੇ ਰਾਜਾਂ 'ਚ ਜ਼ਿਆਦਾ ਮੰਗ ਨਹੀਂ ਰਹੀ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ ਕਣਕ ਦੀ ਪੈਦਾਵਾਰ ਹੋਣ ਦੇ ਬਾਵਜੂਦ ਮਿੱਲਾਂ ਵਾਲਿਆਂ ਨੂੰ ਮਹਿੰਗੀ ਕਣਕ ਮਿਲਦੀ ਹੈ ਜਦਕਿ ਦੂਸਰੇ ਰਾਜਾਂ ਤੋਂ ਸਸਤੀ ਕਣਕ ਉਪਲਬਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਜੇਕਰ ਆਰਥਿਕ ਮੰਦਹਾਲੀ ਤੋਂ ਕੱਢਣਾ ਹੈ ਤਾਂ ਇਸ ਲਈ ਕਣਕ ਦਾ ਜ਼ਿਆਦਾ ਮੁੱਲ ਦਿਵਾਉਣਾ ਹੋਏਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਤੋਂ ਕਣਕ ਦੀ ਆਮਦ ਰੋਕਣ ਲਈ ਜਲਦੀ ਦਰਾਮਦ ਡਿਊਟੀ ਲਾਗੂ ਕਰੇ।


## ਟਰੈਫਿਕ ਦੀ ਜਾਣਕਾਰੀ ਹੁਣ ਰੇਡੀਓ 'ਤੇ

**ਨਵੀਂ ਦਿੱਲੀ:** ਕੌਮੀ ਮਾਰਗਾਂ ਉਤੇ ਵਾਹਨ ਚਾਲਕਾਂ ਨੂੰ ਹੁਣ ਪਹਿਲਾਂ ਹੀ ਟਰੈਫਿਕ ਦੀ ਜਾਣਕਾਰੀ ਮਿਲੇਗੀ। ਇਸ ਲਈ ਸਰਕਾਰ ਵੱਲੋਂ ਰੇਡੀਓ ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਹੁਣ 13 ਸੂਬਿਆਂ 'ਚੋਂ ਲੰਘਦੇ ਕੌਮੀ ਰਾਜਮਾਰਗਾਂ ਉਤੇ ਟਰੈਫਿਕ ਸਬੰਧੀ ਜਾਣਕਾਰੀ ਦੇਣ ਲਈ ਛੇਤੀ ਹੀ ਰੇਡੀਓ ਸੇਵਾਵਾਂ ਸ਼ੁਰੂ ਕਰੇਗੀ।

ਸੜਕ ਆਵਾਜਾਈ ਅਤੇ ਰਾਜਮਾਰਗਾਂ ਬਾਰੇ ਮੰਤਰੀ ਨਿਤਿਨ ਗਡਕਰੀ ਨੇ ਲੋਕ ਸਭਾ 'ਚ ਦੱਸਿਆ ਕਿ ਰੇਡੀਓ ਸੇਵਾਵਾਂ ਦਿੱਲੀ-ਜੈਪੁਰ ਰਾਜਮਾਰਗ 'ਤੇ ਸ਼ੁਰੂ ਹੋ ਗਈ ਹੈ ਅਤੇ ਰੋਜ਼ 18 ਬੁਲੇਟਿਨਾਂ ਰਾਹੀਂ ਟਰੈਫਿਕ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਛੇਤੀ ਹੀ ਦੂਜੇ ਹਾਈਵੇ ਉਤੇ ਸ਼ੁਰੂ ਕੀਤੀ ਜਾਵੇਗੀ।

## ਡਾ. ਮੋਹਿੰਦਰ ਸਿੰਘ ਸੁਰਗਵਾਸ

**ਸ਼ਿਕਾਗੋ (ਬਿਊਰੋ):** ਪੰਜਾਬੀ ਭਾਈਚਾਰੇ ਦੀ ਇਕ ਉਘੀ ਸ਼ਖਸੀਅਤ ਡਾ. ਮੋਹਿੰਦਰ ਸਿੰਘ ਲੰਘੀ 9 ਫਰਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਉਹ ਕਰੀਬ 77 ਵਰ੍ਹਿਆਂ ਦੇ ਸਨ।



ਉਹ ਆਪਣੇ ਪਿਛੇ ਪਤਨੀ ਬਲਬੀਰ ਕੌਰ, ਦੋ ਧੀਆਂ-ਸਿਲਵੀਆ ਤੇ ਬਬਲੀ, ਇਕ ਪੁੱਤਰ ਬੌਬੀ ਸਿੰਘ ਅਤੇ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਬਲਬੀਰ ਕੌਰ ਇਥੋਂ ਦੇ ਸਮਾਜਕ ਤੇ ਸਭਿਆਚਾਰਕ ਹਲਕਿਆਂ ਵਿਚ ਕਾਫੀ ਸਰਗਰਮ ਰਹੇ ਹਨ।

ਡਾ. ਮੋਹਿੰਦਰ ਸਿੰਘ ਅੰਮ੍ਰਿਤਸਰ ਵਿਚ 1939 ਵਿਚ ਜਨਮੇ ਅਤੇ ਉਹ ਦੋ ਭਰਾ ਤੇ ਤਿੰਨ ਭੈਣਾਂ ਸਨ। 1964 ਵਿਚ ਉਨ੍ਹਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਫਾਰਮੈਸੀ ਵਿਚ ਬੈਚੂਲਰ ਡਿਗਰੀ ਅਤੇ 1970 ਵਿਚ ਇੰਗਲੈਂਡ ਤੋਂ ਇਸੇ ਵਿਸ਼ੇ ਵਿਚ ਮਾਸਟਰਜ਼ ਡਿਗਰੀ ਕੀਤੀ। ਉਹ 1979 ਵਿਚ ਪਰਿਵਾਰ ਸਮੇਤ ਅਮਰੀਕਾ ਆ ਵੱਸੇ।

ਸਵਰਗੀ ਮੋਹਿੰਦਰ ਸਿੰਘ ਦਾ ਅੰਤਿਮ ਸਸਕਾਰ 11 ਫਰਵਰੀ ਨੂੰ ਕਰ ਦਿੱਤਾ ਗਿਆ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਵ੍ਹੀਟਨ ਵਿਚ 15 ਫਰਵਰੀ ਬੁਧਵਾਰ ਸ਼ਾਮੀਂ 6 ਤੋਂ 8 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 815-556-8407, 630-697-1530 ਰਾਹੀਂ ਕੀਤਾ ਜਾ ਸਕਦਾ ਹੈ।

## ਕੌਮੀ ਤਰਾਨੇ ਬਾਰੇ ਨਵੀਂ ਹਦਾਇਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਜਦੋਂ ਕੌਮੀ ਗੀਤ ਕਿਸੇ ਫਿਲਮ ਦੀ ਕਹਾਣੀ, ਨਿਊਜ਼-ਰੀਲ ਜਾਂ ਦਸਤਾਵੇਜ਼ੀ ਦਾ ਹਿੱਸਾ ਹੈ ਤਾਂ ਦਰਸ਼ਕਾਂ ਨੂੰ ਖੜ੍ਹੇ ਹੋਣ ਦੀ ਜ਼ਰੂਰਤ ਨਹੀਂ।

ਅਦਾਲਤ ਨੇ ਸ਼ਿਆਮ ਨਾਰਾਇਣ ਚੌਕਸੀ ਦੀ ਅਪੀਲ 'ਤੇ ਇਹ ਸਪਸ਼ਟੀਕਰਨ ਦਿੱਤਾ। ਉਸ ਨੇ ਅਪੀਲ ਕੀਤੀ ਸੀ ਕਿ ਅਦਾਲਤ ਸਿਨੇਮਾ ਹਾਲ ਵਿਚ ਫਿਲਮ ਤੋਂ ਪਹਿਲਾਂ ਵੱਜਣ ਵਾਲੇ ਕੌਮੀ ਤਰਾਨੇ ਸਮੇਂ ਖੜ੍ਹੇ ਹੋਣ ਦੇ ਦਿੱਤੇ ਹੁਕਮਾਂ ਨੂੰ ਸਪਸ਼ਟ ਕਰੇ। ਮਾਮਲੇ ਦੀ ਅਗਲੀ ਸੁਣਵਾਈ 18 ਅਪਰੈਲ ਨੂੰ ਹੋਵੇਗੀ।







ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਡਿਸ਼ਵਾਸ਼ਰ, ਵੇਟਰ ਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3046

6-7



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 18 ਫਰਵਰੀ 2017*

## ਭਰੋਸੇ ਨੂੰ ਸੰਨ੍ਹ

ਪਿਛਲੇ ਸਾਲ ਜਦੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 41ਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ ਤਾਂ ਸਿੱਖਾਂ ਦੇ ਕਿਸੇ ਵੀ ਧੜੇ ਨੇ ਕੋਈ ਖਾਸ ਉਜ਼ਰ ਨਹੀਂ ਸੀ ਕੀਤਾ, ਤਕਰੀਬਨ ਸਭ ਧੜਿਆਂ ਨੇ ਉਨ੍ਹਾਂ ਦਾ ਸਵਾਗਤ ਹੀ ਕੀਤਾ ਸੀ; ਹਾਲਾਂਕਿ ਉਸ ਵਕਤ ਵੀ ਸੱਤਾਧਾਰੀਆਂ ਖਿਲਾਫ ਲੋਕ ਮਨ ਭਰੇ ਪਏ ਸਨ। ਇਹ ਲੋਕ ਚਿਰਾਂ ਤੋਂ ਚਾਹ ਰਹੇ ਸਨ ਕਿ ਧਾਰਮਿਕ ਸੰਸਥਾਵਾਂ ਤੋਂ ਸਿਆਸਤ ਦਾ ਕੁੰਡਾ ਹੁਣ ਉਠਣਾ ਹੀ ਚਾਹੀਦਾ ਹੈ। ਇਸ ਤੋਂ ਪਹਿਲਾਂ ਪ੍ਰੋ. ਬਡੂੰਗਰ ਨੇ 2001-2003 ਦੌਰਾਨ ਇਸ ਸਿਰਮੌਰ ਸਿੱਖ ਸੰਸਥਾ ਦੇ 31ਵੇਂ ਪ੍ਰਧਾਨ ਵਜੋਂ ਜ਼ਿੰਮੇਵਾਰੀ ਨਿਭਾਈ ਸੀ। ਉਨ੍ਹਾਂ ਵਲੋਂ ਉਸ ਵਕਤ ਨਿਭਾਈ ਭੂਮਿਕਾ ਕਾਰਨ ਹੀ ਉਨ੍ਹਾਂ ਦੇ ਨਾਂ ਬਾਰੇ ਮੁਕਾਬਲਤਨ 'ਸਰਬ-ਸਹਿਮਤੀ' ਬਣੀ ਸੀ, ਪਰ ਵਿਧਾਨ ਸਭਾ ਵਾਲੀਆਂ ਚੋਣਾਂ ਤੋਂ ਐਨ ਪਹਿਲਾਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਆਪਣੀ ਜਿੱਤ ਪੱਕੀ ਕਰਨ ਲਈ ਡੇਰਾ ਸਿਰਸਾ ਤੋਂ ਜਿਸ ਤਰ੍ਹਾਂ ਵੋਟਾਂ ਮੰਗੀਆਂ ਗਈਆਂ ਅਤੇ ਮਗਰੋਂ ਇਸ ਮਾਮਲੇ ਨੂੰ ਜਿਸ ਤਰ੍ਹਾਂ ਨਜਿੱਠਣ ਦਾ ਯਤਨ ਕੀਤਾ ਗਿਆ, ਉਸ ਤੋਂ ਉਨ੍ਹਾਂ ਉਤੇ ਪ੍ਰਗਟ ਕੀਤੇ ਗਏ ਭਰੋਸੇ ਨੂੰ ਸੰਨ੍ਹ ਲੱਗ ਜਾਣ ਦਾ ਖਦਸ਼ਾ ਬਣ ਗਿਆ ਹੈ।

ਅਸਲ ਵਿਚ ਹੁਣ ਇਹ ਮਸਲਾ ਬੇਵਜ੍ਹਾ ਲਟਕਾਇਆ ਹੀ ਜਾ ਰਿਹਾ ਹੈ। ਵੋਟਾਂ ਪੈ ਜਾਣ ਤੱਕ ਧਾਰੀ ਗਈ ਖਾਮੋਸ਼ੀ ਬਹੁਤ ਤੰਗ ਕਰਨ ਵਾਲੀ ਸੀ। ਬਾਅਦ ਵਿਚ ਜਿਸ ਢੰਗ ਨਾਲ ਜਾਂਚ ਕਮੇਟੀ ਬਣਾਈ ਗਈ, ਇਸ ਕਮੇਟੀ ਲਈ ਮੈਂਬਰ ਚੁਣੇ ਗਏ ਅਤੇ ਜਿਸ ਢੰਗ ਤਰ੍ਹਾਂ ਇਸ ਅਹਿਮ ਮਸਲੇ ਦੀ ਜਾਂਚ ਹੁਣ ਕੀਤੀ ਜਾ ਰਹੀ ਹੈ, ਉਸ ਤੋਂ ਸਾਫ ਜ਼ਾਹਰ ਹੋ ਰਿਹਾ ਹੈ ਕਿ ਜਾਂਚ ਵਾਲਾ ਮਕਸਦ ਪਹਿਲਾਂ ਹੀ ਕਾਫੂਰ ਹੋ ਗਿਆ ਹੈ। ਇਸ ਸਮੁੱਚੇ ਪ੍ਰਸੰਗ ਦਾ ਅਹਿਮ ਪਹਿਲੂ ਅਤੇ ਪੱਖ ਇਹੀ ਸੀ ਕਿ ਧਾਰਮਿਕ ਮਾਮਲਿਆਂ ਉਤੇ ਕੁੰਡਾ ਮਾਰੀ ਬੈਠੀ ਸਿਆਸਤ ਤੋਂ ਮੁਕਤੀ ਹੋ ਸਕੇਗੀ ਜਾਂ ਨਹੀਂ! ਸ਼੍ਰੋਮਣੀ ਅਕਾਲੀ ਦਲ ਉਤੇ ਜਿਸ ਤਰ੍ਹਾਂ ਬਾਦਲ ਪਰਿਵਾਰ ਦਾ ਅਸਰ ਪੈ ਚੁਕਾ ਹੈ, ਉਸ ਨੂੰ ਇਕ ਮਸਲੇ ਦੇ ਸਿਲਸਿਲੇ ਤਹਿਤ ਜਾਂ ਇਕ ਦਿਨ ਵਿਚ ਘਟਾਇਆ ਜਾਂ ਖਤਮ ਤਾਂ ਨਹੀਂ ਜਾ ਸਕਦਾ, ਪਰ ਜਦੋਂ ਤੱਕ ਇਸ ਪਾਸੇ ਯਤਨ ਹੀ ਨਹੀਂ ਕੀਤੇ ਜਾਣਗੇ ਤਾਂ ਗੱਡੀ ਲੀਹ ਉਤੇ ਚੜ੍ਹਨੀ ਮੁਸ਼ਕਿਲ ਹੀ ਜਾਪਦੀ ਹੈ। ਅਸਲ ਵਿਚ ਬਾਦਲਾਂ ਦੇ ਇਸ ਸਿਆਸੀ ਅਸਰ ਨੂੰ ਖਤਮ ਕਰਨ ਲਈ ਵੱਖ-ਵੱਖ ਧਿਰਾਂ ਵੱਲੋਂ ਪਹਿਲਾਂ ਕਈ ਯਤਨ ਵੀ ਕੀਤੇ ਗਏ, ਪਰ ਕਾਫੀ ਹੱਦ ਤੱਕ ਇਕਜੁਟਤਾ ਦੇ ਬਾਵਜੂਦ ਸਫਲਤਾ ਹੱਥ ਲੱਗਣੀ ਤਾਂ ਦੂਰ ਦੀ ਗੱਲ ਹੈ, ਉਸ ਪਾਸੇ ਇਕ ਕਦਮ ਵੀ ਅਗਾਂਹ ਨਹੀਂ ਪੁੱਟਿਆ ਜਾ ਸਕਿਆ। ਅਸਲ ਵਿਚ ਮਸਲਾ ਰਾਤੋ-ਰਾਤ ਇਕਜੁਟਤਾ ਕਰ ਕੇ ਬਾਦਲਾਂ ਨਾਲ ਟੱਕਰ ਲੈਣ ਦਾ ਨਹੀਂ ਜਾਪਦਾ, ਬਲਕਿ ਆਪੋ-ਆਪਣੇ ਪੱਧਰ ਉਤੇ ਲਗਾਤਾਰ, ਨਿਰਵਿਘਨ ਸਰਗਰਮੀ ਹੀ ਇਸ ਪਾਸੇ ਪਹਿਲਾ ਕਦਮ ਸਾਬਤ ਹੋ ਸਕਦਾ ਸੀ। ਅਫਸੋਸ ਕਿ ਇਸ ਪਾਸੇ ਕੋਈ ਵੀ ਧਿਰ ਸੋਚ ਨਹੀਂ ਰਹੀ। ਹਰ ਧਿਰ ਚਾਹੁੰਦੀ ਹੈ ਕਿ ਬੱਸ, ਰਾਤੋ-ਰਾਤ ਜਾਦੂ ਦੀ ਕੋਈ ਛੜੀ ਘੁੰਮ ਜਾਵੇ ਅਤੇ ਬਾਦਲਾਂ ਨੂੰ ਜ਼ਮੀਨ ਉਤੇ ਪਟਕ ਦਿੱਤਾ ਜਾਵੇ। ਬਾਦਲਾਂ ਨੂੰ ਪਾਸੇ ਕਰਨ ਲਈ ਕੀ ਨੀਤੀ ਜਾਂ ਰਣਨੀਤੀ ਬਣਾਉਣੀ ਚਾਹੀਦੀ ਹੈ, ਉਸ ਪਾਸੇ ਸੋਚਣ ਲਈ ਕੋਈ ਸ਼ਾਇਦ ਤਿਆਰ ਹੀ ਨਹੀਂ ਹੈ। ਸਿੱਟੇ ਵਜੋਂ ਪਰਨਾਲਾ ਉਥੇ ਦਾ ਉਥੇ ਹੀ ਹੈ।

ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦਾ ਹੀ ਮਸਲਾ ਹੈ। ਬਾਦਲਾਂ ਦੇ ਪ੍ਰਬੰਧਾਂ ਦਾ ਮਸਲਾ ਹੁਣ ਕਿਤੇ ਪਿਛਾਂਹ ਰਹਿ ਗਿਆ ਹੈ, ਹੁਣ ਵਿਚਾਰ ਅਧੀਨ ਮਸਲਾ ਇਹ ਹੈ ਕਿ ਸਿੱਖੀ ਨੂੰ ਲਾਈ ਜਾ ਰਹੀ ਢਾਹ ਦੇ ਮੱਦੇਨਜ਼ਰ ਇਸ ਲਾਣੇ ਨੂੰ ਪਛਾੜਨਾ ਕਿੰਨਾ ਜ਼ਰੂਰੀ ਹੈ। ਬਾਦਲਾਂ ਖਿਲਾਫ ਇਹ ਰੋਸ ਅਤੇ ਰੋਹ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੀ ਸਾਹਮਣੇ ਆਇਆ ਹੈ, ਪਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਉਂਕਿ ਕਾਂਗਰਸ ਦੇ ਬਦਲ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਰੂਪ ਵਿਚ ਤੀਜੀ ਧਿਰ ਵੀ ਮੌਜੂਦ ਸੀ, ਇਸ ਲਈ ਕਿਆਸ-ਅਰਾਈਆਂ ਇਹੀ ਹਨ ਕਿ ਉਥੇ ਤਬਦੀਲੀ ਸੰਭਵ ਹੈ, ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਦਿੱਲੀ ਗੁਰਦੁਆਰਾ ਚੋਣਾਂ ਦੌਰਾਨ ਅਜਿਹੀ ਕੋਈ ਸਿਆਸੀ ਸਮੀਕਰਨ ਬਣੀ ਹੈ ਜਾਂ ਬਣ ਸਕਦੀ ਹੈ? ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਪ੍ਰਭਾਵ ਪੈਣ ਵਾਲਾ ਤੱਥ ਸਭ ਸਿਆਸੀ ਮਾਹਿਰ ਮੰਨ ਰਹੇ ਹਨ, ਦਿੱਲੀ ਵਿਚ ਇਸ ਪਾਰਟੀ ਦੀ ਸਰਕਾਰ ਵੀ ਹੈ, ਪਰ ਅਸਲ ਮੁੱਦਾ ਇਹੀ ਹੈ ਕਿ ਇਹ ਧਿਰਾਂ ਸੱਤਾਧਾਰੀ ਪ੍ਰਬੰਧਕਾਂ ਨੂੰ ਇੰਨੀ ਵੱਡੀ ਪੱਧਰ ਉਤੇ ਵੰਗਾਰ ਵੀ ਸਕਣਗੇ ਜਾਂ ਨਹੀਂ। ਇਹ ਧਿਰਾਂ ਡੇਰੇ ਵਾਲਾ ਮੁੱਦਾ ਇਨ੍ਹਾਂ ਚੋਣਾਂ ਵਿਚ ਉਠਾਉਣ ਲਈ ਅੱਡੀ-ਚੋਟੀ ਦਾ ਯਤਨ ਕਰ ਰਹੀਆਂ ਹਨ, ਪਰ ਵਿਸ਼ਲੇਸ਼ਣ ਦੱਸਦੇ ਹਨ ਕਿ ਮੌਕੇ ਦੇ ਮੁੱਦਿਆਂ ਦੀ ਥਾਂ ਆਵਾਮ ਨਾਲ ਜੁੜੇ ਮਸਲੇ ਚੋਣਾਂ ਵਿਚ ਵੱਧ ਕਾਰਗਰ ਭੂਮਿਕਾ ਨਿਭਾਉਂਦੇ ਰਹੇ ਹਨ। ਕੁਝ ਹਲਕਿਆਂ ਵੱਲੋਂ ਸਭ ਧਿਰਾਂ ਨੂੰ ਬਾਦਲਾਂ ਖਿਲਾਫ ਇਕਜੁਟ ਹੋਣ ਦੀਆਂ ਅਪੀਲਾਂ ਕੀਤੀ ਜਾ ਰਹੀਆਂ ਹਨ ਅਤੇ ਦਲੀਲਾਂ ਵੀ ਦਿੱਤੀ ਜਾ ਰਹੀਆਂ ਹਨ। ਅਸਲ ਵਿਚ ਅਜਿਹੀਆਂ ਅਪੀਲਾਂ-ਦਲੀਲਾਂ ਵਿਚ ਭਾਵੁਕਤਾ ਦੇ ਨਾਲ-ਨਾਲ ਬੇਵਸੀ ਵੀ ਸਪਸ਼ਟ ਝਲਕ ਰਹੀ ਹੈ। ਫਿਰ ਵੀ ਵਿਚਾਰਨ ਵਾਲਾ ਮੁੱਖ ਮੁੱਦਾ ਇਹੀ ਹੈ ਕਿ ਇਹ ਮਸਲੇ ਸਿਰਫ ਤੇ ਸਿਰਫ ਜਿੱਤ ਨਾਲ ਹੀ ਜੁੜੇ ਹੋਏ ਨਹੀਂ ਹਨ। ਮਸਲਾ ਲੋਕਾਂ ਵਿਚ ਲਗਾਤਾਰ ਅਤੇ ਨਿਰਵਿਘਨ ਸਰਗਰਮੀ ਦਾ ਹੈ ਜਿਸ ਤੋਂ ਬਗੈਰ ਚੋਣ ਢਾਂਚੇ ਅੰਦਰ ਬੁਰੀ ਤਰ੍ਹਾਂ ਪੈਰ ਜਮਾਈ ਬੈਠੀ ਸੱਤਾ ਧਿਰ ਨੂੰ ਹਿਲਾਉਣਾ ਜੇ ਅਸੰਭਵ ਨਹੀਂ ਤਾਂ ਡਾਢਾ ਮੁਸ਼ਕਿਲ ਤਾਂ ਹੈ ਹੀ। ਸੋ, ਇਥੇ ਚੋਣ ਸਰਗਰਮੀਆਂ ਦੇ ਨਾਲ-ਨਾਲ ਮਸਲਾ ਸਿੱਖੀ ਸਿਦਕ ਵਾਲੇ ਰਾਹ ਉਤੇ ਤੁਰਨ ਦਾ ਵਧੇਰੇ ਹੈ। ਇਸ ਤੋਂ ਬਗੈਰ ਸਿਆਸਤ ਐਨ ਉਸੇ ਤਰ੍ਹਾਂ ਦੀ ਬਣ ਜਾਂਦੀ ਹੈ ਜਿਸ ਤਰ੍ਹਾਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਬਣਾ ਛੱਡੀ ਹੈ। ਇਨ੍ਹਾਂ ਹਾਲਾਤ ਨੂੰ ਕੱਟਣ ਲਈ ਸੱਤਾਧਾਰੀਆਂ ਵਰਗੀ ਨਹੀਂ, ਕੋਈ ਸਿਦਕ ਵਾਲੀ ਸਰਗਰਮੀ ਹੀ ਬੇੜੇ ਬੰਨ੍ਹੇ ਲਾ ਸਕਦੀ ਹੈ। ਅਜਿਹੀ ਸਰਗਰਮੀ ਹੀ ਭਰੋਸੇ ਦੀ ਬਹਾਲੀ ਵੱਲ ਪਹਿਲਾ ਕਦਮ ਬਣ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪ੍ਰਧਾਨ ਕਿ ਗੁਲਾਮ?*

ਰੱਬਾ ਚੁੱਕ ਲੈ ਘਰਾਂ ਦੇ ਭੇਤੀਆਂ ਨੂੰ, 'ਉਪਰ ਵਾਲੇ' ਨੇ ਸੁਣਨੀ ਅਰਦਾਸ ਕਿੱਥੋਂ?
ਬਿਨਾ 'ਚੋਰ' ਦੀ ਮਾਂ ਨੂੰ ਮਾਰਿਆਂ ਤੋਂ, ਢਾਂਚਾ ਵਿਗੜਿਆ ਆਵੇਗਾ ਰਾਸ ਕਿੱਥੋਂ?
ਆਏ ਸਾਲ 'ਅਧਿਕਾਰ' ਜੋ ਸੌਂਪ ਦਿੰਦੇ, ਐਸੇ ਲੱਭਣੇ ਬੁੱਧੂ ਜਿਹੇ ਦਾਸ ਕਿੱਥੋਂ?
ਫੀਤੀ ਲੱਗ ਜੇ ਭਾਵੇਂ ਪ੍ਰਧਾਨਗੀ ਦੀ, ਲਹਿਣੀ ਗਲੋਂ ਗੁਲਾਮੀ ਦੀ ਫਾਸ ਕਿੱਥੋਂ?
ਪਹਿਲੇ ਮਾਣ ਦੀ ਜੱਖਣਾ ਪੁੱਟ ਸੁੱਟੀ, ਇਹ ਰਚਣਗੇ ਨਵਾਂ ਇਤਿਹਾਸ ਕਿੱਥੋਂ?
ਹੋਵੇ ਨਿਕਲਿਆ ਜਿਹੜਾ ਲਿਫਾਫਿਆਂ 'ਚੋਂ, ਉਸ ਪ੍ਰਧਾਨ ਤੋਂ ਜੁਰਅਤ ਦੀ ਆਸ ਕਿੱਥੋਂ?

# ਦਿੱਲੀ ਦੀਆਂ ਗੁਰਦੁਆਰਾ ਚੋਣਾਂ ਅਤੇ ਪੰਥ

*ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੁਣ ਸਭ ਦਾ ਧਿਆਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਉਤੇ ਲੱਗਿਆ ਹੋਇਆ ਹੈ ਜੋ 26 ਫਰਵਰੀ ਨੂੰ ਹੋਣੀਆਂ ਹਨ। ਪੰਜਾਬ ਵਿਚ ਰਵਾਇਤੀ ਸਿਆਸੀ ਧਿਰਾਂ ਦੇ ਮੁਕਾਬਲੇ ਐਤਕੀਂ ਤੀਜੀ ਧਿਰ ਨੇ ਲੋਕਾਂ ਨੂੰ ਹੱਦ ਤੋਂ ਵੱਧ ਆਸਾਂ ਬੰਨ੍ਹਾਈਆਂ ਹੋਈਆਂ ਹਨ। ਕਿਆਸ-ਆਰਾਈਆਂ ਹਨ ਕਿ ਪੰਜਾਬ ਵਿਚ ਸੱਤਾ ਦੀ ਤਬਦੀਲੀ ਜ਼ਰੂਰ ਹੋਣੀ ਹੈ। ਦਿੱਲੀ ਗੁਰਦੁਆਰਾ ਕਮੇਟੀ ਵਿਚ ਵੀ ਤਬਦੀਲੀ ਦੀ ਤਾਂਘ ਦੀ ਗੱਲ ਤੁਰੀ ਹੈ। ਇਨ੍ਹਾਂ ਚੋਣਾਂ ਬਾਰੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਅਦ ਦੂਜੀ ਵੱਡੀ ਸਿੱਖ ਸੰਸਥਾ ਹੈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ। ਇਸ ਦੀ ਚੋਣ 26 ਫਰਵਰੀ ਨੂੰ ਹੋ ਰਹੀ ਹੈ। ਗੁਰਦੁਆਰਾ ਪ੍ਰਬੰਧ ਲਈ ਜਿਹੜਾ ਚੋਣ ਢੰਗ ਸਿੱਖਾਂ ਨੇ ਪ੍ਰਵਾਨ ਕਰ ਲਿਆ ਹੈ, ਇਹ ਗੁਰਮਤਿ ਵਿਚਾਰਧਾਰਾ ਉਤੇ ਖਰਾ ਨਹੀਂ ਉਤਰਦਾ ਹੈ। ਇਸ ਢੰਗ ਨਾਲ ਧੜਿਆਂ ਦੇ ਪੈਰੋਕਾਰ ਪੈਸੇ, ਸਮਰੱਥਾ ਅਤੇ ਨਸ਼ੇ ਦੀ ਵਰਤੋਂ ਕਰ ਕੇ ਸਿੱਖਾਂ ਨੂੰ ਵਿਸ਼ਵ ਦੇ ਦੂਜੇ ਭਾਈਚਾਰਿਆਂ ਸਾਹਮਣੇ ਸ਼ਰਮਿੰਦਾ ਹੋਣ ਲਈ ਮਜਬੂਰ ਕਰਦੇ ਹਨ। ਜਿਥੋਂ ਤਕ ਸਿੱਖ ਗੁਰਦੁਆਰਾ ਪ੍ਰਬੰਧ ਦਾ ਸਬੰਧ ਹੈ, ਇਹ ਸਾਡੇ ਧਰਮ ਅਸਥਾਨ ਹਨ। ਇਨ੍ਹਾਂ ਦਾ ਪ੍ਰਬੰਧ ਗੁਰਮਤਿ ਜੁਗਤਿ ਵਿਚ ਹੋਣਾ ਬੜਾ ਜ਼ਰੂਰੀ ਹੈ, ਕਿਉਂਕਿ ਸਿੱਖ ਆਪਣੇ ਕੌਮੀ ਸਰਮਾਏ ਅਤੇ ਕੌਮੀ ਜੁਗਤਾਂ ਨੂੰ ਖੁਦ



ਗਿਆਨੀ ਕੇਵਲ ਸਿੰਘ
ਫੋਨ: +91-95920-93472

ਸੰਭਾਲਣ ਦੇ ਯੋਗ ਨਹੀਂ ਬਣ ਸਕੇ, ਇਸ ਲਈ ਧਰਮ ਅਸਥਾਨਾਂ ਦੇ ਪ੍ਰਬੰਧ ਉਪਰ ਗੁਰਮਤਿ ਸੋਚ ਤੋਂ ਵਿਹੂਣੇ ਸਵਾਰਥੀ ਮਨੁੱਖ ਸਮੇਂ ਸਮੇਂ 'ਤੇ ਕਾਬਜ਼ ਰਹੇ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਘੇਰਾ ਭਾਵੇਂ ਦਿੱਲੀ ਸ਼ਹਿਰ ਤਕ ਹੀ ਸੀਮਤ ਹੈ ਪਰ ਦੇਸ਼ ਦੀ ਰਾਜਧਾਨੀ ਅੰਦਰ ਹੋਣ ਕਰ ਕੇ ਇਸ ਦੀ ਮਹੱਤਤਾ ਵਧ ਜਾਂਦੀ ਹੈ। ਸਿੱਖ ਕੌਮ ਦੀ ਆਬਾਦੀ ਪੰਜਾਬ ਅਤੇ ਹਰਿਆਣਾ ਤੋਂ ਬਾਅਦ ਤੀਜੇ ਨੰਬਰ 'ਤੇ ਪ੍ਰਭਾਵਸ਼ਾਲੀ ਰੂਪ ਵਿਚ ਦਿੱਲੀ ਵਿਚ ਹੈ। ਸਿੱਖ ਕੌਮ ਦੀਆਂ ਧਾਰਮਿਕ ਅਤੇ ਸਿਆਸੀ ਸਰਗਰਮੀਆਂ ਦਾ ਕੇਂਦਰ ਵੀ 1947 ਤੋਂ ਦਿੱਲੀ ਸ਼ਹਿਰ ਹੀ ਬਣਦਾ ਆਇਆ ਹੈ। ਹਰ ਚਾਰ ਸਾਲ ਬਾਅਦ ਇਥੋਂ ਦੇ ਪ੍ਰਬੰਧ ਵਾਸਤੇ ਚੋਣ ਮਰਯਾਦਾ ਨਿਭਾਉਣੀ ਹੁੰਦੀ ਹੈ। ਰਾਜਸੀ ਅਤੇ ਧਾਰਮਿਕ ਰੀਤਾਂ ਪ੍ਰਤੀ ਜ਼ਿੰਮੇਵਾਰ ਵਜੋਂ ਸ਼੍ਰੋਮਣੀ ਅਕਾਲੀ ਦਲ ਹੀ ਸਰਗਰਮ ਰਿਹਾ ਹੈ ਜਿਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਵੀ ਆਮ ਤੌਰ 'ਤੇ ਇਸ ਪਾਸੇ ਹੀ ਰਿਹਾ ਹੈ। ਦਿੱਲੀ ਅੰਦਰ ਸੰਤੋਖ ਸਿੰਘ ਸਰਗਰਮ ਰਹੇ ਹਨ ਅਤੇ ਉਨ੍ਹਾਂ ਦਾ ਲੰਮੇ ਸਮੇਂ ਤਕ ਸਿੱਖਾਂ ਦੇ ਆਗੂ ਵਜੋਂ ਖਾਸ ਰੁਤਬਾ ਸੀ। ਸਮੇਂ ਸਮੇਂ 'ਤੇ ਆਗੂ ਬਦਲਦੇ ਰਹੇ ਹਨ, ਪਰ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਬੰਧ ਲਈ ਵਾਰਸ ਵਜੋਂ ਸਥਾਪਤ ਤੁਰਿਆ ਆਇਆ ਹੈ।

ਦੋ ਦਹਾਕਿਆਂ ਦੌਰਾਨ ਪਰਮਜੀਤ ਸਿੰਘ ਸਰਨਾ ਨੇ ਵੱਖਰਾ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਹੋਂਦ ਵਿਚ ਲਿਆਂਦਾ। ਅਸਰ ਰਸੂਖ ਵਾਲੇ ਸਿੱਖ ਹੋਣ ਕਰ ਕੇ ਇਨ੍ਹਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਦੀ ਵਾਗਡੋਰ ਵੀ ਸੰਭਾਲੀ ਰੱਖੀ ਹੈ। ਇਥੋਂ ਦੀ ਸਿੱਖ ਆਬਾਦੀ ਗਿਣਤੀ ਵਿਚ 20-22 ਲੱਖ ਦੇ ਕਰੀਬ ਹੋਵੇਗੀ। ਇਥੇ ਇਤਿਹਾਸਿਕ ਗੁਰੂ ਘਰਾਂ ਤੋਂ ਇਲਾਵਾ ਸੰਗਤੀ ਤੌਰ 'ਤੇ ਉਸਾਰੇ ਗੁਰੂ ਘਰ ਵੀ ਹਜ਼ਾਰ ਪੰਦਰਾਂ ਸੌ ਹੋਣਗੇ। ਵਿਦਿਅਕ ਅਤੇ ਸਮਾਜ ਸੇਵੀ ਸੰਸਥਾਵਾਂ ਵੀ ਸੈਂਕੜਿਆਂ ਦੀ ਤਾਦਾਦ ਵਿਚ ਹਨ। ਪੜ੍ਹਿਆ ਲਿਖਿਆ ਸਿੱਖ ਸਮਾਜਿਕ ਵਰਗ ਵੀ ਇਥੇ ਹੀ ਆਬਾਦ ਹੈ। ਦਿੱਲੀ ਦਾ ਜਾਗਰੂਕ ਸਿੱਖ ਭਾਈਚਾਰਾ ਜੇ ਕਿਸੇ ਪੱਖੋਂ ਪਛੜਿਆ ਹੈ ਤਾਂ ਉਹ ਹੈ ਪੰਥਕ ਸੋਚ, ਸਿਧਾਂਤ ਤੇ ਮਰਿਆਦਾ ਨੂੰ ਪਹਿਲ ਦੇਣ ਅਤੇ ਆਪਸੀ ਸਾਂਝ ਦੀ ਮਜ਼ਬੂਤੀ ਤੋਂ। ਬਹੁ-ਗਿਣਤੀ ਆਪੋ ਆਪਣੇ ਕਾਰੋਬਾਰ ਤੇ ਪਰਿਵਾਰ ਦੇ ਸਰੋਕਾਰਾਂ ਤੋਂ ਉਪਰ ਉੱਠ ਕੇ ਕੌਮੀ ਸਰੋਕਾਰਾਂ ਪ੍ਰਤੀ ਪਹਿਰੇਦਾਰੀ ਵਾਲੀ ਸੋਚ ਤੋਂ ਵਾਂਝੀ ਹੈ। ਨਤੀਜੇ ਵਜੋਂ ਸਿੱਖ ਕੌਮ ਦਾ ਜਥੇਬੰਦਕ ਸਰੂਪ ਕੌਮੀ ਜਾਹੋ ਜਲਾਲ ਦੇ ਪ੍ਰਗਟਾਵੇ ਲਈ ਸਾਹਮਣੇ ਨਹੀਂ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਣਾਲੀ ਵਿਚ ਵਧੇਰੇ ਕਰ ਕੇ ਆਮ ਸਿੱਖ ਪਰਿਵਾਰ ਦੀ ਦਿਲਚਸਪੀ ਨਹੀਂ। ਧੜਿਆਂ ਦੇ ਆਗੂ ਜਾਂ ਥੋੜ੍ਹੇ ਜਿਹੇ ਗੁਰੂ ਘਰਾਂ ਦੇ ਪ੍ਰਬੰਧਕਾਂ ਵੱਲੋਂ ਆਪਣੀ ਪਹੁੰਚ ਨਾਲ ਵੋਟਰ ਬਣਾਏ ਜਾਂਦੇ ਹਨ। ਨਗਰ ਨਿਗਮ ਅਤੇ ਵਿਧਾਨ ਸਭਾ ਲਈ ਸਿੱਖ ਵੋਟਰਾਂ ਦੇ ਮੁਕਾਬਲੇ ਗੁਰਦੁਆਰਾ ਪ੍ਰਬੰਧ ਲਈ ਵੋਟਰਾਂ ਦੀ ਗਿਣਤੀ ਬੜੀ ਘੱਟ ਹੁੰਦੀ ਹੈ।

ਹੁਣ ਜਿਹੜੀਆਂ 26 ਫਰਵਰੀ ਨੂੰ ਚੋਣਾਂ ਹੋਣ ਜਾ ਰਹੀਆਂ ਹਨ, ਉਸ ਲਈ ਤਿਆਰ ਹੋਈ ਵੋਟਰ ਸੂਚੀ ਦੇ ਅੰਕੜੇ ਦੱਸਦੇ ਹਨ ਕਿ ਸਿੱਖ ਸੰਸਥਾਵਾਂ ਦੀ ਭੂਮਿਕਾ ਬੜੀ ਕਮਜ਼ੋਰ ਰਹੀ ਹੈ। ਸਾਢੇ ਤਿੰਨ ਲੱਖ ਦੇ ਕਰੀਬ ਹੀ ਸਿੱਖ ਵੋਟਰ ਬਣੇ ਹਨ। ਇਸ ਵਾਰ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਧਿਰਾਂ ਦੀ ਗਿਣਤੀ ਪਹਿਲਾਂ ਨਾਲੋਂ ਵਧੇਰੇ ਹੈ। ਸਿੱਖ ਸੰਗਤ ਕਿਸ ਦੀ ਚੋਣ ਕਰੇ, ਇਹ ਬੜਾ ਅਹਿਮ ਸਵਾਲ ਹੈ। ਸਾਰੇ ਧੜਿਆਂ ਵੱਲੋਂ ਚੰਗਾ ਗੁਰਦੁਆਰਾ ਪ੍ਰਬੰਧ ਦੇਣ ਦਾ ਵਾਅਦਾ ਤੇ ਦਾਅਵਾ ਹੈ। ਸਿੱਖ ਸੰਗਤਾਂ ਪਾਸ ਦੋ ਕਸੌਟੀਆਂ ਹਨ। ਪਹਿਲੀ ਕਸੌਟੀ ਹੈ ਕਿ ਉਮੀਦਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਮਨ, ਬਚਨ ਅਤੇ ਕਰਮ ਕਰ ਕੇ ਜੁੜੇ ਹੋਏ ਹੋਣ ਅਤੇ ਉਸ ਪ੍ਰਤੀ ਕਰਤੱਵ ਵਫ਼ਾਦਾਰੀ ਨਾਲ ਨਿਭਾਉਂਦੇ ਹੋਣ। ਉਹ ਕਿਧਰੇ ਡੇਰੇਦਾਰ ਪ੍ਰਥਾ, ਨਕਲੀ ਗੁਰੂ ਦੰਭ, ਸੰਪਰਦਾਇਕ ਸੋਚ ਦੇ ਪ੍ਰਭਾਵ ਹੇਠ ਨਾ ਹੋਣ। ਦੂਜੀ ਕਸੌਟੀ ਹੈ ਸਿੱਖ ਰਹਿਤ ਮਰਯਾਦਾ। ਸਿੱਖ ਰਹਿਤ ਮਰਯਾਦਾ ਖਾਲਸਾ ਪੰਥ ਨੇ ਬੜੀ ਮੁਸ਼ੱਕਤ ਕਰ ਕੇ ਗੁਰੂ ਆਸ਼ੇ ਅਨੁਸਾਰ ਕੌਮੀ ਏਕਤਾ ਤੇ ਇਕਸੁਰਤਾ ਦੇ ਆਧਾਰ ਵਜੋਂ ਤਿਆਰ ਕੀਤੀ ਹੈ। ਜਿਹੜਾ ਆਗੂ, ਧੜਾ ਜਾਂ ਸਿੱਖ, ਸਿੱਖ ਰਹਿਤ ਮਰਿਆਦਾ ਦੇ ਅਮਲ ਤੋਂ ਕੰਨੀ ਕਤਰਾਉਂਦਾ ਹੈ, ਉਸ ਨੂੰ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਵਫ਼ਾਦਾਰ ਨਹੀਂ ਮੰਨਿਆ ਜਾ ਸਕਦਾ।

*ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਘੇਰਾ ਭਾਵੇਂ ਦਿੱਲੀ ਸ਼ਹਿਰ ਤਕ ਹੀ ਸੀਮਤ ਹੈ ਪਰ ਦੇਸ਼ ਦੀ ਰਾਜਧਾਨੀ ਅੰਦਰ ਹੋਣ ਕਰ ਕੇ ਇਸ ਦੀ ਮਹੱਤਤਾ ਵਧ ਜਾਂਦੀ ਹੈ। ਸਿੱਖਾਂ ਦੀ ਆਬਾਦੀ ਪੰਜਾਬ ਅਤੇ ਹਰਿਆਣਾ ਤੋਂ ਬਾਅਦ ਤੀਜੇ ਨੰਬਰ 'ਤੇ ਪ੍ਰਭਾਵਸ਼ਾਲੀ ਰੂਪ ਵਿਚ ਦਿੱਲੀ ਵਿਚ ਹੈ। ਸਿੱਖਾਂ ਦੀਆਂ ਧਾਰਮਿਕ ਅਤੇ ਸਿਆਸੀ ਸਰਗਰਮੀਆਂ ਦਾ ਕੇਂਦਰ ਵੀ 1947 ਤੋਂ ਦਿੱਲੀ ਸ਼ਹਿਰ ਹੀ ਹੈ। ਹਰ ਚਾਰ ਸਾਲ ਬਾਅਦ ਇਥੋਂ ਦੇ ਪ੍ਰਬੰਧ ਵਾਸਤੇ ਚੋਣ ਮਰਯਾਦਾ ਨਿਭਾਉਣੀ ਹੁੰਦੀ ਹੈ।... ਸਮੇਂ ਦੀ ਮੰਗ ਹੈ ਕਿ ਹਉਮੈ ਹੰਕਾਰ ਦੇ ਵਾਰ ਤੋਂ ਬਚ ਕੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸਿੱਖ ਸੰਸਥਾਵਾਂ ਦਾ ਪ੍ਰਬੰਧ ਪੰਥ ਨੂੰ ਸਮਰਪਿਤ ਪੰਥ ਦਰਦੀ ਗੁਰਸਿੱਖਾਂ ਦੇ ਹੱਥ ਵਿਚ ਆਵੇ।*

ਇਸ ਤੋਂ ਇਲਾਵਾ ਹੋਰ ਕਸੌਟੀਆਂ ਹਨ ਕਿ ਕਿਹੜਾ ਧੜਾ ਸੱਚੇ ਪਾਤਸ਼ਾਹ ਦੀ ਪਾਤਸ਼ਾਹੀ ਦਾ ਕਾਇਲ ਹੈ ਅਤੇ ਕਿਹੜਾ ਦੁਨੀਆਵੀ ਕੂੜੇ ਬਾਦਸ਼ਾਹਾਂ ਦਾ ਕਾਮਾ ਹੈ। ਕੌਣ ਸੇਵਾ ਸਿਮਰਨ ਦੇ ਚਾਅ ਵਿਚ ਅਤੇ ਕੌਣ ਸੱਤਾ ਦੇ ਦਾਅ ਵਿਚ ਤਤਪਰ ਹੈ। ਸਿੱਖ ਵਿੱਦਿਅਕ ਸੰਸਥਾਵਾਂ ਦੇ ਉਚ ਮਿਆਰ ਨਾਲ ਕਿਸ ਨੂੰ ਪਿਆਰ ਹੈ ਅਤੇ ਕੌਣ ਲੋਭ ਵਸ ਚਹੇਤਿਆਂ ਦੀ ਭੇਟ ਚੜ੍ਹਾਉਣ ਦਾ ਵਪਾਰ ਕਰਦਾ ਹੈ। ਗੁਰੂ ਘਰ ਦੀ ਗੋਲਕ ਮਾਨਵਤਾ ਦੀ ਸੇਵਾ-ਸਹੂਲਤ, ਵਿੱਦਿਆ ਪਸਾਰ ਤੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਸੰਜਮ ਤੇ ਸਿਆਣਪ ਨਾਲ ਵਰਤਣ ਦਾ ਵਿਧਾਨ ਹੈ, ਕੌਣ ਪਹਿਰਾ ਦੇਣ ਦੇ ਕਾਬਲ ਹੈ? ਇਹ ਬੜਾ ਵੱਡਾ ਸਵਾਲ ਹੈ।

ਵਰਤਮਾਨ ਪ੍ਰਬੰਧਕੀ ਧੜਾ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਕਿ ਸ਼ਾਖ ਹੈ, ਇਸ ਲਈ ਇਸ ਦੀਆਂ ਨੀਤੀਆਂ ਸਿਧਾਂਤਵਾਦੀ ਨਹੀਂ, ਬਲਕਿ ਬ੍ਰਾਹਮਣੀ ਕਰਮ ਕਾਂਡੀ ਸੋਚ ਅਧੀਨ ਰਹੀਆਂ ਹਨ। ਇਸ ਵਾਰ ਸਿੱਖ ਸੰਗਤਾਂ ਨੂੰ ਨਿਰਭਉ ਹੋ ਕੇ ਨਿਰਪੱਖਤਾ ਨਾਲ ਬੜੀ ਸ਼ਿੱਦਤ ਨਾਲ ਧਿਆਨ ਦੇਣਾ ਚਾਹੀਦਾ ਹੈ। ਸਿੱਖ ਰਹਿਤ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਇਹ ਕੋਈ ਕਿਸੇ ਈਰਖਾਵਸ ਦੋਸ਼ ਨਹੀਂ ਹਨ, ਇਹ ਸੱਚਾਈ ਹੈ ਜਿਸ ਨੂੰ ਜਦੋਂ ਚਾਹੋ ਜਾਣ ਸਕਦੇ ਹਨ। ਗੁਰਦੁਆਰਾ ਬੰਗਲਾ ਸਾਹਿਬ ਵਿਖੇ ਕਥਾ ਕਰਨ ਲਈ ਸੰਪਰਦਾਈ ਡੇਰੇਦਾਰ ਬ੍ਰਾਹਮਣੀ ਸੋਚ ਦੇ ਪੈਰੋਕਾਰ ਪ੍ਰਚਾਰਕਾਂ ਤੇ ਆਗੂਆਂ ਨੂੰ ਉਭਾਰਿਆ ਗਿਆ ਹੈ ਜਿਨ੍ਹਾਂ ਨੂੰ ਨਾ ਤਾਂ ਗੁਰੂ ਗ੍ਰੰਥ ਸਾਹਿਬ ਦੇ ਗੁਰੂਤਵ ਪ੍ਰਤੀ ਵਫ਼ਾਦਾਰ ਆਖਿਆ ਜਾ ਸਕਦਾ ਹੈ ਅਤੇ ਨਾ ਹੀ ਸਿੱਖ ਰਹਿਤ ਮਰਿਆਦਾ ਦੇ ਵਿਸ਼ਵਾਸਪਾਤਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਪੰਜਾਬ ਦੀ ਧਰਤੀ 'ਤੇ ਕਈ ਵਾਰ ਹੋਈ, ਇਹ ਮੌਜੂਦਾ ਪ੍ਰਬੰਧਕ ਪੰਥ ਨਾਲ ਖੜ੍ਹੇ ਤਕ ਨਹੀਂ ਹੋਏ। ਇਹ ਪੰਜਾਬ ਦੀ ਅਖੌਤੀ ਅਕਾਲੀ ਹਕੂਮਤ ਦੇ ਪਿੱਠੂ ਬਣ ਕੇ ਪੰਥ ਦਰਦੀਆਂ ਨੂੰ ਝੁਠਲਾਉਂਦੇ ਰਹੇ।

ਡੇਰਾ ਮੁਖੀ ਦੇ ਮੁਆਫ਼ੀਨਾਮੇ ਮੌਕੇ ਵੀ ਪੰਥ ਭਾਵਨਾਵਾਂ ਨੂੰ ਛੱਡ ਕੇ ਪੰਥ ਧ੍ਰੋਹੀ ਅਖੌਤੀ ਜਥੇਦਾਰਾਂ ਦੀ ਪਿੱਠ ਪੂਰਦੇ ਰਹੇ। ਨਕਾਰੇ ਹੋਏ ਜਥੇਦਾਰਾਂ ਨੂੰ ਮਾਨ ਸਨਮਾਨ ਦਿੰਦੇ ਰਹੇ ਅਤੇ ਉਨ੍ਹਾਂ ਦੇ ਹੱਥੀਂ ਉਦਘਾਟਨ ਕਰਵਾ ਕੇ ਕੌਮ ਨੂੰ ਚਿੜ੍ਹਾਉਂਦੇ ਰਹੇ। ਪੰਥ ਵਾਸਤੇ ਹਾਅ ਦੇ ਨਾਅਰੇ ਦੀ ਇਨ੍ਹਾਂ ਤੋਂ ਆਸ ਹੀ ਕੀ ਹੋ ਸਕਦੀ ਸੀ? ਹਾਲੀਆ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਨੇ ਸਿਰਸਾ ਵਾਲੇ ਡੇਰਾ ਮੁਖੀ ਨਾਲ ਪੈਰੀਂ ਪੈ ਕੇ ਸਮਝੌਤਾ ਕੀਤਾ ਅਤੇ ਪੰਥ ਦੀ ਰੂਹ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਨਾਮੇ ਨੂੰ ਵੰਗਾਰਿਆ। ਪੰਜਾਬ ਚੋਣਾਂ ਲੰਘਣ ਤੋਂ ਬਾਅਦ ਸੱਪ ਦੀ ਲਕੀਰ ਨੂੰ ਕੁੱਟਣ ਦੇ ਫਕੀਰ ਬਣ ਗਏ।

ਇਸ ਸਿਆਸੀ ਧੁੰਦ ਦੇ ਸ਼ਿਕਾਰ ਵਰਤਮਾਨ ਪ੍ਰਬੰਧਕੀ ਧੜੇ ਨੂੰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਚੁਣੌਤੀ ਦੇਣ ਦੀ ਸਥਿਤੀ ਵਿਚ ਹੈ। ਹੋਂਦ ਵਿਚ ਆਏ ਹੋਰ ਧੜਿਆਂ ਪੰਥਕ ਸੇਵਾ ਦਲ, ਅਕਾਲ ਸਹਾਇ ਸੁਸਾਇਟੀ, ਆਮ ਅਕਾਲੀ ਦਲ ਆਦਿ ਦੀ ਸਿਆਣਪ ਇਸੇ ਵਿਚ ਹੈ ਕਿ ਉਹ ਸਰਨਾ ਨਾਲ ਮਿਲ ਬੈਠ ਕੇ ਪੰਥ ਹਿਤ ਵਿਚ ਦਰਿਆਦਿਲੀ ਵਾਲਾ ਰਸਤਾ ਅਖ਼ਤਿਆਰ ਕਰਨ। ਸਮੇਂ ਦੀ ਮੰਗ ਹੈ ਕਿ ਹਉਮੈ ਹੰਕਾਰ ਦੇ ਵਾਰ ਤੋਂ ਬਚ ਕੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸਿੱਖ ਸੰਸਥਾਵਾਂ ਦਾ ਪ੍ਰਬੰਧ ਪੰਥ ਨੂੰ ਸਮਰਪਿਤ ਪੰਥ ਦਰਦੀ ਗੁਰਸਿੱਖਾਂ ਦੇ ਹੱਥ ਵਿਚ ਆਵੇ।

# ਪੰਜਾਬ ਦੀ ਸਿਆਸਤ 'ਚ ਤੀਜੀ ਧਿਰ ਦੀ ਵੰਗਾਰ



**ਪ੍ਰੋ. ਪ੍ਰੀਤਮ ਸਿੰਘ**
ਆਕਸਰਫੋਰਡ ਬਰੁੱਕਸ ਵਰਸਿਟੀ ਯੂ.ਕੇ.

ਪੰਜਾਬ ਦਾ ਚੋਣ ਦੰਗਲ ਖਿਝਾਉਣ ਵਾਲਾ ਅਤੇ ਲੁਭਾਵਣਾ ਸੀ। ਖਿਝਾਉਣ ਵਾਲਾ ਇਸ ਲਈ ਸੀ, ਕਿਉਂਕਿ ਪੰਜਾਬ ਦੇ 'ਹਵਾਈ' ਵਿਕਾਸ ਦੇ ਉਲਟ ਇਸ ਸਾਹਮਣੇ ਵਿਕਰਾਲ ਚੁਣੌਤੀਆਂ ਖੜ੍ਹੀਆਂ ਹਨ। ਚੋਣਾਂ ਦੌਰਾਨ ਅਸੀਂ ਕੋਝੇ ਹੱਥਕੰਡੇ, ਡਰਾਮੇ ਅਤੇ ਸਿਆਸਤਦਾਨਾਂ ਵਲੋਂ ਇਕ ਦੂਜੇ ਖ਼ਿਲਾਫ਼ ਨਿਜੀ ਹਮਲੇ ਦੇਖੇ। ਦੋ ਸਿਆਸੀ ਆਗੂਆਂ ਪ੍ਰਕਾਸ਼ ਸਿੰਘ ਬਾਦਲ ਅਤੇ ਧਰਮਵੀਰ ਗਾਂਧੀ ਨੂੰ ਸਲਾਹੁਣਾ ਬਣਦਾ ਹੈ ਜਿਨ੍ਹਾਂ ਨੇ ਸਿਸ਼ਟਤਾ ਵਾਲੀ ਭਾਸ਼ਾ ਅਤੇ ਸਲੀਕੇ ਦਾ ਪੱਲਾ ਨਹੀਂ ਛੱਡਿਆ। ਇਸ ਖਿਝ ਦੇ ਬਾਵਜੂਦ ਚੋਣ ਦ੍ਰਿਸ਼ ਲੁਭਾਵਣਾ ਸੀ, ਕਿਉਂਕਿ ਪਹਿਲੀ ਵਾਰ ਪੰਜਾਬ ਦੇ ਦੋ ਦਲੀਂ ਮੁਕਾਬਲੇ ਨੂੰ ਤੀਜੇ ਖਿਡਾਰੀ ਵੱਲੋਂ ਚੁਣੌਤੀ ਦਿੱਤੀ ਗਈ। ਇਹ ਧਿਰ ਆਮ ਆਦਮੀ ਪਾਰਟੀ (ਆਪ) ਹੈ। ਉਮੀਦ ਹੈ ਕਿ ਇਸ ਨਾਲ ਪੰਜਾਬੀਆਂ ਕੋਲ ਰਾਜਸੀ ਪਸੰਦ ਵਧੇਗੀ ਜਿਸ ਨਾਲ ਜਮਹੂਰੀਅਤ ਮਜ਼ਬੂਤ ਹੋਵੇਗੀ। ਲੋਕਾਂ ਨੂੰ ਕੇਵਲ ਦੋ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵਿਚੋਂ ਹੀ ਇਕ ਦੀ ਚੋਣ ਲਈ ਮਜਬੂਰ ਨਹੀਂ ਹੋਣਾ ਪਵੇਗਾ।

ਇਤਿਹਾਸ 'ਤੇ ਝਾਤ ਮਾਰੀਏ ਤਾਂ 1950 ਵਿਚ ਇਕ ਵਾਰ ਇਥੇ ਖੱਬੇ ਪੱਖੀਆਂ ਦੇ ਬਦਲ ਵਿਚੋਂ ਉਭਰਨ ਦੀ ਸੰਭਾਵਨਾ ਬਣੀ ਸੀ ਜੋ 1980 ਤਕ ਨਿੱਕੇ-ਵੱਡੇ ਰੂਪ ਵਿਚ ਬਰਕਰਾਰ ਰਹੀ। ਅਣਵੰਡੇ ਪੰਜਾਬ ਵਿਚ 1957 ਦੀਆਂ ਵਿਧਾਨ ਸਭਾ ਚੋਣਾਂ ਵਿਚ 13.6 ਫ਼ੀਸਦ ਵੋਟਾਂ ਕਮਿਊਨਿਸਟ ਪਾਰਟੀ ਅਤੇ 1.3 ਫ਼ੀਸਦ ਵੋਟਾਂ ਪਰਜਾ ਸੋਸ਼ਲਿਸਟ ਪਾਰਟੀ ਨੂੰ ਪਈਆਂ ਸਨ। ਇਸ ਤਰ੍ਹਾਂ ਖੱਬੇ ਪੱਖੀਆਂ ਨੂੰ ਕੁਲ 15 ਫ਼ੀਸਦ ਵੋਟਾਂ ਪਈਆਂ ਸਨ। ਜੇ ਅਸੀਂ ਆਪਣੇ ਆਪ ਨੂੰ ਕੇਵਲ ਮੌਜੂਦਾ ਪੰਜਾਬ ਦੇ ਹਲਕਿਆਂ ਤਕ ਮਹਿਦੂਦ ਕਰੀਏ ਤਾਂ ਇਹ ਵੋਟਾਂ ਤਕਰੀਬਨ 25 ਫ਼ੀਸਦ ਸਨ। ਉਦੋਂ ਹਰ ਚੌਥੇ ਵੋਟਰ ਨੇ ਖੱਬੇ ਪੱਖੀਆਂ ਨੂੰ ਵੋਟ ਪਾਈ ਸੀ।

ਖੱਬੇ ਪੱਖੀ ਸਿਆਸਤਦਾਨਾਂ ਤੋਂ ਇਲਾਵਾ 1960ਵਿਆਂ ਦੇ ਅਖੀਰ ਅਤੇ 1970ਵਿਆਂ ਦੀ ਸ਼ੁਰੂਆਤ ਵਿਚ ਨਕਸਲਬਾੜੀ ਲਹਿਰ ਨੇ ਪੰਜਾਬ ਦੀ ਆਦਰਸ਼ਵਾਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਸੀ। ਖੱਬੇ ਪੱਖੀ ਸਿਆਸਤਦਾਨਾਂ ਨੇ ਵੀ 1980 ਦੀਆਂ ਵਿਧਾਨ ਸਭਾ ਚੋਣਾਂ ਤਕ ਉੱਚਾ ਕੱਦ ਅਤੇ ਆਧਾਰ ਬਰਕਰਾਰ ਰੱਖਿਆ ਸੀ। ਉਦੋਂ ਅਕਾਲੀ ਦਲ, ਸੀ.ਪੀ.ਆਈ. ਅਤੇ ਸੀ.ਪੀ.ਐਮ. ਮਿਲ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਮਾਮੂਲੀ ਫਰਕ ਨਾਲ ਖੁੰਝ ਗਈਆਂ ਸਨ। ਇਹ ਕਿਆਸ ਕਰਨਾ ਬੇਹੱਦ ਲੁਭਾਵਣਾ ਲੱਗਦਾ ਹੈ ਕਿ ਜੇ ਇਹ ਗੱਠਜੋੜ ਉਦੋਂ ਜਿੱਤ ਜਾਂਦਾ ਤਾਂ ਪੰਜਾਬ, ਤੇ ਸਮੁੱਚੀ ਭਾਰਤੀ ਸਿਆਸਤ ਦਾ ਸਰੂਪ ਕਿੰਨਾ ਅਲੱਗ ਹੋਣਾ ਸੀ।

ਉਦੋਂ ਤਕ ਪੰਜਾਬੀ ਖੱਬੇ ਪੱਖੀ ਇਸ ਰਾਜ ਦੇ ਸਮਾਨਤਾਵਾਦੀ ਸਿੱਖ ਸਭਿਆਚਾਰ ਨੂੰ ਆਧੁਨਿਕ ਸਮਾਜਵਾਦ ਦੀਆਂ ਜੜ੍ਹਾਂ ਨਾਲ ਗੁੰਦਣ ਵਿਚ ਕਾਫ਼ੀ ਹੱਦ ਤਕ ਸਫ਼ਲ ਹੋ ਗਏ ਸਨ। 1984 ਬਾਅਦ ਖੱਬੇ ਪੱਖੀ ਸਿਆਸਤਦਾਨਾਂ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਸੀ ਜਦੋਂ ਉਹ ਅਤਿਆਚਾਰ ਖ਼ਿਲਾਫ਼ ਡਟਣ ਵਾਲੀ ਆਪਣੀ ਸਿਆਸੀ ਵਿਚਾਰਧਾਰਾ ਤੋਂ ਮੂੰਹ ਮੋੜ ਕੇ ਸਥਾਪਤੀ ਦੇ ਭਾਈਵਾਲ ਬਣ ਗਏ ਸਨ। ਉਸ ਸਮੇਂ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵੱਡੇ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਸੀ। ਹਰ ਲਹਿਰ ਦੀ ਇਕ ਆਤਮਾ ਹੁੰਦੀ ਹੈ ਅਤੇ ਜਦੋਂ ਇਹ ਰੂਹ ਗੁਆਚ ਜਾਂਦੀ ਹੈ ਤਾਂ ਉਸ ਲਹਿਰ ਦੀ ਮੌਤ ਅਟੱਲ ਹੁੰਦੀ ਹੈ। ਸੰਸਦੀ ਜਮਹੂਰੀਅਤ ਦੀ ਪੈਰੋਕਾਰ ਖੱਬੇ ਪੱਖੀ ਲੀਡਰਸ਼ਿਪ ਵਿਚਲੀ ਗਿਰਾਵਟ ਕਾਰਨ ਹੀ ਸੀ.ਪੀ.ਆਈ. ਦੇ ਦੋ ਵਿਧਾਇਕ ਸਿਧਾਂਤ ਭੁੱਲ ਕੇ ਸਾਲ 2002 ਵਿਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚੋਗੇ ਸਦਕਾ ਕਾਂਗਰਸ ਵੱਲ ਛੜੱਪਾ ਮਾਰ ਗਏ ਸਨ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਦਨ ਵਿਚੋਂ ਮੁਕੰਮਲ ਤੌਰ 'ਤੇ ਗ਼ੈਰਹਾਜ਼ਰੀ ਇਸ ਖੱਬੇ ਪੱਖੀ ਬਦਲ ਦੀ ਜੜ੍ਹ ਪੁੱਟੇ ਜਾਣ ਦੀ ਨਿਸ਼ਾਨੀ ਹੈ।

1970ਵਿਆਂ ਦੇ ਸ਼ੁਰੂ ਵਾਲੀ ਨਕਸਲਬਾੜੀ ਲਹਿਰ ਅਤੇ 1990ਵਿਆਂ ਦੀ ਸਿੱਖ ਖਾੜਕੂ ਲਹਿਰ ਦੇ ਵਹਿਸ਼ੀ ਦਮਨ ਚੱਕਰ ਅਤੇ ਖੱਬੇ ਪੱਖੀ ਸੰਸਦੀ ਸਿਆਸਤ ਦੇ ਖੰਡਰਾਂ ਉਤੇ ਪੰਜਾਬ ਵਿਚ 'ਆਪ' ਦੇ ਤੀਜੇ ਬਦਲ ਵਜੋਂ ਉਭਰਨ ਦੀ ਇਮਾਰਤ ਉਸਰੀ ਹੈ। ਕੀ ਇਹ ਉਹ ਖ਼ਾਸ ਪੰਜਾਬ ਲਿੰਕ ਨਹੀਂ ਜਿਸ ਨਾਲ ਕੇਂਦਰੀ ਲੀਡਰਸ਼ਿਪ ਵਿਚ ਕਿਸੇ ਵੀ ਪੰਜਾਬੀ ਦੀ ਹਾਜ਼ਰੀ ਤੋਂ ਬਿਨਾਂ ਹੀ ਇਹ ਪਾਰਟੀ 2014 ਦੀਆਂ ਚੋਣਾਂ ਵਿਚ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਚਾਰ ਜਿੱਤਣ ਵਾਲੀ ਇਸ ਅੜਾਉਣੀ ਨੂੰ ਹੱਲ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਦੇਸ਼ ਭਰ ਵਿਚ ਇਸ ਪਾਰਟੀ ਨੂੰ ਕੋਈ ਵੀ ਸੀਟ ਨਹੀਂ ਮਿਲੀ ਅਤੇ ਇਸ ਦੇ 434 ਵਿਚੋਂ 414 ਉਮੀਦਵਾਰ ਤਾਂ ਆਪਣੀਆਂ ਜ਼ਮਾਨਤਾਂ ਵੀ ਨਹੀਂ ਬਚਾਅ ਸਕੇ। ਪੰਜਾਬ ਵਿਚ ਇਸ ਕੌਤਕੀ ਜਿੱਤ ਨੇ ਫ਼ਰਵਰੀ 2015 ਵਿਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਦੀ ਬੇਮਿਸਾਲੀ ਜਿੱਤ ਵਿਚ ਅਹਿਮ ਯੋਗਦਾਨ ਦਿੱਤਾ। ਉਦੋਂ ਖੱਬੇ ਪੱਖੀ ਹਮਾਇਤੀਆਂ ਅਤੇ ਸਿੱਖ ਕਾਰਕੁਨਾਂ ਨੇ ਵੀ ਦਿੱਲੀ ਵਿਚ 'ਆਪ' ਲਈ ਸਰਗਰਮੀ ਨਾਲ ਪ੍ਰਚਾਰ ਕੀਤਾ ਸੀ।

ਪੰਜਾਬ ਵਿਚ ਨਕਸਲਬਾੜੀ ਲਹਿਰ ਖ਼ਿਲਾਫ਼ ਸਰਕਾਰੀ ਦਮਨ ਚੱਕਰ ਦੌਰਾਨ 100 ਕਾਰਕੁਨਾਂ ਨੂੰ ਮਾਰ ਮੁਕਾਇਆ ਗਿਆ, ਜਦੋਂ ਕਿ ਹਜ਼ਾਰਾਂ ਹੋਰ ਹਮਾਇਤੀਆਂ ਨੂੰ ਨਾ ਸਿਰਫ਼ ਮਾਇਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ, ਸਗੋਂ ਕੈਦ ਤੇ ਤਸ਼ੱਦਦ ਵੀ ਨੰਗੇ ਪਿੰਡੇ ਉਤੇ ਝੱਲਣਾ ਪਿਆ। ਇਸ ਦਮਨ ਚੱਕਰ ਨੇ ਹਜ਼ਾਰਾਂ ਪਰਿਵਾਰਾਂ ਨੂੰ ਤੋੜ ਕੇ ਰੱਖ ਦਿੱਤਾ। ਇਨ੍ਹਾਂ ਬੇਸਹਾਰਾ ਪਰਿਵਾਰਾਂ ਵਿਚ ਅਸੰਤੁਸ਼ਟੀ ਤੇ ਗੁੱਸੇ ਦੀ ਭਾਵਨਾ ਭਰ ਗਈ। ਮੌਜੂਦਾ ਸਿਆਸੀ ਜਮਾਤਾਂ ਵਿਚ ਇਨ੍ਹਾਂ ਪਰਿਵਾਰਾਂ ਤੇ ਕਾਰਕੁਨਾਂ ਦੀ ਜ਼ਾਹਰਾ ਤੌਰ ਉਤੇ ਕੋਈ ਸਿਆਸੀ ਪਛਾਣ ਨਹੀਂ ਸੀ। 2013/2014 ਤੋਂ ਆਪ ਦੀ ਆਮਦ ਨਾਲ ਉਨ੍ਹਾਂ ਨੂੰ ਆਸ ਮੁਤਾਬਕ ਪਲੈਟਫਾਰਮ ਮੁਹੱਈਆ ਹੋਇਆ। ਇਨ੍ਹਾਂ ਕਾਰਕੁਨਾਂ ਦੀ ਸਿਥਲ ਸ਼ਕਤੀ ਦੇ ਪ੍ਰਗਟਾਵੇ ਨੇ 2014 ਦੀਆਂ ਚੋਣਾਂ ਵਿਚ 'ਆਪ' ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ, ਖ਼ਾਸ ਤੌਰ ਉਤੇ ਫ਼ਰੀਦਕੋਟ ਤੇ ਸੰਗਰੂਰ ਹਲਕਿਆਂ ਵਿਚ ਅਤੇ ਕੁਝ ਹੱਦ ਤੱਕ ਪਟਿਆਲਾ ਹਲਕੇ ਵਿਚ ਵੀ, ਜਿਥੇ ਡਾ. ਗਾਂਧੀ ਨੇ ਕਾਂਗਰਸ ਦੀ ਉਮੀਦਵਾਰ ਪ੍ਰਨੀਤ ਕੌਰ ਨੂੰ ਮਾਤ ਦਿੱਤੀ। ਇਨ੍ਹਾਂ ਹਲਕਿਆਂ ਵਿਚ ਅਜਿਹੇ ਇਲਾਕੇ ਸ਼ਾਮਲ ਹਨ, ਜਿਨ੍ਹਾਂ ਵਿਚ ਨਕਸਲਬਾੜੀ ਲਹਿਰ ਦੀ ਚੜ੍ਹਤ ਰਹੀ ਸੀ, ਖ਼ਾਸ ਤੌਰ ਉਤੇ ਨੌਜਵਾਨ ਪੀੜ੍ਹੀ ਤਾਂ ਇਸ ਲਹਿਰ ਵੱਲ ਕਾਫ਼ੀ ਆਕਰਸ਼ਿਤ ਰਹੀ ਸੀ।

1980ਵਿਆਂ ਤੇ 1990ਵਿਆਂ ਵਿਚ ਸਿੱਖ ਖਾੜਕੂ ਲਹਿਰ ਦੇ ਦਮਨ ਚੱਕਰ ਦੀਆਂ ਜੜਾਂ ਨਕਸਲਬਾੜੀ ਲਹਿਰ ਨਾਲੋਂ ਵੀ ਵਡੇਰੀਆਂ ਤੇ ਡੂੰਘੀਆਂ ਸਨ। ਇਸ ਦਮਨ ਚੱਕਰ ਦੀ ਭੇਟ ਅਜਿਹੇ ਹਜ਼ਾਰਾਂ, ਲੱਖਾਂ ਪਰਿਵਾਰ ਚੜ੍ਹੇ, ਜਿਨ੍ਹਾਂ ਦੇ ਮੈਂਬਰਾਂ ਨੂੰ ਸੁਰੱਖਿਆ ਦਸਤਿਆਂ ਦੇ ਤਸੀਹਿਆਂ, ਸ਼ੋਸ਼ਣ ਜਾਂ ਅਗਵਾ ਜਾਂ ਖ਼ਾਤਮੇ ਦਾ ਸ਼ਿਕਾਰ ਹੋਣਾ ਪਿਆ। ਸਿੱਖ ਵਸੋਂ ਦਾ ਇਕ ਵੱਡਾ ਵਰਗ ਅਸੰਤੁਸ਼ਟ ਅਤੇ ਆਕੀ ਹੋ ਗਿਆ, ਪਰ ਉਨ੍ਹਾਂ ਕੋਲ ਸਿਆਸੀ ਤੌਰ ਉਤੇ ਕੋਈ ਘਰ ਨਹੀਂ ਸੀ। ਇਕ ਸਮੇਂ ਇਨ੍ਹਾਂ ਨਾਖ਼ੁਸ਼ ਲੋਕਾਂ ਨੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ (ਅ) ਦਾ ਸਮਰਥਨ ਕੀਤਾ ਜਿਸ ਬਲਬੂਤੇ ਉਨ੍ਹਾਂ ਦੇ ਉਮੀਦਵਾਰਾਂ ਨੂੰ 1989 ਦੀਆਂ ਲੋਕ ਸਭਾ ਚੋਣਾਂ ਵਿਚ ਵਿਆਪਕ ਜਿੱਤ ਮਿਲੀ। ਹਾਲਾਂਕਿ ਇਸ ਹਮਾਇਤ ਨੂੰ ਕਾਇਮ ਰਹਿਣ ਯੋਗ ਤਰੀਕੇ ਨਾਲ ਜਥੇਬੰਦ ਕਰਨ ਵਿਚ ਮਾਨ ਦੀ ਅਸਮਰੱਥਾ ਕਾਰਨ ਹੀ ਵਸੋਂ ਦਾ ਇਹ ਹਿੱਸਾ ਕਰੀਬ ਕਰੀਬ ਸਮੂਹਿਕ ਤੌਰ ਉਤੇ 'ਆਪ' ਦੀ ਹਮਾਇਤ ਵਿਚ ਚਲਾ ਗਿਆ। 2014 ਦੀਆਂ ਚੋਣਾਂ ਵਿਚ ਫਤਹਿਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖ਼ਾਲਸਾ ਦੀ ਜਿੱਤ 'ਆਪ' ਹਮਾਇਤੀਆਂ ਦੇ ਆਧਾਰ ਨੂੰ ਦਰਸਾਉਂਦੀ ਹੈ।

'ਆਪ' ਹਮਾਇਤੀਆਂ ਵਿਚ ਜਿਹੜੇ ਹੋਰ ਕਾਰਕ ਸ਼ਾਮਲ ਹਨ, ਉਨ੍ਹਾਂ ਵਿਚ ਮੱਧ ਵਰਗੀ ਸ਼ਹਿਰੀ ਹਿੰਦੂ ਵਰਗ ਤੋਂ ਆਉਂਦੇ ਉਹ ਆਦਰਸ਼ਵਾਦੀ ਨੌਜਵਾਨ ਹਨ ਜਿਹੜੇ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੇ ਹਨ। ਇਸ ਤੋਂ ਇਲਾਵਾ ਦਲਿਤ ਅਤੇ ਪਰਵਾਸੀ ਭਾਰਤੀ ਵੀ ਇਸ ਪਾਰਟੀ ਦੀ ਹਮਾਇਤ ਵਿਚ ਹਨ। ਪਾਰਟੀ ਦੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਹਟਾ ਕੇ ਕੀਤੀ ਜਥੇਬੰਦਕ ਉਕਾਈ ਅਤੇ ਆਪਣੇ ਪ੍ਰਚਾਰ ਕਿਤਾਬਚੇ ਵਿਚ ਹਰਿਮੰਦਰ ਸਾਹਿਬ ਦੀ ਤਸਵੀਰ ਉਤੇ ਝਾੜੂ ਦੀ ਤਸਵੀਰ ਛਾਪ ਕੇ ਕੀਤੀ ਸਿਆਸੀ ਭੁੱਲ ਕਾਰਨ 'ਆਪ' ਦੇ ਤੀਜੇ ਬਦਲ ਵਜੋਂ ਉਭਰਨ ਦੀ ਸੰਭਾਵਨਾ ਨੂੰ ਖੋਰਾ ਜ਼ਰੂਰ ਲੱਗਿਆ। ਇਨ੍ਹਾਂ ਭੁੱਲਾਂ ਦੇ ਬਾਵਜੂਦ ਪੰਜਾਬ ਦੇ ਚੋਣ ਅਖਾੜੇ ਵਿਚ 'ਆਪ' ਮਜ਼ਬੂਤ ਭਲਵਾਨ ਬਣੀ ਹੋਈ ਹੈ। ਇਸ ਕੋਲ ਭਾਵੇਂ ਅਕਾਲੀ ਦਲ ਵਰਗਾ ਜਥੇਬੰਦਕ ਢਾਂਚਾ ਨਹੀਂ, ਪਰ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਿੱਝਣ ਦੀ ਸਰਕਾਰ ਦੀ ਅਸਮਰੱਥਾ ਨੂੰ ਆਪਣੇ ਹੱਕ ਵਿਚ ਪੂਰੀ ਤਰ੍ਹਾਂ ਵਰਤਿਆ। ਜਿਥੋਂ ਤੱਕ ਕਾਂਗਰਸ ਦਾ ਸਬੰਧ ਹੈ, ਇਸ ਕੋਲ ਅਮਰਿੰਦਰ ਸਿੰਘ ਤੋਂ ਇਲਾਵਾ ਕੋਈ ਵੀ ਅਜਿਹਾ ਨਹੀਂ ਜਿਸ ਨੂੰ ਉਹ ਆਪਣੇ ਮਹਿਬੂਬ ਤੇ ਮਕਬੂਲ ਆਗੂ ਵਜੋਂ ਦਿਖਾ ਸਕੇ।



ਪੰਜਾਬ ਵਿਚ 'ਆਪ' ਦੀ ਯਕਦਮ ਚੜ੍ਹਾਈ ਤੋਂ ਇਕ ਅਹਿਮ ਸਿਆਸੀ ਨਤੀਜਾ ਨਿਕਲਿਆ ਕਿ ਪੰਜਾਬ ਦੀ ਸਿਆਸਤ ਦਿੱਲੀ ਆਧਾਰਤ ਕੇਂਦਰੀ ਲੀਡਰਾਂ ਦੀ ਥਾਂ ਪੰਜਾਬ ਦੇ ਸਿਆਸਤਦਾਨਾਂ ਹਵਾਲੇ ਕਰਨ ਦੇ ਮਸਲੇ ਨੇ ਪਹਿਲਾਂ ਤੋਂ ਉਲਟ ਇਸ ਵਾਰ ਕਾਫ਼ੀ ਅਹਿਮੀਅਤ ਅਖ਼ਤਿਆਰ ਕੀਤੀ। ਸਾਰੀਆਂ ਸਿਆਸੀ ਪਾਰਟੀਆਂ ਆਪਣੇ ਕੇਂਦਰੀ ਆਗੂਆਂ ਦੀ ਭੂਮਿਕਾ ਨੂੰ ਘਟਾ ਕੇ ਹੀ ਦੇਖਦੀਆਂ ਆਈਆਂ ਹਨ ਅਤੇ ਫੈਸਲੇ ਲੈਣ ਦੀ ਵਡੇਰੀ ਤਾਕਤ ਸੂਬਾਈ ਲੀਡਰਸ਼ਿਪ ਕੋਲ ਹੋਣ ਦਾ ਭਰਮ ਪੈਦਾ ਕਰਦੀਆਂ ਰਹੀਆਂ ਹਨ। ਮੌਜੂਦਾ ਵਿਧਾਨ ਸਭਾ ਚੋਣਾਂ ਦਾ ਨਤੀਜਾ ਕੁਝ ਵੀ ਹੋਵੇ, ਪਰ ਪੂਰੀ ਤਰ੍ਹਾਂ ਕੇਂਦਰੀਕ੍ਰਿਤ 'ਆਪ' ਦਾ ਬਹੁਮੁੱਲਾ ਤੇ ਚਿਰ ਸਥਾਈ ਯੋਗਦਾਨ ਇਹ ਹੋਵੇਗਾ ਕਿ ਇਹ ਪੰਜਾਬ ਦੀ ਸਿਆਸਤ ਦੇ ਖੇਤਰੀਕਰਨ ਨੂੰ ਮਜ਼ਬੂਤ ਕਰੇਗੀ, ਭਾਵੇਂ ਵਿਰੋਧਾਭਾਸੀ ਢੰਗ ਨਾਲ ਹੀ ਸਹੀ।

# ਡੇਰਿਆਂ ਦੀ ਆੜ ਵਿਚ ਸਿਆਸਤ

**ਇੰਦਰਜੀਤ ਸਿੰਘ ਕੰਗ**

ਪੰਜਾਬ ਵਿਧਾਨ ਸਭਾ ਚੋਣਾਂ ਦੇ ਅਖੀਰ ਵਿਚ ਸ਼੍ਰੋਮਣੀ ਅਕਾਲੀ ਦਲ ਡੇਰਾ ਸਿਰਸਾ ਦੀ ਸ਼ਰਨ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ। ਲੋਕਤੰਤਰੀ ਚੋਣਾਂ ਉਤੇ ਇਕ ਵਾਰ ਫਿਰ ਡੇਰਾਵਾਦ ਭਾਰੀ ਪਿਆ। ਇਹ ਤਾਂ ਭਾਰਤ ਅੰਦਰ ਸ਼ੁਰੂ ਤੋਂ ਹੀ ਰਵਾਇਤ ਰਹੀ ਹੈ ਕਿ ਜ਼ਿਆਦਾਤਰ ਰਾਜਨੀਤਕ ਲੋਕਾਂ ਦੀ ਰਾਜਨੀਤੀ ਡੇਰਿਆ ਤੋਂ ਹੀ ਚਲਦੀ ਹੈ। ਵੋਟਾਂ ਨੇੜੇ ਆਉਣ 'ਤੇ ਇਹ ਡੇਰਿਆਂ ਵੱਲ ਇਕ ਦੂਜੇ ਤੋਂ ਮੂਹਰੇ ਹੋ ਕੇ ਵਹੀਰਾਂ ਘੱਤ ਲੈਂਦੇ ਹਨ। ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਇਕ ਦੂਜੇ ਦੇ ਪੂਰਕ ਹੋ ਕੇ ਚੱਲਦੇ ਹਨ, ਜਾਂ ਇਹ ਕਿਹਾ ਜਾ ਸਕਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਡੋਰ ਸ਼੍ਰੋਮਣੀ ਅਕਾਲੀ ਦਲ ਕੋਲ ਹੈ, ਭਾਵ ਧਰਮ ਅਤੇ ਸਿਆਸਤ ਨੂੰ ਇਕੋ ਅੱਖ ਨਾਲ ਦੇਖਿਆ ਜਾਂਦਾ ਹੈ।

ਇਕ ਫਰਵਰੀ ਨੂੰ ਡੇਰਾ ਸਿਰਸਾ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਤੀ ਫਰਮਾਨ ਜਾਰੀ ਹੁੰਦਾ ਹੈ, ਉਸੇ ਦਿਨ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਚੁਪ ਸਾਧ ਲਈ ਜਾਂਦੀ ਹੈ ਜੋ 4 ਫਰਵਰੀ ਦੀਆਂ ਵੋਟਾਂ ਮਗਰੋਂ ਟੁੱਟਦੀ ਹੈ; ਜਦੋਂ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਇਸ ਸਾਂਝ ਵਾਲੇ ਫ਼ੈਸਲੇ ਵਿਰੁੱਧ ਉਸੇ ਦਿਨ ਕਾਰਵਾਈ ਕਰਨੀ ਬਣਦੀ ਸੀ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਲਾਭ ਦਿਵਾਉਣ ਵਿਚ ਅਸਿਧੇ ਤੌਰ 'ਤੇ ਮਦਦ ਕੀਤੀ ਅਤੇ ਚੋਣਾਂ ਤੋਂ ਬਾਅਦ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਤਿੰਨ ਮੈਂਬਰੀ ਜਾਂਚ ਕਮੇਟੀ ਬਣਾ ਦਿੱਤੀ ਹੈ। ਇਕ ਗੱਲ ਹੋਰ ਸਾਹਮਣੇ ਆਈ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਮੇਟੀ ਬਣਾਉਣ ਵੇਲੇ ਡੇਰਾ ਸਿਰਸਾ ਦਾ ਨਾਂ ਲੈਣ ਮੁਨਾਸਿਬ ਨਹੀਂ ਸਮਝਿਆ, ਉਥੇ ਉਨ੍ਹਾਂ ਨੇ 'ਵਿਵਰਜਿਤ ਡੇਰੇ' ਸ਼ਬਦ ਵਰਤਿਆ ਹੈ। ਦੂਸਰੇ ਪਾਸੇ ਡੇਰਾ ਸਿਰਸਾ ਦੇ ਸਿਆਸੀ ਵਿੰਗ ਵੱਲੋਂ ਆਪਣੀ ਲੱਤ ਉਪਰ ਰੱਖਣ ਲਈ ਇਹ ਬਿਆਨ ਦੇਣਾ ਕਿ ਡੇਰਾ ਸਿਰਸਾ ਦੀ ਹਮਾਇਤ ਸ਼੍ਰੋਮਣੀ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਤੋਂ ਬਚਾਏਗੀ ਅਤੇ ਨਾਲ ਹੀ ਇਹ ਕਹਿ ਦਿੱਤਾ ਕਿ ਡੇਰਾ ਕਦੇ ਵੀ ਕਿਸੇ ਨੂੰ ਕੁਝ ਮੰਗੇ ਬਿਨਾਂ ਨਹੀਂ ਦਿੰਦਾ।

ਜੇ ਰਾਜਨੀਤੀ ਨੂੰ ਇਕ ਪਾਸੇ ਛੱਡ ਦਿੱਤਾ ਜਾਵੇ ਅਤੇ ਸਿੱਖ ਧਰਮ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਸਿੱਖਾਂ ਦੀ ਸਰਬ ਉਚ ਅਦਾਲਤ ਸ੍ਰੀ ਅਕਾਲ ਤਖ਼ਤ ਹੈ ਜਿਥੋਂ ਕੋਈ ਵੀ ਹੁਕਮਨਾਮਾ ਜਾਰੀ ਹੋਣ 'ਤੇ ਸਿੱਖ ਸੰਗਤ ਉਸ ਨੂੰ ਸਿਰ ਝੁਕਾ ਕੇ ਸਵੀਕਾਰ ਕਰਦੀ ਹੈ। ਅਜਿਹਾ ਹੀ ਇਕ ਹੁਕਮਨਾਮਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਤੋਂ ਜੂਨ 2007 ਵਿਚ ਜਾਰੀ ਕੀਤਾ ਗਿਆ ਸੀ ਜਿਸ ਵਿਚ ਡੇਰਾ ਸਿਰਸਾ ਦਾ ਪੂਰੀ ਤਰ੍ਹਾਂ ਸਮਾਜਿਕ ਬਾਈਕਾਟ ਕੀਤਾ ਗਿਆ ਸੀ। ਇਸ ਸਭ ਨੂੰ ਨਜ਼ਰਅੰਦਾਜ਼ ਕਰ ਕੇ ਡੇਰਾ ਸਿਰਸਾ ਮੁਖੀ ਤੋਂ ਉਸ ਦੇ ਡੇਰੇ ਵਿਚ ਜਾ ਕੇ ਸਿੱਖ ਉਮੀਦਵਾਰ ਅਸ਼ੀਰਵਾਦ ਲੈਣ ਪੁੱਜ ਗਏ। ਇਨ੍ਹਾਂ ਲਈ ਸਿੱਖੀ ਕੋਈ ਮਾਅਨੇ ਨਹੀਂ ਰੱਖਦੀ। ਜੇ ਸਿੱਖ ਇਤਿਹਾਸ ਵੱਲ ਨਜ਼ਰ ਮਾਰੀ ਜਾਵੇ ਤਾਂ ਇਤਿਹਾਸ ਦੇ ਪੰਨਿਆਂ ਉਤੇ ਉਨ੍ਹਾਂ ਸਿੰਘ ਸੂਰਮਿਆਂ ਦੇ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਪਏ ਹਨ ਜਿਨ੍ਹਾਂ ਨੇ ਆਪਣੇ ਵਚਨ, ਧਰਮ ਅਤੇ ਦੇਸ਼ ਪ੍ਰਤੀ ਜਾਨਾਂ ਵਾਰ ਦਿੱਤੀਆਂ, ਪਰ ਆਪਣੇ ਧਰਮ ਤੋਂ ਕਦੀ ਮੁੱਖ ਨਹੀਂ ਮੋੜਿਆ। ਇਕ ਅੱਜ ਦੇ ਸਿਆਸੀ ਲੋਕ ਹਨ ਜੋ ਸਿਰਫ਼ ਸੱਤਾ ਦੇ ਲਾਲਚ ਵਿਚ ਸਭ ਕੁਝ ਛਿੱਕੇ ਟੰਗ ਕੇ ਆਪਣੇ ਹੱਥ ਜੋੜ ਕੇ ਅਤੇ ਸੀਸ ਝੁਕਾ ਕੇ ਡੇਰਿਆਂ ਤੋਂ ਮੱਦਦ ਲਈ ਖੜ੍ਹੇ ਸਨ।

> ***ਅਕਸਰ ਕਿਹਾ ਜਾਂਦਾ ਹੈ ਕਿ ਜੇ ਕੋਈ ਸਹੀ ਅਤੇ ਸੁਚੱਜਾ ਫ਼ੈਸਲਾ ਨਾ ਲੈਣਾ ਹੋਵੇ ਤਾਂ ਉਸ ਲਈ ਜਾਂਚ ਕਮੇਟੀ ਬਿਠਾ ਦਿੱਤੀ ਜਾਂਦੀ ਹੈ ਭਾਵ 'ਜਾਂਚ ਉਤੇ ਮਿੱਟੀ'। ਇਸ ਕਮੇਟੀ ਦਾ ਮੁੱਖ ਮਕਸਦ ਸਿਰਫ਼ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੰਘਾਉਣਾ ਅਤੇ ਸਮਾਂ ਟਪਾਉਣਾ ਹੈ।... ਕੁਝ ਸਮੇਂ ਬਾਅਦ ਇਹ ਜਾਂਚ ਕਮੇਟੀ ਆਪਣੀ ਰਿਪੋਰਟ ਪ੍ਰਧਾਨ ਨੂੰ ਸੌਂਪੇਗੀ ਅਤੇ ਕਮੇਟੀ ਦੋਸ਼ੀ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਬੁਲਾ ਕੇ ਧਾਰਮਿਕ ਸਜ਼ਾ ਸੁਣਾ ਕੇ ਸੁਚੱਜੇ ਅਕਸ ਵਾਲੇ ਬਣਾ ਦਿੱਤਾ ਜਾਵੇਗਾ। ਇਸ ਨਾਲ ਮਾਮਲਾ ਠੰਢੇ ਬਸਤੇ ਵਿਚ ਪੈ ਜਾਵੇਗਾ।***

ਅਕਸਰ ਕਿਹਾ ਜਾਂਦਾ ਹੈ ਕਿ ਜੇ ਕੋਈ ਸਹੀ ਅਤੇ ਸੁਚੱਜਾ ਫ਼ੈਸਲਾ ਨਾ ਲੈਣਾ ਹੋਵੇ ਤਾਂ ਉਸ ਲਈ ਜਾਂਚ ਕਮੇਟੀ ਬਿਠਾ ਦਿੱਤੀ ਜਾਂਦੀ ਹੈ ਭਾਵ 'ਜਾਂਚ ਉਤੇ ਮਿੱਟੀ'। ਇਸ ਕਮੇਟੀ ਦਾ ਮੁੱਖ ਮਕਸਦ ਸਿਰਫ਼ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੰਘਾਉਣਾ ਅਤੇ ਸਮਾਂ ਟਪਾਉਣਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਇਸ ਜਾਂਚ ਵਿਚੋਂ ਨਿਕਲਣਾ ਕੁਝ ਨਹੀਂ ਹੈ। ਇਸ ਤੋਂ ਪਹਿਲਾਂ ਕੀ ਹੁੰਦਾ ਆਇਆ ਹੈ, ਇਸ ਬਾਰੇ ਵੀ ਕੁਝ ਕਹਿਣ ਦੀ ਜ਼ਰੂਰਤ ਨਹੀਂ। ਕੁਝ ਸਮੇਂ ਬਾਅਦ ਇਹ ਜਾਂਚ ਕਮੇਟੀ ਆਪਣੀ ਰਿਪੋਰਟ ਪ੍ਰਧਾਨ ਨੂੰ ਸੌਂਪੇਗੀ ਅਤੇ ਇਹ ਕਮੇਟੀ ਦੋਸ਼ੀ ਕੁਝ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਬੁਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਕਰਾਉਣ, ਪਾਠ ਸੁਣਨ, ਕੁਝ ਪੈਸੇ ਗੋਲਕ ਵਿਚ ਪਾਉਣ ਤੋਂ ਇਲਾਵਾ ਭਾਂਡੇ ਮਾਂਜਣ ਦੀ ਧਾਰਮਿਕ ਸਜ਼ਾ ਸੁਣਾ ਕੇ ਸੁਚੱਜੇ ਅਕਸ ਵਾਲੇ ਬਣਾ ਦਿੱਤਾ ਜਾਵੇਗਾ। ਇਸ ਨਾਲ ਮਾਮਲਾ ਠੰਢੇ ਬਸਤੇ ਵਿਚ ਪੈ ਜਾਵੇਗਾ। ਇਕ ਵਾਰ ਫਿਰ ਪੰਥਕ ਪਾਰਟੀ ਜੋ ਧਰਮ ਅਤੇ ਸਿਆਸਤ ਨੂੰ ਇਕ ਸਮਝ ਕੇ ਸ੍ਰੀ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਰਹਿ ਕੇ ਕੰਮ ਕਰਨ ਦਾ ਰਾਗ ਅਲਾਪਦੀ ਹੈ, ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਖ਼ੁਦ ਨਜ਼ਰਅੰਦਾਜ਼ ਕਰ ਕੇ ਸਿਆਸੀ ਲਾਹਾ ਖੱਟਣ ਵਿਚ ਕਾਮਯਾਬ ਹੁੰਦੀ ਹੈ ਜਾਂ ਨਹੀਂ, ਇਸ ਸਬੰਧੀ ਫ਼ੈਸਲਾ ਤਾਂ ਲੋਕਾਂ ਨੇ ਕਰ ਦਿੱਤਾ ਹੀ ਹੈ।

ਉਹ ਲੋਕਤੰਤਰੀ ਦੇਸ਼ ਕਦੇ ਵੀ ਤਰੱਕੀ ਦੀਆਂ ਰਾਹਾਂ 'ਤੇ ਨਹੀਂ ਤੁਰ ਸਕਦਾ ਜਿਥੇ ਆਮ ਲੋਕਾਂ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰ ਕੇ ਡੇਰਿਆਂ ਨੂੰ ਪਹਿਲ ਦਿੱਤੀ ਜਾਵੇ। ਇਸ ਲਈ ਹੁਣ ਆਮ ਲੋਕਾਂ ਨੂੰ ਜਾਗਰੂਕ ਹੋਣਾ ਪਵੇਗਾ। ਜਦੋਂ ਤਕ ਅਸੀਂ ਧਰਮ ਅਤੇ ਸਿਆਸਤ ਨੂੰ ਵੱਖ ਨਹੀਂ ਕਰਦੇ, ਇਹ ਸਿਆਸੀ ਲੋਕ ਇਸੇ ਤਰ੍ਹਾਂ ਧਰਮ ਤੇ ਸਿਆਸਤ ਨੂੰ ਜੋੜ ਕੇ ਆਮ ਲੋਕਾਂ ਦੇ ਜਜ਼ਬਾਤ ਨਾਲ ਖਿਲਵਾੜ ਕਰਦੇ ਰਹਿਣਗੇ ਅਤੇ ਆਪਣਾ ਸਿਆਸੀ ਲਾਹਾ ਖੱਟਦੇ ਰਹਿਣਗੇ।

## ਜ਼ਿੰਦਗੀ ਦਾ ਨਾਦ

# ਦਸਤਕ ਦੀ ਦਰਵੇਸ਼ੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਛਪਦੀਆਂ ਆਪਣੀਆਂ ਲਿਖਤਾਂ ਵਿਚ ਘਰ ਦੀਆਂ ਬਰਕਤਾਂ, ਘਰ ਦੇ ਬੂਹੇ ਅਤੇ ਵਿਹੜੇ ਦੀਆਂ ਸਿਫਤਾਂ ਕਰ ਚੁਕੇ ਹਨ। ਉਨ੍ਹਾਂ ਕੰਧਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਕੰਧਾਂ ਇਤਿਹਾਸ ਤੇ ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਕੰਧਾਂ ਹੁੰਗਾਰਾ ਭਰਦੀਆਂ ਨੇ, ਸੰਵਾਦ ਰਚਾਉਂਦੀਆਂ ਨੇ। ਪਿਛਲੇ ਲੇਖ ਵਿਚ ਉਨ੍ਹਾਂ ਦੱਸਿਆ ਸੀ ਕਿ ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੁਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ। ਹਥਲੇ ਲੇਖ ਵਿਚ ਉਨ੍ਹਾਂ ਨਸੀਹਤ ਕੀਤੀ ਹੈ ਕਿ ਦਸਤਕ ਦੀ ਦਾਸਤਾਨ ਜ਼ਰੂਰ ਸੁਣਿਓ ਤਾਂ ਕਿ ਤੁਸੀਂ ਕਦੇ ਤਾਂ ਦਸਤਕ ਦੇ ਰੂ-ਬ-ਰੂ ਹੋ, ਆਪਣੇ ਸਾਹਾਂ ਉਤੇ ਨਰੋਏ ਨਕਸ਼ਾਂ ਦੀ ਇਬਾਦਤ ਲਿਖ ਸਕੋ। -ਸੰਪਾਦਕ***

ਦਸਤਕ ਸੂਚਕ ਹੈ ਕਿਸੇ ਦੀ ਆਮਦ ਦਾ, ਕਿਸੇ ਦੀ ਆਸ ਨੂੰ ਪਿਆ ਹੋਇਆ ਬੂਰ, ਕਿਸੇ ਦੀ ਉਡੀਕ ਮੁੱਕਣ 'ਤੇ ਮਨ ਦੇ ਵਿਹੜੇ 'ਚ ਪੈਂਦੀ ਨਿੱਕੀ ਨਿੱਕੀ ਭੂਰ ਅਤੇ ਸੱਜਣ ਦੇ ਮਿਲਾਪ ਦਾ ਭਵਿੱਖੀ ਸਰੂਰ।

ਬੰਦ ਦਰਵਾਜਾ, ਦਸਤਕ ਨੂੰ ਉਡੀਕਦਾ ਹੈ ਤਾਂ ਕਿ ਉਸ ਦੀਆਂ ਬਰੂਹਾਂ 'ਤੇ ਕੋਈ ਸ਼ਗਨਾਂ ਦਾ ਤੇਲ ਚੋਵੇ ਅਤੇ ਪਾਣੀ ਨਾਲ ਉਸ ਦੀ ਸਰਦਲ ਨੂੰ ਧੋਵੇ। ਦਰਵਾਜੇ ਨੂੰ ਇਹ ਵੀ ਆਸ ਹੁੰਦੀ ਏ ਕਿ ਦਸਤਕ ਹੀ ਬਣੇਗੀ, ਖੇੜਿਆਂ ਤੇ ਖੁਸ਼ੀਆਂ ਦੀ ਬਰਸਾਤ, ਸੱਜਣ ਦੇ ਸਾਥ ਵਿਚ ਧੜਕੇਗੀ ਜਾਗਦੀ ਹੋਈ ਰਾਤ ਅਤੇ ਮਨ ਦੇ ਅੰਬਰੀਂ ਝੁਕੇਗੀ ਜੁਗਨੂੰਆਂ ਦੀ ਬਰਾਤ।



ਕਈ ਵਾਰ ਦਸਤਕ ਦੀ ਉਡੀਕ ਬੜੀ ਲੰਬੀ ਹੋ ਜਾਂਦੀ ਏ। ਉਮਰਾਂ ਬੀਤ ਜਾਂਦੀਆਂ ਨੇ ਬਿੜਕ ਲਈ, ਪੋਲਾ ਪੋਲਾ ਬੂਹਾ ਠਕੋਰਦੇ ਹੱਥਾਂ ਲਈ ਅਤੇ ਵਿਹੜਿਆਂ ਵਿਚਲੀਆਂ ਸੱਥਾਂ ਲਈ।

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 647-702-5445**

ਜੀਵਨ 'ਚ ਚੰਗੇਰੇ ਮੌਕਿਆਂ ਦੀ ਦਸਤਕ ਨੂੰ ਜੇ ਅਸੀਂ ਧਿਆਨ ਨਾਲ ਸੁਣ, ਸਾਰਥਕ ਹੁੰਗਾਰਾ ਭਰਾਂਗੇ ਤਾਂ ਕਿਸਮਤ ਜ਼ਰੂਰ ਹੀ ਸਾਡੇ ਉਪਰ ਮੁਸਕਰਾਏਗੀ ਕਿਉਂਕਿ ਜ਼ਿੰਦਗੀ 'ਚ ਹਰ ਇੱਕ ਨੂੰ 'ਕੇਰਾਂ ਮੌਕਾ ਜ਼ਰੂਰ ਮਿਲਦਾ ਏ ਕੁਝ ਕਰ ਦਿਖਾਉਣ ਦਾ, ਕਿਸਮਤ ਦੀਆਂ ਰੇਖਾਵਾਂ ਨੂੰ ਉਕਰਾਉਣ ਦਾ ਅਤੇ ਇਨ੍ਹਾਂ ਰੇਖਾਵਾਂ ਨੂੰ ਬਦਲਣ ਦੀ ਸਮਰੱਥਾ ਉਪਜਾਉਣ ਦਾ।

ਦਸਤਕ, ਹਰ ਬੀਹੀ 'ਚ ਗੇੜਾ ਲਾਉਂਦੀ ਰਹੇ, ਹਰ ਦਰ ਦੀ ਝੋਲੀ 'ਚ ਨਿਆਮਤਾਂ ਪਾਉਂਦੀ ਰਹੇ ਅਤੇ ਵਕਤ ਦੀ ਤਲੀ 'ਤੇ ਰਾਂਗਲੀ ਮਹਿੰਦੀ ਲਾਉਂਦੀ ਰਹੇ।

ਦਸਤਕ ਧਰਦੀ ਏ ਨਿੱਕੇ ਬਾਲ ਦੀ ਤਲੀ 'ਤੇ ਖਿਡੌਣਿਆਂ ਦਾ ਸੰਸਾਰ, ਚਹੁੰ ਕੂਟੀਂ ਵਿਗਸਦਾ ਪਿਆਰ ਅਤੇ ਸੁੰਨੀ ਤੇ ਰੁਆਂਸੀ ਜ਼ਿੰਦਗੀ 'ਚ ਮੌਲਦੀ ਬਹਾਰ।

ਲੰਮੇਰੀ ਕਾਲਖਾਂ ਭਰਪੂਰ ਰਾਤ ਦੇ ਵਿਹੜੇ ਜਦੋਂ ਸਰਘੀ ਦਸਤਕ ਦਿੰਦੀ ਏ ਤਾਂ ਵਣ-ਤਿਣ ਮੌਲਦਾ ਏ। ਬਨਸਪਤੀ ਤ੍ਰੇਲ ਤੁਪਕਿਆਂ ਦਾ ਹਾਰ ਪਹਿਨੀ ਹਰ ਮਸਤਕ ਵਿਚ ਸੁੱਚੀ ਸੋਚ ਉਪਜਾਉਂਦੀ, ਮਨੁੱਖਤਾ ਦੀ ਸਦੀਵਤਾ ਦਾ ਨਗਮਾ ਗੁਣਗਣਾਉਂਦੀ ਏ। ਪੰਛੀਆਂ ਦੇ ਬੋਲਾਂ ਵਿਚ ਰਮੇ ਹੋਏ ਕਰਤਾਰੀ ਬੋਲ ਫਿਜ਼ਾ ਨੂੰ ਜਿਉਣ ਜੋਗਾ ਕਰਦੇ ਨੇ। ਕੁਦਰਤੀ ਪਸਾਰਾ ਅੰਗੜਾਈ ਭਰਦਾ ਏ ਅਤੇ ਸੂਰਜੀ ਕਿਰਨਾਂ ਦਾ ਸੰਧਾਰਾ, ਚਿਹਰਿਆਂ 'ਤੇ ਸੁਰਖ ਭਾਅ ਧਰਦਾ ਏ।

ਕਈ ਵਾਰ ਕੁਦਰਤੀ ਸੰਤੁਲਨ ਵਿਚ ਪੈਦਾ ਹੋ ਰਿਹਾ ਵਿਗਾੜ ਵੀ ਸਾਡੀ ਮਲੀਨ ਸੋਚ ਦੇ ਦਰੀਂ ਦਸਤਕ ਦਿੰਦਾ ਏ, ਸਾਨੂੰ ਇਹ ਸੁਚੇਤ ਕਰਨ ਲਈ ਕਿ ਜੇ ਮਨੁੱਖ ਇਸ ਤਰ੍ਹਾਂ ਹੀ ਕੁਦਰਤੀ ਰੁਝਾਨਾਂ ਨੂੰ ਉਲੰਘਦਾ ਰਿਹਾ, ਉਸ ਦੀਆਂ ਨਿਆਮਤਾਂ ਦੀ ਬੇਅਦਬੀ ਕਰਦਾ ਰਿਹਾ, ਮਨੁੱਖੀ ਸਾਹ-ਰਗਾਂ ਦੀ ਸੰਘੀ ਨੱਪਦਾ ਰਿਹਾ ਤਾਂ ਮਨੁੱਖੀ ਹੋਂਦ ਉਤੇ ਉਕਰੇ ਹੋਏ ਪ੍ਰਸ਼ਨ ਚਿੰਨ੍ਹ ਦਾ ਉਹ ਖੁਦ ਕਸੂਰਵਾਰ ਹੋਵੇਗਾ। ਫਿਰ ਉਸ ਦਾ ਮਾਤਮ ਮਨਾਉਣ ਵਾਲਾ ਵੀ ਕੋਈ ਨਹੀਂ ਹੋਵੇਗਾ।

ਜਦੋਂ ਘਰ, ਨਿਰਮੋਹੀਆਂ ਕੰਧਾਂ, ਕਮਰਿਆਂ ਤੇ ਕੈਦਖਾਨੇ ਦੀ ਜੂਨ ਹੰਢਾਉਂਦਾ ਏ, ਇਸ ਦੇ ਚੌਗਿਰਦੇ 'ਚੋਂ ਹਉਮੈ ਦੀ ਬੂਅ ਆਉਂਦੀ ਏ ਤੇ ਘਰ ਇੱਕ ਮਕਾਨ ਜਾਂ ਮਹੱਲ ਦੇ ਅਰਥਾਂ 'ਚ ਗਵਾਚ ਜਾਂਦਾ ਏ ਤਾਂ ਘਰ ਵਲੋਂ ਤੁਹਾਡੇ ਮਸਤਕ 'ਤੇ ਦਿੱਤੀ ਹੋਈ ਪੋਲੀ ਜਿਹੀ ਦਸਤਕ ਨੂੰ ਜ਼ਰੂਰ ਸੁਣਿਓ। ਉਹ ਦਸਤਕ, ਜੋ ਕਹਿਣਾ ਚਾਹੁੰਦੀ ਹੈ, "ਵਾਸਤਾ ਈ! ਘਰ ਨੂੰ ਘਰ ਜ਼ਰੂਰ ਰਹਿਣ ਦਿਉ।"

ਕਾਲੇ ਵਕਤਾਂ ਦੀ ਦਸਤਕ ਬਹੁਤੀ ਵਾਰ ਕਹਿਰ ਵਰਤਾਉਂਦੀ, ਸਾਡੇ ਸੁੱਚੇ ਸਾਹਾਂ ਦਾ ਸਿਵਾ ਵੀ ਸੇਕਦੀ ਏ। ਬੀਤੇ ਕਾਲੇ ਦੌਰ 'ਚ ਵਾਪਰੇ ਦੁਖਾਂਤ, ਚੁੱਲ੍ਹਿਆਂ ਦਾ ਰੁਦਨ, ਵਿਹੜਿਆਂ ਦਾ ਹੰਢਾਇਆ ਸਰਾਪ ਅਤੇ ਸੱਥਾਂ ਦਾ ਹਉਕਾ ਹੁਣ ਵੀ ਯਾਦ ਆਉਣ 'ਤੇ ਹਵਾ 'ਚ ਕੰਬਣੀ ਛੇੜ ਦਿੰਦਾ ਏ। ਅਜਿਹੀ ਦਸਤਕ ਨੂੰ ਦਫਨ ਕਰਨ ਵੇਲੇ ਕਫਨ ਵੀ ਨਸੀਬ ਨਹੀਂ ਹੁੰਦਾ।

ਪਾਣੀ ਖੁਣੋਂ ਮੁਰਝਾਏ ਅਤੇ ਮੋਹ ਤੋਂ ਵਿਰਵੇ ਗਮਲੇ ਵਿਚ ਉਗੇ ਬੂਟੇ ਦੀ ਕਦੀ ਹਾਕ ਜ਼ਰੂਰ ਸੁਣਿਓ ਜੋ ਇੱਟਾਂ ਤੇ ਪੱਥਰਾਂ 'ਚ ਘਿਰਿਆ, ਗਮਲੇ 'ਚੋਂ ਧਰਤੀ ਦਾ ਭਰਮ ਪਾਲਦਾ, ਆਪਣਾ ਮਰਸੀਆ ਖੁਦ ਪੜ੍ਹ ਰਿਹਾ ਹੁੰਦਾ ਏ। ਉਹ ਸਹਿਕ ਜਾਂਦਾ ਏ, ਹੌਲੀ ਹੌਲੀ ਸਹਿਲਾਉਂਦੇ ਪੋਟਿਆਂ ਲਈ, ਜਿਉਣਾ ਲੋਚਦਾ ਏ ਜ਼ਿੰਦਗੀ ਦੇ ਨਿੱਕੇ ਨਿੱਕੇ ਟੋਟਿਆਂ ਲਈ ਅਤੇ ਮਨ 'ਚ ਲੱਖ ਦੁਆਵਾਂ ਮੰਗਦਾ ਏ, ਮੰਜ਼ਿਲ ਵੰਨੀ ਵਧ ਰਹੇ ਟਾਹਣ ਦੇ ਗੋਭਲ ਹਰਨੋਟਿਆਂ ਲਈ।

ਖਿੜ੍ਹੇ ਹੋਏ ਫੁੱਲ ਵੰਨੀਂ ਜਦੋਂ ਅਸੀਂ ਦੇਖਦੇ ਹਾਂ ਤਾਂ ਫੁੱਲ ਦੀ ਤੱਕਣੀ 'ਚੋਂ ਉਭਰਿਆ ਪ੍ਰਸ਼ਨ ਵੀ ਇਕ ਦਸਤਕ ਬਣਦਾ ਹੈ, "ਐ ਮਨੁੱਖ! ਕੀ ਤੂੰ ਕਦੇ ਮੇਰੇ ਮੁੱਖ 'ਤੇ ਤਿਓੜੀ ਦੇਖੀ ਏ? ਕੀ ਤੂੰ ਮੇਰੇ ਵਾਂਗੂੰ ਹਾਸਿਆਂ ਤੇ ਖੇੜਿਆਂ ਦੀ ਹੱਟ ਨਹੀਂ ਲੁਟਾ ਸਕਦਾ? ਕੀ ਤੇਰੇ ਮਸਤਕ ਵਿਚ ਨਿਜੀ ਮੁਫਾਦ ਦੇ ਰੀਂਘਦੇ ਜੀਵਾਣੂ, ਤੇਰਾ ਆਪਾ ਖਾਣ ਤੋਂ ਸਿਵਾਏ ਵੀ ਕੁਝ ਸੰਵਾਰਦੇ ਨੇ? ਤੈਨੂੰ ਫੁੱਲਾਂ ਦੀ ਵਾਦੀ 'ਚ ਪਾਰ ਪਾਉਣੇ ਤੋਂ ਕਿਹੜੀ ਬਿਰਤੀ ਹੋੜ ਰਹੀ ਏ ਅਤੇ ਤੇਰੀ ਸੋਚ ਨੂੰ ਸ਼ਹਿਰਾਂ, ਮਾਰੂਥਲਾਂ, ਬੀਆਬਾਨ ਤੇ ਪੱਤਝੜਾਂ ਸੰਗ ਜੋੜ ਰਹੀ ਏ?" ਕਦੇ ਹੋ ਸਕੇ ਤਾਂ ਇਸ ਦਸਤਕ ਦੀ ਪਿੱਠ-ਭੂਮੀ 'ਤੇ ਉਸਰੇ ਪ੍ਰਸ਼ਨਾਂ ਦਾ ਜਵਾਬ ਆਪਣੇ-ਆਪ 'ਚੋਂ ਜ਼ਰੂਰ ਤਲਾਸ਼ਿਓ।

> ***ਦਸਤਕ, ਹੋਣੀ ਦੀ ਆਰਜਾ ਵੀ ਬਣਦੀ ਏ ਜਦੋਂ ਅਸੀਂ ਜਿਉਣ ਨਾਲੋਂ ਮਰਨ 'ਚੋਂ ਜ਼ਿੰਦਗੀ ਦੇ ਸੁੱਚੇ ਅਰਥਾਂ ਦੀ ਇਬਾਦਤ ਉਜਾਗਰ ਕਰਦੇ ਹਾਂ ਜਿਵੇਂ ਕਿ ਆਜ਼ਾਦੀ ਅੰਦੋਲਨ ਦੌਰਾਨ ਭਗਤ ਸਿੰਘ ਦੀ ਸ਼ਹੀਦੀ ਜਾਂ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਮਾਣ-ਮੱਤਾ ਇਤਿਹਾਸ।***

ਸਮੇਂ ਦੇ ਹਰ ਦੌਰ 'ਚ ਹੀ ਦਸਤਕ ਨੇ ਸਾਡਾ ਦਰਵਾਜਾ ਖੜਕਾਇਆ ਏ, ਸਾਥੋਂ ਸੰਸਾਰਕ ਦੁਸ਼ਵਾਰੀਆਂ ਦਾ ਪਤਾ ਲਗਵਾਇਆ ਏ ਅਤੇ ਫਿਰ



ਉਨ੍ਹਾਂ ਮੁਸ਼ਕਲਾਂ ਦਾ ਸੰਭਾਵੀ ਹੱਲ ਸੋਚ ਦੇ ਦਰਵਾਜੇ 'ਤੇ ਲਟਕਾਇਆ ਏ।

ਪਤਝੜਾਂ ਹੰਢਾਉਣ ਤੋਂ ਬਗੈਰ, ਬਹਾਰ ਦੀ ਦਸਤਕ ਕਿਸੇ ਦਾ ਨਸੀਬ ਨਹੀਂ ਬਣਦੀ। ਸੁੱਕੇ ਦਰਿਆਵਾਂ ਨੂੰ ਉਸ ਦਸਤਕ ਦੀ ਸਦਾ ਉਡੀਕ ਰਹਿੰਦੀ ਏ ਜਿਹੜੀ ਵਗਦੇ ਪਾਣੀ ਸੰਗ, ਉਸ ਦੀ ਹਿੱਕੜੀ ਨੂੰ ਧੜਕਾਉਂਦੀ ਏ।

ਦਸਤਕ, ਦਖਸ਼ਣਾ ਨਹੀਂ, ਇਹ ਤਾਂ ਸਾਡੇ ਹੱਥਾਂ ਦੇ ਰੱਟਣਾਂ ਉਤੇ ਟਕੋਰ ਹੁੰਦੀ ਏ, ਮਿੱਠੀ ਜਿਹੀ ਲੋਰ ਹੁੰਦੀ ਏ ਅਤੇ ਜੀਵਨ ਦੇ ਕਾਫਲੇ ਦੀ ਮਟਕਣੀ ਤੋਰ ਹੁੰਦੀ ਏ।

ਮਿਥੇ ਟੀਚੇ ਦੀ ਪ੍ਰਾਪਤੀ ਦੀ ਦਸਤਕ, ਸਾਡੀ ਸਮਰੱਥਾ ਤੇ ਸੰਭਾਵਨਾਵਾਂ ਦੀ ਪ੍ਰਤੱਖ ਪ੍ਰਾਪਤੀ ਹੁੰਦੀ ਏ ਜਿਸ ਨੂੰ ਸੁਣਨ ਲਈ ਅਸੀਂ ਆਪਣੇ ਮਾਪਿਆਂ, ਸਬੰਧੀਆਂ ਤੇ ਸਮਾਜ ਦੀਆਂ ਭਾਵਨਾਵਾਂ ਨੂੰ ਵੀ ਮਨ 'ਚ ਟਿਕਾਇਆ ਹੁੰਦਾ ਏ। ਅਜਿਹੀ ਦਸਤਕ ਦੀ ਵਿਸਮਾਦੀ ਯਾਦ, ਸਾਡੇ ਜੀਵਨ ਦੀ ਸੁਨਹਿਰੀ ਘੜੀ ਹੁੰਦੀ ਏ ਜਿਸ ਨੂੰ ਪਕੜਨ ਜਾਂ ਚਿਤਵਣ ਦੀ ਆਸਥਾ ਅਕਸਰ ਹੀ ਸਾਡੀ ਸੋਚਣੀ ਦਾ ਅੰਗ ਬਣੀ ਰਹਿੰਦੀ ਏ।

ਦਸਤਕ ਦੂਰ ਤੀਕ ਸਾਡੀਆਂ ਪੈੜਾਂ ਨੱਪਦੀ ਉਹ ਦੁਆ ਹੁੰਦੀ ਏ ਜਦੋਂ ਕੋਈ ਪਰਦੇਸ ਨੂੰ ਤੁਰਿਆ, ਕੰਨਾਂ 'ਚ ਉਦਾਸ ਦਸਤਕ ਕਿਆਸਦਾ, ਮੁੜ ਮੁੜ ਦਰਾਂ 'ਤੇ ਖੜੀ ਦੁਪਹਿਰ ਨੂੰ ਨਿਹਾਰਦਾ, ਮਜਬੂਰੀ 'ਚ ਪੈਰਾਂ ਨੂੰ ਸਫਰ ਦਾ ਸਿਰਨਾਵਾਂ ਦੱਸਦਾ ਏ।

ਕਦੇ ਕਦੇ ਹੱਥੋਂ ਤਿਲਕ ਰਿਹਾ ਵਕਤ ਵੀ ਦਸਤਕ ਦਿੰਦਾ ਏ ਕਿ ਮੇਰੀ ਵੀ ਆਵਾਜ਼ ਸੁਣੋ। ਲੰਘਿਆ ਵਕਤ ਤੇ ਵਗਦਾ ਪਾਣੀ ਕਦੇ ਮੁੜ ਨਹੀਂ ਥਿਆਉਂਦੇ। ਭੂਤ, ਸਾਡੀ ਤਲੀ 'ਤੇ ਭਵਿੱਖ ਦੇ ਸੁਪਨੇ ਟਿਕਾਉਂਦਾ ਏ। ਅਸੀਂ ਆਪਣੀਆਂ ਗਲਤੀਆਂ ਨੂੰ ਸੁਧਾਰ ਕੇ ਹੀ ਆਪਣੀਆਂ ਪ੍ਰਾਪਤੀਆਂ ਦਾ ਮੁਖੜਾ ਨਿਹਾਰਨਾ ਹੁੰਦਾ ਏ।

ਦਸਤਕ ਦੀ ਦਾਸਤਾਨ ਜ਼ਰੂਰ ਸੁਣਿਓ ਤਾਂ ਕਿ ਤੁਸੀਂ ਕਦੇ ਤਾਂ ਦਸਤਕ ਦੇ ਰੂ-ਬ-ਰੂ ਹੋ, ਆਪਣੇ ਸਾਹਾਂ ਉਤੇ ਨਰੋਏ ਨਕਸ਼ਾਂ ਦੀ ਇਬਾਦਤ ਲਿਖ ਸਕੋ।

ਬੀਤੇ ਸਮੇਂ 'ਚ ਜਦੋਂ ਵੀ ਸ਼ਾਮ ਪਿੰਡ ਦੀਆਂ ਬਰੂਹਾਂ 'ਤੇ ਦਸਤਕ ਦਿੰਦੀ ਸੀ ਤਾਂ ਸਾਡੀਆਂ ਮਾਂਵਾਂ ਤੇ ਦਾਦੀਆਂ ਦੀਵਾ ਡੰਗਦੀਆਂ ਵਿਹੜੇ ਅਤੇ ਪਿੰਡ ਲਈ ਸੁੱਖ ਤੇ ਅਮਨ-ਚੈਨ ਲਈ ਅਰਦਾਸ ਕਰਦੀਆਂ ਸਨ। ਅਰਦਾਸ, ਜੋ ਅੰਤਰ-ਆਤਮਾ ਦੀ ਆਵਾਜ਼ ਬਣ ਕਈ ਅਚਰਜ ਵਰਤਾਰਿਆਂ ਦੀ ਰੂਹ ਬਣਦੀ ਅਤੇ ਸ਼ੁਭ-ਕਾਮਨਾਵਾਂ ਦੀ ਜੂਹ ਹੁੰਦੀ ਸੀ।

ਜੀਵਨ ਦੇ ਚਾਰ ਰੰਗਾਂ-ਬਚਪਨ, ਜਵਾਨੀ, ਅਧੇੜ ਉਮਰ ਤੇ ਬੁਢਾਪੇ ਦੀ ਦਸਤਕ, ਮਨੁੱਖੀ ਵਿਹਾਰ ਦੀ ਸਤਰੰਗੀ ਪੀਂਘ ਬਣ ਬਹੁਰੂਪੀ ਸੰਭਾਵਨਾਵਾਂ ਦੀ ਚਿੱਤਰਕਾਰੀ ਕਰਦੀ ਏ। ਉਸ ਦਸਤਕ 'ਚ ਸਮੋਇਆ ਹੁੰਦਾ ਏ, ਬਹੁਰੰਗੀਆਂ ਪ੍ਰਾਪਤੀਆਂ ਦਾ ਇਤਿਹਾਸ ਅਤੇ ਭਵਿੱਖ ਦੀ ਜੂਹ 'ਚ ਅੰਗੜਾਈਆਂ ਭਰਦਾ ਮਿਥਿਹਾਸ।

ਦਸਤਕ, ਦਗਦੇ ਅੰਗਿਆਰਾਂ 'ਤੇ ਰੱਖੇ ਹੋਏ ਕਦਮ ਵੀ ਹੁੰਦੀ ਏ ਜਦੋਂ ਅਗਨ 'ਚੋਂ ਠੰਡ ਦਾ ਅਹਿਸਾਸ ਉਪਜਾ, ਅਸੀਂ ਮੰਜ਼ਿਲ ਨੂੰ ਅਗਲਵਾਂਢੀ ਹੋ ਟੱਕਰਦੇ ਹਾਂ।

ਚਾਨਣ ਦੀ ਦਸਤਕ 'ਚ ਹਨੇਰਿਆਂ ਦੇ ਗਲੇਡੂਆਂ ਕਾਰਨ ਗੰਗਾ 'ਚ ਹੜ੍ਹ ਆਉਂਦਾ ਏ। ਹਾਸਿਆਂ ਦੀ ਦਸਤਕ 'ਚ ਮੱਥੇ ਦੀਆਂ ਤਿਓੜੀਆਂ ਦਾ ਸੰਘਣਾਪਣ ਅਲੋਪ ਹੁੰਦਾ ਏ। ਚਾਵਾਂ ਦੀ ਦਸਤਕ ਨਾਲ ਸੰਧੂਰੀ ਰੰਗ ਮੁਖੜੇ 'ਤੇ ਆਲ੍ਹਣਾ ਪਾਉਂਦਾ ਏ।

ਦਸਤਕ, ਅੱਡੇ ਹੋਏ ਹੱਥਾਂ 'ਚ ਪ੍ਰਾਪਤ ਪਹਿਲੀ ਦੁਆ ਹੁੰਦੀ ਏ ਜਿਸ ਨਾਲ ਅਸੀਂ ਜੀਵਨ ਦੀ ਸੁੱਚੀ ਫੁਲਕਾਰੀ ਕੱਢਣ ਲਈ ਪਹਿਲਾ ਤੋਪਾ ਭਰਦੇ ਹਾਂ।

ਦਸਤਕ, ਹੋਣੀ ਦੀ ਆਰਜਾ ਵੀ ਬਣਦੀ ਏ ਜਦੋਂ ਅਸੀਂ ਜਿਉਣ ਨਾਲੋਂ ਮਰਨ 'ਚੋਂ ਜ਼ਿੰਦਗੀ ਦੇ ਸੁੱਚੇ ਅਰਥਾਂ ਦੀ ਇਬਾਦਤ ਉਜਾਗਰ ਕਰਦੇ ਹਾਂ ਜਿਵੇਂ ਕਿ ਆਜ਼ਾਦੀ ਅੰਦੋਲਨ ਦੌਰਾਨ ਭਗਤ ਸਿੰਘ ਦੀ ਸ਼ਹੀਦੀ ਜਾਂ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਮਾਣ-ਮੱਤਾ ਇਤਿਹਾਸ।

ਦਸਤਕ, ਉਦੋਂ ਅਹਿਮੀਅਤ ਦਾ ਅੰਜਾਮ ਗ੍ਰਹਿਣ ਕਰਦੀ ਏ ਜਦੋਂ ਭੁੱਖੇ ਢਿੱਡ ਲਈ ਟੁੱਕਰ,

> ***ਜਦੋਂ ਘਰ, ਨਿਰਮੋਹੀਆਂ ਕੰਧਾਂ, ਕਮਰਿਆਂ ਤੇ ਕੈਦਖਾਨੇ ਦੀ ਜੂਨ ਹੰਢਾਉਂਦਾ ਏ, ਇਸ ਦੇ ਚੌਗਿਰਦੇ 'ਚੋਂ ਹਉਮੈ ਦੀ ਬੂਅ ਆਉਂਦੀ ਏ ਤੇ ਘਰ ਇੱਕ ਮਕਾਨ ਜਾਂ ਮਹੱਲ ਦੇ ਅਰਥਾਂ 'ਚ ਗਵਾਚ ਜਾਂਦਾ ਏ ਤਾਂ ਘਰ ਵਲੋਂ ਤੁਹਾਡੇ ਮਸਤਕ 'ਤੇ ਦਿੱਤੀ ਹੋਈ ਪੋਲੀ ਜਿਹੀ ਦਸਤਕ ਨੂੰ ਜ਼ਰੂਰ ਸੁਣਿਓ। ਉਹ ਦਸਤਕ, ਜੋ ਕਹਿਣਾ ਚਾਹੁੰਦੀ ਹੈ, "ਵਾਸਤਾ ਈ! ਘਰ ਨੂੰ ਘਰ ਜ਼ਰੂਰ ਰਹਿਣ ਦਿਉ।"***

ਕੁੱਲੀ 'ਚ ਜਗਦਾ ਦੀਵਾ, ਉਡੀਕ ਦੀ ਤਲੀ 'ਤੇ ਆਸ, ਬੇਉਮੀਦੀ ਦੇ ਵਖਤਾਂ 'ਚ ਧਰਵਾਸ ਆਦਿ ਦੀ ਹਲਕੀ ਜਿਹੀ ਦਸਤਕ ਸੁੰਗੜੇ ਸਾਹਾਂ ਨੂੰ ਉਮਰੋਂ ਲੰਮੇਰੀ ਧੜਕਣ ਬਖਸ਼ਦੀ ਏ।

ਜਦੋਂ ਜੀਵਨ ਹੁੱਜਰੇ 'ਤੇ ਕਾਲੇ ਵਸਤਰਾਂ ਵਾਲਾ ਸ਼ਖਸ ਦਸਤਕ ਦੇਵੇਗਾ ਅਤੇ ਜਿੰਦ ਡੂੰਘੀ ਨੀਂਦ ਵਿਚੋਂ ਜਾਗੇਗੀ ਤਾਂ ਜੀਵਨ ਦੇ ਹਿਸਾਬ-ਕਿਤਾਬ ਦੀਆਂ ਵਹੀਆਂ, ਜੀਵਨ ਲਈ ਵਕਫ ਕੀਤੇ ਮੁਨਕਰ 'ਤੇ ਲਕੀਰ ਵਿਛਾ ਦੇਵੇਗਾ ਤਾਂ ਜਿੰਦ ਦਾ ਲੇਖਾ-ਜੋਖਾ, ਜੀਵਨ ਸ਼ਬਦਾਂ ਦੇ ਵਣਜ ਨਾਲੋਂ ਔਖਾ ਹੋਵੇਗਾ। ਜੀਵਨ ਨੂੰ ਭਰੋਸਾ ਹੈ ਕਿ ਜਿੰਦ ਆਪਣੀ ਉਮਰ ਦੇ ਰਕਬੇ ਉਤੇ ਪੂਰੀ ਫੈਲ ਜਾਵੇਗੀ।

ਦਸਤਕ ਜ਼ਰੂਰ ਸੁਣੋ। ਰੋਟੀਓਂ ਆਤੁਰ ਹੋਏ ਲਾਚਾਰ ਦੀ, ਸ਼ੋਰ 'ਚ ਗੁੰਮ ਰਹੀ ਸੰਗੀਤਕ ਫੁਹਾਰ ਦੀ, ਫੁੱਲਾਂ 'ਤੇ ਪੈ ਰਹੀ ਕੰਡਿਆਂ ਦੀ ਮਾਰ ਦੀ, ਨਿਰਬਲ ਦੇ ਨੈਣਾਂ 'ਚ ਤਰਦੀ ਪੁਕਾਰ ਦੀ, ਸਿਸਕ ਰਹੇ ਮਾਨਵੀ ਕਿਰਦਾਰ ਦੀ ਅਤੇ ਹਉਕਿਆਂ 'ਚ ਭਿੱਜੀ ਹੋਈ ਬਹਾਰ ਦੀ।

ਦੋਸਤੋ! ਉਸ ਦਸਤਕ ਦਾ ਹੁੰਗਾਰਾ ਜ਼ਰੂਰ ਭਰਿਓ, ਜੋ ਤੁਹਾਨੂੰ ਮਾਨਵਤਾ ਦੀ ਮੁਹਾਰਨੀ ਰਟਾਵੇ, ਤੁਹਾਡੇ ਹੱਥਾਂ 'ਚ ਦੁਖ-ਹਰਨ ਵਾਲੀ ਸਫਾ ਟਿਕਾਵੇ, ਤੁਹਾਡੀ ਸੋਚ ਵਿਚ ਸੁੱਚਮਤਾ ਦੀ ਜੋਤ ਜਗਾਵੇ ਅਤੇ ਤੁਹਾਨੂੰ ਨਿਜ ਤੋਂ ਪਰ ਤੀਕ ਦੀ ਧਰਾਤਲ ਦੀ ਸੈਰ ਕਰਾਵੇ।

## ਕਾਵਿ-ਜਗਤ

### ਜ਼ਿੰਦਗੀ

ਦੇਖਦੇ ਰਹੇ ਤਾਰੀਖਾਂ,
ਸਾਲਾਂ ਨੂੰ ਗਾਲਦੇ ਰਹੇ।
ਰੁੱਤਾਂ ਨਾਲ ਜਿਉਂਦੇ ਰਹੇ,
ਉਮਰਾਂ ਨੂੰ ਢਾਲਦੇ ਰਹੇ।
ਇੱਕ ਦਿਨ ਸੂਰਜ ਵੀ
ਬਿਗਾਨਾ ਜਿਹਾ ਨਜ਼ਰ ਆਇਆ,
ਨਾ ਜਾਣੇ ਕਿਸ ਦਾ ਸੂਰਜ,
ਜ਼ਿੰਦਗੀ ਭਰ ਪਾਲਦੇ ਰਹੇ।
ਤੇਰੀਆਂ ਤੂੰ ਜਾਣੇ,
ਪਰ ਨਚਾਇਆ ਖੂਬ ਸਾਨੂੰ,
ਅੱਜ ਨਾ ਸੁਰ ਦੇ ਰਹੇ,
ਨਾ ਕਿਸੇ ਤਾਲ ਦੇ ਰਹੇ।
ਜਦ ਉਡੀਕ ਵੀ ਭਰ ਗਈ
ਖੱਟਾਸਾਂ ਦੇ ਨਾਲ,
ਬੰਦ ਕਰਕੇ ਬੂਹੇ,
ਅਸੀਂ ਅੱਗ ਬਾਲਦੇ ਰਹੇ।
ਭੁੱਲ ਗਈ ਦੁਨੀਆਂ,
ਇਸ ਘਰ 'ਚ ਕੌਣ ਰਹਿੰਦਾ ਏ,
ਨਾ ਤੇਰੇ ਹਾਲ ਦੇ ਰਹੇ,
ਨਾ ਆਪਣੇ ਹਾਲ ਦੇ ਰਹੇ।

***-ਦਿਲਜੋਧ ਸਿੰਘ, ਵਿਸਕਾਨਸਿਨ***
*diljodh@yahoo.com*

---

### ਤੇਰਾ ਅਹਿਸਾਸ

ਕਿਵੇਂ ਬਿਆਨ ਕਰਾਂ ਤੇਰੇ ਸਾਥ ਨੂੰ,
ਤੇਰੇ ਅਹਿਸਾਸ ਨੂੰ,
ਇਹਨੂੰ ਸ਼ਬਦਾਂ ਵਿਚ ਪ੍ਰੋਣਾ ਸੰਭਵ ਨਹੀਂ।
ਇਹ ਤਾਂ ਮੇਰਾ ਦਿਲ ਹੀ ਜਾਣਦਾ
ਤੂੰ ਜਿਵੇਂ ਸ਼ਿਵ ਦੇ ਕਿਸੇ ਗੀਤ ਨੇ
ਸਰੀਰ ਧਾਰ ਲਿਆ ਹੋਵੇ,
ਜਿਵੇਂ ਧਾਗਾ ਟੁੱਟਣ ਨਾਲ ਬਿਖਰੇ ਬੋਰਾਂ ਨੇ
ਇਕਦਮ ਗੀਤ ਛੇੜਿਆ ਹੋਵੇ,
ਜਿਵੇਂ ਕੈਕਟਸ ਨੂੰ ਫੁੱਲ ਲੱਗਿਆ ਹੋਵੇ,
ਜਿਵੇਂ ਸੁੱਕਿਆ ਜਾਂਦਾ ਕੋਈ ਰੁੱਖ
ਮੁੜ ਫੁੱਟ ਪਿਆ ਹੋਵੇ,
ਜਿਵੇਂ ਚਿਰਾਂ ਦੇ ਵਿਛੜਿਆਂ ਦੀ
ਪਹਿਲੀ ਗਲਵਕੜੀ ਹੋਵੇ,
ਜਿਵੇਂ ਤਰਸਦੀਆਂ ਅੱਖਾਂ ਨੂੰ
ਪਿਆਰੇ ਦੀ ਇੱਕ ਝਲਕ ਮਿਲੀ ਹੋਵੇ,
ਜਿਵੇਂ ਦਾਦੀ ਦੇ ਆਟਾ ਗੁੰਨਦੀ ਤੋਂ
ਚਿੜੀ ਆਪਣਾ ਹਿੱਸਾ ਲੈਣ ਆ ਗਈ ਹੋਵੇ।
ਕਿਵੇਂ ਬਿਆਨ ਕਰਾਂ!
ਇਹ ਤਾਂ ਬਸ ਮੇਰਾ ਦਿਲ ਹੀ ਜਾਣਦਾ।

***-ਸ਼ਮਿੰਦਰ ਕੌਰ***
***ਸ੍ਰੀ ਮੁਕਤਸਰ ਸਾਹਿਬ।***

---

### ਵੈਲਨਟਾਈਨ

ਗੁੱਸਾ ਨਹੀਂ ਕਰਨਾ ਕਿਸੇ ਨੇ
ਕੀ ਅਸੀਂ ਬੰਨ ਸਕਦੇ ਆਂ ਪਿਆਰ ਦਾ ਦਿਨ।
ਮਾਂ ਲਈ ਪਿਉ ਲਈ ਜਾਂ ਫਿਰ ਮਹਿਬੂਬਾ ਲਈ।
ਜਾਂ ਫਿਰ ਰੱਬ ਦੀਆਂ ਦਿਤੀਆਂ ਦਾਤਾਂ ਲਈ।
ਜਾਂ ਫਿਰ ਜੰਮਣ ਦਾ ਜਾਂ ਮਰਨ ਦਾ ਦਿਨ।
ਮੇਰਾ ਮੰਨਣਾ ਨਹੀਂ! ਮੈਂ ਕਿਸੇ 'ਤੇ ਥੋਪਦਾ ਨਹੀਂ।
ਮੇਰੇ ਮਹਾਨ ਭਾਰਤ 'ਚ, ਜਿੱਥੇ ਆਮ ਲੋਕਾਂ ਨੂੰ
ਬੇਰੁਜ਼ਗਾਰੀ, ਕੁਰੱਪਸ਼ਨ, ਹੇਰਾਫੇਰੀ ਨਾਲ ਰੋਜ
ਮੱਥਾ ਲਾਉਣਾ ਪੈਂਦਾ, ਡਿਗਰੀਆਂ ਚੁੱਕੀ ਫਿਰਦੇ
ਨੌਜਵਾਨ, ਜਿਨ੍ਹਾਂ ਦੇ ਭਵਿੱਖ 'ਚ ਚਾਨਣ ਦੀ
ਆਸ ਧੁੰਦਲੀ ਏ, ਹਾਂ ਉਨ੍ਹਾਂ ਮਨਚਲਿਆਂ ਨੂੰ
ਹੋਲੀ ਦੇ ਦਿਨ ਦੇ ਨਾਲ ਨਾਲ ਕੁੜੀਆਂ ਨੂੰ ਤੰਗ
ਕਰਨ ਦਾ ਇਕ ਹੋਰ ਬਹਾਨਾ ਮਿਲ ਗਿਆ
ਝੂਠੇ ਲਾਰੇ ਲਾਉਣ ਦਾ, ਜਿਸ ਨੂੰ ਅੰਗਰੇਜ਼ੀ ਵਿਚ
ਪਰਪੋਜ ਕਹਿ ਦਿੰਦੇ ਨੇ।

***-ਚਰਨਜੀਤ ਸਿੰਘ ਸਾਹੀ***

---

### ਸਨਮਾਨ

ਕਣਕ ਬਰੋਬਰ ਕਿਸੇ ਵੀ ਅੱਜ ਤੱਕ
ਬੀਜੇ ਨਹੀਂ ਧਾਨ ਲੋਕੋ।
ਨਾ ਹੀ ਮਿਲਿਆ, ਨਾ ਹੀ ਮਿਲਦਾ
ਬਿਨਾ ਗੁਰੂ ਤੋਂ ਗਿਆਨ ਲੋਕੋ।
ਮਾੜੇ ਵਕਤ ਸਦਾ ਕੰਮ ਆਵੇ
ਚੰਗੇ ਵਕਤ ਦਾ ਕੀਤਾ ਦਾਨ ਲੋਕੋ।
ਇੱਜਤਾਂ ਸ਼ੁਹਰਤਾਂ ਪੈਣ ਕਮਾਉਣੀਆਂ
ਨਾ ਵਿਕਦੀਆਂ ਕਿਸੇ ਦੁਕਾਨ ਲੋਕੋ।
ਡਾਕਟਰ, ਮਾਸਟਰ ਕਈ ਬਣ ਜਾਂਦੇ
ਕੋਈ ਟਾਵਾਂ ਬਣਦਾ ਸ਼ਾਨ ਲੋਕੋ।
ਚੰਗੇ ਕੰਮ ਕਰੇ ਬਿਨਾ ਨਿੰਮਿਆ
ਨਾ ਮਿਲਣ ਇਥੇ ਸਨਮਾਨ ਲੋਕੋ।

***-ਨਿੰਮਾ ਡੱਲੇਵਾਲਾ***
***ਫੋਨ: 513-432-9754***

---


### ਨੁਸਖਾ

ਲੁੱਟਮਾਰ ਦਾ ਮਾਲ ਜੇ ਹਜ਼ਮ ਕਰਨੈ,
ਵਿਚੋਂ ਰੱਬ ਦੇ ਨਾਂ 'ਤੇ ਲਾਓ ਕੁਝ ਕੁਝ।
ਚੌਧਰ ਧਰਮ ਅਸਥਾਨ ਦੀ ਮੱਲ ਬੈਠੋ,
ਸੋਹਿਲੇ ਪਰਵਰਦਗਾਰ ਦੇ ਗਾਓ ਕੁਝ ਕੁਝ।
ਗਊ-ਸ਼ਾਲਾ ਦੇ ਨਾਮ 'ਤੇ ਫੰਡ ਰੋਲੋ,
ਵਿਚੋਂ ਗਊ ਦੇ ਮੂੰਹ ਵਿਚ ਪਾਓ ਕੁਝ ਕੁਝ।
ਸੱਚੇ ਪਾਤਸ਼ਾਹ ਰੱਖ ਲੈ ਲਾਜ ਅਸਾਡੀ,
ਭਾਗੀਦਾਰ ਭਗਵਾਨ ਬਣਾਓ ਕੁਝ ਕੁਝ।

***-ਪ੍ਰਿੰ. ਨਵਰਾਹੀ ਘੁਗਿਆਣਵੀ***
***ਮਰਫੀ, ਟੈਕਸਸ।***

# ਭਾਰਤੀ ਰਾਜਨੀਤੀ ਅਤੇ ਜਨਮ ਕੁੰਡਲੀਆਂ ਖੋਲ੍ਹਣ ਦੇ ਦਬਕੇ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜ ਰਾਜਾਂ ਲਈ ਚੱਲ ਰਹੇ ਵਿਧਾਨ ਸਭਾ ਚੋਣਾਂ ਦੇ ਚਲੰਤ ਦੌਰ ਵਿਚ ਹਾਲੇ ਮਸਾਂ ਦੋ ਰਾਜਾਂ-ਪੰਜਾਬ ਤੇ ਗੋਆ ਵਿਚ ਵੋਟਾਂ ਪੈਣ ਦਾ ਕੰਮ ਸਿਰੇ ਚੜ੍ਹਿਆ ਹੈ; ਤਿੰਨ ਰਾਜਾਂ-ਉਤਰਾ ਖੰਡ, ਉਤਰ ਪ੍ਰਦੇਸ਼ ਅਤੇ ਮਨੀਪੁਰ ਵਿਚ ਚੋਣਾਂ ਦਾ ਅਮਲ ਜਾਰੀ ਹੈ। ਉਤਰਾ ਖੰਡ ਲਈ ਸਿਰਫ ਇੱਕ ਦਿਨ ਪੰਦਰਾਂ ਫਰਵਰੀ ਅਤੇ ਮਨੀਪੁਰ ਲਈ ਚਾਰ ਤੇ ਅੱਠ ਮਾਰਚ ਵਾਲੇ ਦੋ ਗੇੜ ਰੱਖਣ ਨਾਲ ਉਤਰ ਪ੍ਰਦੇਸ਼ ਇਕੱਲੇ ਵਾਸਤੇ ਸੱਤ ਗੇੜ ਹੋਣੇ ਹਨ, ਜਿਹੜੇ ਅੱਠ ਮਾਰਚ ਨੂੰ ਮਨੀਪੁਰ ਦੇ ਦੂਸਰੇ ਗੇੜ ਦੇ ਨਾਲ ਸਿਰੇ ਲੱਗਣਗੇ। ਗਿਣਤੀ ਸਭ ਦੀ ਗਿਆਰਾਂ ਮਾਰਚ ਨੂੰ ਹੋਣੀ ਹੈ। ਅਸੀਂ ਪੰਜਾਬ ਦੇ ਲੋਕ ਇੱਕ ਗੱਲੋਂ ਖੁਸ਼-ਕਿਸਮਤ ਹਾਂ ਕਿ ਇਥੇ ਚੋਣ ਲੜਾਈ ਵਿਚ ਕੁੜਿੱਤਣ ਭਾਵੇਂ ਬੜੀ ਸੀ, ਫਿਰ ਵੀ ਚੋਣ-ਜੰਗ ਦੇ ਆਖਰ ਤੱਕ ਨਿਜੀ ਪੱਧਰ ਦੀਆਂ ਗੱਲਾਂ ਉਛਾਲਣ ਵੱਲੋਂ ਇੱਕ ਹੱਦ ਰਹਿ ਗਈ। ਦੂਸ਼ਣਬਾਜ਼ੀ ਜਿੰਨੀ ਵੀ ਸੁਣਨੀ ਪਈ ਸੀ, ਉਹ ਬੁਰੀ ਤਾਂ ਲੱਗਦੀ ਸੀ, ਪਰ ਹੋਰਨੀਂ ਥਾਂਈਂ ਇਸ ਤੋਂ ਬਹੁਤ ਦੂਰ ਤੱਕ ਗੱਲ ਜਾਂਦੀ ਦਿੱਸਦੀ ਹੈ।

ਸੰਸਾਰ ਦੀ ਮਹਾਂਸ਼ਕਤੀ ਕਹੇ ਜਾਂਦੇ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲਈ ਮੁਹਿੰਮ ਪਿਛਲੇ ਸਾਲ ਬੜਾ ਲੰਮਾ ਸਮਾਂ ਚੱਲਦੀ ਰਹੀ ਸੀ। ਉਦੋਂ ਅਮਰੀਕਾ ਦੇ ਲੀਡਰਾਂ ਵੱਲੋਂ ਨੀਵਾਣਾਂ ਛੋਹਣ ਦੀਆਂ ਚਟਕਾਰੇ ਲੈਣ ਵਾਲੀਆਂ ਖਬਰਾਂ ਸੁਣ ਕੇ ਵੀ ਭੈੜਾ ਲੱਗਾ ਸੀ। ਡੋਨਲਡ ਟਰੰਪ ਦੀ ਪਤਨੀ ਮਿਲੇਨੀਆ ਬਾਰੇ ਬੜੀ ਨੀਵੀਂ ਹੱਦ ਛੋਂਹਦੀਆਂ ਗੱਲਾਂ ਪ੍ਰਚਾਰੀਆਂ ਗਈਆਂ ਸਨ ਤੇ ਇਸ ਵਿਚ ਮੀਡੀਏ ਦਾ ਇੱਕ ਹਿੱਸਾ ਵੀ ਪੂਰੀ ਤਰ੍ਹਾਂ ਸਰਗਰਮ ਰਿਹਾ ਸੀ। ਜਿੱਤ ਜਾਣ ਤੋਂ ਬਾਅਦ ਵੀ ਮੀਡੀਏ ਵੱਲ ਟਰੰਪ ਦੀ ਹਾਲੇ ਤੱਕ ਕੌੜ ਬਣੀ ਹੋਈ ਹੈ।

ਭਾਰਤ ਵਿਚ ਵੀ ਮੀਡੀਏ ਦਾ ਇੱਕ ਹਿੱਸਾ ਮੁੱਦਿਆਂ ਦੀ ਬਜਾਏ ਆਗੂਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਆਂ ਬਾਰੇ ਬੜੇ ਨੀਵੇਂ ਪੱਧਰ ਦੀਆਂ ਰਿਪੋਰਟਾਂ ਪੇਸ਼ ਕਰਨ ਲੱਗ ਜਾਂਦਾ ਹੈ। ਇਹ ਰਿਪੋਰਟਾਂ ਬਹੁਤੀ ਵਾਰੀ ਮੀਡੀਏ ਦੀ ਆਪਣੀ ਲੱਭਤ ਨਹੀਂ ਹੁੰਦੀਆਂ, ਇੱਕ ਜਾਂ ਦੂਸਰੀ ਧਿਰ ਨੇ ਬਣਿਆ-ਬਣਾਇਆ ਮਸਾਲਾ ਪੈਸੇ ਖਰਚ ਕੇ ਪੇਸ਼ ਕਰਵਾਇਆ ਹੁੰਦਾ ਹੈ। ਜਦੋਂ ਏਦਾਂ ਦਾ ਭੱਦਾ ਜਿਹਾ ਮਾਹੌਲ ਬਣਦਾ ਪਿਆ ਹੋਵੇ ਤਾਂ ਆਮ ਲੋਕਾਂ ਨੂੰ ਸੀਨੀਅਰ ਆਗੂਆਂ ਤੋਂ ਕਿਸੇ ਸੇਧ ਦੀ ਆਸ ਹੋ ਸਕਦੀ ਹੈ, ਪਰ ਭਾਰਤ ਦੀ ਰਾਜਨੀਤੀ ਜਿਸ ਲੀਹ ਉਤੇ ਚੱਲ ਪਈ ਹੈ, ਉਥੇ ਖੁਦ ਵੱਡੇ-ਵੱਡੇ ਆਗੂ ਕਿਸੇ ਸਾਊ ਸੇਧ ਤੋਂ ਸੱਖਣੇ ਵਗਦੇ ਹਨ।

ਇਸ ਵਕਤ ਬੀਬੀ ਜੈਲਲਿਤਾ ਜ਼ਿੰਦਾ ਨਹੀਂ ਤੇ ਉਸ ਬਾਰੇ ਬਹੁਤੀ ਚਰਚਾ ਕਰੀ ਜਾਣ ਦੀ ਲੋੜ ਵੀ ਹੁਣ ਨਹੀਂ ਰਹਿ ਗਈ, ਪਰ ਉਸ ਦੀ ਉਠਾਣ ਦੇ ਦਿਨਾਂ ਵਿਚ ਜੋ ਕੁਝ ਤਾਮਿਲਨਾਡੂ ਵਿਚ ਹੋਇਆ ਸੀ, ਉਸ ਨੂੰ ਚੇਤੇ ਕਰ ਲਿਆ ਜਾਵੇ ਤਾਂ ਮੌਜੂਦਾ ਚੋਣਾਂ ਵਿਚਲੀ ਸ਼ਬਦਾਵਲੀ ਦਾ ਭਵਿੱਖ ਸਮਝ ਆ ਸਕਦਾ ਹੈ। ਇੱਕ ਵੇਲੇ ਅੰਨਾ ਡੀ.ਐਮ.ਕੇ. ਪਾਰਟੀ ਦੇ ਮੁਖੀ ਐਮ.ਜੀ. ਰਾਮਾਚੰਦਰਨ ਦੇ ਬਹੁਤ ਨੇੜੇ ਰਹੀ ਜੈਲਲਿਤਾ ਨੂੰ ਰਾਮਾਚੰਦਰਨ ਦੀ ਮੌਤ ਮਗਰੋਂ ਉਸ ਦੀ ਪਤਨੀ ਜਾਨਕੀ ਨੇ ਲਾਸ਼ ਕੋਲੋਂ ਬੇਇੱਜਤ ਕਰ ਕੇ ਉਠਾ ਦਿੱਤਾ ਸੀ। ਫਿਰ ਸਿਆਸੀ ਜੰਗ ਹੋਈ ਤਾਂ ਜੈਲਲਿਤਾ ਜਿੱਤ ਗਈ ਅਤੇ ਜਾਨਕੀ ਚੋਣਾਂ ਵਿਚ ਹਾਰਨ ਪਿੱਛੋਂ ਸਿਆਸਤ ਤੋਂ ਬਾਹਰ ਹੋ ਗਈ ਤੇ ਜੈਲਲਿਤਾ ਦਾ ਆਪਣੇ ਸਭ ਤੋਂ ਵੱਡੇ ਵਿਰੋਧੀ ਕਰੁਣਾਨਿਧੀ ਨਾਲ ਆਢਾ ਲੱਗ ਗਿਆ। ਉਦੋਂ ਦੋਵਾਂ ਨੇ ਇਸ ਆਢੇ ਵਿਚ ਇੱਕ-ਦੂਜੇ ਦੇ ਚਾਲ-ਚਲਨ ਬਾਰੇ ਉਹ ਗੱਲਾਂ ਕਹੀਆਂ ਸਨ, ਜਿਨ੍ਹਾਂ ਦਾ ਜ਼ਿਕਰ ਕਰਨਾ ਵੀ ਸ਼ੋਭਦਾ ਨਹੀਂ। ਬੜੀ ਮੁਸ਼ਕਿਲ ਨਾਲ ਉਹ ਬਹਿਸ ਬੰਦ ਹੋਈ ਸੀ।




ਉਂਜ ਇਸ ਤੋਂ ਪਹਿਲਾਂ ਜਦੋਂ ਐਮਰਜੈਂਸੀ ਦੇ ਬਾਅਦ ਇੰਦਰਾ ਗਾਂਧੀ ਚੋਣਾਂ ਵਿਚ ਹਾਰ ਗਈ ਅਤੇ ਜਗਜੀਵਨ ਰਾਮ ਵਰਗੇ ਸਾਰੀ ਉਮਰ ਦੇ ਨਹਿਰੂ-ਗਾਂਧੀ ਪਰਿਵਾਰ ਦੇ ਭਗਤ ਸਾਥ ਛੱਡ ਗਏ, ਉਦੋਂ ਵੀ ਬਹੁਤ ਬਦ-ਮਜ਼ਗੀ ਵੇਖੀ ਗਈ ਸੀ। ਇੱਕ ਅੰਗਰੇਜ਼ੀ ਰਸਾਲੇ ਵਿਚ ਜਗਜੀਵਨ ਰਾਮ ਦੇ ਪੁੱਤਰ ਦੀਆਂ ਜੋ ਤਸਵੀਰਾਂ ਉਦੋਂ ਛਾਪਣ ਦਾ ਕੰਮ ਹੋਇਆ ਸੀ, ਉਨ੍ਹਾਂ ਨੇ ਭਾਰਤੀ ਰਾਜਨੀਤੀ ਦੇ ਨਾਲ ਭਾਰਤੀ ਸਮਾਜ ਨੂੰ ਵੀ ਹਿਲਾ ਦਿੱਤਾ ਸੀ। ਕਾਰਨ ਸਿਰਫ ਇਹ ਸੀ ਕਿ ਨਹਿਰੂ-ਗਾਂਧੀ ਪਰਿਵਾਰ ਨੂੰ ਜਗਜੀਵਨ ਰਾਮ ਦੇ ਪਾਸਾ ਵੱਟਣ ਤੋਂ ਕੌੜ ਸੀ, ਪਰ ਜੋ ਤਸਵੀਰਾਂ ਛਾਪੀਆਂ ਗਈਆਂ, ਉਨ੍ਹਾਂ ਬਾਰੇ ਚਰਚਾ ਸੀ ਕਿ ਕਿਸੇ ਖੁਫੀਆ ਏਜੰਸੀ ਨੇ ਲੀਕ ਕੀਤੀਆਂ ਸਨ। ਸਰਕਾਰ ਦੀ ਅਗਵਾਈ ਮੋਰਾਰਜੀ ਡਿਸਾਈ ਦੇ ਹੱਥ ਸੀ। ਜਗਜੀਵਨ ਰਾਮ ਉਸ ਦੇ ਨਾਲ ਖੜੋਤਾ ਸੀ ਤੇ ਗ੍ਰਹਿ ਮੰਤਰੀ ਚਰਨ ਸਿੰਘ ਨੂੰ ਇਹ ਸਾਥ ਪਸੰਦ ਨਹੀਂ ਸੀ, ਜਿਸ ਕਾਰਨ ਖੁਫੀਆ ਏਜੰਸੀਆਂ ਨੇ ਇਹ ਤਸਵੀਰਾਂ ਕਾਂਗਰਸ ਤੱਕ ਪੁਚਾਈਆਂ ਸਨ। ਇਸ ਤੋਂ ਇਹ ਸਮਝਣਾ ਔਖਾ ਨਹੀਂ ਕਿ ਸਰਕਾਰੀ ਅਫਸਰ ਵੀ ਹਰ ਕੰਮ ਸਰਕਾਰ ਦੀ ਮਰਜ਼ੀ ਦੇ ਮੁਤਾਬਕ ਨਹੀਂ ਕਰਦੇ, ਉਹ ਕਿਸੇ ਵਕਤ ਕਿਸੇ ਹੋਰ ਨਾਲ ਅੱਖ ਮਿਲਾ ਕੇ ਕੋਈ ਝਟਕਾ ਦੇਣ ਤੱਕ ਵੀ ਜਾ ਸਕਦੇ ਹਨ।

ਜਿਹੜੀ ਬੇਹੂਦਗੀ ਇਸ ਵੇਲੇ ਪੰਜ ਰਾਜਾਂ ਦੀਆਂ ਚੋਣਾਂ ਵਿਚ ਹੁੰਦੀ ਵੇਖੀ ਗਈ ਹੈ, ਇਹ ਵੀ ਪਿਛਲੇ ਦਿਨਾਂ ਵਿਚ ਹੱਦਾਂ ਪਾਰ ਕਰਦੀ ਮਹਿਸੂਸ ਕੀਤੀ ਗਈ ਹੈ। ਸਿਆਸੀ ਜੰਗ ਹੁਣ ਨਿਜੀ ਆਢਾ ਲਾਉਣ ਵਾਲੀ ਲੀਹ ਉਤੇ ਪੈਂਦੀ ਜਾਪਦੀ ਹੈ। ਪਾਰਲੀਮੈਂਟ ਦੇ ਦੋ ਇਜਲਾਸ, ਪਹਿਲਾਂ ਮੌਨਸੂਨ ਇਜਲਾਸ ਤੇ ਫਿਰ ਸਰਦ ਰੁੱਤ ਇਜਲਾਸ ਬਿਨਾ ਕੋਈ ਕੰਮ ਕੀਤਿਆਂ ਲੰਘ ਗਏ। ਵਿਰੋਧੀ ਧਿਰ ਕਈ ਗੱਲਾਂ ਨਾਲ ਨਾਰਾਜ਼ ਹੋਈ ਪਈ ਸੀ। ਪ੍ਰਧਾਨ ਮੰਤਰੀ ਮੋਦੀ ਨੂੰ ਇਸ ਮਾਮਲੇ ਵਿਚ ਪਹਿਲ ਕਰ ਕੇ ਇਜਲਾਸ ਚਲਾਉਣ ਦਾ ਕੋਈ ਰਾਹ ਕੱਢਣਾ ਚਾਹੀਦਾ ਸੀ, ਪਰ ਉਹ ਏਧਰ ਮੂੰਹ ਕਰਨ ਦੀ ਥਾਂ ਵਿਰੋਧੀ ਧਿਰ ਨੂੰ ਠਿੱਠ ਕਰਨ ਵਾਲੇ ਲਫਜ਼ਾਂ ਦੀ ਚੋਣ ਕਰਨ ਲੱਗੇ ਰਹੇ ਸਨ। ਹੁਣ ਜਦੋਂ ਬਜਟ ਸੈਸ਼ਨ ਚੱਲ ਰਿਹਾ ਹੈ ਤਾਂ ਫਿਰ ਉਹੀ ਕਹਾਣੀ ਦੁਹਰਾਈ ਜਾ ਰਹੀ ਹੈ। ਵਿਰੋਧੀ ਧਿਰ ਪਹਿਲਾਂ ਤੋਂ ਗੁੱਸੇ ਦੇ ਉਬਾਲੇ ਮਾਰ ਰਹੀ ਸੀ ਤੇ ਪ੍ਰਧਾਨ ਮੰਤਰੀ ਨੇ ਇਸ ਨੂੰ ਠੱਲ੍ਹਣ ਦੀ ਥਾਂ ਆਪਣੇ ਭਾਸ਼ਣ ਵਿਚ ਡਾ. ਮਨਮੋਹਨ ਸਿੰਘ ਉਤੇ ਚਾਂਦਮਾਰੀ ਕਰ ਦਿੱਤੀ। ਰਾਹੁਲ ਗਾਂਧੀ ਆਪਣੇ ਬਚਪਨੇ ਵਾਲੇ ਜਨਤਕ ਭਾਸ਼ਣਾਂ ਅਤੇ ਪਾਰਲੀਮੈਂਟ ਵਿਚ ਆਪਣੇ ਸਲਾਹਕਾਰਾਂ ਦੀਆਂ ਰਟਾਈਆਂ ਹੋਈਆਂ ਗੱਲਾਂ ਕਹਿਣ ਜੋਗਾ ਹੈ ਤੇ ਉਸ ਬਾਰੇ ਪ੍ਰਧਾਨ ਮੰਤਰੀ ਮੋਦੀ ਕੁਝ ਵੀ ਕਹੀ ਜਾਣ ਤਾਂ ਬਹੁਤਾ ਰੱਫੜ ਨਹੀਂ ਪੈ ਸਕਦਾ, ਪਰ ਮਨਮੋਹਨ ਸਿੰਘ ਬਾਰੇ ਕਹੀਆਂ ਗੱਲਾਂ ਨਾਲ ਦੇਸ਼ ਵਿਚ ਨਵੀਂ ਕੁੜਿੱਤਣ ਦਾ ਮਾਹੌਲ ਬਣ ਗਿਆ ਹੈ। ਇਸ ਮਾਹੌਲ ਵਿਚ ਵਿਰੋਧੀ ਧਿਰ ਵੀ ਕੁਝ ਨਾ ਕੁਝ ਕਹੇਗੀ। ਹੁਣ ਜਦੋਂ ਓਧਰੋਂ ਵੀ ਕੁਝ ਗੱਲਾਂ ਕਹੀਆਂ ਗਈਆਂ ਤਾਂ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਕਿ ਉਸ ਕੋਲ ਸਾਰਿਆਂ ਦੀ ਜਨਮ-ਕੁੰਡਲੀ ਪਈ ਹੈ ਤੇ ਉਹ ਆਪਣੀ ਆਈ ਉਤੇ ਆ ਗਿਆ ਤਾਂ ਸਾਰਿਆਂ ਨੂੰ ਬੇਪਰਦ ਕਰ ਦੇਵੇਗਾ। ਇਹ ਸਿੱਧਾ ਤੇ ਸਪੱਸ਼ਟ ਦਬਕਾ ਹੈ ਕਿ ਵਿਰੋਧੀ ਧਿਰ ਚੁੱਪ ਹੋ ਕੇ ਬੈਠ ਜਾਵੇ, ਵਰਨਾ ਮੈਂ ਸਾਰਿਆਂ ਦਾ ਜਲੂਸ ਕੱਢ ਦਿਆਂਗਾ।

ਕਿਸੇ ਆਗੂ ਨੇ ਦੇਸ਼ ਦੇ ਹਿੱਤਾਂ ਖਿਲਾਫ ਕੁਝ ਕੀਤਾ ਹੈ ਤਾਂ ਲੋਕਾਂ ਅੱਗੇ ਰੱਖਣਾ ਚਾਹੀਦਾ ਹੈ ਤੇ ਅਜਿਹੇ ਕੰਮ ਲਈ ਇਹ ਸ਼ਰਤ ਲਾਉਣ ਦੀ ਲੋੜ ਨਹੀਂ ਕਿ ਜੇ ਤੁਸੀਂ ਚੁੱਪ ਨਾ ਕੀਤੇ ਤਾਂ ਇਹ ਵਿਖਾਲਾ ਪਾਊਂਗਾ। ਭਾਰਤ ਦੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਫਲਾਣੇ ਲੀਡਰ ਨੇ ਦੇਸ਼ ਦਾ ਆਹ ਨੁਕਸਾਨ ਕੀਤਾ ਹੈ। ਜਿਹੜਾ ਭਾਸ਼ਣ ਇਸ ਵਾਰੀ ਪ੍ਰਧਾਨ ਮੰਤਰੀ ਨੇ ਕੀਤਾ ਹੈ, ਉਹ ਦੇਸ਼ ਹਿੱਤ ਵਾਲੇ ਕਿਸੇ ਭੇਦ ਤੋਂ ਪਰਦਾ ਚੁੱਕਣ ਦੀ ਥਾਂ ਵਿਰੋਧੀ ਧਿਰ ਦੇ ਆਗੂਆਂ ਦੇ ਨਿਜ ਬਾਰੇ ਕੋਈ ਗੱਲ ਪਤਾ ਹੋਣ ਵਲ ਇਸ਼ਾਰਾ ਕਰਦਾ ਹੈ।

ਭਾਜਪਾ ਕਈ ਵਾਰੀ ਇਹ ਕਹਿ ਚੁਕੀ ਹੈ ਕਿ ਰਾਹੁਲ ਗਾਂਧੀ ਫਲਾਣੇ ਦੇਸ਼ ਵਿਚ ਵਾਰ-ਵਾਰ ਜਾਂਦਾ ਹੈ, ਸ਼ਾਇਦ ਨਰਿੰਦਰ ਮੋਦੀ ਵੀ ਉਸ ਤਰ੍ਹਾਂ ਦੀ ਗੱਲ ਦਾ ਸੰਕੇਤ ਕਰਦੇ ਹੋਣ। ਜੇ ਉਨ੍ਹਾਂ ਦਾ ਇਸ਼ਾਰਾ ਸੱਚਮੁੱਚ ਇਸ ਤਰ੍ਹਾਂ ਦਾ ਹੋਵੇ ਤਾਂ ਇਹ ਰਾਜਨੀਤੀ ਦਾ ਬੜਾ ਨੀਵਾਂ ਪੱਧਰ ਛੋਹਣ ਦੀ ਗੱਲ ਹੈ। ਅਜਿਹੀਆਂ ਗੱਲਾਂ ਕਿਸੇ ਬਾਰੇ ਵੀ ਨਿਕਲ ਸਕਦੀਆਂ ਹਨ। ਉਂਜ ਅਜਿਹੀਆਂ ਗੱਲਾਂ ਨਿਕਲਣ ਦੀ ਉਡੀਕ ਕਰਨ ਦੀ ਲੋੜ ਵੀ ਅੱਜ-ਕੱਲ੍ਹ ਨਹੀਂ ਰਹੀ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨ੍ਹਈਆ ਕੁਮਾਰ ਦੇ ਕੇਸ ਵਿਚ ਸਾਬਤ ਹੋ ਚੁੱਕਾ ਹੈ ਕਿ ਕਿਸੇ ਬਾਰੇ ਕੋਈ ਉਚੇਚੀ ਚੀਜ਼ ਕਿਸੇ ਮਾਹਰ ਦੀ ਮਦਦ ਨਾਲ ਬਣਵਾਈ ਵੀ ਜਾ ਸਕਦੀ ਹੈ। ਹੁਣੇ ਜਿਹੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇੱਕ ਅਕਾਲੀ ਪਾਰਲੀਮੈਂਟ ਮੈਂਬਰ ਬਾਰੇ ਏਦਾਂ ਦੀ ਕੋਈ ਵੀਡੀਓ ਘੁੰਮਾਈ ਜਾ ਚੁੱਕੀ ਹੈ, ਜਿਸ ਦੇ ਬਾਰੇ ਉਸ ਦਾ ਕਹਿਣਾ ਹੈ ਕਿ ਸਾਰੀ ਝੂਠ ਹੈ। ਉਹ ਝੂਠੀ ਹੈ ਜਾਂ ਸੱਚੀ, ਇਸ ਵਿਚ ਜਾਏ ਬਿਨਾ ਵੱਡਾ ਸਵਾਲ ਇਹ ਹੈ ਕਿ ਕੀ ਭਾਰਤੀ ਰਾਜਨੀਤੀ ਦਾ ਪੱਧਰ ਹੁਣ ਇਹ ਆ ਜਾਵੇਗਾ ਕਿ ਦੇਸ਼ ਦੇ ਹਿੱਤਾਂ ਦੀ ਚਰਚਾ ਛੱਡ ਕੇ ਇਹੋ ਜਿਹਾ ਗੰਦ-ਮੰਦ ਪਰੋਸਿਆ ਜਾਵੇਗਾ?

ਪ੍ਰਧਾਨ ਮੰਤਰੀ ਮੋਦੀ ਨੇ ਪਹਿਲੀ ਵਾਰੀ ਜਦੋਂ ਲਾਲ ਕਿਲ੍ਹੇ ਤੋਂ ਤਿਰੰਗਾ ਝੰਡਾ ਝੁਲਾਇਆ ਤਾਂ ਕਿਹਾ ਸੀ ਕਿ ਮੈਂ ਭਾਰਤ ਦਾ ਪ੍ਰਧਾਨ ਮੰਤਰੀ ਨਹੀਂ, ਭਾਰਤੀ ਲੋਕਾਂ ਦਾ ਪ੍ਰਧਾਨ ਸੇਵਕ ਹਾਂ। ਉਨ੍ਹਾਂ ਨੂੰ ਉਹ ਹੀ ਸ਼ਬਦ ਯਾਦ ਕਰ ਕੇ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਰਨਾ ਕੀ ਚਾਹੁੰਦੇ ਹਨ? ਇੱਟ ਦਾ ਜਵਾਬ ਪੱਥਰ ਨਾਲ ਦੇਣ ਦੀ ਨੀਤ ਹੋਵੇ ਤਾਂ ਮੁੱਦੇ ਰਾਜਸੀ ਖੇਤਰ ਵਿਚ ਵੀ ਬਥੇਰੇ ਹਨ। ਉਤਰਾ ਖੰਡ ਦੇ ਮੁੱਖ ਮੰਤਰੀ ਜਾਂ ਸੰਸਾਰ ਪ੍ਰਸਿੱਧ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਾਂ ਫਿਰ ਪਹਿਲੀ ਵਾਰੀ ਪਾਰਲੀਮੈਂਟ ਮੈਂਬਰ ਬਣੇ ਭਗਵੰਤ ਮਾਨ ਨੂੰ ਤੀਸਰੇ ਦਰਜੇ ਦੀ ਚੋਭ ਲਾਉਣ ਦੀ ਲੋੜ ਨਹੀਂ ਰਹਿ ਜਾਂਦੀ।

ਕਿਸੇ ਆਗੂ ਨੂੰ ਉਸ ਦੀ ਜਨਮ-ਕੁੰਡਲੀ ਖੋਲ੍ਹਣ ਦਾ ਡਰਾਵਾ ਦੇਣਾ ਤੇ ਉਸ ਡਰਾਵੇ ਨਾਲ ਚੁੱਪ ਕਰ ਕੇ ਬੈਠ ਜਾਣ ਲਈ ਕਹਿ ਦੇਣਾ ਪ੍ਰਧਾਨ ਮੰਤਰੀ ਦੇ ਰੁਤਬੇ ਵਾਲੇ ਆਗੂ ਦਾ ਕੰਮ ਨਹੀਂ। ਪੰਜਾਬੀ ਮੁਹਾਵਰਾ ਹੈ ਕਿ 'ਭੱਜਦਿਆਂ ਨੂੰ ਵਾਹਣ ਇੱਕੋ ਜਿਹਾ ਹੁੰਦਾ ਹੈ' ਤੇ ਜਿਸ ਪਾਸੇ ਨੂੰ ਭਾਰਤੀ ਰਾਜਨੀਤੀ ਇਸ ਵੇਲੇ ਜਾਂਦੀ ਪਈ ਹੈ, ਜਾਂ ਲਿਜਾਈ ਜਾ ਰਹੀ ਹੈ, ਉਸ ਵਿਚ ਜਦੋਂ ਇੱਕ ਪਾਸੇ ਤੋਂ ਕੁਝ ਕੀਤਾ ਜਾਵੇਗਾ ਤੇ ਫਿਰ ਦੂਸਰੇ ਪਾਸਿਓਂ ਵੀ ਭਾਜੀ ਮੋੜਨ ਦੀ ਗੱਲ ਹੋ ਗਈ ਤਾਂ ਜਲੂਸ ਇਸ ਦੇਸ਼ ਦਾ ਨਿਕਲੇਗਾ। ਜ਼ਰੂਰੀ ਨਹੀਂ ਕਿ ਦੂਸਰੇ ਲੋਕ ਸਿੱਧਾ ਮੋਦੀ ਵੱਲ ਨੂੰ ਨਿਸ਼ਾਨਾ ਸੇਧਣ ਦਾ ਸਾਮਾਨ ਲੱਭੀ ਜਾਣ, ਇਹੋ ਜਿਹੀ ਟੱਕਰ ਵਿਚ ਨਾਲ ਦੇ ਆਗੂਆਂ ਵਿਚੋਂ ਵੀ ਕਿਸੇ ਵੱਲ ਚਾਂਦਮਾਰੀ ਕੀਤੀ ਗਈ ਤਾਂ ਸਿਆਸੀ ਮਾਹੌਲ ਬਹੁਤ ਗੰਧਲਾ ਹੋ ਜਾਵੇਗਾ। ਉਹ ਨੌਬਤ ਨਾ ਆਵੇ ਤਾਂ ਚੰਗਾ ਹੋਵੇਗਾ।

# ਬਲਾਤਕਾਰੀਆਂ ਨੂੰ ਵੱਡੀਆਂ ਸਜ਼ਾਵਾਂ ਦੇਣ ਦੀ ਲੋੜ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਮਹੀਨੇ ਨਾਰਨੌਲ (ਹਰਿਆਣਾ) ਦੇ ਐਡੀਸ਼ਨਲ ਸੈਸ਼ਨ ਜੱਜ ਆਰ.ਕੇ. ਡੋਗਰਾ ਨੇ ਅਨੇਲੀ ਕਸਬੇ ਦੇ ਅਰੁਨ (30) ਅਤੇ ਰਾਜੇਸ਼ (24) ਤੇ ਦੀਪਕ (24) ਨੂੰ ਨੌਂ ਸਾਲ ਦੀ ਬਾਲੜੀ ਨਾਲ ਬਲਾਤਕਾਰ ਤੇ ਕਤਲ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਸੁਣਾਈ ਹੈ। ਮ੍ਰਿਤਕ ਬਾਲੜੀ ਪਿੰਜਰੇ ਵਿਚ ਫਸੇ ਚੂਹੇ ਨੂੰ ਝਾੜੀਆਂ ਵਿਚ ਛੱਡਣ ਜਾ ਰਹੀ ਸੀ ਜਦ ਇਨ੍ਹਾਂ ਵਹਿਸ਼ੀਆਂ ਨੇ ਉਸ ਨੂੰ ਫੁਸਲਾ ਕੇ ਉਹਦੇ ਨਾਲ ਜ਼ਬਰਜਨਾਹ ਕਰਨ ਪਿੱਛੋਂ ਗਲ ਘੁੱਟ ਕੇ ਉਸ ਨੂੰ ਮਾਰ ਦਿੱਤਾ। ਸਦਕੇ ਜਾਈਏ ਵਕੀਲ ਕਰਨ ਸਿੰਘ ਯਾਦਵ ਦੇ ਜਿਸ ਨੇ ਇਸ ਕੇਸ ਦੀ ਬਿਨਾ ਫੀਸ ਦੇ ਪੈਰਵੀ ਕਰਕੇ ਬੁਚੜਾਂ ਨੂੰ ਢੁਕਵੀਂ ਸਜ਼ਾ ਦਿਵਾਈ ਹੈ। ਅਜਿਹੀਆਂ ਸਜ਼ਾਵਾਂ ਤੋਂ ਬਿਨਾ ਅੱਜ ਕੱਲ ਦੀ ਮੰਡੀਰ ਸੁਧਰ ਨਹੀਂ ਸਕਦੀ।



ਮਰਦਾਂ ਦੀ ਮਰਦਾਨਗੀ ਤੇ ਸੂਰਬੀਰਤਾ ਲਈ ਜਾਣੇ ਜਾਂਦੇ ਹਰਿਆਣਾ ਰਾਜ ਵਿਚ ਬਲਾਤਕਾਰ ਦੇ ਕੇਸ ਆਏ ਦਿਨ ਵਧ ਰਹੇ ਹਨ। ਕਿਸੇ ਇਕ ਰਾਜ ਦੀ ਗੱਲ ਕੀ ਕਰੀਏ, ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਨੇ 2015 ਵਿਚ ਅਜਿਹੇ ਦੋਸ਼ਾਂ ਦੇ ਸ਼ਿਕਾਰ ਹੋਏ ਬੱਚਿਆਂ ਦੀ ਗਿਣਤੀ 15,309 ਦੱਸੀ ਹੈ, ਜਿਨ੍ਹਾਂ ਵਿਚੋਂ 8,800 ਲਿੰਗ ਭੋਗ ਦਾ ਸ਼ਿਕਾਰ ਹੋਏ। ਸਭ ਤੋਂ ਮਾੜੀ ਗੱਲ ਇਹ ਕਿ 15,309 ਵਿਚੋਂ 8,341 ਦੋਸ਼ੀ, ਪੀੜਤ ਬੱਚਿਆਂ ਦੇ ਜਾਣੂ ਸਕੂਲ ਅਧਿਆਪਕ ਜਾਂ ਦੂਰ-ਨੇੜੇ ਦੇ ਰਿਸ਼ਤੇਦਾਰ ਸਨ। ਡਾਕਟਰਾਂ ਤੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਪੀੜਤ ਬੱਚੇ ਅਜਿਹੇ ਦੋਸ਼ੀ ਦਾ ਨਾਂ ਤੱਕ ਨਹੀਂ ਲੈਂਦੇ ਜਿਹੜਾ ਉਨ੍ਹਾਂ ਦੇ ਮਾਪਿਆਂ ਦਾ ਚਹੇਤਾ ਹੋਵੇ। ਉਨ੍ਹਾਂ ਦਾ ਮੰਨਣਾ ਹੈ ਕਿ ਮਾਪਿਆਂ ਨੂੰ ਅਜਿਹੀਆਂ ਸੰਭਾਵਨਾ ਤੋਂ ਚੇਤੰਨ ਤੇ ਸੁਚੇਤ ਰਹਿਣ ਦੀ ਲੋੜ ਹੈ, ਖਾਸ ਕਰਕੇ ਬੱਚਿਆਂ ਦੇ ਸੁਭਾਅ, ਵਰਤਾਰੇ ਤੇ ਸਰੀਰ ਵਿਚ ਆਈਆਂ ਤਬਦੀਲੀਆਂ ਦੇ ਮੱਦੇਨਜ਼ਰ। ਇਸ ਗੱਲ ਵਲ ਖਾਸ ਧਿਆਨ ਦਿੱਤਾ ਜਾਵੇ ਕਿ ਬੱਚੇ ਨੂੰ ਕਦੀ ਵੀ ਸਕੂਲ ਜਾਂ ਬਜ਼ਾਰ ਇੱਕਲਿਆਂ ਨਾ ਜਾਣ ਦਿੱਤਾ ਜਾਵੇ।

ਇਹ ਠੀਕ ਹੈ ਕਿ ਸਰਕਾਰਾਂ ਅਜਿਹੇ ਦੋਸ਼ਾਂ ਲਈ ਲੋੜ ਅਨੁਸਾਰ ਕਾਨੂੰਨ ਪਾਸ ਕਰਦੀਆਂ ਹਨ ਤੇ ਸਮਾਜ ਸੇਵੀ ਸੰਸਥਾਵਾਂ ਵੀ ਆਪਣਾ ਫਰਜ਼ ਨਿਭਾਉਣ ਤੋਂ ਪਿੱਛੇ ਨਹੀਂ ਰਹਿੰਦੀਆਂ ਪਰ ਇਸ ਪ੍ਰਸੰਗ ਵਿਚ ਬੱਚਿਆਂ ਦੇ ਮਾਪੇ ਹੀ ਹਨ, ਜਿਨ੍ਹਾਂ ਨੂੰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ। ਸਿਆਣੇ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਬਹੁਤੇ ਬੱਚੇ ਪੈਦਾ ਕਰਨ ਨਾਲੋਂ ਥੋੜ੍ਹੇ, ਤੰਦਰੁਸਤ ਤੇ ਸੁਰੱਖਿਅਤ ਬੱਚੇ ਸਮਾਜ ਨੂੰ ਦੇਣਾ ਹੀ ਸਮਾਜ ਦੀ ਅਸਲ ਸੇਵਾ ਹੈ।

**ਅੰਗ ਦਾਨੀਆਂ ਦੇ ਅੰਗ-ਸੰਗ:** ਮੈਂ ਅਗਲੇ ਮਹੀਨੇ ਆਪਣੇ ਜੀਵਨ ਦੇ 83 ਵਰ੍ਹੇ ਪੂਰੇ ਕਰ ਲੈਣੇ ਹਨ। ਨਿੱਕੇ ਹੁੰਦਿਆਂ ਘਰੋਂ ਤੁਰਨ ਵੇਲੇ ਮੈਂ ਕਲਮ, ਦਵਾਤ ਤੇ ਫੱਟੀ ਚੇਤੇ ਰਖਦਾ ਸਾਂ, ਥੋੜ੍ਹਾ ਵੱਡਾ ਹੋ ਕੇ ਸਕੂਲ-ਕਾਲਜ ਦੀ ਪੜ੍ਹਾਈ ਕਰਦਿਆਂ ਪੈਨ, ਘੜੀ ਤੇ ਪੈਸੇ। ਹੁਣ ਕਾਫੀ ਸਮੇਂ ਤੋਂ ਮਨੀ, ਮੋਬਾਈਲ ਤੇ ਮੈਡੀਸਨ। ਭਾਵੇਂ ਹਾਲੇ ਵੀ ਪੈਸੇ, ਮੋਬਾਈਲ ਤੇ ਦਵਾਈਆਂ ਭੁਲਣ ਦਾ ਸਵਾਲ ਨਹੀਂ ਪੈਦਾ ਹੁੰਦਾ ਪਰ ਸੰਨ 2010 ਤੋਂ ਘਰ ਜਾਂ ਘਰੋਂ ਬਾਹਰ ਜਾਂਦੇ ਸਮੇਂ ਮੈਂ ਆਪਣੀ ਜੇਬ ਵਿਚ 'ਆਈ ਐਮ ਏ ਬਾਡੀ ਡੋਨਰ' (ਮੈਂ ਸਰੀਰ ਦਾਨੀ ਹਾਂ) ਵਾਲਾ ਕਾਰਡ ਰੱਖਣਾ ਵੀ ਨਹੀਂ ਭੁਲਦਾ। ਇਹ ਕਾਰਡ ਸਦਾ ਮੇਰੇ ਅੰਗ-ਸੰਗ ਹੁੰਦਾ ਹੈ। ਜੀਉਂਦੇ ਜੀਅ ਮੇਰਾ ਮਨੀ ਮੋਬਾਈਲ ਤੇ ਮੈਡੀਸਨ ਬਿਨਾ ਨਹੀਂ ਸਰਦਾ ਤੇ ਮਰਨ ਉਪਰੰਤ ਜੇ ਕਿਸੇ ਅਮਲ ਨੇ ਮੈਨੂੰ ਰਾਹਤ ਦੇਣੀ ਹੈ ਤਾਂ ਅਪਣੇ ਸਰੀਰ ਦੇ ਦਾਨ ਨੇ।

ਪਿਛਲੇ ਦਿਨਾਂ ਵਿਚ ਚਾਰ ਅਜਿਹੇ ਨੌਜਵਾਨਾਂ ਜਿਨ੍ਹਾਂ ਦੇ ਦਿਮਾਗ ਖਤਮ ਹੋ ਚੁਕੇ ਸਨ, ਦੇ ਮਾਪਿਆਂ ਨੇ ਆਪਣੇ ਪਿਆਰੇ ਬੱਚਿਆਂ ਦੇ ਅੰਗ ਦਾਨ ਕਰਕੇ ਪੀ.ਜੀ.ਆਈ. ਦੇ ਨੌਂ ਗੰਭੀਰ ਰੋਗੀਆਂ ਨੂੰ ਨਵਾਂ ਜੀਵਨ ਦਿੱਤਾ। ਇਕ ਦੇ ਜਿਗਰ ਗੁਰਦੇ ਤੇ ਅੱਖਾਂ ਕੰਮ ਆਈਆਂ, ਦੂਜੇ ਦੇ ਦੋਵੇਂ ਗੁਰਦੇ, ਤੀਜੇ ਦੇ ਦੋਵੇਂ ਗੁਰਦੇ ਤੇ ਦੋਵੇਂ ਅੱਖਾਂ ਤੇ ਚੌਥੇ ਦੇ ਦੋਵੇਂ ਗੁਰਦੇ ਹਵਾਈ ਜਹਾਜ਼ ਰਾਹੀਂ ਨਵੀਂ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਚ ਦਾਖਲ ਇਕ ਮਰੀਜ਼ ਲਈ ਭੇਜੇ ਗਏ। ਇਨ੍ਹਾਂ ਤੋਂ ਬਿਨਾ ਚਾਰ ਹੋਰਨਾਂ ਦੀਆਂ ਅੱਖਾਂ ਨੇ ਚਾਰ ਮਰੀਜ਼ਾਂ ਨੂੰ ਮੁੜ ਰਾਂਗਲੀ ਦੁਨੀਆਂ ਵੇਖਣ ਦੇ ਯੋਗ ਬਣਾਇਆ ਗਿਆ। ਚੰਡੀਗੜ੍ਹ ਦੇ ਹਸਪਤਾਲ ਪੀ.ਜੀ.ਆਈ. ਵਿਚ ਅੰਗ ਲੈਣ ਵਾਲੇ ਮਰੀਜ਼ਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਪਰ ਕਿਸੇ ਬੰਦੇ ਦੇ ਅੰਗ ਉਦੋਂ ਤੱਕ ਨਹੀਂ ਵਰਤੇ ਜਾ ਸਕਦੇ ਜਦੋਂ ਤੱਕ ਉਸ ਦੀ ਜੇਬ ਵਿਚ ਉਸ ਦਾ ਦਾਨ ਪੱਤਰ ਨਾ ਹੋਵੇ। ਡਾ. ਐਮ. ਐਸ. ਰੰਧਾਵਾ ਦੀ ਜਰਮਨ ਨੂੰਹ ਪੂਰਾ ਇੱਕ ਸਾਲ ਬਰੇਨ ਡੈਡ ਪਈ ਰਹੀ ਪਰ ਉਸ ਦੇ ਧੀਆਂ-ਪੁੱਤਰਾਂ ਨੇ ਉਸ ਦੇ ਅੰਗ ਦਾਨ ਨਹੀਂ ਕੀਤੇ।




ਅਸੀਂ ਇਹੋ ਜਿਹੀ ਸਥਿਤੀ ਤੋਂ ਬਚਣ ਲਈ ਪਿਛਲੇ ਛੇ ਸਾਲਾਂ ਤੋਂ ਯਾਨਿ 13 ਸਤੰਬਰ 2010 ਤੋਂ ਇਹ ਪ੍ਰਵਾਨਗੀ ਆਪਣੀ ਜੇਬ ਵਿਚ ਪਾ ਰੱਖੀ ਹੈ। ਅਸੀਂ ਤੋਂ ਮੇਰਾ ਭਾਵ ਮੈਂ ਤੇ ਮੇਰੀ ਪਤਨੀ ਸੁਰਜੀਤ ਕੌਰ ਸੰਧੂ ਹੈ, ਜੋ ਖੁਦ ਡਾਕਟਰ ਹੈ। ਸਾਡੀਆਂ ਅੱਖਾਂ ਤੋਂ ਬਿਨਾ ਬੁੱਢੇ ਤੇ ਪੁਰਾਣੇ ਅੰਗ ਕਿਸੇ ਦੇ ਕੰਮ ਆਉਣ ਨਾ ਆਉਣ, ਅਸੀਂ ਆਪਣੇ ਸਾਕ-ਸਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਦੱਸ ਚੁੱਕੇ ਹਾਂ ਕਿ ਸਾਡੀ ਮੌਤ ਉਤੇ ਕਿਸੇ ਕਿਸਮ ਦੀਆਂ ਧਾਰਮਿਕ ਰਸਮਾਂ ਕਰਨ ਦੀ ਥਾਂ ਸਾਡੀ ਮਰਜ਼ੀ ਤੇ ਅਹਿਦ ਨੂੰ ਪ੍ਰਵਾਨ ਕੀਤਾ ਜਾਵੇ। ਹੋਰ ਕੁਝ ਹੋਵੇ ਨਾ ਹੋਵੇ, ਡਾਕਟਰੀ ਦੇ ਵਿਦਿਆਰਥੀ ਸਾਡੇ ਮਿੱਟੀ ਹੋਏ ਸਰੀਰ ਦੀ ਚੀਰ ਫਾੜ ਕਰਕੇ ਕੁਝ ਸਿੱਖ ਸਕਦੇ ਹਨ।

**ਅੰਤਿਕਾ: ਫਿਰਾਕ ਗੋਰਖਪੁਰੀ**

ਮੌਤ ਇੱਕ ਗੀਤ ਰਾਤ ਗਾਤੀ ਥੀ
ਜ਼ਿੰਦਗੀ ਝੂਮ ਝੂਮ ਜਾਤੀ ਥੀ।
ਜ਼ਿੰਦਗੀ ਕੋ ਵਫਾ ਕੀ ਰਾਹੋਂ ਮੇਂ
ਮੌਤ ਖੁਦ ਰੌਸ਼ਨੀ ਦਿਖਾਤੀ ਥੀ।

# 5ਕੇ ਵਾਕ ਟੀਮ ਦੇ ਸੇਵਾਦਾਰਾਂ ਦਾ ਸੈਨ ਹੋਜ਼ੇ ਸਿਟੀ ਮੇਅਰ ਵਲੋਂ ਸਨਮਾਨ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਸਿਟੀ ਦੇ ਮੇਅਰ ਪ੍ਰਸ਼ਾਸਨ ਵਲੋਂ ਵੱਖ ਵੱਖ ਸੰਸਥਾਵਾਂ ਦੇ ਨਿਸ਼ਕਾਮ ਸਮਾਜ ਸੇਵੀਆਂ ਦਾ ਲੰਘੀ 11 ਫਰਵਰੀ ਨੂੰ ਇਥੇ ਗੰਡਰਸਨ ਹਾਈ ਸਕੂਲ ਜਿਮ ਵਿਖੇ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਸਿੱਖ ਭਾਈਚਾਰੇ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਤਰਫੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਉਪਰ ਕਰਵਾਈ ਜਾਂਦੀ 5ਕੇ ਵਾਕ ਦੇ ਸੰਯੋਜਕ ਵੀ ਸ਼ਾਮਲ ਸਨ।



ਜ਼ਿਕਰਯੋਗ ਹੈ ਕਿ ਇਸ ਵਾਕ ਰਾਹੀਂ ਇਕੱਤਰ ਕੀਤਾ ਜਾਂਦਾ ਪੈਸਾ ਬੇਘਰੇ ਅਤੇ ਲੋੜਵੰਦਾਂ ਨੂੰ ਕੰਬਲ ਵੰਡਣ ਲਈ ਵਰਤਿਆ ਜਾਂਦਾ ਹੈ। ਇਸ ਟੀਮ ਵਲੋਂ ਪਿਛਲੇ ਤਿੰਨ ਸਾਲਾਂ ਤੋਂ ਹਰ ਮਹੀਨੇ ਆਖਰੀ ਸ਼ੁੱਕਰਵਾਰ ਬੇਘਰੇ ਅਤੇ ਲੋੜਵੰਦ ਲੋਕਾਂ ਨੂੰ ਖਾਣਾ ਮੁਹੱਈਆ ਕੀਤਾ ਜਾਂਦਾ ਹੈ। ਬੇਘਰੇ ਲੋਕਾਂ ਨੂੰ ਕੰਬਲ ਵੰਡਣ ਦਾ ਪ੍ਰੋਗਰਾਮ ਪਿਛਲੇ ਪੰਜ ਸਾਲਾਂ ਤੋਂ ਚੱਲ ਰਿਹਾ ਹੈ। ਇਸ ਵਾਰ ਫੈਸਲਾ ਕੀਤਾ ਗਿਆ ਹੈ ਕਿ ਸੈਨ ਹੋਜ਼ੇ ਸਿਟੀ ਵਿਚ ਰਹਿੰਦੇ ਸਾਬਕਾ ਫੌਜੀਆਂ (ਵੈਟਰਨਜ਼) ਨੂੰ ਵੀ ਕੰਬਲ ਅਤੇ ਲੋੜੀਂਦੀਆਂ ਹੋਰ ਚੀਜ਼ਾਂ ਵੰਡੀਆਂ ਜਾਇਆ ਕਰਨਗੀਆਂ।

ਟੀਮ ਮੈਂਬਰਾਂ ਦਾ ਮਾਣ ਸਤਿਕਾਰ ਸੈਨ ਹੋਜ਼ੇ ਸਿਟੀ ਦੇ ਮੇਅਰ ਸੈਮ ਲਿਕਾਰਡੋ, ਵਾਈਸ ਮੇਅਰ ਮੈਗਡਾਲੀਅਨਾ ਕਰੈਸਕੋ ਅਤੇ ਡਿਸਟ੍ਰਿਕਟ 8 ਦੇ ਕੌਂਸਲ ਮੈਂਬਰ ਸਿਲਵੀਆ ਐਰੀਨਾਸ ਨੇ ਕੀਤਾ। ਇਸ ਮੌਕੇ ਸਿਟੀ ਦੇ ਹੋਰ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਕੈਲੀਫੋਰਨੀਆ ਸਟੇਟ ਸੈਨੇਟਰ ਜਿਮ ਬੀਲ, ਕੈਲੀਫੋਰਨੀਆ ਅਸੈਂਬਲੀਮੈਨ ਐਸ਼ ਕਾਲੜਾ ਅਤੇ ਕੈਨਸਨ ਚੂ ਹਾਜ਼ਰ ਸਨ।

5ਕੇ ਵਾਕ ਦੇ ਜਿਨ੍ਹਾਂ ਟੀਮ ਮੈਂਬਰਾਂ ਦਾ ਸਨਮਾਨ ਕੀਤਾ ਗਿਆ, ਉਨ੍ਹਾਂ ਵਿਚ ਇੰਦਰਜੀਤ ਸਿੰਘ ਬਿੰਦ, ਪ੍ਰਿਤਪਾਲ ਕੌਰ, ਸੁਖਦੇਵ ਸਿੰਘ ਬੈਨੀਵਾਲ, ਪ੍ਰੀਤਮ ਸਿੰਘ, ਸਤਿੰਦਰ ਸਿੰਘ, ਸਿਮਰਨ ਕੌਰ ਅਤੇ ਖੁਸ਼ਵਿੰਦਰ ਸਿੰਘ ਸ਼ਾਮਲ ਸਨ।

ਇਸ ਮੌਕੇ ਸੈਨ ਹੋਜ਼ੇ ਸਿਟੀ ਦੇ ਇਕ ਪ੍ਰਤੀਨਿਧ ਵਲੋਂ ਸਿੱਖ ਭਾਈਚਾਰੇ ਦੇ ਨਾਂ ਪੜ੍ਹੇ ਗਏ ਸੰਦੇਸ਼ ਵਿਚ ਗੁਰੂ ਨਾਨਕ ਦੇਵ ਜੀ ਨੂੰ ਅਮਨ ਅਤੇ ਮਾਨਵਤਾ ਦਾ ਦੂਤ ਕਰਾਰ ਦਿੱਤਾ ਗਿਆ ਅਤੇ ਇਹ ਵੀ ਜ਼ਿਕਰ ਕੀਤਾ ਗਿਆ ਕਿ ਸਿੱਖ ਭਾਈਚਾਰੇ ਵਿਚ ਲੰਗਰ ਦੀ ਸੇਵਾ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ। ਗੁਰੂ ਨਾਨਕ ਦੇਵ ਜੀ




ਵਲੋਂ ਕੀਤੀਆਂ ਗਈਆਂ ਉਦਾਸੀਆਂ ਦੌਰਾਨ 28,000 ਕਿਲੋਮੀਟਰ ਦਾ ਪੈਦਲ ਸਫਰ ਕਰ ਕੇ ਮਨੁੱਖਤਾ ਲਈ ਪਿਆਰ, ਅਮਨ, ਮਾਨਵਤਾ ਅਤੇ ਸਰਬ ਸਾਂਝੇ ਭਾਈਚਾਰੇ ਦੇ ਦਿੱਤੇ ਗਏ ਸੰਦੇਸ਼ ਦਾ ਜ਼ਿਕਰ ਵੀ ਇਸ ਸੁਨੇਹੇ ਵਿਚ ਕੀਤਾ ਗਿਆ ਸੀ।

5ਕੇ ਟੀਮ ਨੇ ਇਸ ਮੌਕੇ ਤਹੱਈਆ ਕੀਤਾ ਕਿ ਇਹ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਦੇ ਸਹਿਯੋਗ ਨਾਲ ਸੈਨ ਹੋਜ਼ੇ ਦੇ ਲੋੜਵੰਦ ਵਾਸੀਆਂ ਦੀ ਮਦਦ ਲਈ ਕੰਮ ਕਰਦੀ ਰਹੇਗੀ। ਇਸ ਤਰ੍ਹਾਂ ਵੱਧ ਤੋਂ ਵੱਧ ਲੋਕਾਂ ਨੂੰ ਸਿੱਖੀ ਅਤੇ ਸਿੱਖਾਂ ਬਾਰੇ ਜਾਣਕਾਰੀ ਮੁਹੱਈਆ ਕੀਤੀ ਜਾ ਸਕੇਗੀ।



# ਭਗਤ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਰਿਜ਼ਨੋ (ਬਿਊਰੋ):** ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਦਾ 640ਵਾਂ ਪ੍ਰਕਾਸ਼ ਦਿਹਾੜਾ ਲੰਘੇ ਐਤਵਾਰ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਚ ਸ਼ਰਧਾ ਨਾਲ ਮਨਾਇਆ ਗਿਆ। ਇਸ







ਮੌਕੇ ਸਜੇ ਦੀਵਾਨ ਵਿਚ ਰਾਗੀ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਦੀ ਬਾਣੀ ਦਾ ਕੀਰਤਨ ਕੀਤਾ ਅਤੇ ਬੁਲਾਰਿਆਂ ਨੇ ਭਗਤ ਜੀ ਦੀਆਂ ਸਿੱਖਿਆਵਾਂ ਉਤੇ ਚੱਲਣ ਦੀ ਪ੍ਰੇਰਨਾ ਕੀਤੀ। ਵੱਡੀ ਗਿਣਤੀ ਵਿਚ ਪਹੁੰਚ ਕੇ ਸੰਗਤਾਂ ਨੇ ਰੱਬੀ ਬਾਣੀ ਦਾ ਲਾਹਾ ਲਿਆ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਸੁੰਦਰ ਨਗਰ ਦੇ ਜਥੇ ਨੇ ਕੀਰਤਨ ਕੀਤਾ ਤੇ ਭਾਈ ਸੁਰਜਣ ਸਿੰਘ ਨੇ ਕਥਾ ਵਿਆਖਿਆ ਰਾਹੀਂ ਭਗਤ ਜੀ ਦੇ ਜੀਵਨ 'ਤੇ ਚਾਨਣਾ ਪਾਇਆ।

ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਭਗਤ ਰਵਿਦਾਸ ਦੇ ਜੀਵਨ ਉਤੇ ਚਾਨਣਾ ਪਾਇਆ। ਲੰਗਰ ਦੀ ਸੇਵਾ ਪ੍ਰਮੋਧ ਲੌਈ ਦੇ ਪਰਿਵਾਰ ਨੇ ਕੀਤੀ। ਸਟੇਜ ਸੰਚਾਲਨ ਦੀ ਸੇਵਾ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ।

# ਸਿੱਖ ਫੁੱਟਬਾਲਰ ਨੂੰ ਪਟਕਾ ਬੰਨ੍ਹ ਕੇ ਖੇਡਣ ਤੋਂ ਰੋਕਿਆ

**ਲੰਡਨ:** ਲੈਸਟਰ ਦੇ ਸਿੱਖ ਫੁੱਟਬਾਲ ਖਿਡਾਰੀ ਗੁਰਦੀਪ ਮੁਦਾਰ ਨੂੰ ਰੈਫਰੀ ਨੇ ਪਟਕਾ ਬੰਨ੍ਹ ਕੇ ਮੈਚ ਖੇਡਣ ਤੋਂ ਰੋਕਿਆ। ਲੈਸਟਰ ਨਿਰਵਾਨਾ ਟੀਮ ਦਾ ਇਹ ਖਿਡਾਰੀ ਹਮੇਸ਼ਾ ਸਿਰ 'ਤੇ ਪਟਕਾ ਬੰਨ੍ਹ ਕੇ ਖੇਡਦਾ ਹੈ। ਉਸ ਨੂੰ ਪਹਿਲਾਂ ਕਦੇ ਵੀ ਰੋਕਿਆ ਨਹੀਂ ਗਿਆ।

ਨਿਰਵਾਨਾ ਦੇ ਨੁਮਾਇੰਦਿਆਂ ਨੇ ਕਿਹਾ ਕਿ ਨਿਯਮਾਂ ਅਨੁਸਾਰ ਸਿਰ ਢੱਕ ਸਕਦਾ ਹੈ, ਪਰ ਮੈਚ ਅਧਿਕਾਰੀ ਨੇ ਉਸ ਨੂੰ ਕਿਹਾ ਹੈ ਕਿ ਉਹ ਯੂਨਾਈਟਡ ਕਾਊਂਟੀ ਫੁੱਟਬਾਲ ਲੀਗ ਨਹੀਂ ਖੇਡ ਸਕਦਾ।




ਗੁਰਦੀਪ ਮੁਦਾਰ


ਕਲੱਬ ਦੇ ਟੀਮ ਸਕੱਤਰ ਜੈਕ ਹੋਜਾਤ ਨੇ ਕਿਹਾ ਕਿ ਗੁਰਦੀਪ ਹਮੇਸ਼ਾ ਪਟਕਾ ਬੰਨ੍ਹ ਕੇ ਖੇਡਦਾ ਹੈ। ਉਸ ਨੂੰ ਪਹਿਲਾਂ ਕਦੇ ਨਹੀਂ ਰੋਕਿਆ ਗਿਆ, ਪਰ ਇਸ ਵਾਰ ਰੈਫਰੀ ਨੇ ਕਿਹਾ ਕਿ ਉਹ ਮੈਚ ਨਹੀਂ ਖੇਡ ਰਿਹਾ। ਇਸ ਤੋਂ ਬਾਅਦ ਬਾਕੀ ਖਿਡਾਰੀਆਂ ਨੇ ਵੀ ਮੈਚ ਖੇਡਣ ਤੋਂ ਨਾਂਹ ਕਰ ਦਿੱਤੀ। ਕੁਝ ਦੇਰ ਬਾਅਦ ਗੁਰਦੀਪ ਨੂੰ ਖੇਡਣ ਦਿੱਤਾ ਗਿਆ ਅਤੇ ਉਸ ਨੇ ਇਸ ਖੇਡ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੀ ਟੀਮ ਵੱਲੋਂ 2 ਗੋਲ ਦਾਗੇ, ਜਿਸ ਵਿਚ ਇਕ 92 ਮਿੰਟ 'ਚ ਪੈਨਲਟੀ ਵੀ ਸ਼ਾਮਲ ਹੈ, ਜਿਸ ਨਾਲ ਨਿਰਵਾਨਾ ਕਲੱਬ ਦੀ ਟੀਮ ਨੂੰ 2-1 ਨਾਲ ਜਿੱਤ ਹਾਸਲ ਹੋਈ।

ਜ਼ਿਕਰਯੋਗ ਹੈ ਕਿ ਭਾਵੇਂ ਵਿਦੇਸ਼ਾਂ ਵਿਚ ਸਿੱਖਾਂ ਨੂੰ ਦਸਤਾਰ ਸਜਾਉਣ ਦੀ ਖੁੱਲ੍ਹ ਹੈ, ਪਰ ਫਿਰ ਵੀ ਕਈ ਵਾਰ ਅਜਿਹੇ ਮੌਕੇ ਪੈਦਾ ਹੋ ਜਾਂਦੇ ਹਨ, ਜਦੋਂ ਸਿੱਖਾਂ ਨੂੰ ਆਪਣੇ ਪਹਿਰਾਵੇ, ਦਿੱਖ ਕਾਰਨ ਪੱਖਪਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁਨੀਆਂ ਭਰ ਵਿਚ ਸਿੱਖਾਂ ਨੇ ਵੱਡਾ ਨਾਮਣਾ ਖੱਟਿਆ ਹੈ, ਪਰ ਫਿਰ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਅਜੇ ਬਹੁਤ ਲੋੜ ਹੈ।

# ਸੰਤ ਭਿੰਡਰਾਂਵਾਲਿਆਂ ਦਾ 70ਵਾਂ ਜਨਮ ਦਿਹਾੜਾ ਮਨਾਇਆ

**ਸਟਾਕਟਨ (ਬਿਊਰੋ):** ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ 70ਵਾਂ ਜਨਮ ਦਿਹਾੜਾ ਇਥੇ







ਗੁਰਦੁਆਰਾ ਸਾਹਿਬ ਵਿਚ ਮਨਾਇਆ ਗਿਆ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਦੀਵਾਨ ਵਿਚ ਕਥਾ ਕੀਰਤਨ ਦੇ ਪਰਵਾਹ ਚੱਲੇ। ਕਥਾ ਵਿਚ ਸੰਤਾਂ ਦੇ ਜੀਵਨ ਉਤੇ ਝਾਤ ਪਵਾਂਦਿਆਂ ਦੱਸਿਆ ਗਿਆ ਕਿ ਉਨ੍ਹਾਂ ਦੀ ਰੁਚੀ ਤੇ ਲਗਨ ਬਚਪਨ ਤੋਂ ਹੀ ਅਕਾਲ ਪੁਰਖ ਵੱਲ ਸੀ। ਸਾਦਾ ਜੀਵਨ ਸੀ ਪਰ ਬੰਦਗੀ ਨਾਲ ਸਰਸ਼ਾਰ ਸੀ। ਉਪਰੰਤ ਪੰਥਕ ਬੁਲਾਰਿਆਂ ਡਾ. ਦਲਜੀਤ ਸਿੰਘ, ਪੁਨੀਤ ਕੌਰ, ਸਤਨਾਮ ਸਿੰਘ ਅਤੇ ਭਾਈ ਤਰਲੋਚਨ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ-ਬਚਪਨ, ਜਵਾਨੀ, ਉਨ੍ਹਾਂ ਦੇ ਗੁਰਮਤਿ ਗਿਆਨ ਅਤੇ ਸ਼ਹਾਦਤ 'ਤੇ ਰੋਸ਼ਨੀ ਪਾਈ। ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਂਟਾ ਕਰੂਜ਼ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੀ ਬੀਬੀ ਪੁਨੀਤ ਕੌਰ ਨੇ ਸੰਤਾਂ ਦੇ ਜੀਵਨ ਵਿਚੋਂ ਸਿੱਖ ਕੌਮ ਦੀ ਗੁਲਾਮੀ ਦੇ ਪੱਖ ਨੂੰ ਉਭਾਰਦਿਆਂ ਕਿਹਾ ਕਿ ਸੰਤਾਂ ਨੇ ਧੁਰ ਅੰਦਰੋਂ ਮਹਿਸੂਸ ਕਰ ਲਿਆ ਸੀ ਕਿ ਸਿੱਖ ਕੌਮ ਬੁਰੀ ਤਰ੍ਹਾਂ ਗੁਲਾਮੀ ਦਾ ਸ਼ਿਕਾਰ ਹੈ ਤੇ ਗੁਲਾਮੀ ਦਾ ਜੂਲਾ ਹਰ ਹਾਲਤ ਵਿਚ ਕੌਮ ਦੇ ਗਲੋਂ ਉਤਾਰਨਾ ਹੈ।

ਸ਼ਹੀਦ ਭਾਈ ਅਮਰੀਕ ਸਿੰਘ ਦੇ ਪੁੱਤਰ ਭਾਈ ਤਰਲੋਚਨ ਸਿੰਘ ਨੇ ਕਿਹਾ ਕਿ ਸੰਤਾਂ ਦੀ ਚਾਹਤ ਸੀ ਕਿ ਸਿੱਖੀ ਵਧੇ-ਫੁਲੇ ਪਰ ਭਾਰਤੀ ਹਕੂਮਤ ਚਾਹੁੰਦੀ ਸੀ ਕਿ ਸਿੱਖੀ ਮਰ ਮੁੱਕ ਜਾਵੇ। ਇਹੀ ਜੰਗ ਦੀ ਵਜਾਹ ਸੀ। ਭਾਰਤੀ ਹਕੂਮਤ ਜਿੱਤ ਕੇ ਵੀ ਹਾਰ ਗਈ ਤੇ ਸੰਤ ਹਰ ਦਿਲ ਅਜੀਜ਼ ਹੋ ਗਏ। ਭਾਈ ਸਤਨਾਮ ਸਿੰਘ ਨੇ ਭਾਈ ਮੰਡ ਦੀ ਲਿਖੀ ਇਕ ਨਜ਼ਮ ਸੰਗਤਾਂ ਨੂੰ ਤਰੰਨਮ ਵਿਚ ਸੁਣਾਈ। ਅੰਤ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ



ਭਾਈ ਅਮਰੀਕ ਸਿੰਘ ਦੀ ਸਿੰਘਣੀ ਬੀਬੀ ਹਰਮੀਤ ਕੌਰ ਤੇ ਉਨ੍ਹਾਂ ਦੇ ਪੁੱਤਰ ਭਾਈ ਤਰਲੋਚਨ ਸਿੰਘ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਪੰਡਾਲ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਸਿੰਘਾਂ ਸਿੰਘਣੀਆਂ ਨੇ ਖਾਲਿਸਤਾਨੀ ਝੰਡਿਆਂ-ਨਿਸ਼ਾਨ ਸਾਹਿਬਾਂ ਦੀ ਰਹਿਨੁਮਾਈ ਵਿਚ ਗਤਕੇ ਦੇ ਜੌਹਰ ਵਿਖਾਏ। ਜਥੇਦਾਰ ਦੀਦਾਰ ਸਿੰਘ ਤੇ ਜਥੇਦਾਰ ਜਸਪ੍ਰੀਤ ਸਿੰਘ ਦੀ ਅਗਵਾਈ ਵਿਚ ਗਤਕਾ ਯੋਧਿਆਂ ਨੇ ਇਕ ਵਾਰ ਤਾਂ ਮਾਹੌਲ ਨੂੰ ਸੰਤ ਸਿਪਾਹੀ ਦੇ ਰੰਗ ਵਿਚ ਰੰਗ ਦਿੱਤਾ।



# ਸਿੱਖ ਕੋਆਰਡੀਨੇਸ਼ਨ ਕਮੇਟੀ ਵੱਲੋਂ ਬਾਦਲ ਵਿਰੁਧ ਮੁਜਾਹਰੇ ਦਾ ਐਲਾਨ



ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਦੌਰਾਨ ਬੈਠੇ ਸਿੰਘ

**ਨਿਊ ਯਾਰਕ (ਬਿਊਰੋ):** ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਬਣਾਈ ਗਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਅਮਰੀਕਾ) ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਅਮਰੀਕਾ ਵਿਚ ਜਿੱਥੇ ਕਿਤੇ ਵੀ ਉਹ ਕਿਸੇ ਜਨਤਕ ਸਮਾਗਮ ਨੂੰ ਸੰਬੋਧਨ ਕਰਨਗੇ, ਵਿਰੁਧ ਰੋਸ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਜਥੇਬੰਦੀ ਨੇ ਦਿੱਲੀ ਦੇ ਸਿੱਖਾਂ ਨੂੰ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ (ਡੀ.ਜੀ.ਐਮ.ਸੀ.) ਦੀਆਂ ਹੋ ਰਹੀਆਂ ਚੋਣਾਂ ਵਿਚ ਪੰਥਕ ਕਿਰਦਾਰ ਵਾਲੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਹੈ।

ਕੋਆਰਡੀਨੇਸ਼ਨ ਕਮੇਟੀ ਦੀ ਇਥੇ ਹੋਈ ਇਕ ਮੀਟਿੰਗ ਵਿਚ ਕੀਤੇ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਹੈ ਕਿ ਮੀਡੀਏ ਦੀਆਂ ਖਬਰਾਂ ਅਨੁਸਾਰ ਸ. ਬਾਦਲ ਅਮਰੀਕਾ ਵਿਚ ਆਪਣਾ ਇਲਾਜ ਕਰਾਉਣ ਲਈ ਆ ਰਹੇ ਹਨ, ਜਿਸ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਜੇ ਉਹ ਕਿਸੇ ਜਨਤਕ ਸਮਾਗਮ ਨੂੰ ਸੰਬੋਧਨ ਕਰਨਗੇ ਤਾਂ ਸਿੱਖ ਕੋਆਰਡੀਨੇਸ਼ਨ ਕਮੇਟੀ ਵਲੋਂ ਉਨ੍ਹਾਂ ਖਿਲਾਫ ਮੁਜਾਹਰਾ ਕੀਤਾ ਜਾਵੇਗਾ।

ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸ. ਹਿੰਮਤ ਸਿੰਘ ਨੇ ਕਿਹਾ ਕਿ ਪੰਜਾਬ ਹੁਣ ਲਾਵਾਰਸ ਹੋ ਗਿਆ ਹੈ, ਜਿੱਥੇ ਕਿਸੇ ਵੀ ਪਾਰਟੀ ਨੇ ਪਾਣੀਆਂ ਦਾ ਮੁੱਦਾ ਨਹੀਂ ਉਠਾਇਆ, ਨਾ ਹੀ ਨਸ਼ਿਆਂ ਵਿਰੁਧ ਕਿਸੇ ਠੋਸ ਕਾਰਵਾਈ ਦਾ ਫੈਸਲਾ ਕੀਤਾ ਹੈ, ਕਿਸਾਨੀ, ਬੇਰੁਜ਼ਗਾਰੀ, ਧੀਆਂ ਨੂੰ ਕੁੱਖ ਵਿਚ ਕਤਲ ਕਰਨ, ਗੁਰਦੁਆਰਿਆਂ 'ਤੇ ਗੈਰ ਪੰਥਕ ਧਿਰਾਂ ਦੇ ਕਬਜ਼ੇ ਬਾਰੇ ਕਿਸੇ ਵੀ ਪਾਰਟੀ ਨੇ ਕਿਸੇ ਠੋਸ ਕਾਰਵਾਈ ਦਾ ਸੰਕੇਤ ਨਹੀਂ ਦਿੱਤਾ ਜਿਸ ਤੋਂ ਜ਼ਾਹਰ ਹੈ ਕਿ ਪੰਜਾਬ ਲਾਵਾਰਸ ਹੋ ਗਿਆ ਹੈ।

ਮੀਟਿੰਗ ਨੂੰ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਵੀ ਸੰਬੋਧਨ ਕੀਤਾ।

# ਹਰਿਆਣਾ ਵਿਚ ਪੰਜਾਬੀ ਨੂੰ ਦੁਆਵਾਂਗੇ ਦੂਜੀ ਭਾਸ਼ਾ ਦਾ ਦਰਜਾ: ਬਡੂੰਗਰ

**ਕੁਰੂਕਸ਼ੇਤਰ:** ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਨਤਮਸਤਕ ਹੋਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਪੂਰੇ ਹਰਿਆਣੇ ਵਿਚ ਅਧੂਰੇ ਪ੍ਰਾਜੈਕਟਾਂ ਉਤੇ ਛੇਤੀ ਹੀ ਕੰਮ ਸ਼ੁਰੂ ਹੋਵੇਗਾ। ਕੁਰੂਕਸ਼ੇਤਰ ਵਿਚ ਝਾਂਸਾ ਰੋਡ 'ਤੇ ਐਸ.ਜੀ.ਪੀ.ਸੀ. ਵੱਲੋਂ 12ਵੀਂ ਜਮਾਤ ਤੱਕ ਦਾ ਸਕੂਲ ਬਣਾਉਣ ਸਬੰਧੀ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਕੀਤੇ ਐਲਾਨ ਬਾਰੇ ਉਨ੍ਹਾਂ ਸਪੱਸ਼ਟ ਕਿਹਾ ਕਿ ਸਾਰੇ ਐਲਾਨਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ।



ਪ੍ਰੋ. ਬਡੂੰਗਰ ਨੇ ਕਿਹਾ ਕਿ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੁਆਉਣ ਲਈ ਮੁੱਖ ਮੰਤਰੀ ਮਨੋਹਰ ਲਾਲ ਨਾਲ ਗੱਲਬਾਤ ਕੀਤੀ ਜਾਵੇਗੀ। ਦਸਮੇਸ਼ ਪਿਤਾ ਦੇ 350 ਸਾਲਾ ਪ੍ਰਕਾਸ਼ ਪੂਰਬ ਉਤੇ ਕਰਨਾਲ ਵਿਚ ਸੂਬਾ ਪੱਧਰੀ ਪ੍ਰੋਗਰਾਮ ਕਰਵਾਉਣ ਲਈ ਉਨ੍ਹਾਂ ਹਰਿਆਣਾ ਸਰਕਾਰ ਦੀ ਸ਼ਲਾਘਾ ਕੀਤੀ।

# ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਡਾ. ਦਵਿੰਦਰ ਕੁਮਾਰ ਦਾ ਸਨਮਾਨ

**ਫਰੀਮਾਂਟ (ਬਿਊਰੋ):** ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬੀ ਰੰਗ-ਮੰਚ ਨਾਲ ਜੁੜੇ ਰਹੇ ਅਤੇ ਸਿੱਖ ਨੈਸ਼ਨਲ ਕਾਲਜ, ਬੰਗਾ ਵਿਚ ਪ੍ਰੋਫੈਸਰ ਰਹੇ ਡਾ. ਦਵਿੰਦਰ ਕੁਮਾਰ ਦਾ ਇਥੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਕਰਵਾਏ ਗਏ ਇੱਕ ਸਮਾਗਮ ਦੌਰਾਨ ਸਨਮਾਨ ਕੀਤਾ ਗਿਆ।

ਇਸ ਮੌਕੇ ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਥੀਏਟਰ ਹੀ ਇੱਕ ਅਜਿਹਾ ਖੇਤਰ ਹੈ ਜੋ ਸਮਾਜ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਮੁਕੰਮਲ ਸੱਭਿਅਤਾ ਸੰਭਾਲਣ ਦਾ ਸਾਰਥਕ ਯਤਨ ਬਣਿਆ ਰਿਹਾ ਹੈ। ਉਨ੍ਹਾਂ ਖੁਸ਼ੀ ਪ੍ਰਗਟਾਈ ਕਿ ਇੱਥੇ ਵੀ ਪੰਜਾਬ ਲੋਕ ਰੰਗ ਵਰਗੀਆਂ ਸੰਸਥਾਵਾਂ ਪਿਛਲੇ ਇੱਕ ਦਹਾਕੇ ਤੋਂ ਪੰਜਾਬੀ ਥੀਏਟਰ ਵਿਚ ਸਰਗਰਮ ਹਨ।



ਡਾ. ਦਵਿੰਦਰ ਕੁਮਾਰ ਦਾ ਸਨਮਾਨ ਕਰਦੇ ਹੋਏ ਐਸ. ਅਸ਼ੋਕ ਭੌਰਾ, ਸੁਰਿੰਦਰ ਧਨੋਆ ਤੇ ਹੋਰ ਸ਼ਖਸੀਅਤਾਂ

ਜ਼ਿਕਰਯੋਗ ਹੈ ਕਿ ਡਾ. ਕੁਮਾਰ ਨੇ ਪੰਜਾਬੀ ਥੀਏਟਰ ਬਾਰੇ 11 ਪੁਸਤਕਾਂ ਲਿਖੀਆਂ ਹਨ ਅਤੇ ਨਾਟਕ 'ਦਲਦਲ' ਲਈ ਡਾ. ਈਸ਼ਵਰ ਚੰਦਰ ਨੰਦਾ ਪੁਰਸਕਾਰ ਵੀ ਹਾਸਲ ਕਰ ਚੁਕੇ ਹਨ। ਉਹ ਇਨ੍ਹੀਂ ਦਿਨੀਂ ਕੈਲੀਫੋਰਨੀਆ ਫੇਰੀ 'ਤੇ ਆਏ ਹੋਏ ਹਨ।

ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਮੁਖੀ ਐਸ. ਅਸ਼ੋਕ ਭੌਰਾ ਅਤੇ ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ ਨੇ ਡਾ. ਦਵਿੰਦਰ ਕੁਮਾਰ ਦੀ ਸ਼ਖਸੀਅਤ ਬਾਰੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਨੂੰ ਪੰਜਾਬੀ ਰੰਗ ਮੰਚ ਦਾ ਥੰਮ ਕਰਾਰ ਦਿੱਤਾ।

# ਉਪਹਾਰ ਕਾਂਡ: ਅਾਂਸਲ ਨੂੰ ਸਜ਼ਾ ਭੁਗਤਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1997 ਦੇ ਉਪਹਾਰ ਸਿਨੇਮਾ ਕੇਸ ਵਿਚ ਰੀਅਲ ਐਸਟੇਟ ਕਾਰੋਬਾਰੀ ਗੋਪਾਲ ਅਾਂਸਲ ਨੂੰ ਇਕ ਸਾਲ ਦੀ ਸਜ਼ਾ ਭੁਗਤਣ ਦਾ ਆਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ 2-1 ਦੇ ਬਹੁਮਤ ਨਾਲ ਦਿੱਤੇ ਫੈਸਲੇ ਵਿਚ ਗੋਪਾਲ ਅਾਂਸਲ ਨੂੰ ਇਕ ਸਾਲ ਦੀ ਬਚਦੀ ਸਜ਼ਾ ਭੁਗਤਣ ਲਈ ਚਾਰ ਹਫਤਿਆਂ ਵਿਚ ਸਮਰਪਣ ਕਰਨ ਲਈ ਕਿਹਾ ਹੈ।

ਹਾਲਾਂਕਿ ਅਦਾਲਤ ਨੇ ਉਸ ਦੇ ਵੱਡੇ ਭਰਾ ਸੁਸ਼ੀਲ ਅਾਂਸਲ ਨੂੰ ਜ਼ਿਆਦਾ ਉਮਰ ਕਾਰਨ ਰਾਹਤ ਦਿੰਦਿਆਂ ਉਨੀ ਹੀ ਸਜ਼ਾ ਸੁਣਾਈ, ਜੋ ਉਹ ਇਸ ਕੇਸ ਵਿਚ ਪਹਿਲਾਂ ਹੀ ਭੁਗਤ ਚੁੱਕਿਆ ਹੈ। ਇਸ ਵਿਚ ਸਜ਼ਾ ਮੁਆਫੀ ਵੀ ਸ਼ਾਮਲ ਹੈ। ਜਸਟਿਸ ਰੰਜਨ ਗੋਗੋਈ ਤੇ ਕੁਰੀਅਨ ਜੋਜ਼ਫ ਵੱਲੋਂ ਬਹੁਮਤ ਨਾਲ ਆਏ ਇਸ ਫੈਸਲੇ ਵਿਚ ਕਿਹਾ ਗਿਆ ਕਿ ਸੁਪਰੀਮ ਕੋਰਟ ਵੱਲੋਂ ਸੁਸ਼ੀਲ ਅਾਂਸਲ ਅਤੇ ਗੋਪਾਲ ਅਾਂਸਲ ਉਤੇ ਪਹਿਲਾਂ ਲਾਇਆ 30-30 ਕਰੋੜ ਦਾ ਜੁਰਮਾਨਾ 'ਹੱਦੋਂ ਵੱਧ ਨਹੀਂ' ਹੈ।

ਤਿੰਨ ਮੈਂਬਰੀ ਬੈਂਚ ਵਿਚ ਜਸਟਿਸ ਗੋਗੋਈ ਤੇ ਜਸਟਿਸ ਜੋਜ਼ਫ ਇਸ ਫੈਸਲੇ ਦੇ ਪੱਖ ਵਿਚ ਸਨ, ਜਦੋਂ ਕਿ ਜਸਟਿਸ ਆਦਰਸ਼ ਕੁਮਾਰ ਗੋਇਲ ਨੇ ਇਸ ਦਾ ਵਿਰੋਧ ਕੀਤਾ। ਜ਼ਿਕਰਯੋਗ ਹੈ ਕਿ ਦੱਖਣੀ ਦਿੱਲੀ ਦੇ ਗਰੀਨ ਪਾਰਕ ਵਿਚ ਉਪਹਾਰ ਸਿਨੇਮਾ ਵਿਚ 13 ਜੂਨ 1997 ਨੂੰ ਅੱਗ ਲੱਗਣ ਕਾਰਨ 59 ਵਿਅਕਤੀ ਦਮ ਘੁਟਣ ਕਾਰਨ ਮਾਰੇ ਗਏ ਸਨ। ਭਾਜੜ ਵਿਚ 100 ਤੋਂ ਵੱਧ ਵਿਅਕਤੀ ਜ਼ਖ਼ਮੀ ਵੀ ਹੋ ਗਏ ਸਨ।

## ਬੰਬ ਨਾਲ ਖੇਡਦੇ ਦੋ ਭਰਾ ਹਲਾਕ

**ਪੇਸ਼ਾਵਰ:** ਪਾਕਿਸਤਾਨ ਦੇ ਜ਼ਿਲ੍ਹਾ ਬੁਨੇਰ ਦੇ ਖਾਇਸਤਾ ਬਾਬਾ ਕੋਟਕੇ ਖੇਤਰ ਵਿਚ ਬੰਬ ਨਾਲ ਖੇਡਦੇ ਦੋ ਭਰਾ ਬੰਬ ਫਟਣ ਕਰ ਕੇ ਮਾਰੇ ਗਏ ਜਦਕਿ ਉਨ੍ਹਾਂ ਦੀ 10 ਸਾਲਾ ਭੈਣ ਗੰਭੀਰ ਜ਼ਖ਼ਮੀ ਹੋ ਗਈ। 17 ਅਤੇ 14 ਸਾਲਾਂ ਦੇ ਦੋਵੇਂ ਭਰਾ ਪਹਾੜੀ ਖੇਤਰ ਵਿਚ ਪਸ਼ੂ ਚਾਰਨ ਗਏ ਸਨ, ਜਿਥੇ ਉਨ੍ਹਾਂ ਨੂੰ ਬੰਬ ਮਿਲਿਆ। ਉਹ ਬੰਬ ਨਾਲ ਖੇਡਣ ਲੱਗ ਪਏ ਤਾਂ ਬੰਬ ਫਟ ਲਿਆ। ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਲਿੰਕ ਨਹਿਰ: ਹਰਿਆਣਾ ਤੇ ਪੰਜਾਬ ਵਿਚਕਾਰ ਟਕਰਾਅ ਦਾ ਖਦਸ਼ਾ

**ਚੰਡੀਗੜ੍ਹ:** ਪੰਜਾਬ ਵਿਚ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਮਗਰੋਂ ਐਸ.ਵਾਈ.ਐਲ. ਦਾ ਮਾਮਲਾ ਮੁੜ ਭਖਣ ਲੱਗਿਆ ਹੈ। 23 ਫਰਵਰੀ ਨੂੰ ਇਸ ਮੁੱਦੇ 'ਤੇ ਹਰਿਆਣਵੀਆਂ ਅਤੇ ਪੰਜਾਬੀਆਂ ਵਿਚਾਲੇ ਟਕਰਾਅ ਵੀ ਹੋ ਸਕਦਾ ਹੈ।

ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਪੀਰ ਮੁਹੰਮਦ) ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਪੂਰੀ ਵਿਚ ਐਸ.ਵਾਈ.ਐਲ. ਲਈ ਪੁੱਟੀ ਥਾਂ ਨੂੰ ਪੂਰਿਆ ਜਾਵੇਗਾ, ਦੂਜੇ ਪਾਸੇ ਹਰਿਆਣਾ ਦੇ ਚੌਟਾਲਾ ਪਰਿਵਾਰ ਅਤੇ ਇਨੈਲੋ ਆਗੂਆਂ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਉਹ ਐਸ.ਵਾਈ.ਐਲ. ਲਈ ਖੁਦਾਈ ਸ਼ੁਰੂ ਕਰਨਗੇ। ਜੇਕਰ ਉਹ ਪੰਜਾਬ ਵਿਚ ਆ ਕੇ ਐਸ.ਵਾਈ.ਐਲ. ਲਈ ਖੁਦਾਈ ਸ਼ੁਰੂ ਕਰਦੇ ਹਨ ਅਤੇ ਫੈਡਰੇਸ਼ਨ ਦੇ ਸੱਦੇ 'ਤੇ ਇਕੱਠੇ ਹੋਏ ਪੰਜਾਬੀ ਉਥੇ ਨਹਿਰ ਨੂੰ ਪੂਰਦੇ ਹਨ ਤਾਂ ਦੋਵਾਂ ਵਿਚਾਲੇ ਟਕਰਾਅ ਦੀ ਸੰਭਾਵਨਾ ਹੈ। ਇਸ ਸਬੰਧੀ ਫੈਡਰੇਸ਼ਨ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਇਸ ਮਾਮਲੇ ਵਿਚ ਪਹਿਲਾਂ ਇਨੈਲੋ ਆਗੂਆਂ ਨੇ ਮੁੱਦੇ ਨੂੰ ਛੇੜਦਿਆਂ ਨਹਿਰ ਦੀ ਖੁਦਾਈ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ 23 ਫਰਵਰੀ ਨੂੰ ਦੇਵੀਗੜ੍ਹ ਤੋਂ ਇਕ ਮਾਰਚ ਸ਼ੁਰੂ ਕੀਤਾ ਜਾਵੇਗਾ, ਜੋ ਬਾਅਦ ਦੁਪਹਿਰ ਪਿੰਡ ਕਪੂਰੀ ਪੁੱਜੇਗਾ ਅਤੇ ਉਥੇ ਐਸ.ਵਾਈ.ਐਲ. ਨੂੰ ਪੂਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਇਸ ਸਬੰਧੀ ਪੰਜਾਬ ਦੀਆਂ ਤਿੰਨੇ ਪ੍ਰਮੁੱਖ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਦੇ ਸਾਰੇ ਗੁੱਟਾਂ ਤੇ ਹੋਰ ਕਿਸਾਨ ਜਥੇਬੰਦੀਆਂ ਸਮੇਤ ਹੋਰ ਪਾਰਟੀਆਂ ਦੇ ਆਗੂਆਂ ਨੂੰ ਵੀ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸਹਿਯੋਗ ਦੇਣ ਵਾਸਤੇ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਜੇਕਰ ਹਰਿਆਣਾ ਦੇ ਆਗੂ ਪੰਜਾਬ ਵਿਚ ਆ ਕੇ ਐਸ.ਵਾਈ.ਐਲ. ਨਹਿਰ ਦੀ ਪੁਟਾਈ ਕਰਦੇ ਹਨ ਤਾਂ ਪੰਜਾਬੀ ਉਨ੍ਹਾਂ ਨੂੰ ਜ਼ਰੂਰ ਰੋਕਣਗੇ। ਸਰਕਾਰ ਹਰਿਆਣਾ ਦੇ ਆਗੂਆਂ ਨੂੰ ਪੰਜਾਬ ਵਿਚ ਆ ਕੇ ਅਜਿਹਾ ਕਰਨ ਤੋਂ ਰੋਕੇ।



ਇਸ ਦੌਰਾਨ ਸਿੱਖ ਜਥੇਬੰਦੀ ਵੱਲੋਂ ਐਸ.ਵਾਈ.ਐਲ. ਮੁੱਦੇ 'ਤੇ ਲੋਕਾਂ ਦਾ ਜਨਮਤ ਇਕੱਠਾ ਕਰਨ ਲਈ ਸ਼ੁਰੂ ਕੀਤੀ ਚਾਰਾਜੋਈ ਤਹਿਤ ਇਸ ਮੁੱਦੇ 'ਤੇ ਲੋਕਾਂ ਕੋਲੋਂ ਸਮਰਥਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਇਕ ਮੋਬਾਈਲ ਐਪ ਸ਼ੁਰੂ ਕੀਤੀ ਹੈ, ਜਿਸ ਰਾਹੀਂ ਲੋਕ ਐਸ.ਵਾਈ.ਐਲ. ਮਾਮਲੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਰੋਧ ਦਰਜ ਕਰ ਸਕਦੇ ਹਨ। ਲੋਕਾਂ ਦੇ ਸਮਰਥਨ ਵਾਲੀ ਇਹ ਪਟੀਸ਼ਨ ਮੁੜ ਨੀਦਰਲੈਂਡ ਦੇ ਸ਼ਹਿਰ ਹੇਗ ਸਥਿਤ ਇੰਟਰਨੈਸ਼ਨਲ ਟ੍ਰਿਬਿਊਨਲ ਨੂੰ ਭੇਜੀ ਜਾਵੇਗੀ। ਸਿੱਖ ਜਥੇਬੰਦੀ ਇਸ ਮੁੱਦੇ 'ਤੇ 11 ਮਾਰਚ ਤੱਕ ਦਸ ਲੱਖ ਲੋਕਾਂ ਦਾ ਸਮਰਥਨ ਹਾਸਲ ਕਰੇਗੀ। ਉਨ੍ਹਾਂ ਆਖਿਆ ਕਿ ਲੋਕਾਂ ਦੇ ਸਮਰਥਨ ਨਾਲ ਐਸ.ਵਾਈ.ਐਲ. ਮਾਮਲੇ ਵਿਚ ਮਜ਼ਬੂਤ ਕੇਸ ਤਿਆਰ ਕਰ ਕੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਅੰਤਰਰਾਸ਼ਟਰੀ ਟ੍ਰਿਬਿਊਨਲ ਵਿਚ ਚੁਣੌਤੀ ਦਿੱਤੀ ਜਾਵੇਗੀ।

## ਚੌਟਾਲਿਆਂ ਵੱਲੋਂ ਬਾਦਲ ਲਈ ਨਵਾਂ ਪੁਆੜਾ

**ਚੰਡੀਗੜ੍ਹ:** ਬਾਦਲ ਪਰਿਵਾਰ ਦੇ ਕਰੀਬੀ ਚੌਟਾਲਿਆਂ ਨੇ ਸ਼੍ਰੋਮਣੀ ਅਕਾਲੀ ਦਲ ਲਈ ਨਵਾਂ ਪੁਆੜਾ ਛੇੜ ਦਿੱਤਾ ਹੈ। ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਏਲਨਾਬਾਦ ਦੇ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਐਸ.ਵਾਈ.ਐਲ. ਨਹਿਰ ਦੀ ਖੁਦਾਈ ਕੀਤੀ ਜਾਏਗੀ। ਉਹ ਪਿੰਡਾਂ ਪਿੰਡਾਂ ਵਿਚ ਨੁੱਕੜ ਸਭਾਵਾਂ ਕਰ ਕੇ ਲੋਕਾਂ ਨੂੰ ਨਹਿਰ ਦੀ ਖੁਦਾਈ ਲਈ ਸੱਦਾ ਦੇ ਰਹੇ ਹਨ।

ਚੌਟਾਲਾ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਹਰਿਆਣਾ ਤੋਂ ਲੱਖਾਂ ਲੋਕ ਐਸ.ਵਾਈ.ਐਲ. ਨਹਿਰ ਖੁਦਾਈ ਲਈ ਜਾਣਗੇ। ਹਰ ਹਾਲ ਵਿਚ ਨਹਿਰ ਦੀ ਖੁਦਾਈ ਕਰ ਕੇ ਨਹਿਰ ਦਾ ਪਾਣੀ ਹਰਿਆਣਾ ਵਿਚ ਲੈ ਕੇ ਆਉਣਗੇ। ਕਾਬਲੇਗੌਰ ਹੈ ਕਿ ਚੌਟਾਲਾ ਪਰਿਵਾਰ ਬਾਦਲਾਂ ਦਾ ਬੇਹੱਦ ਕਰੀਬੀ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਨੇ ਆਪਣੀ ਭਾਈਵਾਲ ਭਾਜਪਾ ਨੂੰ ਨਾਰਾਜ਼ ਕਰ ਕੇ ਚੌਟਾਲਿਆਂ ਦੀ ਹਮਾਇਤ ਕੀਤੀ ਸੀ। ਹੁਣ ਚੌਟਾਲਿਆਂ ਦਾ ਐਸ.ਵਾਈ.ਐਲ. ਨਹਿਰ ਬਾਰੇ ਸਟੈਂਡ ਅਕਾਲੀ ਦਲ ਲਈ ਮੁਸੀਬਤ ਬਣ ਸਕਦਾ ਹੈ।

# ਪੰਜਾਬ 'ਚ ਮੰਦਬੁੱਧੀ ਬੱਚਿਆਂ ਦੀ ਤਾਦਾਦ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਗਰਭਵਤੀ ਮਾਵਾਂ ਦੀ ਸਹੀ ਸਿਹਤ ਸੰਭਾਲ ਨਾ ਹੋਣ ਕਾਰਨ ਦੋ ਫੀਸਦੀ ਬੱਚੇ ਮੰਦਬੁੱਧੀ ਪੈਦਾ ਹੋ ਰਹੇ ਹਨ। ਮਾਵਾਂ ਨੂੰ ਪੌਸ਼ਟਿਕ ਖੁਰਾਕ ਅਤੇ ਠੀਕ ਸਮੇਂ ਟੀਕਾਕਰਨ ਦੀ ਸਹੂਲਤ ਮੁਹੱਈਆ ਹੋ ਜਾਵੇ ਤਾਂ ਗਰਭ ਵਿਚ ਪਲ ਰਹੇ ਸੱਠ ਫੀਸਦੀ ਨੂੰ ਬੱਚਿਆਂ ਨੂੰ ਬਿਮਾਰੀ ਤੋਂ ਬਚਾਇਆ ਜਾ ਸਕਦਾ ਹੈ। ਸੱਤ ਤੋਂ ਅੱਠ ਫੀਸਦੀ ਬੱਚਿਆਂ ਨੂੰ ਸੁਰਤ ਸੰਭਾਲਣ ਤੋਂ ਬਾਅਦ ਇੱਕਲੇਪਣ ਦੀ ਬਿਮਾਰੀ ਕਰ ਕੇ ਮਾਨਸਿਕ ਰੋਗ ਸਹਿਣਾ ਪੈ ਰਿਹਾ ਹੈ।



ਰਿਪੋਰਟ ਮੁਤਾਬਕ ਸਰਵੇ ਵਿਚ ਸ਼ਾਮਲ ਕੀਤੇ 2582 ਬੱਚਿਆਂ ਵਿਚੋਂ 600 ਬੁੱਧੀ ਪੱਖੋਂ ਕਮਜ਼ੋਰ ਨਿਕਲੇ ਹਨ। ਇਨ੍ਹਾਂ ਵਿਚੋਂ 40 ਫੀਸਦੀ ਨੂੰ ਸਕੂਲ ਆਦਿ ਜਾਣ ਸਮੇਤ ਹੋਰ ਕਿਸੇ ਵੀ ਤਰ੍ਹਾਂ ਦੀ ਵਿਸ਼ੇਸ਼ ਬੱਚਿਆਂ ਵਾਲੀ ਸਹੂਲਤ ਨਹੀਂ ਮਿਲ ਰਹੀ ਹੈ। ਰਿਪੋਰਟ ਦੇ ਅੰਤ ਵਿਚ ਆਮ ਮਾਪਿਆਂ ਨੂੰ ਗਰਭ ਦੌਰਾਨ ਸਾਂਭ-ਸੰਭਾਲ ਅਤੇ ਬੱਚੇ ਦੇ ਮੰਦਬੁੱਧੀ ਪੈਦਾ ਹੋਣ ਦੀ ਸੂਰਤ ਵਿਚ ਮਿਲਣ ਵਾਲੀਆਂ ਸਹੂਲਤਾਂ ਪ੍ਰਤੀ ਜਾਣਕਾਰੀ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ। ਦੇਸ਼ ਵਿਚ 7 ਤੋਂ 15 ਫੀਸਦੀ ਬੱਚੇ ਆਟਿਜ਼ਮ ਸਪੈਕਟਰਿਮ ਨਾਂ ਦੀ ਇਸ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ।

# ਪੰਜਾਬ ਸਰਕਾਰ ਦੀ ਤੀਰਥ ਯਾਤਰਾ ਦਾ ਰੇਲ ਖਰਚ 57 ਕਰੋੜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੇ ਆਪਣੀ ਘਟ ਰਹੀ ਲੋਕਪ੍ਰਿਯਤਾ ਦੀ ਬਹਾਲੀ ਅਤੇ ਵੋਟ ਬੈਂਕ ਪੱਕਾ ਕਰਨ ਲਈ ਮੁਫਤ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਚਾਲੂ ਕੀਤੀ ਸੀ। ਇਸ ਸਕੀਮ ਅਧੀਨ ਸੂਬੇ ਦੇ ਸ਼ਰਧਾਲੂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਧਾਰਮਿਕ ਤੀਰਥ ਸਥਾਨਾਂ ਜਿਨ੍ਹਾਂ ਵਿਚ ਬਨਾਰਸ, ਸ੍ਰੀ ਨਾਂਦੇੜ ਸਾਹਿਬ ਅਤੇ ਅਜਮੇਰ ਸ਼ਰੀਫ਼ ਵਰਗੇ ਮਹੱਤਵ ਪੂਰਨ ਤੀਰਥ ਸਥਾਨ ਸਨ, ਦੀ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਮੁਫਤ ਯਾਤਰਾ ਕਰਵਾਈ ਗਈ। ਖਾਣ-ਪੀਣ ਅਤੇ ਰਹਿਣ-ਸਹਿਣ ਦਾ ਸਾਰਾ ਪ੍ਰਬੰਧ ਵੀ ਪੰਜਾਬ ਸਰਕਾਰ ਨੇ ਆਪਣੇ ਪੱਲਿਓਂ ਕੀਤਾ ਸੀ।

ਸੂਚਨਾ ਅਧਿਕਾਰ ਕਾਨੂੰਨ ਰਾਹੀਂ ਮੰਗੀ ਜਾਣਕਾਰੀ ਤੋਂ ਪਤਾ ਲੱਗਿਆ ਕਿ ਪੰਜਾਬ 'ਚੋਂ 52 ਰੇਲ ਗੱਡੀਆਂ ਵੱਖ-ਵੱਖ ਤੀਰਥ ਸਥਾਨਾਂ ਲਈ ਭੇਜੀਆਂ ਗਈਆਂ। ਇਨ੍ਹਾਂ ਵਿਚੋਂ 2 ਰੇਲ ਗੱਡੀਆਂ ਅਜਮੇਰ ਸ਼ਰੀਫ, 10 ਬਨਾਰਸ ਅਤੇ 40 ਰੇਲ ਗੱਡੀਆਂ ਸ੍ਰੀ ਨਾਂਦੇੜ ਸਾਹਿਬ ਲਈ ਵੱਖ-ਵੱਖ ਸਥਾਨਾਂ ਤੋਂ ਭੇਜੀਆਂ ਗਈਆਂ। ਇਨ੍ਹਾਂ 52 ਰੇਲ ਗੱਡੀਆਂ ਵਿਚ ਕੁੱਲ 51,719 ਯਾਤਰੀਆਂ ਨੇ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨ ਕੀਤੇ। ਇਨ੍ਹਾਂ 52 ਰੇਲ ਗੱਡੀਆਂ ਦੇ ਸ਼ਰਧਾਲੂਆਂ ਨੂੰ ਲਿਜਾਣ, ਉਨ੍ਹਾਂ ਦੀ ਟਹਿਲ ਸੇਵਾ ਅਤੇ ਭੋਜਨ ਉਪਰ ਕੁੱਲ ਖਰਚ 56,67,13,681 ਰੁਪਏ ਯਾਨੀ ਕਿ ਤਕਰੀਬਨ 57 ਕਰੋੜ ਰੁਪਈਆ ਖਰਚ ਆਇਆ। ਇਹ ਖਰਚ ਪ੍ਰਤੀ ਯਾਤਰੀ 11 ਹਜ਼ਾਰ ਰੁਪਏ ਬਣਦਾ ਹੈ। ਇਸ ਯਾਤਰਾ ਦਾ ਪ੍ਰਬੰਧ ਇੰਡੀਅਨ ਰੇਲਵੇ ਕੇਟਰਿੰਗ ਅਤੇ ਟੂਰਿਜ਼ਮ ਕਾਰਪੋਰੇਸ਼ਨ ਚੰਡੀਗੜ੍ਹ ਵੱਲੋਂ ਕਰਵਾਇਆ ਗਿਆ। ਬੱਸ-ਯਾਤਰਾ ਤੇ ਰੋਡਵੇਜ਼ ਬੱਸਾਂ ਰਾਹੀਂ ਕਰੋੜਾਂ ਦਾ ਖਰਚ ਅਲੱਗ ਜ਼ਿਲ੍ਹਾ ਹੈਡਕੁਆਟਰਾਂ ਤੇ ਡਿਪਟੀ ਕਮਿਸ਼ਨਰਾਂ ਵੱਲੋਂ ਕੀਤਾ ਗਿਆ।ਆਰ.ਟੀ.ਆਈ. ਕਾਰਕੁਨ ਸਤਪਾਲ ਗੋਇਲ ਨੇ ਕਿਹਾ ਕਿ ਨਾਂਦੇੜ ਸਾਹਿਬ ਅਤੇ ਬਾਕੀ ਤੀਰਥ ਸਥਾਨਾਂ ਦੀ ਯਾਤਰਾ 'ਤੇ ਜੋ ਰਕਮ ਪ੍ਰਤੀ ਵਿਅਕਤੀ ਖਰਚ ਹੋਈ ਹੈ, ਉਹ 11 ਹਜ਼ਾਰ ਰੁਪਏ ਪ੍ਰਤੀ ਸਵਾਰੀ ਬਹੁਤ ਜ਼ਿਆਦਾ ਹੈ ਜੋ ਜਾਂਚ ਦਾ ਵਿਸ਼ਾ ਹੈ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਇਸ ਪੁੰਨ ਦੇ ਕਾਰਜ ਵਿਚ ਵੱਡੀ ਪੱਧਰ 'ਤੇ ਘਪਲੇਬਾਜ਼ੀ ਹੋਈ ਹੈ।



# ਦਿੱਲੀ ਕਮੇਟੀ ਦੇ ਮੁੱਖ ਆਗੂਆਂ ਤੋਂ ਖੁੱਸੀ ਸੁਰੱਖਿਆ ਛਤਰੀ

**ਬਠਿੰਡਾ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਨੇਤਾਵਾਂ ਤੋਂ ਪੰਜਾਬ ਪੁਲਿਸ ਨੇ ਜਿਪਸੀਆਂ ਤੇ ਗੰਨਮੈਨ ਵਾਪਸ ਲੈ ਲਏ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਤੇ ਕਾਰਜਕਾਰੀ ਮੈਂਬਰ ਅਵਤਾਰ ਸਿੰਘ ਹਿੱਤ ਤੋਂ ਪੁਲਿਸ ਨੇ ਤਿੰਨ ਜਿਪਸੀਆਂ ਤੇ ਤਕਰੀਬਨ ਦੋ ਦਰਜਨ ਗੰਨਮੈਨ ਵਾਪਸ ਲੈ ਲਏ ਹਨ। ਜਿਪਸੀਆਂ ਸਮੇਤ ਗੰਨਮੈਨ ਵਾਪਸ ਪੰਜਾਬ ਆ ਗਏ ਹਨ। ਚੋਣ ਕਮਿਸ਼ਨ ਨੇ ਕੁਝ ਸਮਾਂ ਪਹਿਲਾਂ ਦਿੱਲੀ ਦੇ ਨੇਤਾਵਾਂ ਤੋਂ ਗੰਨਮੈਨ ਵਾਪਸ ਲੈਣ ਦੀ ਹਦਾਇਤ ਕੀਤੀ ਸੀ, ਪਰ ਪੰਜਾਬ ਪੁਲਿਸ ਦੇ ਕੁਝ ਸੀਨੀਅਰ ਅਫਸਰਾਂ ਨੇ ਇਸ ਤੋਂ ਟਾਲਾ ਵੱਟ ਲਿਆ ਸੀ। ਸੂਤਰਾਂ ਮੁਤਾਬਕ ਦਿੱਲੀ ਕਮੇਟੀ ਦਾ ਇਕ ਆਗੂ ਇਸ ਗੱਲੋਂ ਪੁਲਿਸ ਅਫਸਰਾਂ ਨਾਲ ਔਖਾ-ਭਾਰਾ ਵੀ ਹੋਇਆ।

ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੱਕ ਵੀ ਪੁੱਜਾ। ਸੁਖਬੀਰ ਨੇ ਵੀ ਪੁਲਿਸ ਅਫਸਰਾਂ ਨੂੰ ਸੁਰੱਖਿਆ ਵਾਪਸ ਨਾ ਲੈਣ ਲਈ ਜ਼ੋਰ ਪਾਇਆ, ਪਰ ਕਿਸੇ ਨੇ ਉਨ੍ਹਾਂ ਦੀ ਇਕ ਨਾ ਸੁਣੀ। ਸੂਤਰਾਂ ਮੁਤਾਬਕ ਸਿਆਸੀ ਆਗੂਆਂ ਨੇ ਤਾਂ ਪੁਲਿਸ ਅਫਸਰਾਂ ਨੂੰ ਇਥੋਂ ਤੱਕ ਸਲਾਹ ਦਿੱਤੀ ਕਿ ਕਾਗਜ਼ਾਂ 'ਚ ਗੰਨਮੈਨਾਂ ਦੀ ਵਾਪਸੀ ਪਾ ਲਓ, ਉਂਜ ਦਿੱਲੀ ਹੀ ਰਹਿਣ ਦਿਓ। ਕਿਸੇ ਪੁਲਿਸ ਅਫਸਰ ਨੇ ਇਹ ਖਤਰਾ ਮੁੱਲ ਲੈਣ ਦੀ ਹਿੰਮਤ ਨਹੀਂ ਦਿਖਾਈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਪ੍ਰਤੀ ਜਿਪਸੀ 290 ਲਿਟਰ ਪ੍ਰਤੀ ਮਹੀਨਾ ਤੇਲ ਦੀ ਸਹੂਲਤ ਵੀ ਦਿੱਤੀ ਹੋਈ ਸੀ। ਚੋਣ ਕਮਿਸ਼ਨ ਦੀ ਹਦਾਇਤ ਮਗਰੋਂ ਪੂਰੇ ਪੰਜਾਬ 'ਚੋਂ ਤਕਰੀਬਨ 30 ਜਿਪਸੀਆਂ ਵਾਪਸ ਲਈਆਂ ਗਈਆਂ ਹਨ। ਇਹ ਜਿਪਸੀਆਂ ਨਿਯਮਾਂ ਤੋਂ ਉਲਟ ਜਾ ਕੇ ਸਿਆਸੀ ਲੋਕਾਂ ਨੂੰ ਅਲਾਟ ਕੀਤੀਆਂ ਹੋਈਆਂ ਸਨ।

## ਮੁਫਤ ਰਾਸ਼ਨ ਲੈਣ ਲਈ ਆਧਾਰ ਹੋਇਆ ਲਾਜ਼ਮੀ

**ਨਵੀਂ ਦਿੱਲੀ:** ਰਸੋਈ ਗੈਸ ਤੋਂ ਬਾਅਦ ਕੇਂਦਰ ਸਰਕਾਰ ਨੇ ਰਾਸ਼ਨ ਦੀਆਂ ਦੁਕਾਨਾਂ ਤੋਂ ਸਬਸਿਡੀ 'ਤੇ ਮਿਲਣ ਵਾਲਾ ਅਨਾਜ ਲੈਣ ਲਈ ਆਧਾਰ ਨੂੰ ਲਾਜ਼ਮੀ ਕਰ ਦਿੱਤਾ ਹੈ। ਖੁਰਾਕ ਸੁਰੱਖਿਆ ਬਿਲ ਤਹਿਤ ਤਕਰੀਬਨ 1.4 ਲੱਖ ਕਰੋੜ ਸਬਸਿਡੀ ਦੀ ਸਹੀ ਵੰਡ ਦੇ ਨਜ਼ਰੀਏ ਨਾਲ ਇਹ ਕਦਮ ਚੁੱਕਿਆ ਗਿਆ ਹੈ। ਸਰਕਾਰ ਨੇ ਜਿਨ੍ਹਾਂ ਲੋਕਾਂ ਕੋਲ ਆਧਾਰ ਕਾਰਡ ਨਹੀਂ ਹੈ, ਉਨ੍ਹਾਂ ਨੂੰ ਇਹ 30 ਜੂਨ ਤੱਕ ਬਣਾਉਣ ਦਾ ਸਮਾਂ ਦਿੱਤਾ ਹੈ।

ਖੁਰਾਕ ਅਤੇ ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਆਧਾਰ ਐਕਟ ਤਹਿਤ 8 ਫਰਵਰੀ ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਰਕਾਰ ਵੱਲੋਂ ਚੰਡੀਗੜ੍ਹ, ਪੁਡੂਚੇਰੀ ਅਤੇ ਦਾਦਰਾ ਤੇ ਨਗਰ ਹਵੇਲੀ ਦੇ ਲਾਭਪਾਤਰੀਆਂ ਨੂੰ ਖੁਰਾਕ ਸਬਸਿਡੀ ਦਾ ਸਿੱਧੇ ਨਕਦੀ ਤਬਾਦਲਾ ਰਾਹੀਂ ਲਾਭ ਦਿੱਤਾ ਜਾ ਰਿਹਾ ਹੈ।

# ਬਾਦਲ ਸਰਕਾਰ ਨੇ ਕਿਸਾਨਾਂ ਨਾਲ ਧੱਕੇ ਦੀ ਗੱਲ ਕਬੂਲੀ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਸਾਲ 2017 ਵਿਚ ਕਣਕ ਦਾ ਪ੍ਰਤੀ ਕੁਇੰਟਲ ਮੁੱਲ 2040 ਰੁਪਏ ਕੱਢਿਆ ਹੈ, ਪਰ ਕੇਂਦਰ ਦੇ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਨੇ ਇਸ ਸਾਲ ਕਿਸਾਨ ਨੂੰ 1625 ਰੁਪਏ ਪ੍ਰਤੀ ਕੁਇੰਟਲ ਭਾਅ ਦਿੱਤਾ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਵਿਭਾਗ ਦੇ ਡਾਇਰੈਕਟਰ ਜਸਵੀਰ ਸਿੰਘ ਬੈਂਸ ਨੇ ਕਿਹਾ ਕਿ ਕਿਸਾਨ ਨੂੰ ਕਣਕ ਦੇ ਪ੍ਰਤੀ ਕੁਇੰਟਲ ਪਿੱਛੇ 415 ਰੁਪਏ ਦਾ ਘਾਟਾ ਪੈ ਰਿਹਾ ਹੈ। ਇੰਨਾ ਹੀ ਨਹੀਂ ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਹੋਰਨਾਂ ਫਸਲਾਂ ਦਾ ਮੁੱਲ ਕੱਢਿਆ ਹੈ। ਇਸ ਮੁਤਾਬਕ ਕਿਸਾਨਾਂ ਨੂੰ ਕਣਕ ਤੋਂ ਇਲਾਵਾ ਹੋਰਨਾਂ ਫਸਲਾਂ ਉਤੇ ਵੀ ਭਾਰੀ ਰਗੜਾ ਲੱਗਦਾ ਹੈ।

ਡਾਇਰੈਕਟਰ ਖੇਤੀਬਾੜੀ ਮੁਤਾਬਕ ਝੋਨੇ ਦਾ 2185, ਮੱਕੀ ਦਾ 2000 ਰੁਪਏ ਤੇ ਨਰਮੇ ਦਾ 6321 ਰੁਪਏ ਐਮ.ਐਸ.ਪੀ. ਤੈਅ ਕੀਤਾ ਹੈ, ਪਰ ਸਰਕਾਰ ਕਿਸਾਨਾਂ ਨੂੰ ਕ੍ਰਮਵਾਰ ਪ੍ਰਤੀ ਕੁਇੰਟਲ ਝੋਨੇ ਦਾ 1510 ਰੁਪਏ, ਮੱਕੀ ਦਾ 1365 ਰੁਪਏ ਤੇ ਕਪਾਹ/ਨਰਮਾ 3860/4160 ਰੁਪਏ ਮਿਲ ਰਿਹਾ ਹੈ। ਇਸ ਨਾਲ ਕਿਸਾਨਾਂ ਨੂੰ ਘਾਟਾ ਝੱਲਣਾ ਪੈ ਰਿਹਾ ਹੈ। ਇਸ ਤਰ੍ਹਾਂ ਦਾਲਾਂ ਦਾ ਵੀ ਮੁੱਲ ਘੱਟ ਹੈ।



ਦੂਜੇ ਪਾਸੇ ਕਣਕ ਦੀ ਲਾਗਤ ਬਾਰੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਕਣਕ ਦੀ ਫਸਲ ਦੀ ਲਾਗਤ ਪ੍ਰਤੀ ਏਕੜ 50,905 ਰੁਪਏ ਦੱਸੀ ਹੈ। ਜੇਕਰ ਸਰਕਾਰੀ ਰੇਟ 1525 ਰੁਪਏ ਮੰਨੀਏ ਤਾਂ ਪ੍ਰਤੀ ਏਕੜ 19 ਕਿੱਲੋ ਝਾੜ ਆਉਂਦਾ ਹੈ ਤਾਂ ਕਿਸਾਨ ਨੂੰ ਪ੍ਰਤੀ ਏਕੜ 28975 ਰੁਪਏ ਦੀ ਫਸਲ ਹੁੰਦੀ ਹੈ ਤਾਂ ਪ੍ਰਤੀ ਏਕੜ ਕਿਸਾਨ ਨੂੰ 21930 ਰੁਪਏ ਦਾ ਘਾਟਾ ਝੱਲਣਾ ਪੈਂਦਾ ਹੈ।

ਲੁਧਿਆਣਾ ਜ਼ਿਲ੍ਹੇ ਦਾ ਸਮਰਾਲਾ ਦਾ ਕਿਸਾਨ ਸੰਤਾ ਸਿੰਘ ਦਾ ਕਹਿਣਾ ਹੈ ਕਿ ਉਹ ਪੁਸ਼ਤਾਂ ਤੋਂ ਖੇਤੀ ਕਰਦਾ ਆ ਰਿਹਾ ਹੈ। ਉਹ ਨਾ ਕੋਈ ਨਸ਼ਾ ਕਰਦਾ ਤੇ ਨਾ ਹੀ ਵਾਧੂ ਖਰਚਾ ਕਰਦਾ, ਪਰ ਫਿਰ ਵੀ ਅੱਜ ਉਸ ਦੇ ਸਿਰ ਚਾਰ ਲੱਖ ਦਾ ਕਰਜ਼ਾ ਹੈ। ਆਰਥਿਕ ਤੰਗੀ ਕਾਰਨ ਉਸ ਨੂੰ ਆਪਣੀ ਕੁੜੀ ਵਿਆਹੁਣ ਦੀ ਚਿੰਤਾ ਲੱਗੀ ਹੋਈ ਹੈ।

ਡਾਇਰੈਕਟਰ ਖੇਤੀਬਾੜੀ ਦਾ ਕਹਿਣਾ ਹੈ ਕਿ ਪੰਜਾਬ ਨਾਲ ਫਸਲਾਂ ਦਾ ਮੁੱਲ ਤੈਅ ਕਰਨ ਸਮੇਂ ਹਮੇਸ਼ਾ ਧੱਕਾ ਹੁੰਦਾ ਰਿਹਾ ਹੈ। ਪੰਜਾਬ ਦੀ ਖੇਤੀ ਦੇ ਖਰਚੇ ਦੂਜੇ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਹਨ, ਪਰ ਖੇਤੀ ਲਾਗਤ ਕਮਿਸ਼ਨ ਹਰ ਸਾਲ ਪੰਜਾਬ ਨੂੰ ਵੀ ਦੂਜਿਆਂ ਵਾਂਗ ਮੰਨ ਕੇ ਭਾਅ ਤੈਅ ਕਰਦਾ ਹੈ। ਇਸ ਨਾਲ ਕਿਸਾਨ ਨੂੰ ਘਾਟਾ ਪੈਂਦਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਪੰਜਾਬ ਦੀ ਖੇਤੀ ਖਰਚਿਆਂ ਦੇ ਹਿਸਾਬ ਨਾਲ ਹੀ ਫਸਲਾਂ ਦੇ ਮੁੱਲ ਤੈਅ ਕੀਤੇ ਜਾਣ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting any model homes to save big time.**

## Just Sold

1. 2465 Becket Dr., Union City, CA 94587
2. 638 Baron Way, Hayward, CA 94544
3. 29145 Eden Shores Dr., Hayward, CA 94545
4. 4356 Queen Ann Dr., Union City, CA 94587
5. 4415 Viejo Way, Union City, CA 94587

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhi Gill Ph: 510-207-9067

DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner
2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਕਹਾਣੀ ਪੰਜਾਬ




## ਗੁਰਦਾਸ ਮਾਨ ਦੀ ਜ਼ੁਬਾਨੀ

ਕਲਾ ਪਰਿਕਰਮਾ



ਸਾਢੇ ਤਿੰਨ ਦਹਾਕੇ ਪਹਿਲਾਂ 'ਦਿਲ ਦਾ ਮਾਮਲਾ' ਗੀਤ ਨਾਲ ਸਭ ਦਾ ਦਿਲ ਲੁੱਟਣ ਵਾਲਾ ਗਾਇਕ ਗੁਰਦਾਸ ਮਾਨ ਹੁਣ ਇਕ ਵਾਰ ਫਿਰ ਆਪਣਾ ਨਵਾਂ ਗੀਤ ਲੈ ਕੇ ਹਾਜ਼ਰ ਹੋਇਆ ਹੈ। ਇਸ ਗੀਤ ਵਿਚ ਉਸ ਨੇ ਅੱਜ ਦੇ ਪੰਜਾਬ ਦੀ ਕਹਾਣੀ ਸੁਣਾਈ ਹੈ। ਇਹ ਗੀਤ ਉਸ ਦੇ ਪੁੱਤਰ ਗੁਰਇਕ ਜੀ. ਮਾਨ ਦੀ ਦੇਖ-ਰੇਖ ਹੇਠ ਤਿਆਰ ਕੀਤਾ ਗਿਆ ਹੈ। ਇਸ ਗੀਤ ਨੂੰ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਦੇ ਸੰਘਰਸ਼ ਦੀ ਕਹਾਣੀ ਨਾਲ ਜੋੜ ਕੇ ਅੱਜ ਦੇ ਹਾਲਾਤ ਮੁਤਾਬਕ ਪੇਸ਼ ਕੀਤਾ ਗਿਆ ਹੈ। ਗੀਤ ਵਿਚ ਨਸ਼ਿਆਂ, ਬੇਗਾਨਗੀ, ਇਕੱਲ, ਖਪਤਵਾਦ,

ਗੁਰਜੰਟ ਸਿੰਘ

ਕੀਟਨਾਸ਼ਕਾਂ/ਨਦੀਨਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਮਸਲੇ ਪੇਸ਼ ਕੀਤੇ ਗਏ ਹਨ। ਗੁਰਇਕ ਮਾਨ ਮੁਤਾਬਕ, ਇਹ ਗੀਤ ਨੌਜਵਾਨਾਂ ਅਤੇ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ ਤਾਂ ਕਿ ਉਹ ਆਪਣੇ ਰੰਗਲੇ ਪੰਜਾਬ ਲਈ ਇਸ ਤੋਂ ਪ੍ਰੇਰਨਾ ਲੈ ਸਕਣ ਅਤੇ ਕੁਝ ਕਰ ਗੁਜ਼ਰਨ ਲਈ ਤਿਆਰ ਹੋ ਸਕਣ। ਇਹ ਗੀਤ ਗੁਰਦਾਸ ਮਾਨ ਦੀ ਨਵੀਂ ਐਲਬਮ ਜੋ ਮਾਰਚ ਵਿਚ ਰਿਲੀਜ਼ ਕੀਤੀ ਜਾ ਰਹੀ ਹੈ, ਵਿਚ ਪੇਸ਼ ਕੀਤਾ ਗਿਆ ਹੈ। ਗੁਰਇਕ ਮਾਨ ਦਾ ਆਖਣਾ ਹੈ ਕਿ ਇਹ ਗੀਤ ਉਸ ਦੇ ਬਾਪੂ ਨੇ ਰੂਹ ਨਾਲ ਤਿਆਰ ਕਰਵਾਇਆ ਹੈ ਅਤੇ ਸਬੱਬ ਨਾਲ ਇਹ ਗੀਤ ਤੇ ਇਸ ਗੀਤ ਦੀ ਵੀਡੀਓ ਚੰਗੇ ਬਣ ਗਏ ਹਨ; ਲੋਕਾਂ ਵੱਲੋਂ ਗੀਤ ਨੂੰ ਖੂਬ ਹੁੰਗਾਰਾ ਭਰਿਆ ਜਾ ਰਿਹਾ ਹੈ। ਦਰਅਸਲ, ਉਸ ਦਾ ਅੱਧਾ ਕੰਮ ਤਾਂ ਬਾਪੂ ਗੁਰਦਾਸ ਮਾਨ ਵਲੋਂ ਲਿਖੇ ਗੀਤ ਨਾਲ ਹੀ ਪੂਰਾ ਹੋ ਗਿਆ ਸੀ। ਰਹਿੰਦੀ ਕਸਰ ਵੀਡੀਓ ਬਣਾਉਣ ਵੇਲੇ ਕੱਢ ਲਈ ਗਈ। ਸੋ, ਨਤੀਜੇ ਵਜੋਂ ਚੰਗਾ ਟਰੈਕ ਪੰਜਾਬ ਦੇ ਟਰੈਕ ਉਤੇ ਚੜ੍ਹ ਗਿਆ ਹੈ।

ਇਹ ਗੁਰਇਕ ਮਾਨ ਦੀ ਨਿਰਮਾਣਤਾ ਹੀ ਹੈ ਕਿ ਉਹ ਸਬੱਬ ਨਾਲ ਬਣਿਆ ਚੰਗਾ ਗੀਤ ਆਖ ਰਿਹਾ ਹੈ, ਨਹੀਂ ਤਾਂ ਅੱਜ ਕੱਲ੍ਹ ਦੇ ਗਾਇਕਾਂ ਨੂੰ ਜੋ ਪਾਪੜ ਵੇਲਣੇ ਪੈ ਰਹੇ ਹਨ, ਉਹ ਕਿਸੇ ਤੋਂ ਲੁਕੇ ਹੋਏ ਨਹੀਂ ਹਨ। ਉਧਰ, ਇਸ ਗੀਤ ਨੂੰ ਚੋਣਾਂ ਤੋਂ ਪਹਿਲਾਂ ਰਿਲੀਜ਼ ਨਾ ਕਰਨ ਬਾਰੇ ਪੁੱਛਣ 'ਤੇ ਗੁਰਦਾਸ ਮਾਨ ਬਹੁਤ ਬੀਬਾ ਜਿਹਾ ਬਣ ਕੇ ਆਖਦਾ ਹੈ, "ਮੈਂ ਨਹੀਂ ਸਾਂ ਚਾਹੁੰਦਾ ਕਿ ਇਸ ਗੀਤ ਨੂੰ ਆਧਾਰ ਬਣਾ ਕੇ ਕੋਈ ਜਣਾ ਸਿਆਸਤ ਕਰਦਾ! ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਇਹ ਗੀਤ ਸਿੱਧਾ ਅਜੋਕੀ ਸਿਆਸਤ ਨਾਲ ਖਹਿ ਕੇ ਲੰਘ ਰਿਹਾ ਹੈ, ਇਸ ਸੂਰਤ ਵਿਚ ਇਸ ਗੀਤ ਨੇ ਧਿਰ ਬਣ ਜਾਣਾ ਸੀ ਅਤੇ ਮੈਂ ਨਹੀਂ ਸੀ ਚਾਹੁੰਦਾ ਕਿ ਇਸ ਤਰ੍ਹਾਂ ਹੋਵੇ। ਮੈਂ ਤਾਂ ਚਾਹੁੰਦਾ ਸਾਂ ਕਿ ਸਾਰਾ ਪੰਜਾਬ ਇਹ ਗੀਤ ਸੁਣੇ, ਇਸ ਦੇ ਬੋਲਾਂ ਨੂੰ ਵਿਚਾਰੇ ਅਤੇ ਫਿਰ ਆਪਣੇ ਲਈ ਅਗਲਾ ਰਾਹ ਕੱਢੇ। ਇਸੇ ਕਰ ਕੇ ਗੀਤ ਰਿਲੀਜ਼ ਕਰਨ ਦਾ ਮਸਲਾ ਅਗਾਂਹ ਪਾ ਦਿੱਤਾ ਗਿਆ।"

... ਇਹ ਸੱਚ ਹੀ ਹੈ ਕਿ ਇਹ ਗੀਤ ਅੱਜ ਸਾਰਾ ਪੰਜਾਬ ਸੁਣ ਰਿਹਾ ਹੈ ਅਤੇ ਹੁੰਗਾਰਾ ਵੀ ਭਰ ਰਿਹਾ ਹੈ। ਉਂਜ ਕੁਝ ਲੋਕਾਂ ਨੇ ਇਸ ਦੀ ਨੁਕਤਾਚੀਨੀ ਵੀ ਕੀਤੀ ਹੈ। ਉਨ੍ਹਾਂ ਸਵਾਲ ਉਠਾਇਆ ਹੈ ਕਿ ਗੁਰਦਾਸ ਮਾਨ ਉਸ ਵਕਤ ਕਿਥੇ ਸੀ ਜਦੋਂ ਪੰਜਾਬ ਵਿਚ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਿਆ ਜਾ ਰਿਹਾ ਸੀ। ਅਸਲ ਵਿਚ ਇਹ ਉਸੇ ਤਰ੍ਹਾਂ ਦੀ ਹੀ ਮੰਗ ਹੈ ਜਿਸ ਤਰ੍ਹਾਂ ਪੰਜਾਬੀ ਦੇ ਆਧੁਨਿਕ ਕਵੀ ਭਾਈ ਵੀਰ ਸਿੰਘ ਬਾਰੇ ਇਹ ਸਵਾਲ ਵਾਰ-ਵਾਰ ਅਤੇ ਹਰ ਥਾਂ ਕੀਤਾ ਜਾਂਦਾ ਹੈ ਕਿ ਜਦੋਂ ਆਜ਼ਾਦੀ ਦਾ ਸੰਘਰਸ਼ ਚੱਲ ਰਿਹਾ ਸੀ ਤਾਂ ਉਹ ਕੁਦਰਤ ਬਾਰੇ ਕਵਿਤਾਵਾਂ ਲਿਖ ਰਿਹਾ ਸੀ, ਉਸ ਨੇ ਦੇਸ਼ ਭਗਤਾਂ ਜਾਂ ਦੇਸ਼ ਭਗਤੀ ਬਾਰੇ ਕਵਿਤਾਵਾਂ ਕਿਉਂ ਨਾ ਲਿਖੀਆਂ? ਅਸਲ ਵਿਚ ਅਜਿਹੀ ਆਲੋਚਨਾ ਕਰਨ ਵਾਲੇ ਜਾਣਦੇ ਹੋਏ ਵੀ ਇਹ ਨਹੀਂ ਸਮਝਣਾ ਚਾਹੁੰਦੇ ਕਿ ਅਜਿਹੇ ਮਾਮਲਿਆਂ ਵਿਚ ਬਹੁਤ ਸਾਰੀਆਂ ਸੀਮਾਵਾਂ ਵੀ ਹੁੰਦੀਆਂ ਹਨ। ਅਸਲ ਮਸਲਾ ਤਾਂ ਇਹੀ ਹੁੰਦਾ ਹੈ ਕਿ ਸਬੰਧਤ ਕਲਾਕਾਰ ਜਾਂ ਕੋਈ ਵੀ ਸ਼ਖਸ ਹਾਲਾਤ ਨੂੰ ਕਿਸ ਤਰ੍ਹਾਂ ਦੇਖ ਰਿਹਾ ਹੈ ਅਤੇ ਲੋਕਾਂ ਨੂੰ ਇਸ ਬਾਰੇ ਕਿਸ ਤਰ੍ਹਾਂ ਦਾ ਸੁਨੇਹਾ ਦੇ ਰਿਹਾ ਹੈ। ਇਸ ਪੱਖ ਤੋਂ ਗੁਰਦਾਸ ਮਾਨ ਦਾ ਕੋਈ ਜਵਾਬ ਹੀ ਨਹੀਂ ਹੈ। ਉਸ ਦਾ ਹੁਣ ਤੱਕ ਦਾ ਰਿਕਾਰਡ ਖੁਦ-ਬ-ਖੁਦ ਦੱਸਦਾ ਹੈ ਕਿ ਉਸ ਨੇ ਸੁੱਚੇ ਗੀਤ ਗਾਏ ਹਨ। ਉਹ ਆਪਣੇ ਗੀਤ ਖੁਦ ਲਿਖਦਾ ਹੈ ਅਤੇ ਖੁਦ ਹੀ ਤਿਆਰ ਕਰਵਾਉਂਦਾ ਹੈ। ਇਹੀ ਨਹੀਂ ਗੁਰਦਾਸ ਮਾਨ ਜਦੋਂ ਗਾਇਕ ਤੋਂ ਬਾਅਦ ਫਿਲਮ ਅਦਾਕਾਰ ਵਜੋਂ ਵੀ ਫਿਲਮ ਸਨਅਤ ਵਿਚ ਦਾਖਲ ਹੁੰਦਾ ਹੈ ਤਾਂ ਇਸ ਖੇਤਰ ਵਿਚ ਵੀ ਉਹ ਆਪਣੀ ਵਿਲੱਖਣ ਅਤੇ ਨਿਆਰੀ ਪਛਾਣ ਛੱਡਦਾ ਹੈ। ਉਸ ਦੀਆਂ ਫਿਲਮਾਂ ਵੀ ਗੀਤਾਂ ਵਾਂਗ ਗੌਲਣ ਵਾਲੀਆਂ ਹਨ ਅਤੇ ਸੁਘੜ ਸੁਨੇਹਾ ਦਿੰਦੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਖੇਤਰਾਂ ਵਿਚ ਗੁਰਦਾਸ ਮਾਨ ਦੀ ਨਿਰੰਤਰਤਾ ਵੀ ਸਾਡਾ ਧਿਆਨ ਮੰਗਦੀ ਹੈ। ਉਹ ਸਾਢੇ ਤਿੰਨ ਦਹਾਕਿਆਂ ਤੋਂ ਲਗਾਤਾਰ ਲਿਖ ਰਿਹਾ ਹੈ, ਗਾ ਰਿਹਾ ਹੈ ਅਤੇ ਅਦਾਕਾਰੀ ਵੀ ਕਰ ਰਿਹਾ ਹੈ। ਹਰ ਪਾਸੇ ਉਸ ਦੀਆਂ ਸਿਫਤਾਂ ਹੋਈਆਂ ਹਨ।



ਆਪਣੇ ਗੀਤ ਦੀ ਵੀਡੀਓ ਰਾਹੀਂ ਗੁਰਦਾਸ ਮਾਨ ਨੇ ਆਪਣੇ ਪੁੱਤਰ ਗੁਰਇਕ ਜੀ. ਮਾਨ ਨੂੰ ਬਤੌਰ ਵਿਜ਼ੂਅਲ ਡਾਇਰੈਕਟਰ ਪੇਸ਼ ਕੀਤਾ ਹੈ ਅਤੇ ਉਸ ਨੇ ਵੀ ਆਪਣੇ ਪਿਤਾ ਵਾਂਗ ਪਹਿਲੇ ਹੀ ਪ੍ਰਾਜੈਕਟ ਵਿਚ ਆਪਣੀ ਪਛਾਣ ਬਣਾਈ ਹੈ। ਸਮੁੱਚੇ ਕਰੀਅਰ ਦੌਰਾਨ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਦਾ ਰੋਲ ਵੀ ਅਹਿਮ ਰਿਹਾ ਹੈ। ਸਟੇਜਾਂ ਦੇ ਪ੍ਰਬੰਧ ਤੋਂ ਲੈ ਕੇ ਮੀਡੀਆ ਨਾਲ ਤਾਲਮੇਲ ਤੱਕ ਉਸ ਨੇ ਗੁਰਦਾਸ ਮਾਨ ਦੇ ਮੋਢੇ ਨਾਲ ਮੋਢਾ ਡਾਹਿਆ। ਹੁਣ ਗੁਰਦਾਸ ਮਾਨ ਗੁਰਇਕ ਜੀ. ਮਾਨ ਦੇ ਰੂਪ ਵਿਚ ਨਵੀਂ ਪੀੜ੍ਹੀ ਲੈ ਕੇ ਆਇਆ ਹੈ। ਗਿੱਦੜਬਾਹਾ ਵਿਚ 4 ਜਨਵਰੀ 1957 ਨੂੰ ਜਨਮੇਂ ਗੁਰਦਾਸ ਮਾਨ ਦੀ ਵਿਲੱਖਣਤਾ, ਉਸ ਦੀ ਸਟੇਜ ਪ੍ਰਫਾਰਮੈਂਸ ਕਰ ਕੇ ਬਣੀ ਸੀ। ਕਹਿਣ ਵਾਲੇ ਕਹਿੰਦੇ ਹਨ ਕਿ ਗਿੱਦੜਬਾਹਾ ਵਿਚ ਗੁਰਦਾਸ ਮਾਨ ਨਾਲੋਂ ਕਿਤੇ ਵੱਧ ਕਾਬਿਲ ਗਾਇਕ ਹਾਕਮ ਸੂਫੀ ਵੀ ਸੀ, ਪਰ ਜਿਸ ਤਰ੍ਹਾਂ ਦਾ ਨਖਰਾ ਸਟੇਜ 'ਤੇ ਲੋਕ ਪਸੰਦ ਕਰਦੇ ਹਨ, ਉਸ ਪੱਖ ਤੋਂ ਗੁਰਦਾਸ ਮਾਨ ਹਾਕਮ ਸੂਫੀ ਤੋਂ ਬਹੁਤ ਅੱਗੇ ਨਿਕਲ ਗਿਆ ਅਤੇ ਸੰਸਾਰ ਭਰ ਵਿਚ ਆਪਣੀ ਥਾਂ ਬਣਾ ਲਈ। ਹੁਣ ਜਦੋਂ ਉਸ ਦੇ ਹਾਣੀ ਅਤੇ ਸਮਕਾਲੀ ਗਾਇਕ ਹੰਭੇ ਹੋਏ ਨਜ਼ਰ ਆ ਰਹੇ ਹਨ ਤਾਂ, 'ਸੱਠਾਂ ਵਰ੍ਹਿਆਂ ਦਾ ਜਵਾਨ' ਗੁਰਦਾਸ ਮਾਨ ਪੰਜਾਬ ਦਾ ਦਰਦ ਸੁਣਾ ਕੇ ਸਰੋਤਿਆਂ/ਦਰਸ਼ਕਾਂ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ਇਹੀ ਤਾਂ ਗੁਰਦਾਸ ਮਾਨ ਦੀ ਖਾਸੀਅਤ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਫਰਵਰੀ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-261



**ਖੇਤੋਂ ਆਇਆ ਜਾਪ ਰਿਹਾ, ਘਰ ਦਾ ਹੀ ਕੋਈ ਜੀਅ-ਜੰਤ।**
**ਗੌਰ ਨਾਲ ਜਦ ਦੇਖਿਆ ਇਹ ਤਾਂ ਐਮ.ਪੀ. ਮਾਨ ਭਗਵੰਤ।**

## ਕੈਪਸ਼ਨ ਮੁਕਾਬਲਾ-259



ਜੀਵਨ ਪੱਧਰ ਹੋ ਗਿਆ ਉਚਾ
ਪਿਛੇ ਛੱਡ'ਤੇ ਸਾਈਕਲ-ਗੱਡੇ।
ਸਕੂਟਰ ਆ ਗਏ ਗਰੀਬਾਂ ਹਿੱਸੇ
ਮੋਟਰ-ਕਾਰਾਂ ਆਈਆਂ ਲੋਕਾਂ ਵੱਡੇ।
ਦੇਖੋ ਬਣਾ ਲਿਆ ਬੰਬੂਕਾਟ ਸਕੂਟਰ
ਨਾ ਪੁਲਿਸ ਦਾ ਰੱਖਿਆ ਕੋਈ ਡਰ।
ਰੱਬ ਆਸਰੇ ਟੱਬਰ ਲੱਦ ਲਿਆ
ਭਾਵੇਂ ਡਿੱਗ ਕੇ ਜਾਏ ਥਾਂਏਂ ਕੋਈ ਮਰ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਗਿੰਨੀਜ਼ ਬੁੱਕ ਰਿਕਾਰਡ ਕਰਾਉਣ ਲਈ
ਭਾਰਤੀ ਹੀ ਕਰ ਸਕਦੇ ਅਦਭੁਤ ਕਾਰਾ।
ਸਾਰਾ ਟੱਬਰ ਲੱਦ ਕੇ ਸਕੂਟਰ 'ਤੇ
ਪੇਸ਼ ਕਰ'ਤਾ ਸਰਕਸ ਦਾ ਨਜ਼ਾਰਾ।
ਕੋਈ ਇਨ੍ਹਾਂ ਦਾ ਚਲਾਣ ਨਹੀਂ
ਡਰਾਈਵਰ ਨੇ ਜੋ ਪਾਇਆ ਹੈ ਟੋਪ?
ਬਾਕੀ ਤਾਂ ਸਾਰੇ ਬੱਚੇ ਹੀ ਨੇ
ਇਨ੍ਹਾਂ ਨੂੰ ਤਾਂ ਹੈਗੀ ਕਾਨੂੰਨੀ ਛੋਟ।
ਅਜੇ ਤਾਂ ਪਾਲਤੂ ਕੁੱਤੇ-ਬਿੱਲੇ ਨ੍ਹੀਂ ਲੱਦੇ
ਅਗਲੀ ਵਾਰੀ ਉਹ ਵੀ ਕਾਰਾ ਕਰਾਂਗੇ।
ਜਾਨ ਆਪਣੀ ਦੀ ਪਰਵਾਹ ਨਾ ਕਰਦਿਆਂ,
ਟਰੈਫਿਕ ਅਸੂਲਾਂ ਨੂੰ ਭੰਗ ਕਰਾਂਗੇ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਉਪਰ, ਥੱਲੇ, ਅੱਗੇ, ਪਿੱਛੇ
ਚੜ੍ਹ ਜੋ ਜਿੱਥੇ ਚੜ੍ਹ ਹੁੰਦਾ।
ਬੈਠਣ ਨੂੰ ਜੇ ਥਾਂ ਨ੍ਹੀਂ ਮਿਲਦੀ
ਖੜ੍ਹ ਜੋ ਜਿੱਥੇ ਖੜ੍ਹ ਹੁੰਦਾ।
ਬੰਬੂ ਕਾਟ ਬਣਾ ਦੂੰ ਚੇਤਕ ਨੂੰ
ਚੜ੍ਹ ਜੋ ਜਿੱਥੇ ਚੜ੍ਹ ਹੁੰਦਾ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਲਾਣਾ ਸਾਰਾ ਲੱਦ ਕੇ,
ਸਕੂਟਰ 'ਤੇ ਹੋ ਗਿਆ ਸਵਾਰ।
ਇਹਨੇ ਅਜੇ ਕੂਣਾ ਨਹੀਂ,
ਪਰ ਅੜ ਜਾਊ ਅੱਧ ਵਿਚਕਾਰ।
ਸੜਕ ਹਾਦਿਸਆਂ ਦੇ
ਤੁਸੀਂ ਹੋ ਜਿੰਮੇਵਾਰ।
ਜੇ ਕਿਤੇ ਅੜ੍ਹਕ ਗਏ
ਹੋਵੋਗੇ ਬਹੁਤ ਖੁਆਰ।

***-ਦਵਿੰਦਰ ਕੌਰ***

---

ਲਾ ਜੁਗਾੜ ਫਿੱਟ ਕੀਤਾ ਸਾਰਾ ਟੱਬਰ
ਕੁਝ ਅੱਗੇ ਕੁਝ ਪਿੱਛੇ
ਆਪਣੀ ਗੱਡੀ ਆਪਣੀ ਸੜਕ
ਆਪਣਾ ਮੰਤਰੀ, ਆਪਣੀ ਸਰਕਾਰ।
ਫਿਰ ਡਰ ਕਾਹਦਾ?
ਜਾਵੇ ਧਮਾਲਾਂ ਪਾਉਂਦਾ ਆਪਣੀ ਚਾਲੇ
ਹੋ ਵੀ ਸਕਦਾ ਹੈ ਹੂੜਮੱਤ
ਜਾਂ ਘਰ ਵਾਲੀ ਦੇ ਤਾਅਨੇ
ਕਿਉਂ ਘਬਰਾਉਂਦੇ ਹੋ ਜੀ,
ਜਦੋਂ ਵੀ ਮੈਂ ਕਹਿੰਦੀ ਜਾਣਾ ਪੇਕੇ
ਜਾਣਾ ਵੀ ਜਰੂਰ
ਰਹਿਣਾ ਨਹੀਂ ਕਿਸੇ ਪਿਛੇ।
ਲੀਕ ਹੀ ਫੇਰ ਦਿੱਤੀ ਜਦ
ਕੀ ਨਾ ਕਰਦਾ ਵਹੁਟੀ ਦਾ ਜੀ ਹਜ਼ੂਰ।

***-ਦਰਸ਼ਨਪਾਲ ਦੋਸਾਂਝ***

---

ਅੱਠ ਬਿਠਾ ਕੇ ਟੱਬਰ ਦੇ ਜੀਅ
ਸਕੂਟਰ 'ਤੇ ਕਰ ਲਈ ਸਵਾਰੀ।
ਇਹ ਹੀ ਸਾਡੀ ਟਾਟਾ ਸੂਮੋ
ਇਹ ਹੀ ਸਾਡੀ ਗੱਡੀ ਸਫਾਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-258

ਦੇਖੋ ਬੋਰੀ ਦਾ ਕਮਾਲ
ਲੰਘਾਉਣਾ ਏਦਾਂ ਹੀ ਸਿਆਲ।
ਵਕਤ ਨੇ ਤਾਂ ਚੱਲਦੇ ਰਹਿਣਾ
ਰੱਖਣਾ ਪੈਣਾ ਆਪੇ ਹੀ ਖਿਆਲ
ਕਿਸੇ ਰਾਜਸੀ ਪਾਰਟੀ ਨੇ
ਨਹੀਂਓ ਪੁੱਛਣਾ ਤੇਰਾ ਹਾਲ।

***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

# ਸੁਰਿੰਦਰ, ਸੋਹਲ ਤੇ ਸਹਿਜ

***ਸੁਰਿੰਦਰ ਸੋਹਲ ਦਾ ਪਹਿਲਾ ਗ਼ਜ਼ਲ ਸੰਗ੍ਰਿਹ 'ਖੰਡਰ, ਖਾਮੋਸ਼ੀ ਤੇ ਰਾਤ' ਪਹਿਲੀ ਵਾਰ 2002 ਵਿਚ ਪ੍ਰਕਾਸ਼ਿਤ ਹੋਇਆ ਸੀ। ਪਿਛਲੇ ਸਾਲਾਂ ਵਿਚ ਉਹਦਾ ਉਰਦੂ ਤੋਂ ਲਿਪੀਅੰਤਰ ਜਾਂ ਸੰਪਾਦਨਾ ਦਾ ਕਾਰਜ ਤਾਂ ਸਾਹਮਣੇ ਆਉਂਦਾ ਰਿਹਾ ਹੈ, ਪਰ ਮੌਲਿਕ ਗ਼ਜ਼ਲ ਸੰਗ੍ਰਿਹ ਲੰਬੇ ਅਰਸੇ ਬਾਅਦ ਛਪ ਰਿਹਾ ਹੈ। ਇਸ ਅਰਸੇ ਦੌਰਾਨ ਦੁਨੀਆਂ ਦੇ ਚਿਤਰ-ਪਟ 'ਤੇ ਘਟਨਾਵਾਂ ਅੱਖ ਫਰਕਣ ਵਾਂਗ ਵਾਪਰੀਆਂ ਹਨ। ਇਸ ਬਾਹਰੀ ਅਤੇ ਅੰਦਰੂਨੀ ਟੁੱਟ-ਭੱਜ ਦੀ ਗਰਦ ਤੋਂ ਸੁਰਿੰਦਰ ਸੋਹਲ ਦੀ ਚੇਤਨਾ ਅਤੇ ਕਲਮ ਵੀ ਆਪਣਾ ਆਪ ਬਚਾ ਨਹੀਂ ਸਕੀਆਂ। -ਸੰਪਾਦਕ***

ਸੁਰਿੰਦਰ ਸੋਹਲ ਆਪਣੇ ਆਪ ਵਿਚ ਅਨੁਪ੍ਰਾਸਕ ਨਾਮ ਹੈ। ਇਸ ਨਾਂ ਨਾਲ ਜਦ ਇਕ ਹੋਰ ਸ਼ਬਦ 'ਸਹਿਜ' ਜੁੜ ਜਾਂਦਾ ਹੈ ਤਾਂ ਇਸ ਨਾਮ ਦੀ ਅਨੁਪ੍ਰਾਸਤਿਕਾ ਹੋਰ ਵੀ ਗੂੜ੍ਹੀ, ਗਹਿਰੀ ਤੇ ਰੰਗੀਨ ਹੋ ਜਾਂਦੀ ਹੈ। ਉਸ ਦੀ ਇਹ ਅਨੁਪ੍ਰਾਸਤਿਕਾ ਮਹਿਜ ਸ਼ਬਦਾਂ ਦੇ ਬਾਹਰੀ ਲਿਬਾਸ ਦੀ ਧਾਰਨੀ ਹੀ ਨਹੀਂ ਬਲਕਿ ਉਸ ਦੀ ਸਮੁੱਚੀ ਸ਼ਾਇਰੀ ਦੀਆਂ ਅੰਤਰੀਵ ਧੁਨੀਆਂ ਵਿਚ ਰਮੀ ਹੋਈ ਹੈ। 'ਕਿਤਾਬ ਆਸਮਾਨ ਦੀ' ਸੁਰਿੰਦਰ ਸੋਹਲ ਦੇ ਸਹਿਜ ਦਾ ਪ੍ਰਗਟਾਓ ਹੈ। ਇਸ ਸ਼ਾਇਰੀ ਵਿਚਲੀ ਸਹਿਜ ਸੁਭਾਵਿਕਤਾ ਇਉਂ ਹੈ ਜਿਵੇਂ ਸਿਆਲੀ ਦਿਨਾਂ ਦੇ ਪਿਛਲੇ ਪੱਖ ਵਿਚ ਠੰਢੀ-ਮਿੱਠੀ ਹਵਾ ਰੁਮਕ ਰਹੀ ਹੋਵੇ। ਸੁਰਿੰਦਰ ਦੀ ਇਸ ਅਦਾ ਬਾਰੇ ਮੈਂ ਕੁਝ ਕਹਾਂ, ਅਨਰਥ ਹੋਵੇਗਾ। ਬਿਹਤਰ ਹੋਵੇਗਾ ਕਿ ਪੁਸਤਕ ਦੀ ਮੁੰਦਾਵਣੀ ਹਿਤ ਲਿਖੇ ਉਸ ਦੇ ਆਪਣੇ ਸ਼ਬਦਾਂ ਨੂੰ ਮਾਣ ਲਿਆ ਜਾਵੇ:

"ਸ਼ਾਇਰੀ, ਭਾਸ਼ਾ, ਲਿਪੀ, ਕਾਗਜ਼, ਜ਼ੁਬਾਨ,

ਬਲਵਿੰਦਰ ਸੰਧੂ

ਬੋਲ ਤੱਕ ਸੀਮਤ ਨਹੀਂ ਹੁੰਦੇ। ਕੁਦਰਤ ਦੀ ਹਰ ਅਦਾ, ਹਵਾ ਦਾ ਰੁਮਕਣਾ, ਫੁੱਲਾਂ ਦਾ ਖਿੜਨਾ, ਮਹਿਕ ਦਾ ਬਿਖਰਨਾ, ਕਣੀਆਂ ਦਾ ਪੱਤਿਆਂ ਤੋਂ ਤਿਲਕਣਾ, ਜ਼ਮੀਨ ਵਿਚ ਛਪਨ ਹੋ ਦਰਖਤਾਂ ਦੀਆਂ ਜੜ੍ਹਾਂ ਫੜ ਕੇ ਪੱਤਿਆਂ ਵਿਚ ਆ ਝੂਮਣਾ, ਝਰਨਿਆਂ ਦਾ ਟਹਿਲਣਾ, ਪੰਛੀਆਂ ਦਾ ਚਹਿਕਣਾ, ਪੱਥਰਾਂ ਦੀ ਚੁੱਪ, ਸੂਰਜ ਜਾਂ ਸਾਗਰ ਦਾ ਚੜ੍ਹਨਾ-ਲਹਿਣਾ ਮੇਰੇ ਵਾਸਤੇ ਮਹਾਂ-ਕਾਵਿਕ ਵਰਤਾਰੇ ਹਨ। ਇਹ ਸਾਰਾ ਕੁਝ ਸਹਿਜ ਸੁਭਾਅ ਘਟਦਾ ਹੈ। ਫਿਰ ਵੀ ਅਦਿੱਖ ਕੁਦਰਤੀ ਨਿਯਮਾਂ ਦੇ ਸੂਤਰ ਵਿਚ ਪਰੋਇਆ ਹੋਇਆ ਹੈ। ਰੂਪ ਤੇ ਵਿਸ਼ੇ ਦਾ ਸਬੰਧ ਮੇਰੇ ਵਾਸਤੇ ਬਿਲਕੁਲ ਇਹੀ ਹੈ। ਰੁਕਨ ਇਕ ਦੂਜੇ ਨਾਲ ਇਸ ਤਰ੍ਹਾਂ ਜੁੜੇ ਹੁੰਦੇ ਹਨ, ਜਿਵੇਂ ਮਸ਼ੀਨ ਦੇ ਪੁਰਜ਼ੇ, ਪਰ ਫਿਰ ਵੀ ਇਹ ਸੁਹਜਮਈ ਹੁੰਦੇ ਹਨ। ਬਹਿਰ ਦੇ ਨਿਯਮਬੱਧ ਕਿਨਾਰਿਆਂ ਵਿਚ ਖਿਆਲ ਸਹਿਜ ਸੁਭਾਅ ਨਦੀ ਵਾਂਗ ਵਹਿ ਰਿਹਾ ਹੁੰਦਾ ਹੈ।"

ਸ਼ਾਇਰ ਦਾ ਇਹ ਕਾਵਿਕ ਬਿਆਨ ਉਸ ਦੀ ਸਮੁੱਚੀ ਸ਼ਾਇਰੀ/ਪੁਸਤਕ ਵਿਚ ਘੁਲਿਆ ਹੋਇਆ ਹੈ। ਇਕ ਕਿਸਮ ਨਾਲ ਉਸ ਦੀ ਸਿਰਜਣਾ ਦੇ ਰੂਪ-ਵਿਧਾਨ ਦੀ ਪ੍ਰਸਤਾਵਨਾ ਹੈ ਜਿਸ ਹਿਤ ਸੋਹਲ ਦੀ ਸ਼ਾਇਰੀ ਵਿਚ ਕਿਧਰੇ ਉਚੇਚ ਨਹੀਂ, ਬੱਸ ਉਸ ਨੇ ਮਨ ਦੀਆਂ ਬਾਤਾਂ ਨੂੰ ਪੰਨਿਆਂ-ਪੱਤਲਾਂ 'ਤੇ ਪਰੋਸ ਦਿੱਤਾ ਹੈ। ਉਸ ਦੀ ਸ਼ਾਇਰੀ ਦਾ ਇਹ ਭਰ ਵਗਦਾ ਦਰਿਆ ਲੋਹੜੇ ਦੀ ਰਵਾਨੀ ਦਾ ਤਲਬਦਾਰ ਹੈ, ਕਿਧਰੇ 'ਝੱਗ' ਉਗਲਦਾ ਨਜ਼ਰੀਂ ਨਹੀਂ ਪੈਂਦਾ। ਉਸ ਦੇ ਤਮਾਮ ਸ਼ੇਅਰ ਨਿਰਮਲ ਨੀਲਮ ਪਾਣੀਆਂ ਦੇ ਸ਼ਫਾਫ ਸ਼ੀਸ਼ੇ ਹਨ। ਇਸ ਭਰ ਵਗਦੇ ਦਰਿਆ ਵਿਚ ਕਿਧਰੇ ਸੈਲਾਬ ਨਹੀਂ ਉਗਮਦਾ, ਬੱਸ ਹਲਕੀਆਂ ਛੋਹਾਂ ਤੇ ਗੰਦਮੀ ਰੰਗਾਂ ਵਿਚ ਰੰਗੇ ਬੇਮਿਸਾਲ ਪੈਗਾਮ ਹਨ, ਜਿਵੇਂ ਕਿਸੇ ਕਲਾਕਾਰ ਨੇ ਦੀਵਾਰ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸ਼ੀਸ਼ੇ ਜੜ ਦਿੱਤੇ ਹੋਣ ਤੇ ਸਾਹਮਣੇ ਖੜ੍ਹੇ ਸ਼ਖਸ ਨੂੰ ਹਰ ਸ਼ੀਸ਼ੇ ਵਿਚੋਂ ਆਪਾ ਨਜ਼ਰੀਂ ਪੈ ਰਿਹਾ ਹੋਵੇ।

ਸੁਭਾਵਿਕਤਾ, ਅਕਸਰ ਸਰਲਤਾ ਨੂੰ ਆਪਣੇ ਨਾਲ ਰੱਖਿਆ ਕਰਦੀ ਹੈ, ਬਲਕਿ ਸਰਲਤਾ ਜਨਮ ਹੀ ਸੁਭਾਵਿਕਤਾ ਵਿਚੋਂ ਲੈਂਦੀ ਹੈ, ਤੇ ਸਰਲਤਾ ਉਤਮ ਸ਼ਾਇਰੀ ਦਾ ਖਾਸਾ ਹੁੰਦੈ। ਕਿਸੇ ਸ਼ਾਇਰ ਵਿਚ ਸਰਲਤਾ ਦਾ ਵਾਸਾ ਤਦੇ ਹੁੰਦੈ ਜਦ ਉਹ ਦਿਮਾਗੀ ਉਬਾਲ ਦੀ ਪੂਰਤੀ ਹਿਤ ਨਹੀਂ ਬਲਕਿ ਦਿਲ ਦੀਆਂ ਤੈਹਾਂ ਵਿਚੋਂ ਬੋਲ ਰਿਹਾ ਹੋਵੇ। ਇਹ ਖਾਸਾ ਅੰਦਰਲੇ ਸੰਘਰਸ਼ ਦੀ ਰਗੜ ਵਿਚੋਂ ਪੈਦਾ ਹੁੰਦੈ। ਜਿਸ ਦੀ ਲੋਅ ਭਾਵੇਂ ਮੱਧਮ ਪਰ ਬੜੀ ਪਿਆਰੀ ਹੁੰਦੀ ਹੈ, ਜਿਸ ਨੇ ਲੰਮੇ ਸਮੇਂ ਤੱਕ ਜਗਦੇ ਰਹਿਣਾ ਹੁੰਦੈ। ਵੈਸੇ ਵੀ ਪੰਜਾਬੀ ਮਨ ਬਹੁਤੀ ਟੇਢ ਜਾਂ ਬੇਹੂਦਗੀ ਨੂੰ ਅਜੇ ਸਵੀਕਾਰਦਾ ਨਹੀਂ।

ਪੰਜਾਬੀ ਵਿਚ ਅੱਜ ਤੱਕ ਉਹੋ ਸ਼ਾਇਰੀ ਪ੍ਰਵਾਨ ਚੜ੍ਹੀ ਹੈ, ਜਿਸ ਨੇ ਜਿਉਂਦੇ ਜਾਗਦੇ ਮਨੁੱਖਾਂ ਦੇ ਜਜ਼ਬਿਆਂ ਨੂੰ ਸਰਲਤਾ ਸੰਗ ਪ੍ਰਗਟਾਇਆ ਹੋਵੇ। ਅਜਿਹੀ ਸ਼ਾਇਰੀ ਪੜ੍ਹਨ-ਘੜਨ ਦੀ ਲਖਾਇਕ ਨਹੀਂ ਹੁੰਦੀ, ਆਪ ਮੁਹਾਰੇ ਖੁੱਲ੍ਹੇ ਆਸਮਾਨ ਹੇਠ ਖਿੜੇ ਹੋਏ ਜੰਗਲੀ ਫੁੱਲਾਂ ਵਾਂਗ ਹੁੰਦੀ ਹੈ। ਇਹ ਹੁਨਰ ਨਿਸ਼ਚੇ ਹੀ ਸੁਰਿੰਦਰ ਸੋਹਲ ਦੇ ਸ਼ਾਇਰਾਨਾ ਵਿਹਾਰ ਵਿਚ ਪਿਆ ਹੋਇਐ। ਉਹਦੇ ਵਿਹਾਰ ਵਿਚ ਕਿਧਰੇ ਧੁੰਦਲਕਾ ਨਹੀਂ। ਸ਼ਾਇਰੀ ਉਹਦੇ ਵਿਹਾਰ ਦਾ ਹਿੱਸਾ ਹੈ, ਵਪਾਰ ਦਾ ਨਹੀਂ। ਉਹ ਕਿਧਰੇ ਇਸ਼ਤਿਹਾਰ ਵੀ ਨਹੀਂ ਬਣਦਾ। ਉਸ ਦੀ ਸੁਭਾਵਿਕਤਾ 'ਚੋਂ ਸਰਲਤਾ ਉਦੈ ਹੁੰਦੀ ਹੈ, ਜੋ ਅੱਗੇ ਸਪਸ਼ਟਤਾ ਨੂੰ ਜਨਮ ਦਿੰਦੀ ਹੈ। ਅਜਿਹੀ ਸ਼ਾਇਰੀ ਪਾਠਕ ਮਨ ਦੇ ਨੇੜੇ ਹੁੰਦਿਆਂ ਉਹਦੇ ਚੇਤਿਆਂ ਵਿਚ ਖੁਣੀ ਜਾਂਦੀ ਹੈ। ਪਰ ਸ਼ਾਇਰੀ ਦਾ ਇਹ ਖਾਸਾ ਸਿਰਜਣਹਾਰ ਦੀ ਕਮਾਈ ਦਾ ਹਾਸਲ ਹੁੰਦੈ:

ਬਹੁਤ ਮੁਸ਼ਕਿਲ ਹੈ  
ਜ਼ਿੰਦਗੀ ਕੀ ਕਹਾਨੀ ਲਿਖਨਾ।  
ਜੈਸੇ ਬਹਿਤੇ ਹੂਏ ਪਾਨੀ ਪੇ ਪਾਨੀ ਲਿਖਨਾ।

ਗ਼ਜ਼ਲ ਸਿਨਫ ਵਿਚ ਜੇ ਨਜ਼ਾਕਤ+ਨਫ਼ਾਸਤ ਦਾ ਤਰਾਰਾ ਨਹੀਂ ਤਾਂ ਗ਼ਜ਼ਲ ਨੂੰ ਗ਼ਜ਼ਲ ਹੋਣਾ ਵੀ ਫਿਰ ਗਵਾਰਾ ਨਹੀਂ। ਇਸ ਪੱਖੋਂ ਸੁਰਿੰਦਰ ਸੋਹਲ ਦਾ ਗ਼ਜ਼ਲ ਸੰਸਾਰ ਨਫ਼ਾਸਤ+ਨਜ਼ਾਕਤ ਦੀ ਆਹਲਾ ਪੇਸ਼ਕਾਰੀ ਹੈ। ਉਹ ਇਸ ਰਮਜ਼ ਦਾ ਡਾਢਾ ਮੁੱਦਈ ਲੱਗਦਾ ਹੈ। ਉਸ ਦੀ ਸ਼ਾਇਰੀ ਵਿਚ ਇਹ ਤਰਾਰਾ ਉਰਦੂ ਗ਼ਜ਼ਲ ਵਾਂਗ ਹੀ ਰਮਿਆ ਹੋਇਆ ਹੈ। ਮੁਹਾਵਰੇ ਵਿਚ ਤਰਲਤਾ ਹੈ, ਸ਼ਬਦ ਕੰਕਰੀਟ ਦਾ ਰੂਪ ਧਾਰਨ ਨਹੀਂ ਕਰਦੇ। ਉਹ ਗ਼ਜ਼ਲ ਜਿਹੀ ਸੂਖਮ ਵਿਧਾਕਾਰੀ ਨਾਲ ਪੂਰਾ ਇਨਸਾਫ ਕਰਦਾ ਹੈ। ਉਹ ਆਪਣੇ ਮਿਸਰਿਆਂ+ਫਿਕਰਿਆਂ ਵਿਚ ਕਿਧਰੇ ਝੱਲ ਨਹੀਂ ਖਿਲਾਰਦਾ, ਬੜੀਆਂ ਸੂਖਮ ਛੂਹਾਂ ਦਿੰਦਾ, ਪਾਠਕ ਮਨ ਦੀ ਪਿਆਸ ਨੂੰ ਇਕ ਹੁਲਾਸ ਬਖਸ਼ਦਾ ਹੈ। ਆਓ, ਇਸ ਪ੍ਰਸੰਗ ਵਿਚ ਉਸ ਦੀ ਗਜ਼ਲਗੋਈ ਦੀ ਸੁਹਬਤ ਮਾਣੀਏ:

ਮੈਂ ਚਾਹੁੰਦਾ ਹਾਂ ਮੇਰੀ ਹਸਤੀ  
ਇਵੇਂ ਕਵਿਤਾ ਵਿਚ ਢਲ ਜਾਵੇ।  
ਹਵਾ ਵੰਝਲੀ ਵਿਚੋਂ ਲੰਘ ਕੇ  
ਜਿਸ ਤਰ੍ਹਾਂ ਸੁਰ ਵਿਚ ਬਦਲ ਜਾਵੇ।

ਤੇਰਾ ਤਰੀਕਾ ਲੜਨ ਦਾ ਵੀ, ਬੇ ਮਿਸਾਲ ਹੈ  
ਤਲਵਾਰ ਹੈ ਜਨੂੰਨ ਦੀ, ਬੱਚਿਆਂ ਦੀ ਢਾਲ ਹੈ।

ਇਸ ਪ੍ਰਸੰਗ 'ਚ ਪੁਸਤਕ ਦੇ ਪੰਨਾ 43 'ਤੇ ਸਜੀ ਗਜ਼ਲ ਮਾਣਨ ਵਾਲੀ ਹੈ। ਇਕ ਸ਼ੇਅਰ ਦੇਖੋ:

ਜਦ ਇਹ ਝੁੱਲਿਆ,  
ਕੱਚੇ ਘਰ ਦਾ ਨਕਸ਼ਾ ਬਦਲੇਗਾ  
ਮੈਲੇ ਤਨ 'ਤੇ ਪਾਟਾ ਝੱਗਾ  
ਪਰਚਮ ਲੱਗਦਾ ਹੈ।

ਸੱਚੀ-ਸੁੱਚੀ ਸ਼ਾਇਰੀ ਰੁਤਬਿਆਂ ਜਾਂ ਐਲਾਨਨਾਮਿਆਂ ਦੀ ਮੁਥਾਜ ਨਹੀਂ ਹੁੰਦੀ। ਉਸ ਨੇ ਆਪਣੀਆਂ ਰਾਹਾਂ ਆਪ ਤਲਾਸ਼ ਕਰਨੀਆਂ ਹੁੰਦੀਆਂ ਨੇ। ਆਪਣਾ ਪੰਧ ਆਪ ਤੈਅ ਕਰਨਾ ਹੁੰਦਾ ਹੈ। ਆਪਣੀ ਆਵਾਜ਼ ਆਪ ਬਣਨਾ ਹੁੰਦਾ ਹੈ। ਸਰਹੱਦਾਂ ਦੀ ਵਲਗਣ ਨੂੰ ਵੰਗਾਰਨਾ ਹੁੰਦਾ ਹੈ। ਆਪਣੀ ਭਾਸ਼ਾ ਨੂੰ ਮਹਾਨ ਕਰਨਾ ਹੁੰਦਾ ਹੈ। ਵਿਸਾਖੀਆਂ ਸਹਾਰੇ ਨਹੀਂ, ਆਪਣੇ ਪਰਾਂ ਦੇ ਬਾਹੂ ਬਲ ਸਹਾਰੇ ਉਡਣਾ ਹੁੰਦਾ ਹੈ। ਮੈਨੂੰ ਇਸ ਪੁਸਤਕ ਵਿਚੋਂ ਸੁਰਿੰਦਰ ਦਾ ਵਿਸ਼ਵਾਸ ਕੁਝ ਅਜਿਹਾ ਹੀ ਝਲਕਦਾ ਜਾਪਿਆ ਹੈ:

ਮੈਂ ਜਿਸ ਥਾਂ ਫੁੱਲ ਖਿੜਾਵਣ ਵਾਸਤੇ  
ਖ਼ੁਦ ਜਾ ਨਹੀਂ ਸਕਿਆ,  
ਹਵਾ ਉਸ ਥਾਂ ਵੀ ਮੇਰੇ  
ਬੀਜ ਉਗਣ ਨੂੰ ਖਿਲਾਰ ਆਈ।

ਸੁਰਿੰਦਰ ਦਾ ਗ਼ਜ਼ਲ ਸੰਸਾਰ ਸਤਹੀ ਜਾਂ ਇਕਹਿਰੀ ਪਰਤ ਦਾ ਸ਼ਿਕਾਰ ਨਹੀਂ। ਬਹੁਤੀ ਸ਼ਾਇਰੀ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਦੀ ਰੋਸ਼ਨੀ ਵਿਚ ਪੇਸ਼ ਹੋਈ ਹੈ। ਜੇ ਕਿਧਰੇ ਸਪਾਟ ਬਿਆਨੀ ਹੈ ਤਾਂ ਉਹ ਵੀ ਆਪਣੀ ਵਿਲੱਖਣ ਖੂਬਸੂਰਤੀ ਲੈ ਕੇ ਆਈ ਹੈ। ਹਰ ਸ਼ੇਅਰ ਵਿਚ ਸ਼ਬਦ ਸ਼ਕਤੀਆਂ ਆਪਣਾ ਸਿਖਰ ਛੂਹਦੀਆਂ ਨਜ਼ਰ ਪੈਂਦੀਆਂ ਹਨ। ਸੋਹਲ ਦੀਆਂ ਰੋਸ਼ਨੀਆਂ ਸਿੱਧੀਆਂ ਨਹੀਂ ਪੈ ਰਹੀਆਂ, ਬਲਕਿ ਕਿਸੇ ਫਿਲਮੀ ਸੈਟ 'ਤੇ ਵਰਤਦੀਆਂ ਰੋਸ਼ਨੀਆਂ ਵਾਂਗ ਹਨ। ਉਹ ਕਲਾ-ਕ੍ਰਿਤ ਦੇ ਪਿੱਛੇ ਦੀਵਾ ਬਾਲ ਕੇ ਉਸ ਦੀ ਖ਼ੂਬਸੂਰਤੀ ਨੂੰ ਉਜਾਗਰ ਕਰਨ ਦਾ ਇਸ਼ਕ ਪਾਲਦਾ ਹੈ। ਇਕ ਸ਼ੇਅਰ ਦੇਖੋ:

ਸਮਝ ਕਦੇ ਤਾਂ ਆਉਣਗੇ  
ਇਸ਼ਾਰਿਆਂ ਦੇ ਲਫਜ਼ ਨੇ।  
ਕਿਤਾਬ ਆਸਮਾਨ ਦੀ  
ਸਿਤਾਰਿਆਂ ਦੇ ਲਫਜ਼ ਨੇ।

ਦਿਲ ਦਾ ਸ਼ਾਇਰ ਕੁਦਰਤ ਤੋਂ ਅਭਿੱਜ ਰਹਿ ਜਾਵੇ, ਇਹ ਕਿਵੇਂ ਹੋ ਸਕਦੈ। ਜਿਵੇਂ 'ਕਰਤਾ' ਆਪਣੀ ਕੁਦਰਤ ਵਿਚ ਵਸਿਆ ਹੋਇਐ, ਏਕਣ ਹੀ ਸੋਹਲ ਦੀ ਸਮੁੱਚੀ ਸ਼ਾਇਰੀ ਵਿਚ ਕੁਦਰਤ ਆਪਣੇ ਮਿਕਨਾਤੀਸੀ ਰੂਪ ਵਿਚ ਰਮੀ ਪਈ ਹੈ। ਉਸ ਦੇ ਹਰ ਤੀਜੇ ਸ਼ੇਅਰ ਵਿਚੋਂ ਕੁਦਰਤ ਦੇ ਕਿਸੇ ਨਾ ਕਿਸੇ ਰੂਪ ਦੇ ਦੀਦਾਰ ਹੁੰਦੇ ਹਨ। ਕਿਣਕੇ ਤੋਂ ਕਾਇਨਾਤ ਤੱਕ ਪਸਰਿਆ ਉਹਦਾ ਸ਼ਬਦ ਸੰਸਾਰ ਕੁਦਰਤ ਦੇ ਵੱਖਰੇ ਵੱਖਰੇ ਮੂਡ/ਸ਼ੇਡ ਦੇ ਉਧਰਣ-ਵਿਵਰਣ ਦਈ ਜਾਂਦਾ ਹੈ। ਕੁਦਰਤ ਦੀ ਇਸ ਮੁਹੱਬਤ ਨੇ ਜਿੱਥੇ ਉਸ ਦੀ ਸ਼ਾਇਰੀ ਨੂੰ ਸ਼ਿੰਗਾਰ ਰਸ ਦੀ ਚਾਸ਼ਣੀ ਵਿਚ ਡਬੋ ਡਾਢਾ ਰਸੀਲਾ ਕਰ ਦਿੱਤਾ ਹੈ, ਉਥੇ ਉਸ ਦੀ ਸ਼ਾਇਰੀ ਇਸ ਵੱਸਦੇ ਗ੍ਰਹਿ ਦੀ ਗ੍ਰਹਿਣੀ ਵੀ ਬਣੀ ਹੈ। ਆਓ, ਇਕ-ਦੋ ਸ਼ੇਅਰਾਂ ਦਾ ਰਸ ਮਾਣੀਏ:

ਵਧੀ ਜਾ ਰਹੇ ਨੇ ਸੱਥ ਵਿਚ  
ਭੱਖੜਾ ਤੇ ਪੋਹਲੀ,  
ਉਹ ਬੋਹੜਾਂ ਜਿਹੇ ਲੋਕ ਕਿਧਰ ਗਏ ਨੇ।  
ਘਰਦਿਆਂ ਬਿਰਖਾਂ ਨੂੰ  
ਔੜਾਂ ਤੋਂ ਬਚਾਵਣ ਵਾਸਤੇ।  
ਸੰਦਲੀ ਬਦਲੀ ਗਈ  
ਸਾਗਰ ਵਿਚ ਨ੍ਹਾਵਣ ਵਾਸਤੇ।

ਇਸ ਪੁਸਤਕ ਵਿਚ ਸਮੇਟੀ ਸ਼ਾਇਰੀ ਵਿਚ ਏਨਾ ਕੁਝ ਸਮੋਇਆ ਹੋਇਆ ਹੈ ਕਿ ਸਮੇਂ ਦੀ ਪਾਬੰਦੀ ਇਹ ਇਜਾਜ਼ਤ ਨਹੀਂ ਦਿੰਦੀ ਕਿ ਸਾਰਾ ਕੁਝ ਹੀ ਸਾਂਝਾ ਕੀਤਾ ਜਾ ਸਕੇ। ਕਿਤਾਬ ਪੜ੍ਹਨੀ ਹੀ ਬਣਦੀ ਹੈ। ਸੁਰਿੰਦਰ ਦੀ ਸ਼ਾਇਰੀ ਮਾਣ ਕੇ ਮੈਂ ਜਿੱਥੇ ਕੁਝ ਸੰਸਿਆਂ ਤੋਂ ਮੁਕਤ ਹੋਇਆ ਹਾਂ, ਉਥੇ ਕੁਝ ਫਿਕਰਾਂ ਦੇ ਸਨਮੁੱਖ ਵੀ ਹੋਇਆ ਹਾਂ।

ਸੁਰਿੰਦਰ ਮੈਨੂੰ ਕਾਫੀ ਵੱਖਰਾ ਸ਼ਾਇਰ ਲੱਗਾ ਹੈ। ਉਸ ਦੀ ਇਹ ਕਿਰਤ ਪੰਜਾਬੀ ਸ਼ਾਇਰੀ ਨੂੰ ਜਿੱਥੇ ਮਾਲਾ-ਮਾਲ ਕਰਦੀ ਹੈ, ਉਥੇ ਖਾਸ ਕਿਸਮ ਦੀ ਸੁਰੱਖਿਆ ਵੀ ਮੁਹੱਈਆ ਕਰਦੀ ਹੈ। ਡਾ. ਦਲੀਪ ਕੌਰ ਟਿਵਾਣਾ ਕਿਹਾ ਕਰਦੇ ਹਨ ਕਿ ਕੋਈ ਲੇਖਕ ਆਪਣੇ ਤੋਂ ਵੱਡੀ ਗੱਲ ਨਹੀਂ ਕਰ ਸਕਦਾ। ਮੇਰਾ ਯਕੀਨ ਹੈ ਕਿ ਸੁਰਿੰਦਰ ਸੋਹਲ ਆਪਣੀ ਸ਼ਾਇਰੀ ਜਿੱਡਾ ਹੀ ਕੱਦਾਵਰ ਇਨਸਾਨ ਹੋਏਗਾ। ਆਮੀਨ!






**ਪੰਜਾਬੀ ਗ਼ਜ਼ਲ ਦੀਆਂ ਤਿੰਨ ਪੀੜ੍ਹੀਆਂ: (ਖੱਬਿਓਂ) ਉਲਫਤ ਬਾਜਵਾ, ਉਸਤਾਦ ਚਾਨਣ ਗੋਬਿੰਦਪੁਰੀ ਅਤੇ ਸੁਰਿੰਦਰ ਸੋਹਲ**

## ਸੁਰਿੰਦਰ ਸੋਹਲ ਦੀਆਂ ਕੁਝ ਕਵਿਤਾਵਾਂ

### ਮੈਂ ਚਾਹੁੰਦਾ ਹਾਂ ਮੇਰੀ ਹਸਤੀ

ਮੈਂ ਚਾਹੁੰਦਾ ਹਾਂ ਮੇਰੀ ਹਸਤੀ  
ਇਵੇਂ ਕਵਿਤਾ 'ਚ ਢਲ ਜਾਵੇ।  
ਹਵਾ ਵੰਝਲੀ 'ਚੋਂ ਲੰਘ ਕੇ  
ਜਿਸ ਤਰ੍ਹਾਂ ਸੁਰ ਵਿਚ ਬਦਲ ਜਾਵੇ।

ਵਿਘਨਕਾਰੀ ਤਪੱਸਿਆ 'ਚੋਂ  
ਅਜਬ ਬਖਸ਼ਿਸ਼ ਮਿਲੀ ਮੈਨੂੰ,  
ਮੇਰੀ ਛੋਹ ਨਾਲ ਜਲ ਹੈ ਜੰਮਦਾ,  
ਪੱਥਰ ਪਿਘਲ ਜਾਵੇ।

ਨਿਸ਼ਾਨੇ ਦੇ ਨਸ਼ੇ ਵਿਚ ਦੇਖਣਾ,  
ਨਾ ਹੋਸ਼ ਭੁੱਲ ਜਾਵੀਂ,  
ਤੇਰੇ ਹਥਲੀ ਰਫਲ ਕਿਧਰੇ  
ਤੇਰੇ ਵੱਲ ਹੀ ਨਾ ਚਲ ਜਾਵੇ।

ਮੈਂ ਜਦ ਥਲ 'ਚੋਂ ਗੁਜ਼ਰਦਾ ਹਾਂ,  
ਤਾਂ ਸੋਚਾਂ ਵਿਚ ਵਗੇ ਦਰਿਆ,  
ਜਦੋਂ ਕਿਸ਼ਤੀ 'ਚ ਬਹਿ ਜਾਵਾਂ  
ਖਿਆਲਾਂ 'ਚੋਂ ਨਾ ਥਲ ਜਾਵੇ।

ਜੋ ਬਿਲਕੁਲ ਰੇਤ ਦਿਸਦੀ ਹੈ,  
ਭੰਵਰ ਨਿਕਲੇ ਨਾ ਆਖਿਰ ਨੂੰ,  
ਮਿਰਗ-ਜਲ ਵਾਂਗ ਮੈਨੂੰ  
ਹੁਣ ਕਿਤੇ ਦਰਿਆ ਨਾ ਛਲ ਜਾਵੇ।

### ਯਕੀਨ ਬਹੁਤਾ ਵੀ

ਯਕੀਨ ਬਹੁਤਾ ਵੀ ਕਰ ਲਵੀਂ ਨਾ  
ਕੋਈ ਤਾਂ ਪਰਦਾ ਵਿਚਾਲ ਰੱਖਣਾ।  
ਹਵਾ ਦੀ ਸੁਹਬਤ, ਚਿਰਾਗ ਤੇਰੇ  
ਬੁਝਾ ਨਾ ਦੇਵੇ, ਖਿਆਲ ਰੱਖਣਾ।

ਗੁਲਾਲ ਰੁੱਤਾਂ ਦਾ ਮਾਣਿਆ ਹੈ  
ਉਦਾਸ ਪੱਖ ਵੀ ਹੈ ਔਣ ਵਾਲਾ,  
ਹਰੇਕ ਮੌਸਮ 'ਚ ਥਿਰ ਰਹੇਂ ਤੂੰ  
ਮਿਜਾਜ਼ ਏਦਾਂ ਦਾ ਢਾਲ ਰੱਖਣਾ।

ਹਨੇਰ ਢੋਂਦਾ ਜੋ ਮਰ ਗਿਆ ਹੈ  
ਉਨ੍ਹੇ ਕੀ ਤੇਰਾ ਵਿਗਾੜਿਆ ਸੀ?  
ਮਿਲੇ ਜੇ ਸੂਰਜ ਤਾਂ ਉਸ ਦੇ ਸਾਹਵੇਂ  
ਇਹ ਮੇਰਾ ਬਲਦਾ ਸਵਾਲ ਰੱਖਣਾ।

ਤਵੀ, ਦੀਵਾਰਾਂ ਜਾਂ ਦੇਗ, ਆਰੇ  
ਬੁਝਾ ਸਕੇ ਸੀ ਨਾ ਲਾਟ ਸੱਚ ਦੀ,  
ਅਜੋਕੇ ਹਨੇਰੇ ਦੇ ਕਹਿਰ ਮੂਹਰੇ  
ਮਸ਼ਾਲ ਵਰਗੀ ਮਿਸਾਲ ਰੱਖਣਾ।

ਮੇਰੇ ਤੋਂ ਗੁੱਸਾ ਨਾ ਸਾਂਭ ਹੋਇਆ,  
ਤਾਂ ਇਸ 'ਚ ਮੇਰਾ ਕਸੂਰ ਕੀ ਹੈ?  
ਅਜੇ ਤਾਂ ਸਾਗਰ ਨੂੰ ਵੀ ਨਾ ਆਇਆ  
ਤੁਫਾਨ ਦਿਲ ਵਿਚ ਸੰਭਾਲ ਰੱਖਣਾ।

ਬਰੇਤਿਆਂ ਵਿਚ ਬਿਆਸ ਵਗਦੇ,  
ਖਿਜ਼ਾਂ ਦੇ ਅੰਦਰ ਗੁਲਾਬ ਖਿੜਦੇ,  
ਦਿਸਣ ਹਨੇਰੇ 'ਚ ਰਾਹ ਜਗਦੇ  
ਨਜ਼ਰ 'ਚ ਐਸਾ ਕਮਾਲ ਰੱਖਣਾ।

### ਤੁਹਾਡਾ ਹਸ਼ਰ ਨਿਸ਼ਚਿਤ

ਤੁਹਾਡਾ ਹਸ਼ਰ ਨਿਸ਼ਚਿਤ ਹੋ ਗਿਐ  
ਆਗਾਜ਼ ਤੋਂ ਪਹਿਲਾਂ।  
ਜੋ ਵੇਚ ਆਏ ਤੁਸੀਂ ਪਰ ਆਪਣੇ,  
ਪਰਵਾਜ਼ ਤੋਂ ਪਹਿਲਾਂ।

ਘਟਾ ਗਰਜਣ ਤੋਂ ਪਹਿਲਾਂ  
ਜਿਵੇਂ ਲੱਥ ਆਉਂਦੀਆਂ ਕਣੀਆਂ,  
ਮੇਰੇ ਅਥਰੂ ਨਿਕਲ ਆਏ  
ਮੇਰੀ ਆਵਾਜ਼ ਤੋਂ ਪਹਿਲਾਂ।

ਭਰਮ ਬਣਿਆ ਰਹੇ ਮੇਰਾ  
ਕਿ ਉਸ ਨੇ ਵੀ ਨਿਭਾਈ ਹੈ,  
ਤੂੰ ਮੇਰਾ ਸਿਰ ਕਲਮ ਕਰ ਦੇ,  
ਮੇਰੇ ਹਮਰਾਜ਼ ਤੋਂ ਪਹਿਲਾਂ।

ਸੁਰੀਲੇ ਸੁਰ ਕਮਾਵਣ ਨੂੰ ਸੀ  
ਤਪ ਰੁੱਖ-ਜੂਨ ਵਿਚ ਕੀਤਾ,  
ਇਹ ਬਿਲਕੁਲ ਮੌਨ, ਵਰ੍ਹਿਆਂ ਤਕ  
ਰਿਹਾ ਹੈ ਸਾਜ਼ ਤੋਂ ਪਹਿਲਾਂ।

ਕਲੀ ਖਿੜਨੀ, ਹਵਾ ਵਗਣੀ,  
ਘਟਾ ਚੜ੍ਹਨੀ ਵੀ ਭਾਸ਼ਾ ਹੈ,  
ਇਹੀ ਜਜ਼ਬਾਤ ਦਾ ਇਜ਼ਹਾਰ ਸੀ  
ਅਲਫਾਜ਼ ਤੋਂ ਪਹਿਲਾਂ।

### ਅਲਗ ਜ਼ਮੀਨ

ਅਲਗ ਜ਼ਮੀਨ ਅਲਗ ਆਸਮਾਨ ਦਿਸਦਾ ਹੈ।  
ਹਰੇਕ ਸ਼ਖਸ ਨੂੰ ਵੱਖਰਾ ਜਹਾਨ ਦਿਸਦਾ ਹੈ।

ਬਦਨ ਹੈ ਕਾਗਜ਼ੀ ਮੇਰਾ ਤਾਂ ਸੋਚਣਾ ਬਣਦੈ,  
ਚਿਰਾਗ ਮੇਰੇ 'ਤੇ ਕਿਉਂ ਮਿਹਰਬਾਨ ਦਿਸਦਾ ਹੈ।

ਜਿਦ੍ਹੇ 'ਚ ਬੋਟ ਜਲੇ ਸੀ ਕਦੇ, ਅਜੇ ਵੀ ਉਹ,  
ਚਿੜੀ ਨੂੰ ਖਾਬ 'ਚ ਜਲਦਾ ਮਕਾਨ ਦਿਸਦਾ ਹੈ।

ਨਿਗ੍ਹਾ ਦਾ ਫਰਕ ਹੈ ਯਾ ਚੇਤਿਆਂ ਦਾ ਚਾਨਣ ਹੈ,  
ਲਿਖਾਂ ਜੇ ਲਾਅਨ ਤਾਂ ਮੈਨੂੰ 'ਦਲਾਨ' ਦਿਸਦਾ ਹੈ।

ਨਿਸ਼ਾਨ ਏਸ 'ਤੇ ਛੱਡਦਾ ਮੈਂ ਲੰਘ ਜਾਵਾਂਗਾ,  
ਮੇਰੇ ਸਫਰ 'ਚ ਜੋ ਆਉਂਦਾ ਤੂਫਾਨ ਦਿਸਦਾ ਹੈ।

### ਕਿਸੇ ਦੱਬੇ ਹੋਏ ਡਰ ਦੀ

ਕਿਸੇ ਦੱਬੇ ਹੋਏ ਡਰ ਦੀ  
ਜਿਵੇਂ ਝਲਕੀ ਦਿਖਾਉਂਦੇ ਨੇ।  
ਇਮਾਰਤਸਾਜ਼ ਦੇ ਖਾਬਾਂ 'ਚ  
ਹੁਣ ਖੰਡਰਾਤ ਆਉਂਦੇ ਨੇ।

ਜਗਾਵਾਂ ਜਦ ਕਦੇ ਦੀਵੇ  
ਤਾਂ ਇਉਂ ਮਹਿਸੂਸ ਹੁੰਦਾ ਹੈ,  
ਜਿਵੇਂ ਲਾਟਾਂ ਦੀਆਂ ਸ਼ਕਲਾਂ 'ਚ  
ਸੁਪਨੇ ਮੁਸਕਰਾਉਂਦੇ ਨੇ।

ਕਲਮ ਸੋਨੇ ਦੀ ਭੇਟਾ ਲੈਣ ਵਾਲੇ  
ਲੱਭ ਗਏ ਸ਼ਾਇਦ,  
ਵਪਾਰੀ ਪੱਥਰਾਂ ਦੇ ਖੁਦ ਨੂੰ  
ਸ਼ੀਸ਼ਾਗਰ ਲਿਖਾਉਂਦੇ ਨੇ।

ਇਨ੍ਹਾਂ ਦੇ ਗਾਹਕ ਪੱਕੇ ਨੇ  
ਪਰਿੰਦੇ ਵੀ, ਸ਼ਿਕਾਰੀ ਵੀ,  
ਵਪਾਰੀ ਲੋਕ ਮਰਹਮ ਵੀ,  
ਗੁਲੇਲਾਂ ਵੀ ਬਣਾਉਂਦੇ ਨੇ।

# ਚੋਣਾਂ 'ਚ ਧਨ ਸ਼ਕਤੀ ਦਾ ਵਿਖਾਵਾ ਕਰਨ ਵਾਲੇ ਉਮੀਦਵਾਰਾਂ 'ਤੇ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਧਨ ਸ਼ਕਤੀ ਦਾ ਦਿਖਾਵਾ ਕਰਨ ਵਾਲੇ ਉਮੀਦਵਾਰਾਂ ਦੁਆਲੇ ਆਮਦਨ ਕਰ ਵਿਭਾਗ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ ਅਤੇ ਕੁਝ ਆਜ਼ਾਦ ਉਮੀਦਵਾਰਾਂ ਸਮੇਤ 300 ਦੇ ਕਰੀਬ ਉਮੀਦਵਾਰਾਂ ਨੂੰ ਆਮਦਨ ਕਰ ਵਿਭਾਗ ਨੇ ਨੋਟਿਸ ਜਾਰੀ ਕੀਤੇ ਹਨ।

ਜਮਹੂਰੀ ਸੁਧਾਰਾਂ ਸਬੰਧੀ ਕੰਮ ਕਰਨ ਵਾਲੀ ਗੈਰ ਸਰਕਾਰੀ ਸੰਸਥਾ 'ਏ.ਡੀ.ਆਰ.' ਨੇ ਸਮੂਹ ਉਮੀਦਵਾਰਾਂ ਵੱਲੋਂ ਰਿਟਰਨਿੰਗ ਅਫਸਰਾਂ ਨੂੰ ਦਿੱਤੇ ਹਲਫੀਆ ਬਿਆਨਾਂ ਦੇ ਆਧਾਰ 'ਤੇ ਜੋ ਰਿਪੋਰਟ ਤਿਆਰ ਕੀਤੀ ਹੈ, ਉਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਸਭ ਤੋਂ ਜ਼ਿਆਦਾ 93 ਫੀਸਦੀ ਉਮੀਦਵਾਰ ਕਰੋੜਪਤੀ ਹਨ। ਕਾਂਗਰਸ ਦੇ 88 ਫੀਸਦੀ, ਭਾਜਪਾ ਦੇ 87 ਫੀਸਦੀ, ਆਮ ਆਦਮੀ ਪਾਰਟੀ ਦੇ 63 ਫੀਸਦੀ, ਆਪਣਾ ਪੰਜਾਬ ਪਾਰਟੀ ਦੇ 31 ਫੀਸਦੀ, ਆਜ਼ਾਦ



23 ਫੀਸਦੀ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ 22 ਫੀਸਦੀ ਉਮੀਦਵਾਰਾਂ ਨੇ ਕਰੋੜਪਤੀ ਹੋਣ ਦਾ ਦਾਅਵਾ ਕੀਤਾ ਹੈ। ਵਿਧਾਨ ਸਭਾ ਚੋਣਾਂ ਵਿਚ ਉਤਰੇ 178 ਉਮੀਦਵਾਰਾਂ ਨੇ 5 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਹੋਣ ਦਾ ਗੱਲ ਕਹੀ। 136 ਉਮੀਦਵਾਰਾਂ ਨੇ ਦੋ ਤੋਂ ਪੰਜ ਕਰੋੜ ਰੁਪਏ ਦਰਮਿਆਨ ਜਾਇਦਾਦ ਦੱਸੀ, ਜਦੋਂ ਕਿ 252 ਉਮੀਦਵਾਰ 50 ਲੱਖ ਤੋਂ 2 ਕਰੋੜ ਤੱਕ ਦੀ ਜਾਇਦਾਦ ਵਾਲੇ ਹਨ, 10 ਲੱਖ ਤੋਂ 50 ਲੱਖ ਤੱਕ ਦੀ ਜਾਇਦਾਦ ਵਾਲੇ 238 ਅਤੇ 10 ਲੱਖ ਤੋਂ ਘੱਟ ਵਾਲਿਆਂ ਦੀ ਗਿਣਤੀ 341 ਹੈ।

ਭਾਰਤੀ ਜਨਤਾ ਪਾਰਟੀ ਦੀ ਭੋਆ ਤੋਂ ਉਮੀਦਵਾਰ ਸੀਮਾ ਕੁਮਾਰੀ ਦੇ ਅਸਾਸਿਆਂ ਵਿਚ ਹੈਰਾਨੀਜਨਕ ਵਾਧਾ ਹੋਇਆ ਸੀ। ਇਸ ਵਿਧਾਇਕ ਨੇ ਸਾਲ 2012 ਦੌਰਾਨ 2 ਲੱਖ 81 ਹਜ਼ਾਰ 55 ਰੁਪਏ ਦੀ ਸੰਪਤੀ ਐਲਾਨੀ ਸੀ। ਪੰਜ ਸਾਲਾਂ ਦੌਰਾਨ ਉਸ ਦੀ ਸੰਪਤੀ 81 ਲੱਖ 1 ਹਜ਼ਾਰ 719 ਰੁਪਏ ਹੋ ਗਈ। ਇਹ ਵਾਧਾ 2783 ਫੀਸਦੀ ਬਣਦਾ ਹੈ। ਜ਼ਿਕਰਯੋਗ ਹੈ ਕਿ ਰਾਣਾ ਗੁਰਜੀਤ ਸਿੰਘ, ਸ਼ਾਮ ਸੁੰਦਰ ਅਰੋੜਾ, ਸੁਨੀਲ ਕੁਮਾਰ ਜਾਖੜ, ਬਿਕਰਮ ਸਿੰਘ ਮਜੀਠੀਆ, ਸੁਰਿੰਦਰ ਕੁਮਾਰ ਡਾਵਰ, ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਕੇਵਲ ਸਿੰਘ ਢਿੱਲੋਂ, ਰਾਜਿੰਦਰ ਕੌਰ ਭੱਠਲ, ਅਮਰਪਾਲ ਬੋਨੀ ਅਜਨਾਲਾ, ਵਿਰਸਾ ਸਿੰਘ ਵਲਟੋਹਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਆਦਿ ਆਗੂਆਂ ਦੀ ਜਾਇਦਾਦ ਦੇ ਵਾਧੇ ਬਾਰੇ ਏ.ਡੀ.ਆਰ. ਨੇ ਵੀ ਆਪਣੀ ਰਿਪੋਰਟ ਵਿਚ ਜ਼ਿਕਰ ਕੀਤਾ ਸੀ।

### ਹਲਫੀਆ ਬਿਆਨਾਂ 'ਚ ਵੇਰਵਿਆਂ ਨੂੰ ਬਣਾਇਆ ਆਧਾਰ

ਆਮਦਨ ਕਰ ਵਿਭਾਗ ਵੱਲੋਂ ਇਹ ਕਾਰਵਾਈ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਹਲਫੀਆ ਬਿਆਨਾਂ ਵਿਚ ਜਾਇਦਾਦਾਂ ਦੇ ਕੀਤੇ ਖੁਲਾਸਿਆਂ ਦੇ ਆਧਾਰ ਉਤੇ ਕੀਤੀ ਹੈ। ਹਲਫੀਆ ਬਿਆਨਾਂ ਵਿਚ ਦਰਜ ਜਾਇਦਾਦ ਦੇ ਵੇਰਵੇ ਆਮਦਨ ਕਰ ਵਿਭਾਗ ਨੇ ਇਕੱਤਰ ਕਰ ਲਏ ਹਨ। ਉਮੀਦਵਾਰਾਂ ਨੂੰ ਜਾਇਦਾਦ ਤੇ ਆਮਦਨ ਦੇ ਸਰੋਤ ਦਾ ਵੇਰਵਾ ਦੇਣ ਲਈ ਕਿਹਾ ਗਿਆ ਹੈ। ਵਿਭਾਗ ਨੇ ਉਨ੍ਹਾਂ ਉਮੀਦਵਾਰਾਂ ਦੇ ਅਸਾਸਿਆਂ 'ਤੇ ਖਾਸ ਤੌਰ ਉਤੇ ਨਜ਼ਰ ਮਾਰੀ ਹੈ, ਜਿਨ੍ਹਾਂ ਦੀ ਜਾਇਦਾਦ ਤੇ ਆਮਦਨ ਪਿਛਲੇ ਸਾਲਾਂ ਦੌਰਾਨ ਛੜੱਪੇ ਮਾਰ ਕੇ ਵਧੀ ਹੈ। ਨੋਟਿਸ ਹਾਸਲ ਕਰਨ ਵਾਲੇ ਕੁਝ ਉਮੀਦਵਾਰਾਂ ਨੇ ਚੋਣ ਕਮਿਸ਼ਨ ਕੋਲ ਵੀ ਇਹ ਦੁੱਖ ਰੋਇਆ ਕਿ ਉਨ੍ਹਾਂ ਲਈ ਬੇਵਜ੍ਹਾ ਸਿਰਦਰਦੀ ਪੈਦਾ ਕੀਤੀ ਜਾ ਰਹੀ ਹੈ।

# ਸੀਰੀਆਈ ਸਰਕਾਰ ਨੇ 13 ਹਜ਼ਾਰ ਲੋਕਾਂ ਨੂੰ ਜੇਲ੍ਹ 'ਚ ਹੀ ਦਿੱਤੀ ਫਾਂਸੀ

**ਬੈਰੂਤ**: ਸੀਰੀਆ ਸਰਕਾਰ ਨੇ ਪੰਜ ਸਾਲਾਂ ਦੌਰਾਨ ਘੱਟੋ-ਘੱਟ 13 ਹਜ਼ਾਰ ਲੋਕਾਂ ਨੂੰ ਜੇਲ੍ਹ 'ਚ ਫਾਂਸੀ ਦਿੱਤੀ। ਇਹ ਜਾਣਕਾਰੀ ਐਮਨੈਸਟੀ ਨੇ ਜਾਰੀ ਕੀਤੀ ਹੈ। ਇਹ ਕੰਮ ਦਮਿਸ਼ਕ ਦੇ ਨਜ਼ਦੀਕ ਫੌਜੀ ਜੇਲ੍ਹ 'ਚ ਕੀਤਾ ਗਿਆ। ਐਮਨੈਸਟੀ ਨੇ ਸੀਰੀਆਈ ਸਰਕਾਰ ਉਤੇ ਕਤਲੇਆਮ ਦੀ ਨੀਤੀ ਅਪਣਾਉਣ ਦਾ ਦੋਸ਼ ਲਾਇਆ ਹੈ।

ਐਮਨੈਸਟੀ ਨੇ 'ਮਨੁੱਖੀ ਨਾਸ਼ ਗ੍ਰਹਿ: ਸਾਇਦਨਿਆ ਜੇਲ੍ਹ 'ਚ ਸਮੂਹਿਕ ਫਾਂਸੀ ਤੇ ਨਾਸ਼' ਸਿਰਲੇਖ ਨਾਲ ਰਿਪੋਰਟ ਜਾਰੀ ਕੀਤੀ ਹੈ। ਐਮਨੈਸਟੀ ਦੀ ਇਹ ਰਿਪੋਰਟ 84 ਗਵਾਹਾਂ ਦੀ ਇੰਟਰਵਿਊ 'ਤੇ ਆਧਾਰਤ ਹੈ। ਇਸ ਤਰ੍ਹਾਂ ਦੇ ਗਵਾਹਾਂ 'ਚ ਗਾਰਡ, ਕੈਦੀ ਤੇ ਜੱਜ ਸ਼ਾਮਲ ਹਨ। 2011 ਤੇ 2015 ਵਿਚ ਇਕ ਹਫਤੇ 'ਚ 50 ਕੈਦੀਆਂ ਨੂੰ ਸੁਣਵਾਈ ਲਈ ਜੇਲ੍ਹ ਦੇ ਸੈੱਲ ਤੋਂ ਕੱਢਿਆ ਜਾਂਦਾ ਸੀ। ਕੁਟਾਪੇ ਦੇ ਬਾਅਦ ਅੱਧੀ ਰਾਤ ਨੂੰ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਜਾਂਦੀ ਸੀ।

ਮਨੁੱਖੀ ਅਧਿਕਾਰ ਸਮੂਹ ਨੇ ਕਿਹਾ ਹੈ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਕੈਦੀਆਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਜਾਂਦੀ ਸੀ। ਗਲੇ 'ਚ ਫਾਹਾ ਪਾਉਣ ਤੱਕ ਕੈਦੀ ਨੂੰ ਕੁਝ ਵੀ ਪਤਾ ਨਹੀਂ ਚੱਲਦਾ ਸੀ। ਫਾਂਸੀ ਦੀ ਕਾਰਵਾਈ 'ਚ ਸ਼ਾਮਲ ਰਹੇ ਇਕ ਸਾਬਕਾ ਜੱਜ ਨੇ ਕਿਹਾ ਕਿ ਫੰਦੇ ਉਤੇ 10 ਤੋਂ 15 ਮਿੰਟ ਤੱਕ ਲਟਕਾਇਆ ਜਾਂਦਾ ਸੀ। ਨੌਜਵਾਨਾਂ ਨੂੰ ਛੱਡ ਕੇ ਘੱਟ ਭਾਰ ਦੇ ਕੈਦੀਆਂ ਨੂੰ ਸਹਾਇਕ ਅਧਿਕਾਰੀ ਖਿੱਚ ਲੈਂਦੇ ਸਨ। ਉਸ ਦੀ ਗਰਦਨ ਤੋੜ ਦਿੰਦੇ ਸਨ। ਐਮਨੈਸਟੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਜੰਗੀ ਅਪਰਾਧ ਸ਼੍ਰੇਣੀ 'ਚ ਆਉਂਦੀ ਹੈ। ਇਹ ਮਾਨਵਤਾ ਦੇ ਖਿਲਾਫ਼ ਅਪਰਾਧ ਵੀ ਹੈ।

# ਨੋਟਬੰਦੀ: 13 ਮਾਰਚ ਤੋਂ ਬਾਅਦ ਹਾਲਾਤ ਸੁਧਰਨ ਦਾ ਦਾਅਵਾ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਬੱਚਤ ਬੈਂਕ ਖਾਤਿਆਂ 'ਚੋਂ ਨਗਦ ਨਿਕਾਸੀ ਦੀ ਹੱਦ ਮੌਜੂਦਾ ਹਫਤਾਵਾਰੀ 24 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ ਹੈ। ਆਰ.ਬੀ.ਆਈ. ਨੇ ਇਹ ਵੀ ਐਲਾਨ ਕੀਤਾ ਹੈ ਕਿ 13 ਮਾਰਚ ਤੋਂ ਲੋਕ ਆਪਣੇ ਖਾਤੇ 'ਚੋਂ ਜਿੰਨੀ ਮਰਜ਼ੀ ਰਕਮ ਕਢਵਾ ਸਕਣਗੇ।

ਆਰ.ਬੀ.ਆਈ. ਦੇ ਉਪ ਗਵਰਨਰ ਆਰ ਗਾਂਧੀ ਨੇ ਦੱਸਿਆ ਕਿ ਨਕਦੀ ਦੇ ਮੁੜ ਚਲਣ 'ਚ ਆਉਣ ਕਰ ਕੇ ਹੁਣ ਬੱਚਤ ਬੈਂਕ ਖਾਤਿਆਂ ਵਿਚੋਂ ਨਗਦੀ ਕਢਾਉਣ ਦੀ ਹੱਦ ਨੂੰ ਦੋ ਪੜਾਵਾਂ 'ਚ ਖਤਮ ਕੀਤਾ ਜਾ ਰਿਹਾ ਹੈ। 500 ਅਤੇ 2000 ਰੁਪਏ ਦੇ ਨਵੇਂ ਜਾਅਲੀ ਨੋਟ ਸਾਹਮਣੇ ਆਉਣ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ 'ਚ ਸ੍ਰੀ ਗਾਂਧੀ ਨੇ ਕਿਹਾ ਕਿ ਇਹ ਕਰੰਸੀ ਦੀਆਂ ਫੋਟੋ ਕਾਪੀਆਂ ਹਨ ਅਤੇ ਇਨ੍ਹਾਂ ਨੂੰ ਆਮ ਬੰਦਾ ਆਸਾਨੀ ਨਾਲ ਪਛਾਣ ਸਕਦਾ ਹੈ।

# ਉਤਰੀ ਕੋਰੀਆ ਨੇ ਟਰੰਪ ਨੂੰ ਅੱਖਾਂ ਦਿਖਾਈਆਂ

**ਸਿਓਲ:** ਉਤਰੀ ਕੋਰੀਆ ਨੇ ਬਲਾਸਟਿਕ ਮਿਜ਼ਾਈਲ ਦਾ ਸਫਲ ਪ੍ਰੀਖਣ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਪਣੀ ਤਾਕਤ ਵਿਖਾਈ ਹੈ। ਮਿਜ਼ਾਈਲ 500 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ। ਦੱਖਣੀ ਕੋਰੀਆ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਉਤਰੀ ਕੋਰੀਆ ਨੇ ਪਹਿਲੀ ਵਾਰ ਮਿਜ਼ਾਈਲ ਦੇ ਪ੍ਰੀਖਣ ਕੀਤਾ ਹੈ। ਦੱਖਣੀ ਕੋਰੀਆ ਅਨੁਸਾਰ ਮਿਜ਼ਾਈਲ ਦਾ ਪ੍ਰੀਖਣ ਉਤਰੀ ਕੋਰੀਆ ਦੇ ਸਥਾਨਕ ਸਮੇਂ ਅਨੁਸਾਰ ਸਵੇਰੇ 7.55 ਵਜੇ ਕੀਤਾ ਗਿਆ ਹੈ।

ਯਾਦ ਰਹੇ, ਉਤਰੀ ਕੋਰੀਆ ਨੇ ਮਿਜ਼ਾਈਲ ਦਾ ਸਫਲ ਪ੍ਰੀਖਣ ਉਸ ਸਮੇਂ ਕੀਤਾ ਹੈ ਜਦੋਂ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਅਮਰੀਕਾ ਦੇ ਦੌਰੇ 'ਤੇ ਹਨ। ਪਿਛਲੇ ਸਾਲ ਅਕਤੂਬਰ ਵਿਚ ਉਤਰੀ ਕੋਰੀਆ ਨੇ ਦੋ ਮਿਜ਼ਾਈਲਾਂ ਦਾ ਸਫਲ ਪ੍ਰੀਖਣ ਕੀਤਾ ਸੀ। ਸੰਯੁਕਤ ਰਾਸ਼ਟਰ ਨੇ ਉਤਰੀ ਕੋਰੀਆ ਦੇ ਪਰਮਾਣੂ ਪ੍ਰੀਖਣ ਉਤੇ ਪਾਬੰਦੀ ਲਾਈ ਹੋਈ ਹੈ, ਪਰ ਇਸ ਦੇ ਬਾਵਜੂਦ ਇਹ ਦੇਸ਼ ਇਕ ਤੋਂ ਬਾਅਦ ਪਰਮਾਣੂ ਪ੍ਰੀਖਣ ਕਰ ਰਿਹਾ ਹੈ।

# ਸਰਹੱਦੀ ਕਿਸਾਨਾਂ ਦੀ ਸਰਕਾਰ ਨੇ ਨਹੀਂ ਲਈ ਸਾਰ

**ਤਰਨ ਤਾਰਨ:** ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲਗਦੇ ਪੰਜਾਬ ਦੇ 6 ਜ਼ਿਲ੍ਹਿਆਂ ਦੇ ਕਿਸਾਨ ਕੰਡਿਆਲੀ ਤਾਰ ਪਾਰ ਆਪਣੀ ਜ਼ਮੀਨ ਦੇ ਮੁਆਵਜ਼ੇ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਕੰਡਿਆਲੀ ਤਾਰ ਪਾਰ ਜ਼ਮੀਨ ਦੇ ਮੁਆਵਜ਼ੇ ਲਈ ਸੁਪਰੀਮ ਕੋਰਟ ਦੇ ਹੁਕਮਾਂ ਉਤੇ ਇਕ 'ਵਿਸ਼ੇਸ਼ ਟ੍ਰਿਬਿਊਨਲ' ਵੀ ਬਣਾਇਆ ਗਿਆ, ਜੋ ਆਪਣੀ ਰਫਤਾਰ ਨਾਲ ਕੰਮ ਕਰ ਰਿਹਾ ਹੈ। ਕੰਡਿਆਲੀ ਤਾਰ ਪਾਰ ਜ਼ਮੀਨ ਦੇ ਮੁਆਵਜ਼ੇ ਲਈ 50% ਕੇਂਦਰ ਅਤੇ 50% ਸੂਬਾ ਸਰਕਾਰ ਵੱਲੋਂ ਮੁਆਵਜ਼ਾ ਕਿਸਾਨਾਂ ਨੂੰ ਦੇਣਾ ਤੈਅ ਹੋਇਆ ਹੈ।

ਨਵੰਬਰ ਦੇ ਮਹੀਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੰਡਿਆਲੀ ਤਾਰ ਪਾਰ ਪੰਜਾਬ ਦੇ 6 ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਫ਼ਿਰੋਜ਼ਪੁਰ, ਪਠਾਨਕੋਟ ਅਤੇ ਫਾਜ਼ਿਲਕਾ ਦੇ ਕਿਸਾਨਾਂ ਦੀ 21 ਹਜ਼ਾਰ 600 ਏਕੜ ਜ਼ਮੀਨ ਦੇ ਮੁਆਵਜ਼ੇ ਲਈ 10 ਹਜ਼ਾਰ ਪ੍ਰਤੀ ਏਕੜ ਦੇਣ ਦੇ ਐਲਾਨ ਕੀਤਾ ਸੀ। ਮੁੱਖ ਮੰਤਰੀ ਵੱਲੋਂ ਮੁਆਵਜ਼ਾ ਦੇਣ ਦੀ ਸ਼ੁਰੂਆਤ ਸਰਹੱਦੀ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਖਾਲੜਾ ਤੋਂ ਕੀਤੀ ਗਈ ਸੀ, ਜਿਸ ਤੋਂ ਬਾਅਦ ਪੰਜਾਬ ਦੇ ਤਾਰ ਪਾਰ ਕਿਸਾਨਾਂ ਨੂੰ ਇਹ ਆਸ ਬੱਝ ਗਈ ਸੀ ਕਿ ਉਨ੍ਹਾਂ ਦੀ ਜ਼ਮੀਨ ਦਾ ਮੁਆਵਜ਼ਾ ਹੁਣ ਜਲਦੀ ਹੀ ਮਿਲਣ ਵਾਲਾ ਹੈ।

ਮੁੱਖ ਮੰਤਰੀ ਦੀ ਫੇਰੀ ਦੌਰਾਨ ਕੁਝ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਮੌਕੇ 'ਤੇ ਦੇ ਦਿੱਤੇ ਗਏ ਅਤੇ ਬਾਕੀ ਚੈੱਕ ਬਾਅਦ ਵਿਚ ਦੇਣ ਬਾਰੇ 6 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਜਾਰੀ ਕੀਤੇ ਗਏ ਸਨ, ਪਰ ਅਜੇ ਤੱਕ ਮੁਆਵਜ਼ਾ ਲੈਣ ਵਾਲੇ ਜ਼ਿਆਦਾਤਰ ਕਿਸਾਨ ਸਰਕਾਰੀ ਦਫਤਰਾਂ ਦੀਆਂ ਗੇੜੀਆਂ ਲਾ ਰਹੇ ਹਨ ਅਤੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ।

ਤਰਨ ਤਾਰਨ ਵਿਖੇ ਡਿਪਟੀ ਕਮਿਸ਼ਨਰ ਡੀ.ਪੀ.ਐਸ. ਖਰਬੰਦਾ ਨੂੰ ਮੰਗ ਪੱਤਰ ਦੇਣ ਆਏ ਕਿਸਾਨ ਵੈੱਲਫੇਅਰ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭੂਰਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਹਾਈ ਕੋਰਟ ਦੇ ਹੁਕਮਾਂ ਅਨੁਸਾਰ 6 ਸਰਹੱਦੀ ਜ਼ਿਲ੍ਹਿਆਂ ਦੇ ਕਿਸਾਨਾਂ ਦੀ 21600 ਏਕੜ ਲਈ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਜੋ ਸ਼ੁਰੂਆਤ ਕੀਤੀ ਗਈ ਸੀ, ਉਹ ਪੂਰੀ ਤਰ੍ਹਾਂ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਈ ਹੈ। ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਅੰਮ੍ਰਿਤਸਰ, ਫਾਜ਼ਿਲਕਾ ਅਤੇ ਪਠਾਨਕੋਟ ਜ਼ਿਲ੍ਹਿਆਂ ਨਾਲ ਸਬੰਧਤ ਕਿਸਾਨਾਂ ਨੂੰ ਕੋਈ ਮੁਆਵਜ਼ਾ ਪ੍ਰਾਪਤ ਨਹੀਂ ਹੋਇਆ, ਜਦਕਿ ਤਰਨ ਤਾਰਨ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਨਾਲ ਸਬੰਧਤ 25 ਫੀਸਦੀ ਦੇ ਕਰੀਬ ਕਿਸਾਨ ਇਹ ਮੁਆਵਜ਼ਾ ਹਾਸਲ ਕਰ ਗਏ ਹਨ, ਜਦਕਿ 75 ਫੀਸਦੀ ਕਿਸਾਨ ਆਪਣਾ ਮੁਆਵਜ਼ਾ ਲੈਣ ਲਈ ਡਿਪਟੀ ਕਮਿਸ਼ਨਰਾਂ, ਐਸ.ਡੀ.ਐਮ., ਪਟਵਾਰੀਆਂ ਅਤੇ ਹੋਰ ਦਫਤਰਾਂ ਵਿਚ ਖੱਜਲ ਖੁਆਰ ਹੋ ਰਹੇ ਹਨ।

### ਕੰਡਿਆਲੀ ਤਾਰ ਪਾਰਲੀ ਜ਼ਮੀਨ ਦੇ ਮੁਆਵਜ਼ੇ ਲਈ ਲੰਮੇ ਸੰਘਰਸ਼ ਨੂੰ ਪਿਆ ਨਾ ਬੂਰ



# ਹੁਣ ਮੈਡੀਕਲ ਨਸ਼ਿਆਂ ਵੱਲ ਤੁਰੀ ਪੰਜਾਬ ਦੀ ਜਵਾਨੀ

**ਚੰਡੀਗੜ੍ਹ:** ਪੰਜਾਬ ਵਿਚ ਰਵਾਇਤੀ ਨਸ਼ਿਆਂ ਅਫੀਮ, ਗਾਂਜਾ, ਭੁੱਕੀ ਅਤੇ ਭੰਗ ਆਦਿ ਦੀ ਥਾਂ ਹੁਣ ਨਸ਼ੀਲੀਆਂ ਗੋਲੀਆਂ, ਟੀਕਿਆਂ ਅਤੇ ਕੈਪਸੂਲਾਂ ਦਾ ਪ੍ਰਕੋਪ ਫੈਲ ਗਿਆ ਹੈ ਅਤੇ ਸਭ ਤੋਂ ਮਹਿੰਗੀ ਡਰੱਗ ਕੋਕੀਨ ਨੇ ਵੀ ਦਸਤਕ ਦੇ ਦਿੱਤੀ ਹੈ। ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਐਨ.ਡੀ.ਪੀ.ਐਸ. ਐਕਟ ਦੇ ਤਕਰੀਬਨ 5300 ਕੇਸ ਦਰਜ ਕਰ ਕੇ 6300 ਮੁਲਜ਼ਮ ਗ੍ਰਿਫਤਾਰ ਕੀਤੇ ਹਨ ਅਤੇ ਰਵਾਇਤੀ ਨਸ਼ਿਆਂ ਦੀ ਥਾਂ ਨਸ਼ੀਲੇ ਟੀਕਿਆਂ, ਗੋਲੀਆਂ ਤੇ ਕੈਪਸ਼ੂਲਾਂ ਦੀ ਬਰਾਮਦਗੀ ਵਧੀ ਹੈ।

ਦੂਸਰੇ ਪਾਸੇ ਸੂਬੇ ਵਿਚ ਹੁਣ ਨਸ਼ੀਲੀਆਂ ਦਵਾਈਆਂ ਨੂੰ ਵਿਆਪਕ ਪੱਧਰ ਉਤੇ ਨਸ਼ੇ ਦੀ ਥਾਂ ਵਰਤਿਆ ਜਾ ਰਿਹਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਪੁਲਿਸ ਨੇ ਪਿਛਲੇ ਵਰ੍ਹੇ 28.60 ਲੱਖ ਦੇ ਕਰੀਬ ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ ਬਰਾਮਦ ਕੀਤੇ ਹਨ, ਜੋ ਸਾਲ 2015 ਤੋਂ 6.50 ਲੱਖ ਵੱਧ ਹਨ। ਇਸੇ ਤਰ੍ਹਾਂ ਪੁਲਿਸ ਨੇ ਪਿਛਲੇ ਵਰ੍ਹੇ 21 ਹਜ਼ਾਰ ਦੇ ਕਰੀਬ ਨਸ਼ੀਲੇ ਟੀਕੇ ਬਰਾਮਦ ਕੀਤੇ ਹਨ ਜਦਕਿ ਸਾਲ 2015 ਵਿਚ ਸਿਰਫ 16,850 ਟੀਕੇ ਹੀ ਬਰਾਮਦ ਕੀਤੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦਾਅਵਾ ਕਰ ਚੁੱਕੀ ਹੈ ਕਿ ਸੂਬੇ ਵਿਚ ਆਯੂਰਵੈਦਿਕ ਦੀਆਂ ਕਾਮਿਨੀ ਨਾਮ ਨਾਲ ਜਾਣੀਆਂ ਜਾਂਦੀਆਂ ਗੋਲੀਆਂ



ਨੂੰ ਨਸ਼ੇੜੀ ਅਫੀਮ ਦੀ ਥਾਂ ਨਿਗਲ ਰਹੇ ਹਨ ਕਿਉਂਕਿ ਇਨ੍ਹਾਂ ਗੋਲੀਆਂ ਵਿਚ 25 ਫੀਸਦੀ ਅਫੀਮ ਹੁੰਦੀ ਹੈ। ਡਰੱਗ ਮਾਫੀਆ ਵੱਡੇ ਪੱਧਰ 'ਤੇ ਮਿਲੀਭੁਗਤ ਕਰ ਕੇ ਬੜੇ ਸੀਮਤ ਢੰਗ ਨਾਲ ਵਰਤੀਆਂ ਜਾਣ ਵਾਲੀਆਂ ਇਨ੍ਹਾਂ ਗੋਲੀਆਂ ਨੂੰ ਸ਼ਰੇਆਮ ਪ੍ਰਚੂਨ ਵਿਚ ਵੇਚ ਰਿਹਾ ਹੈ।

ਪੰਜਾਬ ਪੁਲਿਸ ਵਲੋਂ ਦੂਸਰੇ ਪਾਸੇ ਪਿਛਲੇ ਵਰ੍ਹੇ ਸਿਰਫ 160 ਕਿੱਲੋ ਭੰਗ ਤੇ 440 ਕਿੱਲੋ ਦੇ ਕਰੀਬ ਗਾਂਜਾ ਬਰਾਮਦ ਕੀਤਾ ਹੈ। ਇਸੇ ਤਰ੍ਹਾਂ ਸਾਲ 2016 ਦੌਰਾਨ ਭੁੱਕੀ ਵੀ ਸਿਰਫ 21 ਹਜ਼ਾਰ ਕਿੱਲੋ ਦੇ ਕਰੀਬ ਹੀ ਬਰਾਮਦ ਕੀਤੀ ਹੈ ਜਦਕਿ ਸਾਲ 2015 ਦੌਰਾਨ 35,291 ਕਿੱਲੋ ਭੁੱਕੀ ਬਰਾਮਦ ਕੀਤੀ ਸੀ। ਆਮ ਤੌਰ ਉਤੇ ਗਾਂਜਾ, ਭੁੱਕੀ ਅਤੇ ਭੰਗ ਦਾ ਨਸ਼ਾ ਹੇਠਲੇ ਤਬਕੇ ਦੇ ਲੋਕ ਕਰਦੇ ਹਨ, ਪਰ ਸੂਤਰ ਦੱਸਦੇ ਹਨ ਕਿ ਹੁਣ ਸਸਤਾ ਨਸ਼ਾ ਕਰਨ ਵਾਲੇ ਇਨ੍ਹਾਂ ਦੀ ਥਾਂ ਨਸ਼ੀਲੀਆਂ ਗੋਲੀਆਂ, ਟੀਕਿਆਂ ਤੇ ਕੈਪਸੂਲਾਂ ਦੇ ਰਾਹ ਪੈ ਗਏ ਹਨ।

ਇਸੇ ਤਰ੍ਹਾਂ ਰਵਾਇਤੀ ਨਸ਼ੇ ਅਫੀਮ ਦੀ ਪੰਜਾਬ ਵਿਚ ਬਰਾਮਦਗੀ ਨਿਰੰਤਰ ਘਟਦੀ ਜਾ ਰਹੀ ਹੈ। ਪੁਲਿਸ ਨੇ ਪਿਛਲੇ ਵਰ੍ਹੇ ਸਿਰਫ 351 ਕਿਲੋ ਦੇ ਕਰੀਬ ਹੀ ਅਫੀਮ ਬਰਾਮਦ ਕੀਤੀ ਸੀ। ਪੰਜਾਬ ਪੁਲਿਸ ਵਲੋਂ ਪਿਛਲੇ ਵਰ੍ਹੇ ਤਿੰਨ ਸਾਲਾਂ ਬਾਅਦ 1.10 ਕਿਲੋ ਕੋਕੀਨ ਬਰਾਮਦ ਕਰਨ ਤੋਂ ਸੰਕੇਤ ਮਿਲੇ ਹਨ ਕਿ ਡਰੱਗ ਮਾਫੀਆ ਵੱਲੋਂ ਸਭ ਤੋਂ ਮਹਿੰਗੇ ਨਸ਼ੇ ਨੂੰ ਵੀ ਪੰਜਾਬ ਵਿਚ ਸਪਲਾਈ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਹ ਨਸ਼ਾ ਖਾਸ ਕਰ ਕੇ ਦੇਰ ਰਾਤ ਨੂੰ ਪਾਰਟੀਆਂ ਕਰਦੇ ਅਮੀਰਜ਼ਾਦਿਆਂ ਵਲੋਂ ਵਰਤਣ ਦੀ ਚਰਚਾ ਹੈ।

### ਕੇਸਾਂ ਤੇ ਗ੍ਰਿਫਤਾਰੀਆਂ ਵਿਚ ਆਈ ਗਿਰਾਵਟ

ਪਿਛਲੇ ਵਰ੍ਹੇ ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤੇ ਕੇਸਾਂ ਅਤੇ ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਗਿਣਤੀ ਵੀ ਪਿਛਲੇ ਸਾਲਾਂ ਨਾਲੋਂ ਤਕਰੀਬਨ ਅੱਧੀ ਰਹਿ ਗਈ ਹੈ। ਜਿਥੇ ਪਿਛਲੇ ਵਰ੍ਹੇ 5300 ਦੇ ਕਰੀਬ ਕੇਸ ਦਰਜ ਕਰ ਕੇ 6300 ਵਿਅਕਤੀ ਗ੍ਰਿਫਤਾਰ ਕੀਤੇ ਸਨ, ਉਥੇ ਸਾਲ 2015 ਦੌਰਾਨ ਵੱਡੇ ਪੱਧਰ 'ਤੇ 10,178 ਕੇਸ ਦਰਜ ਕਰ ਕੇ 12,183 ਵਿਅਕਤੀ ਗ੍ਰਿਫਤਾਰ ਕੀਤੇ ਸਨ। ਉਂਜ ਕੇਸ ਦਰਜ ਕਰਨ ਅਤੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੇ ਮਾਮਲੇ ਵਿਚ ਪੁਲਿਸ ਨੇ ਸਾਲ 2014 ਵਿਚ ਰਿਕਾਰਡ ਬਣਾਇਆ ਸੀ। ਇਸ ਵਰ੍ਹੇ ਪੁਲਿਸ ਨੇ ਐਨ.ਡੀ.ਪੀ.ਸੀ. ਐਕਟ ਅਧੀਨ 14,482 ਕੇਸ ਦਰਜ ਕਰ ਕੇ 17,001 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ।

# ਧਰਮ ਨਿਰਪੇਖਤਾ ਦੇ ਮੁੱਦੇ 'ਤੇ ਭਾਰਤ ਹੋਇਆ ਬਦਨਾਮ

## ਅਮਰੀਕੀ ਸੰਸਥਾ ਨੇ ਘੱਟ ਗਿਣਤੀਆਂ ਨਾਲ ਵਿਤਕਰੇ ਬਾਰੇ ਚੁੱਕੇ ਸਵਾਲ



**ਵਾਸ਼ਿੰਗਟਨ:** ਅਮਰੀਕਾ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਉਤੇ ਆਧਾਰਤ ਇਕ ਆਜ਼ਾਦ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਵਿਤਕਰੇ ਤੇ ਅਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਦੇਸ਼ਾਂ ਵਿਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀ ਨਜ਼ਰਸਾਨੀ ਕਰਦੇ 'ਯੂ.ਐਸ. ਕਮਿਸ਼ਨ ਫਾਰ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਕਿ ਕਾਂਗਰਸ ਪਾਰਟੀ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਅਧੀਨ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਪੱਖਪਾਤ ਤੇ ਅਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਚੰਗੀ ਤਰ੍ਹਾਂ ਪ੍ਰਭਾਸ਼ਿਤ ਨਾ ਕੀਤੇ ਕਾਨੂੰਨ, ਪ੍ਰਭਾਵਸ਼ਾਲੀ ਫੌਜਦਾਰੀ ਨਿਆਂ ਪ੍ਰਣਾਲੀ ਤੇ ਕਾਨੂੰਨੀ ਪ੍ਰਣਾਲੀ ਵਿਚ ਇਕਸਾਰਤਾ ਦੀ ਘਾਟ ਹੈ। ਇਕਤਿਦਾਰ ਕਰਾਮਤ ਚੀਮਾ ਵੱਲੋਂ ਲਿਖੀ 'ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਨੂੰ ਦਰਪੇਸ਼ ਸੰਵਿਧਾਨਕ ਤੇ ਕਾਨੂੰਨੀ ਚੁਣੌਤੀਆਂ' ਦੇ ਸਿਰਲੇਖ ਵਾਲੀ ਇਸ ਰਿਪੋਰਟ ਵਿਚ ਕਿਹਾ ਗਿਆ ਕਿ ਖਾਸ ਤੌਰ ਉਤੇ ਸਾਲ 2014 ਮਗਰੋਂ ਨਸਲੀ ਅਪਰਾਧ, ਸਮਾਜਿਕ ਬਾਈਕਾਟ ਅਤੇ ਜਬਰੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਵਿਚ ਨਾਟਕੀ ਵਾਧਾ ਹੋਇਆ ਹੈ।

ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਕਿ ਅਮਰੀਕਾ ਸਰਕਾਰ ਭਾਰਤ ਨਾਲ ਕੂਟਨੀਤਕ ਤੇ ਵਪਾਰਕ ਵਿਚਾਰ-ਵਟਾਂਦਰੇ ਦੌਰਾਨ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ ਵੀ ਉਠਾਏ। ਕਮਿਸ਼ਨ ਦੇ ਚੇਅਰਮੈਨ ਥੌਮਸ ਜੀ ਰੀਸ ਨੇ ਕਿਹਾ ਕਿ ਭਾਰਤ ਵੱਖ-ਵੱਖ ਧਰਮਾਂ ਵਾਲਾ ਜਮਹੂਰੀ ਸਮਾਜ ਹੈ, ਜਿਸ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਬਰਾਬਰ ਕਾਨੂੰਨੀ ਅਧਿਕਾਰ ਦਿੰਦਾ ਹੈ, ਪਰ ਅਸਲੀਅਤ ਇਸ ਤੋਂ ਉਲਟ ਹੈ। ਭਾਰਤ ਦੇ ਬਹੁਭਾਂਤੀ ਸੱਭਿਆਚਾਰ ਨੂੰ ਇਸ ਦੇ ਰਾਜਾਂ ਦੀ ਵੱਡੀ ਗਿਣਤੀ ਕਾਰਨ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੀਸ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿਚ ਧਾਰਮਿਕ ਸਹਿਣਸ਼ੀਲਤਾ ਨੂੰ ਵੱਡੀ ਪੱਧਰ ਉਤੇ ਖੋਰਾ ਲੱਗਿਆ ਹੈ ਅਤੇ ਭਾਰਤ ਦੇ ਕਈ ਇਲਾਕਿਆਂ ਵਿਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀਆਂ ਘਟਨਾਵਾਂ ਵਧੀਆਂ ਹਨ। ਇਸ ਨਾਂਹ-ਪੱਖੀ ਵਰਤਾਰੇ ਨੂੰ ਬਦਲਣ ਲਈ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਣੇ ਕਾਨੂੰਨਾਂ ਨੂੰ ਇਕ ਸੂਤਰੀ ਕਰਨਾ ਪਵੇਗਾ। ਇਸ ਤੋਂ ਇਲਾਵਾ ਭਾਰਤ ਤੋਂ ਅਮਰੀਕਾ ਨੂੰ ਆਪਣੀ ਸੰਵਿਧਾਨਕ ਵਚਨਬੱਧਤਾ ਅਤੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਮਾਪਦੰਡ ਅਪਣਾਉਣੇ ਪੈਣਗੇ। 22 ਪੰਨਿਆਂ ਦੀ ਇਸ ਰਿਪੋਰਟ ਵਿਚ ਦੋਸ਼ ਲਾਇਆ ਗਿਆ ਕਿ ਭਾਰਤ ਵਿਚ ਕਈ ਸੰਵਿਧਾਨਕ ਤਜਵੀਜ਼ਾਂ ਅਤੇ ਸੂਬਾਈ ਤੇ ਕੌਮੀ ਕਾਨੂੰਨ ਹਨ, ਜਿਹੜੇ ਧਾਰਮਿਕ ਆਜ਼ਾਦੀ ਬਾਰੇ ਕੌਮਾਂਤਰੀ ਮਾਪਦੰਡਾਂ ਨਾਲ ਮੇਲ ਨਹੀਂ ਖਾਂਦੇ।

### ਮੁਸਲਮਾਨ, ਈਸਾਈ, ਸਿੱਖ ਤੇ ਜੈਨੀ ਭਵਿੱਖ ਬਾਰੇ ਚਿੰਤਿਤ

**ਵਾਸ਼ਿੰਗਟਨ:** ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ ਵਿਚ ਮੁਸਲਮਾਨ, ਈਸਾਈ, ਸਿੱਖ ਤੇ ਜੈਨੀ ਭਵਿੱਖ ਨੂੰ ਲੈ ਕੇ ਡਰੇ ਹੋਏ ਹਨ। ਹਿੰਦੂਆਂ ਦੇ ਹੀ ਵਰਗ ਪੱਛੜੀਆਂ ਜਾਤਾਂ ਜਾਂ ਕਬੀਲੇ, ਜਿਨ੍ਹਾਂ ਨੂੰ ਆਮ ਤੌਰ ਉਤੇ ਦਲਿਤ ਸੱਦਿਆ ਜਾਂਦਾ ਹੈ, ਉਨ੍ਹਾਂ ਉਪਰ ਵੀ ਹਮਲੇ ਵਧ ਰਹੇ ਹਨ। ਰਿਪੋਰਟ ਵਿਚ ਦੋਸ਼ ਲਾਇਆ ਗਿਆ ਕਿ ਭਾਰਤ ਵਿਚ ਕੇਂਦਰ ਤੇ ਰਾਜ ਸਰਕਾਰਾਂ ਅਕਸਰ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਆਪਣੀਆਂ ਸੰਵਿਧਾਨ ਜ਼ਿੰਮੇਵਾਰੀਆਂ ਨੂੰ ਨਜ਼ਰ ਅੰਦਾਜ਼ ਕਰਦੀਆਂ ਹਨ।

### ਸਿੱਖ ਜਥੇਬੰਦੀਆਂ ਵੱਲੋਂ ਰਿਪੋਰਟ ਦਾ ਸਵਾਗਤ

**ਅੰਮ੍ਰਿਤਸਰ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਨੇ ਅਮਰੀਕਾ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜਿਅਸ ਫ੍ਰੀਡਮ (ਯੂ.ਐਸ.ਸੀ.ਆਈ.ਆਰ.ਐਫ) ਵੱਲੋਂ ਭਾਰਤ ਵਿਚ ਧਾਰਮਿਕ ਸਹਿਣਸ਼ੀਲਤਾ ਵਿਚ ਵਧ ਰਹੇ ਨਿਘਾਰ ਸਬੰਧੀ ਪੇਸ਼ ਕੀਤੀ ਰਿਪੋਰਟ ਦਾ ਸਵਾਗਤ ਕੀਤਾ ਹੈ। ਇਸ ਰਿਪੋਰਟ ਵਿਚ ਅਧਿਐਨ ਉਪਰੰਤ ਭਾਰਤ ਵਿਚ ਧਾਰਮਿਕ ਸਹਿਣਸ਼ੀਲਤਾ ਦੇ ਵਿਗੜਦੇ ਰੂਪ ਨੂੰ ਉਜਾਗਰ ਕੀਤਾ ਗਿਆ ਹੈ। ਏ.ਜੀ.ਪੀ.ਸੀ. ਦੇ ਪ੍ਰਧਾਨ ਜੇ.ਐਸ. ਹੋਠੀ ਅਤੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਧਾਰਮਿਕ ਸਹਿਣਸ਼ੀਲਤਾ ਵਿਚ ਨਿਘਾਰ ਆਇਆ ਹੈ ਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਈ ਖੇਤਰਾਂ ਵਿਚ ਵਧੀ ਹੈ।

## ਭਾਰਤੀ ਮੂਲ ਦੀ ਇਕ ਹੋਰ ਕੁੜੀ ਭਰੇਗੀ ਪੁਲਾੜ ਦੀ ਉਡਾਣ



**ਨਵੀਂ ਦਿੱਲੀ:** ਕਲਪਨਾ ਚਾਵਲਾ ਅਤੇ ਸੁਨੀਤਾ ਵਿਲੀਅਮਜ਼ ਤੋਂ ਬਾਅਦ ਭਾਰਤੀ ਮੂਲ ਦੀ ਤੀਜੀ ਮਹਿਲਾ ਸ਼ਾਵਨਾ ਪਾਂਡੇ ਪੁਲਾੜ ਦੀ ਉਡਾਣ ਭਰੇਗੀ। ਡਾਕਟਰ ਸ਼ਾਵਨਾ ਪਾਂਡੇ ਨਿਊਰੋਸਰਜਨ ਹੈ ਅਤੇ ਇਨ੍ਹਾਂ ਦਿਨੀਂ ਕੈਨੇਡਾ ਦੀ ਅਲਬਰਟਾ ਯੂਨੀਵਰਸਿਟੀ ਵਿਚ ਜਨਰਲ ਫਿਜ਼ੀਸ਼ੀਅਨ ਹੈ। ਸ਼ਾਵਨਾ ਪਾਂਡੇ ਪੁਲਾੜ ਮਿਸ਼ਨਾਂ ਲਈ ਕਾਫੀ ਸਮੇਂ ਲਈ ਤਿਆਰੀ ਕਰ ਰਹੀ ਹੈ।

ਸ਼ਾਵਨਾ 3200 ਲੋਕਾਂ ਵਿਚੋਂ ਚੁਣੇ ਗਏ ਦੋ ਉਮੀਦਵਾਰਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੂੰ ਸਿਟੀਜ਼ਨ ਸਾਇੰਸ ਐਸਟਰੋਨਾਟ (ਸੀ.ਐਸ.ਏ.) ਪ੍ਰੋਗਰਾਮ ਤਹਿਤ ਪੁਲਾੜ ਵਿਚ ਜਾਣ ਦਾ ਮੌਕਾ ਮਿਲੇਗਾ। ਅਗਲੇ ਸਾਲ ਸ਼ੁਰੂ ਹੋਣ ਵਾਲੇ ਮਿਸ਼ਨ ਵਿਚ ਕੁੱਲ 9 ਐਸਟਰੋਨਾਟ ਸ਼ਾਮਲ ਹੋਣਗੇ। ਮੀਡੀਆ ਨਾਲ ਗੱਲਬਾਤ ਦੌਰਾਨ ਸ਼ਾਵਨਾ ਨੇ ਕਿਹਾ ਕਿ ਉਹ ਬਚਪਨ ਤੋਂ ਹੀ ਸੁਪਰ ਹੀਰੋ ਅਤੇ ਪੁਲਾੜ ਯਾਤਰੀ ਬਣਨਾ ਚਾਹੁੰਦੀ ਸੀ। ਉਸ ਦਾ ਕਹਿਣਾ ਹੈ ਕਿ ਸਾਡੇ ਵਿਦਿਆਰਥੀਆਂ ਵਿਚ ਕਾਫੀ ਪ੍ਰਤਿਭਾ ਹੈ, ਪਰ ਇਸ ਨੂੰ ਕਿਵੇਂ ਬਾਹਰ ਲੈ ਕੇ ਆਉਣਾ ਹੈ, ਉਹ ਨਹੀਂ ਜਾਣਦੇ ਹਨ। ਸ਼ਾਵਨਾ ਦਾ ਜਨਮ ਕੈਨੇਡਾ ਵਿਚ ਹੋਇਆ। ਹਾਲਾਂਕਿ ਉਸ ਦਾ ਪਰਿਵਾਰ ਫਿਲਹਾਲ ਮੁੰਬਈ ਵਿਚ ਰਹਿੰਦਾ ਹੈ। ਇਨ੍ਹਾਂ ਦਿਨੀਂ ਉਹ ਆਪਣੇ ਪਰਿਵਾਰ ਨੂੰ ਮਿਲਣ ਲਈ ਭਾਰਤ ਆਈ ਹੋਈ ਹੈ। ਉਸ ਨੇ ਯੂਨੀਵਰਸਿਟੀ ਆਫ ਐਲਬਰਟਾ ਤੋਂ ਨਿਊਰੋ ਸਾਇੰਸ ਵਿਚ ਬੀ.ਐਸ.ਸੀ. ਤੋਂ ਬਾਅਦ ਇੰਟਰਨੈਸ਼ਨਲ ਸਪੇਸ ਯੂਨੀਵਰਸਿਟੀ ਤੋਂ ਸਪੇਸ ਸਾਇੰਸ ਵਿਚ ਐਮ.ਐਸ.ਸੀ. ਅਤੇ ਫਿਰ ਮੈਡੀਸਨ ਵਿਚ ਐਮ.ਡੀ. ਕੀਤੀ।

## ਪੰਜਾਬੀ ਭਾਸ਼ਾ ਬਾਰੇ ਵਿਸ਼ਵ ਪੱਧਰੀ ਕਾਨਫਰੰਸ 23 ਤੋਂ 25 ਜੂਨ ਤੱਕ

**ਪਠਾਨਕੋਟ:** 'ਪੰਜਾਬੀ ਭਾਸ਼ਾ ਦਾ ਭਵਿੱਖ ਤੇ ਚੁਣੌਤੀਆਂ' ਅਤੇ 'ਪੰਜਾਬੀਆਂ ਵਿਚ ਨੈਤਿਕਤਾ' ਦੇ ਵਿਸ਼ਿਆਂ ਸਬੰਧੀ ਕਲਮ, ਪੰਬਪਾ ਅਤੇ ਓ.ਐਫ.ਸੀ. ਸੰਸਥਾਵਾਂ ਵੱਲੋਂ ਸਾਂਝੇ ਤੌਰ ਉਤੇ 23 ਤੋਂ 25 ਜੂਨ ਤੱਕ ਤਿੰਨ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਕੀਤੀ ਜਾ ਰਹੀ ਹੈ, ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਡੈਲੀਗੇਟ ਅਤੇ ਵਿਦਵਾਨ ਹਿੱਸਾ ਲੈਣਗੇ।

ਕਾਨਫਰੰਸ ਵਿਚ ਵਿਦਵਾਨ ਆਪਣੇ ਪੇਪਰ 31 ਮਾਰਚ ਤੱਕ ਭੇਜ ਸਕਦੇ ਹਨ। ਕਾਨਫਰੰਸ ਵਿਚ ਪਾਕਿਸਤਾਨ ਤੋਂ ਵੀ ਡੈਲੀਗੇਟ ਸ਼ਿਰਕਤ ਕਰਨਗੇ ਅਤੇ ਭਾਰਤ 'ਚ ਇਸ ਕਾਨਫਰੰਸ ਸਬੰਧੀ ਤਾਲਮੇਲ ਕਰਨ ਲਈ ਰਵਿੰਦਰ ਢਿੱਲੋਂ (ਨਾਭਾ) ਨੂੰ ਇੰਚਾਰਜ ਲਗਾਇਆ ਗਿਆ ਹੈ ਜਦਕਿ ਇਸ ਕਾਨਫਰੰਸ ਦੇ ਚੇਅਰਮੈਨ ਅਜੈਬ ਸਿੰਘ ਹਨ।

## ਆਯੁਰਵੈਦਿਕ ਦਵਾਈਆਂ ਦੇ ਬਹਾਨੇ ਨਸ਼ਿਆਂ ਦਾ ਕਾਰੋਬਾਰ

**ਚੰਡੀਗੜ੍ਹ:** ਨਾਰਕੋਟਿਕਸ ਕੰਟਰੋਲ ਬਿਊਰੋ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਇਕ ਵਿਸ਼ੇਸ਼ ਆਯੁਰਵੈਦਿਕ ਦਵਾਈ ਦੀ ਆੜ ਹੇਠ ਅਫੀਮ ਵੇਚੀ ਜਾ ਰਹੀ ਹੈ। ਇਹ ਖੁਲਾਸਾ ਹੋਣ ਤੋਂ ਬਾਅਦ ਦੇਸ਼ ਦੀਆਂ ਆਯੁਰਵੈਦਿਕ ਦਵਾਈਆਂ ਬਣਾਉਣ ਵਾਲੀਆਂ 11 ਪ੍ਰਮੁੱਖ ਕੰਪਨੀਆਂ ਨੂੰ ਨੋਟਿਸ ਭੇਜ ਕੇ ਨਿਰਧਾਰਤ ਕਾਇਦੇ-ਕਾਨੂੰਨਾਂ ਅਨੁਸਾਰ ਅਫੀਮ ਤੋਂ ਤਿਆਰ ਹੁੰਦੀਆਂ ਦਵਾਈਆਂ ਦੀ ਸਪਲਾਈ ਅਤੇ ਉਨ੍ਹਾਂ ਦਾ ਪੂਰਾ ਰਿਕਾਰਡ ਰੱਖਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ।

ਐਨ.ਸੀ.ਬੀ. ਚੰਡੀਗੜ੍ਹ ਵੱਲੋਂ ਆਯੁਰਵੈਦਿਕ ਡਰੱਗ ਕੰਟਰੋਲਰ, ਪੰਜਾਬ ਨੂੰ ਪਿਛਲੇ ਵੱਖ-ਵੱਖ ਸਮੇਂ ਉਤੇ ਲਿਖੇ ਪੱਤਰਾਂ ਵਿਚ ਸੁਚੇਤ ਕੀਤਾ ਗਿਆ ਹੈ ਕਿ ਰਾਜ ਵਿਚ ਅਫੀਮ ਅਧਾਰਤ ਆਯੁਰਵੈਦਿਕ ਦਵਾਈਆਂ ਬਣਾਉਣ ਦੇ ਨਾਂ ਉਤੇ ਐਨ.ਡੀ.ਪੀ.ਐਸ. ਐਕਟ ਦੀਆਂ ਧੱਜੀਆਂ ਉਡਾ ਕੇ ਪਰਚੂਨ ਵਿਚ ਦਵਾਈਆਂ ਦੀ ਵਿਕਰੀ ਹੋ ਰਹੀ ਹੈ। ਐਨ.ਸੀ.ਬੀ. ਨੇ ਡਰੱਗ ਕੰਟਰੋਲਰ ਨੂੰ ਇਸ ਗੰਭੀਰ ਮੁੱਦੇ ਉਪਰ ਸਖਤ ਕਦਮ ਚੁੱਕਣ ਅਤੇ ਆਯੁਰਵੈਦਿਕ ਡਾਕਟਰਾਂ ਵੱਲੋਂ ਲੋੜੀਂਦੇ ਮਰੀਜ਼ਾਂ ਨੂੰ ਸਲਿੱਪਾਂ ਜਾਰੀ ਕਰਨ ਉਤੇ ਹੀ ਪਰਚੂਨ ਵਿਚ ਅਜਿਹੀ ਦਵਾਈ ਵੇਚਣਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਡਰੱਗ ਕੰਟਰੋਲਰ ਨੂੰ ਹਦਾਇਤ ਕੀਤੀ ਗਈ ਹੈ ਕਿ ਡਿਸਟ੍ਰੀਬਿਊਟਰਾਂ ਨੂੰ ਵੀ ਇਸ ਸਬੰਧੀ ਸੁਚੇਤ ਕੀਤਾ ਜਾਵੇ। ਡਰੱਗ ਕੰਟਰੋਲਰ ਨੂੰ ਹਫਤਾਵਾਰ ਅਜਿਹੇ ਸਟਾਕ ਚੈੱਕ ਕਰਨ ਅਤੇ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਦੇ ਆਯੁਰਵੈਦਿਕ ਡਰੱਗ ਕੰਟਰੋਲਰਾਂ ਨਾਲ ਸੰਪਰਕ ਕਰ ਕੇ ਗੈਰਕਾਨੂੰਨੀ ਢੰਗ ਨਾਲ ਅਫੀਮ ਆਧਾਰਤ ਬਣਦੀਆਂ ਆਯੁਰਵੈਦਿਕ ਦਵਾਈਆਂ ਦੀ ਹੋ ਰਹੀ ਵਿਕਰੀ ਨੂੰ ਰੋਕਣ ਲਈ ਕਿਹਾ ਗਿਆ ਹੈ। ਐਨਸੀਬੀ ਨੇ ਇਸ ਸਬੰਧੀ ਡਰੱਗ ਕੰਟਰੋਲਰ ਕੋਲੋਂ ਰਿਪੋਰਟ ਵੀ ਤਲਬ ਕੀਤੀ ਹੈ।

## ਬਾਹਰਲੇ ਸੂਬਿਆਂ ਤੋਂ ਆਈ ਫੋਰਸ ਨੇ ਪੰਜਾਬ 'ਚ ਆਵਾਰਾ ਕੁੱਤਿਆਂ ਦਾ ਕੀਤਾ ਸਫਾਇਆ



**ਚੰਡੀਗੜ੍ਹ:** ਪੰਜਾਬ ਵਿਚ ਚੋਣਾਂ ਲਈ ਕੋਈ ਇਕ ਦਰਜਨ ਤੋਂ ਵੱਧ ਰਾਜਾਂ ਦੀ ਆਈ ਪੁਲਿਸ ਫੋਰਸ ਦੀਆਂ ਖਾਣ ਪੀਣ ਦੀਆਂ ਵੱਖਰੀਆਂ ਆਦਤਾਂ ਕਰ ਕੇ ਪੰਜਾਬ ਵਿਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਰਾਜ ਸਰਕਾਰ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਅਜੀਬ ਮੰਗ ਪੰਜਾਬ ਲਈ ਨਾਗਾਲੈਂਡ, ਮਿਜ਼ੋਰਮ ਅਤੇ ਤ੍ਰਿਪੁਰਾ ਵਰਗੇ ਰਾਜਾਂ ਦੀ ਪੁਲਿਸ ਫੋਰਸ ਵੱਲੋਂ ਰੱਖੀ ਗਈ, ਜਿਨ੍ਹਾਂ ਦਾ ਕਹਿਣਾ ਸੀ ਕਿ ਉਹ ਮਾਸਾਹਾਰੀ ਹਨ ਅਤੇ ਸਿਰਫ ਸ਼ਾਕਾਹਾਰੀ ਭੋਜਨ ਨਹੀਂ ਖਾ ਸਕਦੇ।

ਪੁਲਿਸ ਦੇ ਅਧਿਕਾਰੀਆਂ ਜਦੋਂ ਉਨ੍ਹਾਂ ਨੂੰ ਬੱਕਰੇ ਅਤੇ ਚਿਕਨ ਦੀ ਪੇਸ਼ਕਸ਼ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਕੁੱਤਿਆਂ ਦਾ ਮੀਟ ਖਾਣ ਦੇ ਆਦੀ ਹਨ ਜਦੋਂਕਿ ਉਹ ਚੂਹੇ ਤੇ ਸੱਪ ਆਦਿ ਵੀ ਖਾਂਦੇ ਹਨ। ਰਾਜ ਦੇ ਅਧਿਕਾਰੀ ਉਨ੍ਹਾਂ ਦੀ ਮੰਗ ਸੁਣ ਕੇ ਹੱਕੇ ਬੱਕੇ ਰਹਿ ਗਏ ਅਤੇ ਉਨ੍ਹਾਂ ਦੱਸਿਆ ਕਿ ਰਾਜ ਵਿਚ ਉਕਤ ਕਿਸਮ ਦਾ ਮੀਟ ਉਪਲਬਧ ਨਹੀਂ ਹੈ। ਇਸ 'ਤੇ ਬਾਹਰਲੀ ਫੋਰਸ ਦੇ ਅਧਿਕਾਰੀਆਂ ਕਿਹਾ ਕਿ ਉਹ ਆਵਾਰਾ ਕੁੱਤਿਆਂ ਆਦਿ ਨੂੰ ਕਾਬੂ ਕਰ ਸਕਦੇ ਹਨ, ਪਰ ਅਧਿਕਾਰੀਆਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਜੇ ਕੋਈ ਵੀ ਪਾਲਤੂ ਕੁੱਤਾ ਉਨ੍ਹਾਂ ਵੱਲੋਂ ਕਾਬੂ ਕਰਨ ਸਬੰਧੀ ਸ਼ਿਕਾਇਤ ਆਉਂਦੀ ਹੈ ਤਾਂ ਸਾਨੂੰ ਕਾਰਵਾਈ ਕਰਨੀ ਪਵੇਗੀ।

ਇਸ ਫੋਰਸ ਨੇ ਪਿੰਡਾਂ ਵਿਚ ਤੁਰੇ ਫਿਰਦੇ ਆਵਾਰਾ ਕੁੱਤੇ ਚੁੱਕਣੇ ਸ਼ੁਰੂ ਕਰ ਦਿੱਤੇ ਅਤੇ ਰੋਜ਼ਾਨਾ ਉਹ ਅਜਿਹੇ 70-80 ਅਜਿਹੇ ਕੁੱਤੇ ਚੁੱਕਦੇ ਰਹੇ ਜਿਨ੍ਹਾਂ ਨੂੰ ਕੱਟਣ ਅਤੇ ਬਨਾਉਣ ਦਾ ਕੰਮ ਵੀ ਉਨ੍ਹਾਂ ਦੇ ਆਪਣੇ ਯੂਨਿਟਾਂ ਦੇ ਲਾਂਗਰੀ ਕਰਦੇ ਰਹੇ।

ਇਨ੍ਹਾਂ ਰਾਜਾਂ ਦੀ ਪੁਲਿਸ ਦੇ ਕਰਮਚਾਰੀ ਕੁੱਤਿਆਂ ਨੂੰ ਕਾਬੂ ਕਰਨ ਵਿਚ ਕਾਫੀ ਮਾਹਿਰ ਸਨ ਅਤੇ ਬਿਨਾਂ ਕਿਸੇ ਮੁਸ਼ਕਲ ਬੜੀ ਤਕਨੀਕ ਨਾਲ ਕੋਈ ਹੱਲਾ-ਗੁੱਲਾ ਕੀਤੇ ਬਿਨਾਂ ਉਹ ਕੁੱਤਾ ਚੁੱਕ ਕੇ ਗੱਡੀ ਵਿਚ ਸੁੱਟ ਲੈਂਦੇ ਸਨ। ਵਰਨਣਯੋਗ ਹੈ ਕਿ ਮਿਜ਼ੋਰਮ ਦੀਆਂ 5 ਕੰਪਨੀਆਂ ਸੰਗਰੂਰ ਵਿਚ ਤਾਇਨਾਤ ਸਨ, ਜਦੋਂਕਿ ਨਾਗਾਲੈਂਡ ਦੀਆਂ 11 ਕੰਪਨੀਆਂ ਹੁਸ਼ਿਆਰਪੁਰ ਅਤੇ ਇਕ ਕੰਪਨੀ ਮਾਨਸਾ ਵਿਚ ਤਾਇਨਾਤ ਸੀ। ਤ੍ਰਿਪੁਰਾ ਦੀਆਂ 8 ਕੰਪਨੀਆਂ ਜਲੰਧਰ ਦਿਹਾਤੀ ਵਿਚ ਤਾਇਨਾਤ ਸਨ, ਪਰ ਉਨ੍ਹਾਂ ਸਬੰਧੀ ਕੋਈ ਵਿਸ਼ੇਸ਼ ਅਜਿਹੀ ਰਿਪੋਰਟ ਜਨਤਕ ਨਹੀਂ ਹੋਈ।

ਉਕਤ ਰਾਜਾਂ ਦੀ ਫੋਰਸ ਨੇ ਜਿਵੇਂ ਤਾਇਨਾਤੀ ਵਾਲੇ ਖੇਤਰਾਂ ਵਿਚ ਆਵਾਰਾ ਕੁੱਤਿਆਂ ਦਾ ਸਫਾਇਆ ਕੀਤਾ, ਉਸ ਕਾਰਨ ਕਈ ਥਾਵਾਂ 'ਤੇ ਸਥਾਨਕ ਲੋਕਾਂ ਰਾਹਤ ਮਹਿਸੂਸ ਕੀਤੀ ਅਤੇ ਕਈ ਥਾਵਾਂ 'ਤੇ ਆਵਾਰਾ ਕੁੱਤਿਆਂ ਸਬੰਧੀ ਸਥਾਨਕ ਲੋਕਾਂ ਵੱਲੋਂ ਉਕਤ ਫੋਰਸ ਨੂੰ ਜਾਣਕਾਰੀ ਵੀ ਦਿੱਤੀ। ਸੂਚਨਾ ਅਨੁਸਾਰ ਉਕਤ ਫੋਰਸ ਦੇ ਬੰਦਿਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਪੰਜਾਬੀ ਪਨਸਾਰੀਆਂ ਦੀਆਂ ਦੁਕਾਨਾਂ ਅਤੇ ਢਾਬਿਆਂ ਆਦਿ 'ਤੇ ਕਾਫੀ ਚੂਹੇ ਉਪਲਬਧ ਰਹਿੰਦੇ ਹਨ ਤਾਂ ਉਨ੍ਹਾਂ ਅਜਿਹੇ ਕੁਝ ਥਾਵਾਂ ਤੋਂ ਚੂਹਿਆਂ ਸਬੰਧੀ ਵੀ ਪੁੱਛਗਿੱਛ ਕੀਤੀ, ਪਰ ਬਹੁਤੇ ਚੂਹੇ ਉਪਲਬਧ ਨਹੀਂ ਹੋ ਸਕੇ।

## ਕੈਨੇਡਾ ਦੀ ਵਸੋਂ ਸਾਢੇ ਤਿੰਨ ਕਰੋੜ ਤੋਂ ਟੱਪੀ



**ਟੋਰਾਂਟੋ:** ਜਨਗਣਨਾ ਦੇ ਨਵੇਂ ਜਾਰੀ ਅੰਕੜਿਆਂ ਮੁਤਾਬਕ ਕੈਨੇਡਾ ਦੀ ਵਸੋਂ 3,51,51,728 ਤਕ ਪਹੁੰਚ ਗਈ ਹੈ, ਜੋ ਪਿਛਲੇ ਪੰਜ ਸਾਲਾਂ ਵਿਚ ਪੰਜ ਫੀਸਦੀ ਵਧੀ ਹੈ। ਇਸ ਵਾਧੇ ਵਿਚ ਦੋ ਤਿਹਾਈ ਹਿੱਸਾ ਪਰਵਾਸੀਆਂ ਦੀ ਆਮਦ ਹੈ। ਮੁਲਕ ਦੇ ਸੂਬਿਆਂ-ਅਲਬਰਟਾ, ਸਸਕੈਚਵਨ ਤੇ ਮੈਨੀਟੋਬਾ ਵਿਚ ਆਬਾਦੀ ਜ਼ਿਆਦਾ ਹੋਈ ਹੈ। ਓਨਟਾਰੀਓ ਮੁਲਕ ਦਾ ਸਭ ਤੋਂ ਵੱਧ ਵਸੋਂ ਵਾਲਾ ਸੂਬਾ ਹੈ, ਜਿਥੇ 1 ਕਰੋੜ 34 ਲੱਖ ਲੋਕ ਰਹਿੰਦੇ ਹਨ। ਸੂਬਾ ਕਿਊਬੈਕ ਵਿਚ 82 ਲੱਖ, ਬੀ.ਸੀ. ਵਿਚ 46 ਲੱਖ ਅਤੇ ਅਲਬਰਟਾ ਵਿਚ 41 ਲੱਖ ਦੀ ਆਬਾਦੀ ਹੈ। ਓਨਟਾਰੀਓ ਤੇ ਕਿਊਬੈਕ ਦੋਹਾਂ ਸੂਬਿਆਂ ਵਿਚ ਮੁਲਕ ਦੀ ਆਬਾਦੀ ਦੀ 61.5 ਫੀਸਦੀ ਵਸੋਂ ਹੈ। ਜੇ ਸ਼ਹਿਰਾਂ ਦੀ ਗੱਲ ਕਰੀਏ ਤਾਂ ਆਬਾਦੀ ਦੇ ਲਿਹਾਜ਼ ਨਾਲ ਗਰੇਟਰ ਟੋਰਾਂਟੋ 59 ਲੱਖ ਨਾਲ ਸਭ ਤੋਂ ਅੱਗੇ ਹੈ, ਮੌਂਟਰੀਆਲ 41 ਲੱਖ ਨਾਲ ਦੂਜੇ ਅਤੇ ਵੈਨਕੂਵਰ 25 ਲੱਖ ਨਾਲ ਤੀਜੇ ਸਥਾਨ ਉਤੇ ਹੈ। ਟੋਰਾਂਟੋ, ਮੌਂਟਰੀਆਲ ਤੇ ਵੈਨਕੂਵਰ ਵਿਚ ਕੁੱਲ ਮਿਲਾ ਕੇ ਮੁਲਕ ਦੀ ਆਬਾਦੀ ਦਾ ਤੀਜਾ ਹਿੱਸਾ ਲੋਕ ਵਸਦੇ ਹਨ। ਇਹ ਅੰਕੜੇ ਮਰਦਮਸ਼ੁਮਾਰੀ ਅਨੁਸਾਰ ਹਨ। ਲਿੰਗ, ਭਾਸ਼ਾ, ਆਵਾਸ ਅਤੇ ਕਿਰਤ ਨਾਲ ਸਬੰਧਤ ਅੰਕੜੇ ਹਾਲੇ ਕੁਝ ਸਮੇਂ ਬਾਅਦ ਜਾਰੀ ਕੀਤੇ ਜਾਣਗੇ। ਇਨ੍ਹਾਂ ਅੰਕੜਿਆਂ ਦੇ ਹਿਸਾਬ ਨਾਲ ਸਰਕਾਰ ਨਵੀਆਂ ਨੀਤੀਆਂ ਬਣਾਏਗੀ।

# ਪਾਕਿਸਤਾਨ ਦੀ ਜਹਾਦ ਨੀਤੀ ਤੇ ਅੱਜ ਦੇ ਹਾਲਾਤ

ਬਹੁਤ ਸਾਰੇ ਪਾਕਿਸਤਾਨੀਆਂ ਨੇ ਇਸ ਖ਼ਬਰ ਨਾਲ ਸੁੱਖ ਦਾ ਸਾਹ ਲਿਆ ਹੋਵੇਗਾ ਕਿ ਅਮਰੀਕਾ ਦੀ ਪਾਕਿਸਤਾਨੀਆਂ ਨੂੰ ਵੀਜ਼ਾ ਦੇਣ ਦੀ ਨੀਤੀ ਪਹਿਲਾਂ ਵਾਂਗ ਰਹੇਗੀ, ਇਸ ਵਿਚ ਕੋਈ ਤਬਦੀਲੀ ਨਹੀਂ ਆਵੇਗੀ। ਉਂਜ, ਜੇ ਇਸਲਾਮਾਬਾਦ ਨੇ ਆਪਣੀ ਧਰਤੀ ਤੋਂ ਸਰਗਰਮ ਹਰ ਤਰ੍ਹਾਂ ਦੀ ਰੰਗਤ ਵਾਲੇ ਜਹਾਦੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਸਬੰਧੀ ਢਿੱਲ-ਮੱਠ ਜਾਰੀ ਰੱਖੀ ਤਾਂ ਇਹ ਰਾਹਤ ਥੋੜ੍ਹਚਿਰੀ ਸਿੱਧ ਹੋ ਸਕਦੀ ਹੈ। ਇਸ ਮਾਮਲੇ ਵਿਚ ਪਾਕਿਸਤਾਨ ਨੂੰ ਇਕ ਤਰ੍ਹਾਂ ਨੋਟਿਸ ਮਿਲਿਆ ਹੋਇਆ ਹੈ। ਨਵੀਂ ਚੁਣੀ ਇਸਲਾਮ ਵਿਰੋਧੀ ਅਤੇ ਕੱਟੜਵਾਦੀ ਟਰੰਪ ਟੀਮ ਨੇ ਮੁਸਲਮਾਨਾਂ ਉਤੇ

**ਆਰਿਫ ਨਿਜ਼ਾਮੀ**

ਪਾਬੰਦੀ ਵਾਲੀ ਸੱਤ ਦੇਸ਼ਾਂ ਦੀ ਸੂਚੀ ਵਿਚੋਂ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨੂੰ ਬਾਹਰ ਰੱਖ ਕੇ ਵਿਵੇਕਪੂਰਨ ਕੰਮ ਕੀਤਾ ਹੈ। ਉਹ ਆਪਣੇ ਪਰਮਾਣੂ ਸਮਰੱਥਾ ਵਾਲੇ ਅਰਧ-ਸਹਿਯੋਗੀ ਦੀ ਰਾਜਨੀਤਕ ਅਹਿਮੀਅਤ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਅਮਰੀਕੀ ਨੀਤੀਘਾੜਿਆਂ ਦਾ ਅਜੇ ਵੀ ਮੰਨਣਾ ਹੈ ਕਿ ਅਫ਼ਗਾਨ ਤਾਲਿਬਾਨ ਨਾਲ ਗੱਲਬਾਤ ਕਰਵਾਉਣ ਵਿਚ ਭੂਮਿਕਾ ਨਿਭਾਅ ਕੇ ਪਾਕਿਸਤਾਨ ਇਸ ਖੇਤਰ ਵਿਚ ਸ਼ਾਂਤੀ ਕਾਇਮ ਕਰਨ ਵਿਚ ਅਹਿਮ ਭਾਈਵਾਲ ਸਿੱਧ ਹੋ ਸਕਦਾ ਹੈ। ਉਂਜ, ਇਸ ਪੱਖ ਤੋਂ ਇਸ ਦੇ ਬਦਲ ਦਿਨ-ਬ-ਦਿਨ ਹੋਰ ਸੀਮਤ ਹੋ ਰਹੇ ਹਨ।

ਪਾਕਿਸਤਾਨ ਆਪਣੀ 'ਹਿਰਨਾਂ ਨਾਲ ਦੌੜਨ ਅਤੇ ਬਘਿਆੜਾਂ ਨਾਲ ਸ਼ਿਕਾਰ ਕਰਨ' ਦੀ ਨੀਤੀ ਨੂੰ ਹੋਰ ਜਾਰੀ ਨਹੀਂ ਰੱਖ ਸਕਦਾ। ਪੱਛਮ ਹੁਣ ਇਸ ਨੂੰ ਫਰਜ਼ੀ ਮੰਨਣ ਲੱਗਾ ਹੈ। ਸੰਯੁਕਤ ਰਾਸ਼ਟਰ ਵੱਲੋਂ ਅਤਿਵਾਦੀ ਐਲਾਨੇ ਗਏ ਜਮਾਤ-ਉਦ-ਦਾਵਾ ਦੇ ਮੁਖੀ ਹਾਫ਼ਿਜ਼ ਸਈਦ ਨੂੰ ਸਿਰਫ਼ ਘਰ ਵਿਚ ਨਜ਼ਰਬੰਦ ਕਰ ਦੇਣ ਨੂੰ ਹੀ ਕਾਫ਼ੀ ਨਹੀਂ ਮੰਨਿਆ ਜਾਵੇਗਾ। ਜਮਾਤ-ਉਦ-ਦਾਵਾ ਦੇ ਪਹਿਲੇ ਸਰੂਪ ਲਸ਼ਕਰੇ-ਤੋਇਬਾ ਉਤੇ 2001 ਵਿਚ ਪਾਬੰਦੀ ਲਾਏ ਜਾਣ ਤੋਂ ਬਾਅਦ ਤੋਂ ਹਾਫ਼ਿਜ਼ ਸਈਦ ਨੂੰ ਕਈ ਵਾਰੀ ਹਿਰਾਸਤ ਵਿਚ ਲਿਆ ਜਾਂਦਾ ਰਿਹਾ ਹੈ, ਪਰ ਚੁਸਤ ਵਕੀਲਾਂ ਅਤੇ ਢਿੱਲੀ ਸਰਕਾਰੀ ਪੈਰਵਾਈ ਸਦਕਾ ਉਹ ਹਰ ਵਾਰ 'ਸਬੂਤਾਂ ਦੀ ਘਾਟ' ਦੇ ਆਧਾਰ 'ਤੇ ਬਚ ਕੇ ਨਿਕਲਦਾ ਰਿਹਾ ਹੈ।

ਹਾਫ਼ਿਜ਼ ਸਈਦ ਬੇਹੱਦ ਚੁਸਤ-ਚਲਾਕ ਹੈ। ਆਪਣੇ ਯਤੀਮਾ ਮੁਜਾਹਿਦ ਵਰਗੇ ਮੀਡੀਆ ਮਾਹਿਰ ਸਾਥੀ ਸਦਕਾ ਮੀਡੀਆ ਨਾਲ ਉਸ ਦੇ ਸਬੰਧ ਸ਼ਾਨਦਾਰ ਰਹੇ ਹਨ। ਜਿਸ ਦਿਨ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਸ ਦਿਨ ਵੀ ਉਹ ਲਾਹੌਰ ਵਿਚ ਮੀਡੀਆ ਨੂੰ ਸੰਬੋਧਨ ਕਰਨ ਵਿਚ ਰੁੱਝਾ ਹੋਇਆ ਸੀ। ਇਹ ਤਾਂ ਸਮਾਂ ਹੀ ਦੱਸੇਗਾ ਕਿ ਇਸ ਵਾਰ ਹਾਫ਼ਿਜ਼ ਦੁਆਲੇ ਸਰਕਾਰ ਦਾ ਸ਼ਿਕੰਜਾ ਕਿੰਨਾ ਕੁ ਸਖ਼ਤ ਹੈ।

ਸੁਭਾਵਿਕ ਤੌਰ 'ਤੇ ਪਾਕਿਸਤਾਨੀ ਸਰਕਾਰ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋਵੇਗੀ ਕਿ ਟਰੰਪ ਪ੍ਰਸ਼ਾਸਨ ਅਧੀਨ ਉਸ ਦਾ ਬਹੁਤ ਕੁਝ ਦਾਅ 'ਤੇ ਲੱਗਾ ਹੋਇਆ ਹੈ। ਅਮਰੀਕਾ ਦੇ ਉਪ ਰੱਖਿਆ ਮੰਤਰੀ ਨੇ ਹਾਲ ਹੀ ਵਿਚ ਪਾਕਿਸਤਾਨ ਦੇ ਵਾਸ਼ਿੰਗਟਨ ਵਿਚਲੇ ਰਾਜਦੂਤ ਜਲੀਲ ਅੱਬਾਸ ਜਿਲਾਨੀ ਨੂੰ ਬੁਲਾ ਕੇ ਜਮਾਤ-ਉਦ-ਦਾਵਾ ਦੇ ਹਵਾਲਾ ਕਾਰੋਬਾਰ ਬਾਰੇ ਰਿਪੋਰਟ ਤੋਂ ਵੀ ਜਾਣੂ ਕਰਵਾਇਆ ਸੀ। ਸੋ, ਪਾਕਿਸਤਾਨੀ ਸਰਕਾਰ ਕੋਲ ਇਸ ਜਹਾਦੀ ਸੰਗਠਨ ਖ਼ਿਲਾਫ਼ ਕਾਰਵਾਈ ਕਰਨ ਤੋਂ ਇਲਾਵਾ ਸ਼ਾਇਦ ਹੋਰ ਕੋਈ ਰਾਹ ਨਹੀਂ ਸੀ ਬਚਿਆ। ਜ਼ਾਹਿਰ ਹੈ ਕਿ ਗੱਲ ਇਥੇ ਹੀ ਰੁਕਣ ਵਾਲੀ ਨਹੀਂ ਹੈ। ਆਉਂਦੇ ਦਿਨਾਂ ਵਿਚ ਉਨ੍ਹਾਂ ਹੋਰ ਜਹਾਦੀ ਸੰਗਠਨਾਂ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ ਜਿਨ੍ਹਾਂ ਦੇ ਮੁਖੀ ਇਤਨੇ ਵਰ੍ਹਿਆਂ ਤੋਂ ਕਾਨੂੰਨੀ ਸ਼ਿਕੰਜੇ ਤੋਂ ਬਚੇ ਹੋਏ ਸਨ। ਸ਼ਾਇਦ ਪਹਿਲਾ ਨਾਂ ਜੈਸ਼-ਏ-ਮੁਹੰਮਦ ਦਾ ਹੋਵੇਗਾ। ਪਿਛਲੇ ਵਰ੍ਹੇ ਇਸ ਜਥੇਬੰਦੀ ਉਤੇ ਪਠਾਨਕੋਟ ਵਿਚਲੇ ਭਾਰਤੀ ਹਵਾਈ ਫ਼ੌਜ ਦੇ ਅੱਡੇ 'ਤੇ ਹਮਲੇ ਦੀ ਸਾਜ਼ਿਸ਼ਕਰਤਾ ਹੋਣ ਦਾ ਦੋਸ਼ ਵੀ ਲੱਗਾ ਸੀ।

ਚੀਨ ਵੱਲੋਂ ਵਰਤੀ ਗਈ ਵੀਟੋ ਪਾਵਰ ਸਦਕਾ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੂੰ ਅਤਿਵਾਦੀ ਐਲਾਨਣ ਵਿਚ ਅਸਫ਼ਲ ਰਹੀ ਸੀ। ਮਸੂਦ ਅਜ਼ਹਰ ਬਹੁਤਾ ਕਰ ਕੇ ਆਜ਼ਾਦ ਕਸ਼ਮੀਰ ਵਿਚ ਹੀ ਆਧਾਰਤ ਹੈ ਅਤੇ ਜਦੋਂ ਮਰਜ਼ੀ, ਜਿਥੇ ਮਰਜ਼ੀ ਆਪਣਾ ਨਫ਼ਰਤੀ ਸੰਦੇਸ਼ ਫੈਲਾਉਂਦਾ ਰਹਿੰਦਾ ਹੈ, ਪਰ ਹੁਣ ਪਾਕਿਸਤਾਨ ਸਰਕਾਰ ਦੀ ਇਹ ਦਲੀਲ ਬਹੁਤਾ ਚਿਰ ਨਹੀਂ ਮੰਨੀ ਜਾਵੇਗੀ ਕਿ ਆਜ਼ਾਦ ਕਸ਼ਮੀਰ ਪਾਕਿਸਤਾਨ ਦਾ ਹਿੱਸਾ ਨਾ ਹੋਣ ਕਰ ਕੇ ਮਸੂਦ ਕਾਰਵਾਈ ਤੋਂ ਬਚਿਆ ਹੋਇਆ ਹੈ।

ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਭਾਵੇਂ ਡੋਨਾਲਡ ਟਰੰਪ ਨੇ ਨਵਾਜ਼ ਸ਼ਰੀਫ ਨਾਲ ਗਰਮਜੋਸ਼ੀ ਭਰੀ ਟੈਲੀਫੋਨ 'ਤੇ ਗੱਲਬਾਤ ਕੀਤੀ ਸੀ, ਪਰ ਉਨ੍ਹਾਂ ਦੇ ਪਿਛਲੇ ਟਵੀਟ ਦੱਸਦੇ ਹਨ ਕਿ ਉਨ੍ਹਾਂ ਵੱਲੋਂ ਪਾਕਿਸਤਾਨ ਪ੍ਰਤੀ ਨਰਮ ਰਹਿਣ ਦੀ ਸੰਭਾਵਨਾ ਨਹੀਂ ਹੈ। ਜਿਵੇਂ 2011 ਦੇ ਸ਼ੁਰੂ ਵਿਚ ਉਨ੍ਹਾਂ ਨੇ ਟਵੀਟ ਕੀਤਾ ਸੀ- 'ਇਕ ਗੱਲ ਸਮਝ ਲਓ, ਪਾਕਿਸਤਾਨ ਸਾਡਾ ਮਿੱਤਰ ਨਹੀਂ ਹੈ।'



ਹੁਣ ਇਸ ਤੱਥ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਆਉਣ ਵਾਲੇ ਦਿਨਾਂ ਵਿਚ ਵਾਸ਼ਿੰਗਟਨ ਵੱਲੋਂ ਪਾਕਿਸਤਾਨ 'ਤੇ ਉਚ ਕੂਟਨੀਤਕ ਦਬਾਅ ਪਵੇਗਾ। ਮੁਸਲਮਾਨਾਂ 'ਤੇ ਵੀਜ਼ਾ ਪਾਬੰਦੀ ਲਾਉਣ ਵਾਲੀ ਸੂਚੀ ਵਿਚ ਪਾਕਿਸਤਾਨ ਨੂੰ ਵੀ ਸ਼ਾਮਿਲ ਕਰ ਲੈਣ ਦੀ ਤਲਵਾਰ ਹੁਣ ਪਾਕਿਸਤਾਨੀ ਨੀਤੀਘਾੜਿਆਂ ਦੇ ਸਿਰ 'ਤੇ ਲਟਕਦੀ ਰਹੇਗੀ।

ਉਂਜ ਵੀ ਪਾਕਿਸਤਾਨ ਨੂੰ ਘੜੇ ਹੋਏ ਕੌਮੀ ਹਿੱਤਾਂ ਦੀ ਥਾਂ 'ਤੇ ਦੇਸ਼ ਦੇ ਹਕੀਕੀ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਉਹ ਕਦਮ ਚੁੱਕਣ ਦੀ ਲੋੜ ਹੈ ਜਿਨ੍ਹਾਂ ਬਾਰੇ ਢਿੱਲ-ਮੱਠ ਕਾਫ਼ੀ ਸਮਾਂ ਪਹਿਲਾਂ ਹੀ ਛੱਡ ਦਿੱਤੀ ਜਾਣੀ ਚਾਹੀਦੀ ਸੀ, ਪਰ ਖ਼ੁਦ ਦੀ ਤਾਕਤ ਬਾਰੇ ਭੁਲੇਖੇ ਵਾਲੀ ਪਹੁੰਚ ਕਰ ਕੇ ਅਸੀਂ ਬਦਲਦੀਆਂ ਜ਼ਮੀਨੀ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਹਾਂ। ਚੰਗੇ ਭਾਗੀਂ ਹੁਣ ਪਾਕਿਸਤਾਨ ਦੀ ਫ਼ੌਜੀ ਅਤੇ ਨਾਗਰਿਕ ਲੀਡਰਸ਼ਿਪ ਸੁਰੱਖਿਆ ਸਰੋਕਾਰਾਂ ਬਾਰੇ ਇਕਮਤ ਹੈ। ਉਹ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਨਵੀਂ ਦਿੱਲੀ ਅਤੇ ਕਾਬੁਲ ਵਿਚਕਾਰ ਵਧ ਰਹੀ ਸਾਂਝ ਨੂੰ ਟਰੰਪ ਪ੍ਰਸ਼ਾਸਨ ਦਾ ਅਸਿੱਧਾ ਥਾਪੜਾ ਹਾਸਲ ਹੈ।

ਉਂਜ ਅਜਿਹਾ ਵੀ ਨਹੀਂ ਹੈ ਕਿ ਓਬਾਮਾ ਹਕੂਮਤ ਵੇਲੇ ਪਾਕਿਸਤਾਨ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਸੀ। ਆਪਣੀ ਜ਼ਮੀਨ ਤੋਂ ਸਰਗਰਮ ਸਾਰੇ ਜਹਾਦੀ ਗਰੁੱਪਾਂ ਖ਼ਿਲਾਫ਼ ਬਿਨਾਂ ਕਿਸੇ ਪੱਖਪਾਤ ਤੋਂ ਸਖ਼ਤ ਕਾਰਵਾਈ ਕਰਨ ਦਾ ਪਾਕਿਸਤਾਨ 'ਤੇ ਲਗਾਤਾਰ ਦਬਾਅ ਪੈਂਦਾ ਰਿਹਾ ਹੈ, ਪਰ ਜਹਾਦੀਆਂ ਨੂੰ ਪਾਲਣ-ਪੋਸਣ ਦੀ ਨਹੀਂ, ਤਾਂ ਸਹਿਣ ਕਰਨ ਦੀ ਨੀਤੀ ਤਾਂ ਹੁਣ ਤੱਕ ਪਾਕਿਸਤਾਨ ਵੱਲੋਂ ਅਪਨਾਈ ਹੀ ਰੱਖੀ ਗਈ ਹੈ। ਹੁਣ ਇਹ ਨੀਤੀ ਹੋਰ ਨਹੀਂ ਚੱਲ ਸਕਦੀ। ਨਵੀਂ ਦਿੱਲੀ ਇਸ ਦੀ ਵਰਤੋਂ ਪਾਕਿਸਤਾਨ ਨੂੰ ਅਲੱਗ-ਥਲੱਗ ਪਾਉਣ ਲਈ ਕਰਦੀ ਰਹੀ ਹੈ। ਇਸ ਕਰ ਕੇ ਠੋਸ ਕਦਮ ਚੁੱਕਣੇ ਅਤੇ ਸਰਗਰਮ ਰਣਨੀਤੀ ਅਪਣਾਉਣੀ ਹੁਣ ਪਾਕਿਸਤਾਨ ਲਈ ਬੇਹੱਦ ਜ਼ਰੂਰੀ ਲੋੜ ਬਣ ਚੁੱਕੀ ਹੈ, ਪਰ ਸ਼ਰੀਫ ਇਨ੍ਹਾਂ ਦੋਵਾਂ ਗੱਲਾਂ 'ਤੇ ਹੀ ਪੂਰੇ ਨਹੀਂ ਉਤਰ ਰਹੇ।

ਪਾਕਿਸਤਾਨ ਦੀ ਫੌਜ ਨੇ ਕਿਸੇ ਵੀ ਬਾਹਰੀ ਖ਼ਤਰੇ ਨਾਲ ਨਜਿੱਠ ਸਕਣ ਦੀ ਆਪਣੀ ਸਮਰੱਥਾ ਨੂੰ ਹੁਣ ਤੱਕ ਬਾਖ਼ੂਬੀ ਸਾਬਤ ਕੀਤਾ ਹੈ। ਆਪਣੀਆਂ ਹੱਦਾਂ ਅੰਦਰ ਅਤਿਵਾਦ ਨਾਲ ਨਜਿੱਠਣ ਵਿਚ ਵੀ ਇਹ ਵੱਡੀ ਹੱਦ ਤੱਕ ਸਫ਼ਲ ਰਹੀ ਹੈ, ਪਰ ਮੰਨਣਾ ਹੀ ਪਵੇਗਾ ਕਿ ਅਜੇ ਵੀ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਪਾਕਿਸਤਾਨ ਪਰਮਾਣੂ ਸਮਰੱਥਾ ਵਾਲਾ ਦੇਸ਼ ਹੈ ਅਤੇ ਇਸ ਦੀ ਫੌਜ ਕਿਸੇ ਵੀ ਤਰ੍ਹਾਂ ਦੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਨਾਲ ਨਜਿੱਠ ਸਕਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਇਸ ਕਰ ਕੇ ਆਪਣੀਆਂ ਰਣਨੀਤਕ ਸਮਰਥਾਵਾਂ ਨੂੰ ਵਧਾਉਣ ਲਈ ਸਾਨੂੰ ਕਿਸੇ ਵੀ ਤਰ੍ਹਾਂ ਜਹਾਦੀਆਂ ਦੀ ਕੋਈ ਲੋੜ ਨਹੀਂ ਹੈ।

ਸਾਡੀ ਫੌਜੀ ਲੀਡਰਸ਼ਿਪ ਲਗਾਤਾਰ ਦਾਅਵਾ ਕਰਦੀ ਆ ਰਹੀ ਹੈ ਕਿ ਇਹ ਚੰਗੇ ਜਾਂ ਮਾੜੇ ਅਤਿਵਾਦੀਆਂ ਦਾ ਕੋਈ ਫ਼ਰਕ ਨਹੀਂ ਕਰਦੀ। ਇਨ੍ਹਾਂ ਦਾਅਵਿਆਂ ਦੇ ਬਾਵਜੂਦ ਨਵੀਂ ਦਿੱਲੀ ਅਤੇ ਕਾਬੁਲ ਲਗਾਤਾਰ ਇਸਲਾਮਾਬਾਦ 'ਤੇ ਇਹ ਦੋਸ਼ ਲਾਉਂਦੇ ਆ ਰਹੇ ਹਨ ਕਿ ਇਹ ਅਤਿਵਾਦੀਆਂ ਨੂੰ ਉਨ੍ਹਾਂ ਖ਼ਿਲਾਫ਼ ਆਪਣੀ ਜ਼ਮੀਨ ਦੀ ਵਰਤੋਂ ਕਰਨ ਦੀ ਖੁੱਲ੍ਹ ਦੇ ਰਿਹਾ ਹੈ।

ਪਿਛਲੇ ਤਿੰਨ ਵਰ੍ਹਿਆਂ ਤੋਂ ਪਾਕਿਸਤਾਨ ਅੰਦਰਲੇ ਅਤਿਵਾਦੀਆਂ ਖ਼ਿਲਾਫ਼ ਸਫ਼ਲਤਾ ਨਾਲ ਚਲਾਏ ਗਏ ਜਰਬ-ਏ-ਅਜ਼ਬ ਓਪਰੇਸ਼ਨ ਨੇ ਇਹ ਮਿੱਥ ਪੂਰੀ ਤੋੜ ਦਿੱਤੀ ਹੈ ਕਿ ਜੇ ਅਤਿਵਾਦੀਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਗਈ ਤਾਂ ਉਹ ਆਪਣੀਆਂ ਬੰਦੂਕਾਂ ਪਾਕਿਸਤਾਨ ਵੱਲ ਸੇਧਤ ਕਰ ਲੈਣਗੇ। ਇਸ ਕਰ ਕੇ ਹੁਣ ਸਮਾਂ ਆ ਗਿਆ ਹੈ ਕਿ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਵਿਚ ਪਾਕਿਸਤਾਨ ਦੇ ਅਮਲ ਇਸ ਦੇ ਸ਼ਬਦਾਂ ਤੋਂ ਵੀ ਉਚੀ ਬੋਲਣ।

# ਆਰਥਿਕਤਾ ਔਕੜਾਂ ਨਜਿੱਠਣ ਤੋਂ ਖੁੰਝੀ ਮੋਦੀ ਸਰਕਾਰ

ਮੋਦੀ ਸਰਕਾਰ ਦੇ ਚੌਥੇ ਬਜਟ ਬਾਰੇ ਜਿੰਨੇ ਵੀ ਵਿਸ਼ਲੇਸ਼ਣ ਹੋਏ ਹਨ, ਉਨ੍ਹਾਂ ਨਾਲ ਕੁੱਲ ਆਮ ਸਹਿਮਤੀ ਇਹ ਬਣਦੀ ਹੈ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਰਥਿਕਤਾ ਦੀਆਂ ਮੌਜੂਦਾ ਸਮੱਸਿਆਵਾਂ ਨਾਲ ਨਜਿੱਠਣ ਦਾ ਆਖ਼ਰੀ ਮੌਕਾ ਗੁਆ ਦਿੱਤਾ ਹੈ। ਅਗਲੇ ਸਾਲ ਜਦੋਂ ਉਹ ਆਪਣਾ ਬਜਟ ਪੇਸ਼ ਕਰ ਰਹੇ ਹੋਣਗੇ ਤਾਂ ਉਨ੍ਹਾਂ ਦੇ ਸਿਰ ਉਤੇ 2019 ਦੀਆਂ ਚੋਣਾਂ ਦਾ ਸਾਇਆ ਹੋਵੇਗਾ

**ਅਭੈ ਕੁਮਾਰ ਦੂਬੇ**

ਅਤੇ ਉਹ ਅਜਿਹਾ ਕੋਈ ਵੀ ਕਦਮ ਨਹੀਂ ਚੁੱਕ ਸਕਣਗੇ ਜੋ ਆਰਥਿਕਤਾ ਵਿਚ ਦੂਰਗਾਮੀ ਸੁਧਾਰ ਕਰ ਸਕੇ। ਇਸ ਵਾਰ ਸਾਰਿਆਂ ਨੂੰ ਲੱਗ ਰਿਹਾ ਸੀ ਕਿ ਸਰਕਾਰ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰੇਗੀ, ਬਾਜ਼ਾਰ ਵਿਚ ਮੰਗ ਨੂੰ ਹੁਲਾਰਾ ਦੇਵੇਗੀ, ਰੁਜ਼ਗਾਰ ਦੇ ਮੌਕੇ ਬਣਾਏਗੀ ਅਤੇ ਨੋਟਬੰਦੀ-ਨੋਟਬਦਲੀ ਦੀਆਂ ਮੁਸ਼ਕਿਲਾਂ ਨਾਲ ਜੂਝਦੇ ਗਰੀਬ ਅਤੇ ਮੱਧ ਵਰਗ ਨੂੰ ਵੱਡੀ ਰਾਹਤ ਦਾ ਐਲਾਨ ਕਰੇਗੀ। ਇਹ ਚਾਰੇ ਕੰਮ ਆਪਸ ਵਿਚ ਜੁੜੇ ਹੋਏ ਹਨ। ਇਕ ਨੂੰ ਕਰਨ ਨਾਲ ਦੂਜੇ ਦੀਆਂ ਸੰਭਾਵਨਾਵਾਂ ਖੁੱਲ੍ਹਦੀਆਂ ਹਨ। ਵਿੱਤ ਮੰਤਰੀ ਨੇ ਇਹ ਚਾਰੇ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਇਹ ਸਭ ਅੱਧੀ-ਅਧੂਰੀ ਸ਼ੈਲੀ ਵਿਚ ਕਰਦੇ ਨਜ਼ਰ ਆਏ।

ਭਾਵੇਂ ਕਾਰਪੋਰੇਟ ਟੈਕਸ ਵਿਚ ਰਾਹਤ ਹੋਵੇ ਜਾਂ ਨਿੱਜੀ ਕਰ ਵਿਚ ਜਾਂ ਫਿਰ ਛੋਟੀਆਂ-ਮੋਟੀਆਂ ਕੰਪਨੀਆਂ ਨੂੰ ਲਾਭ ਪਹੁੰਚਾਇਆ ਗਿਆ ਹੋਵੇ ਜਾਂ ਫਿਰ ਭਵਨ ਨਿਰਮਾਣ ਦੇ ਖੇਤਰ ਵਿਚ ਹਾਲਤ ਸੁਧਾਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇ, ਕਿਸੇ ਵੀ ਖੇਤਰ ਨੂੰ ਸੰਤੁਸ਼ਟ ਕਰਨ ਦਾ ਅਹਿਸਾਸ ਨਹੀਂ ਹੋ ਸਕਿਆ। ਇਹੀ ਕਾਰਨ ਹੈ ਕਿ ਬਜਟ 'ਚੋਂ ਨਾ ਤਾਂ ਆਰਥਿਕ ਚਮਕ ਨਿਕਲੀ ਅਤੇ ਨਾ ਹੀ ਰਾਜਨੀਤਕ। ਅੱਧੇ ਮਨ ਨਾਲ ਚੁੱਕੇ ਗਏ ਕਦਮਾਂ ਦਾ ਹੀ ਸਿੱਟਾ ਹੈ ਕਿ ਪਾਰਟੀਆਂ ਨੂੰ ਮਿਲਣ ਵਾਲੇ ਗੁਪਤ ਦਾਨ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਬਜਾਏ ਉਸ ਦੀ ਹੱਦ 20 ਹਜ਼ਾਰ ਤੋਂ ਘਟਾ ਕੇ ਦੋ ਹਜ਼ਾਰ ਕਰ ਦਿੱਤੀ ਗਈ ਅਤੇ ਅੱਗੇ ਵਿਚ ਕਾਲੇ ਧਨ ਦੀ ਰਾਜਨੀਤਕ ਭੂਮਿਕਾ ਲਈ ਗੁੰਜਾਇਸ਼ ਛੱਡ ਦਿੱਤੀ। ਫ਼ਰਕ ਸਿਰਫ਼ ਇਤਨਾ ਪਿਆ ਕਿ ਪਹਿਲਾਂ ਦੋ ਕਰੋੜ ਦਾ ਕਾਲਾ ਧਨ ਜਮ੍ਹਾਂ ਕਰਨ ਲਈ 2 ਹਜ਼ਾਰ ਪਰਚੀਆਂ ਕੱਟਣੀਆਂ ਪੈਂਦੀਆਂ ਸਨ, ਹੁਣ 20 ਹਜ਼ਾਰ ਪਰਚੀਆਂ ਕੱਟਣੀਆਂ ਪੈਣਗੀਆਂ।

ਇਸ ਵਾਰ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕੀਤਾ ਗਿਆ। ਵਿਰੋਧੀ ਧਿਰ ਨੂੰ ਡਰ ਸੀ ਕਿ ਸਰਕਾਰ ਲੋਕ-ਲੁਭਾਊ ਐਲਾਨ ਕਰ ਕੇ 5 ਰਾਜਾਂ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਵਿਰੋਧੀ ਧਿਰ ਦੀ ਇਹ ਚਿੰਤਾ ਕੋਈ ਖ਼ਾਸ ਗੰਭੀਰ ਨਹੀਂ ਸੀ, ਕਿਉਂਕਿ ਅਤੀਤ ਵਿਚ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਦੇ ਐਲਾਨ ਨਾਲ ਵੋਟਰ ਪ੍ਰਭਾਵਿਤ ਨਹੀਂ ਹੁੰਦੇ। ਇਸ ਲਈ ਜੇ ਅਰੁਣ ਜੇਤਲੀ ਅਜਿਹਾ ਕਰ ਦਿੰਦੇ ਤਾਂ ਵੀ ਬਜਟ ਦੀਆਂ ਵਿਵਸਥਾਵਾਂ ਤੋਂ ਚੋਣ ਨਤੀਜਿਆਂ 'ਤੇ ਕੋਈ ਫ਼ਰਕ ਨਹੀਂ ਪੈਣ ਵਾਲਾ ਸੀ। ਦਰਅਸਲ, ਵੋਟਰ ਸਮਝ ਜਾਂਦੇ ਹਨ ਕਿ ਬਜਟ ਰਾਹੀਂ ਉਨ੍ਹਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਹ ਇਸ ਲਾਲਚ ਦੇ ਬਦਲੇ ਵੋਟ ਵੇਚਣ ਲਈ ਤਿਆਰ ਨਹੀਂ ਹੁੰਦੇ, ਪਰ ਬਜਟ ਇਕਦਮ ਠੰਢਾ ਨਿਕਲਿਆ। ਬਜਟ ਤੋਂ ਤੁਰੰਤ ਬਾਅਦ ਇਕ ਮਾਹਿਰ ਦਾ ਵਿਚਾਰ ਸੀ ਕਿ ਸ਼ੇਅਰ ਬਾਜ਼ਾਰ ਵਿਚ ਆਏ ਉਛਾਲ 'ਤੇ ਬਜਟ ਵਿਵਸਥਾਵਾਂ ਕਾਰਨ ਪੈਦਾ ਹੋਈ ਖ਼ੁਸ਼ੀ, ਖ਼ੁਸ਼ੀ ਨਾ ਹੋ ਕੇ ਉਸ ਠੰਢੇ ਸਾਹ ਦਾ ਪ੍ਰਭਾਵ ਜ਼ਿਆਦਾ ਹੈ ਜੋ ਕਾਰਪੋਰੇਟ ਪੂੰਜੀ ਨੇ ਵੱਡੀ ਪੱਧਰ 'ਤੇ ਲੋਕ-ਲੁਭਾਊ ਕਦਮ ਨਾ ਚੁੱਕਣ ਕਾਰਨ ਲਿਆ ਹੈ। ਜ਼ਿਆਦਾਤਰ ਲੋਕਾਂ ਨੂੰ ਉਮੀਦ ਇਹੀ ਸੀ ਕਿ ਆਪਣੀ ਸਰਕਾਰ ਦੇ ਹੁਣ ਵਾਲੇ ਬਜਟ ਵਿਚ ਅਰੁਣ ਜੇਤਲੀ 2019 ਦੀਆਂ ਲੋਕ ਸਭਾ ਚੋਣਾਂ ਲਈ ਆਰਥਿਕ ਏਜੰਡਾ ਸੈੱਟ ਕਰਨਗੇ ਅਤੇ ਇਸ ਲਈ ਖ਼ਜ਼ਾਨੇ ਦੇ ਦਰਵਾਜ਼ੇ ਥੋੜ੍ਹੇ ਖੋਲ੍ਹੇ ਜਾਣਗੇ, ਪਰ ਨਾ ਤਾਂ ਬਜਟ ਵਿਚ ਕੋਈ ਸਬਸਿਡੀਆਂ ਨਜ਼ਰ ਆਈਆਂ, ਨਾ ਹੀ ਕਰਜ਼ ਮੁਆਫ਼ੀ ਦਾ ਉਪਾਅ ਅਪਣਾਇਆ ਗਿਆ ਅਤੇ ਨਾ ਹੀ ਯੂਨੀਵਰਸਲ ਬੇਸਿਕ ਇਨਕਮ ਵਰਗੇ ਬਹੁਚਰਚਿਤ ਅਤੇ ਬਹੁ-ਵਿਵਾਦਤ ਫਾਰਮੂਲੇ ਨੂੰ ਅਪਣਾਉਣ ਲਈ ਕਿਸੇ ਪਾਇਲਟ ਪ੍ਰੋਜੈਕਟ ਦਾ ਹੀ ਐਲਾਨ ਕੀਤਾ ਗਿਆ। ਇਥੋਂ ਤੱਕ ਕਿ ਟੈਕਸ ਰਾਹਤਾਂ ਵੀ ਸੰਕੋਚ ਨਾਲ ਹੀ ਦਿੱਤੀਆਂ ਗਈਆਂ।

ਇਕ ਹੋਰ ਮਾਹਿਰ ਦੀਆਂ ਗੱਲਾਂ 'ਤੇ ਗ਼ੌਰ ਕੀਤਾ ਜਾਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਬਜਟ ਵਿਚ ਲੋਕ-ਲੁਭਾਊ ਵਿਵਸਥਾ ਕਿਉਂ ਨਹੀਂ ਨਜ਼ਰ ਆਈ ਅਤੇ ਉਨ੍ਹਾਂ ਦੀ ਗ਼ੈਰ-ਮੌਜੂਦਗੀ ਪਿੱਛੇ ਕਿਹੜੀ ਰਾਜਨੀਤੀ ਕੰਮ ਕਰ ਰਹੀ ਹੈ। ਦਰਅਸਲ, ਵਿੱਤ ਮੰਤਰੀ ਨੇ ਲੋਕ ਲੁਭਾਊ ਕਦਮ ਚੁੱਕਣ ਦਾ ਉਪਾਅ ਇਕ ਸਾਲ ਲਈ ਅੱਗੇ ਪਾ ਦਿੱਤਾ ਹੈ ਤਾਂ ਕਿ ਅਗਲੇ ਸਾਲ ਆਪਣੇ ਪੰਜਵੇਂ ਬਜਟ ਵਿਚ ਉਹ ਖੁੱਲ੍ਹੇ ਰੂਪ ਵਿਚ ਰਿਆਇਤਾਂ ਦੇ ਸਕਣ। ਇਹ ਸਾਲ ਤਾਂ ਉਨ੍ਹਾਂ ਲਈ ਲੋਕ-ਲੁਭਾਊ ਰਾਜਨੀਤੀ ਕਰਨ ਲਈ ਸਾਧਨ ਜੁਟਾਉਣ ਵਾਲਾ ਹੈ। ਜਿਵੇਂ, ਜੇ ਉਹ ਚਾਹੁੰਦੇ ਤਾਂ ਨੋਟਬੰਦੀ ਤੋਂ ਬਾਅਦ ਐਲਾਨੀ ਗਈ ਆਮਦਨ ਐਲਾਨ ਕਰਨ ਦੀ ਯੋਜਨਾ ਤੋਂ ਹੋਣ ਵਾਲੀ ਆਮਦਨੀ ਅਤੇ ਨੋਟਬਦਲੀ ਦੀ ਪ੍ਰਕਿਰਿਆ ਵਿਚ ਨਸ਼ਟ ਹੋਏ ਕਾਲੇ ਧਨ ਦੀ ਰਕਮ ਤੋਂ ਹੋਣ ਵਾਲੀ ਮਿਲੀਜੁਲੀ ਅੰਦਾਜ਼ਨ ਆਮਦਨੀ ਦੀ ਵਿਵਸਥਾ ਕਰ ਕੇ ਉਸ ਬਦਲੇ ਕਈ ਤਰ੍ਹਾਂ ਦੀਆਂ ਰਿਆਇਤਾਂ ਦੇ ਐਲਾਨ ਕਰ ਸਕਦੇ ਸਨ। ਜੇ ਕੰਜੂਸੀ ਨਾਲ ਵੀ ਅਨੁਮਾਨ ਲਗਾਇਆ ਜਾਏ ਤਾਂ ਇਨ੍ਹਾਂ ਦੋਵਾਂ ਤੋਂ ਸਰਕਾਰ ਨੂੰ 2017-18 ਵਿਚ ਕੋਈ ਡੇਢ ਲੱਖ ਕਰੋੜ ਦੀ ਆਮਦਨੀ ਹੋ ਸਕਦੀ ਹੈ, ਪਰ ਜੇਤਲੀ ਨੇ ਆਪਣੇ ਆਮਦਨੀ ਖਾਤੇ ਵਿਚ ਇਸ ਵਿਸ਼ਾਲ ਰਕਮ ਨੂੰ ਲਿਆ ਹੀ ਨਹੀਂ।

*ਚੋਣਾਂ ਦਾ ਆਰਥਿਕ ਏਜੰਡਾ ਅਗਲੇ ਸਾਲ ਲਿਜਾਣ ਦੇ ਚੱਕਰ ਵਿਚ ਹੋਇਆ ਇਹ ਹੈ ਕਿ ਬਜਟ ਨਾ ਤਾਂ ਨਿਵੇਸ਼ ਨੂੰ ਵਧਾਉਣ ਵਾਲਾ ਦਿਖਾਈ ਦਿੰਦਾ ਹੈ ਅਤੇ ਨਾ ਹੀ ਮੰਗ ਨੂੰ ਵਧਾਉਣ ਦਾ ਕੋਈ ਉਪਾਅ ਕਰਦਾ ਦਿਖਾਈ ਦਿੰਦੀ ਹੈ। ਇਨ੍ਹਾਂ ਦੋਵਾਂ ਨਾਲ ਰੁਜ਼ਗਾਰ ਵਿਚ ਵਾਧੇ ਦਾ ਪਹਿਲੂ ਜੁੜਿਆ ਹੋਇਆ ਹੈ। ਭਾਵੇਂ ਰਿਆਇਤਾਂ ਨਾ ਦਿੱਤੀਆਂ ਜਾਂਦੀਆਂ, ਪਰ ਨਿਵੇਸ਼ ਵਧਾਉਣ ਵਾਲੇ ਉਪਾਅ ਜ਼ਰੂਰ ਕੀਤੇ ਜਾਣੇ ਚਾਹੀਦੇ ਸਨ। ਹੁਣ ਸਵਾਲ ਹੈ ਕਿ ਅਗਲੇ ਸਾਲ ਤੱਕ ਬਹੁਤ ਦੇਰ ਨਹੀਂ ਹੋ ਜਾਏਗੀ?*

ਜ਼ਾਹਰ ਹੈ ਕਿ 2018-19 ਦੇ ਬਜਟ ਵਿਚ ਇਹੀ ਆਮਦਨੀ ਜੇਤਲੀ ਦੇ ਕੰਮ ਆਏਗੀ ਅਤੇ ਉਹ ਵੋਟਰਾਂ ਉਤੇ 'ਫੀਲ ਗੁੱਡ' ਬਜਟ ਰਾਹੀਂ ਤੋਹਫ਼ਿਆਂ ਦੀ ਬਰਸਾਤ ਕਰ ਸਕਣਗੇ। ਜੇਤਲੀ 'ਤੇ ਕਾਫ਼ੀ ਸਮੇਂ ਤੋਂ ਦਬਾਅ ਪੈ ਰਿਹਾ ਸੀ ਕਿ ਉਹ ਵਿੱਤੀ ਘਾਟੇ ਨੂੰ ਕਾਬੂ ਵਿਚ ਰੱਖਣ ਦੇ ਚੱਕਰ ਵਿਚ ਵਾਧੇ ਦੀ ਦਰ ਨੂੰ ਉਛਾਲਾ ਦੇਣ ਵਾਲੇ ਖ਼ਰਚਿਆਂ ਤੋਂ ਹੱਥ ਖਿੱਚਣ ਦੀਆਂ ਨੀਤੀਆਂ ਨਾ ਅਪਣਾਉਣ, ਵਰਨਾ ਉਨ੍ਹਾਂ ਦੀ ਸਰਕਾਰ ਦਾ ਅਕਸ ਲੋਕਾਂ ਵਿਚ ਖ਼ਰਾਬ ਹੁੰਦਾ ਜਾਏਗਾ। ਇਹ ਸੁਝਾਅ ਸਰਕਾਰ ਲਈ ਕੰਮ ਕਰਨ ਵਾਲੇ ਕਈ ਬੁੱਧੀਜੀਵੀਆਂ ਅਤੇ ਥਿੰਕ ਟੈਂਕਾਂ ਨੇ ਦਿੱਤਾ ਸੀ। ਲਗਦਾ ਹੈ ਕਿ ਇਸ ਸੁਝਾਅ 'ਤੇ ਅਗਲੇ ਸਾਲ ਹੀ ਅਮਲ ਕੀਤਾ ਜਾਏਗਾ, ਕਿਉਂਕਿ ਇਸ ਵਾਰ ਸਰਕਾਰ ਨੇ ਆਪਣੇ ਖ਼ਰਚ ਵਿਚ ਸਿਰਫ਼ ਸਾਢੇ 6 ਫ਼ੀਸਦੀ ਦਾ ਹੀ ਵਾਧਾ ਕੀਤਾ ਹੈ, ਜਦੋਂ ਕਿ ਪਿਛਲੇ ਸਾਲ ਇਹੀ ਵਾਧਾ ਸਾਢੇ 12 ਫ਼ੀਸਦੀ ਦੇ ਲਗਪਗ ਸੀ।

ਇਹ ਦੂਜੀ ਗੱਲ ਹੈ ਕਿ ਚੋਣਾਂ ਦਾ ਆਰਥਿਕ ਏਜੰਡਾ ਅਗਲੇ ਸਾਲ ਲਿਜਾਣ ਦੇ ਚੱਕਰ ਵਿਚ ਹੋਇਆ ਇਹ ਹੈ ਕਿ ਬਜਟ ਨਾ ਤਾਂ ਨਿਵੇਸ਼ ਨੂੰ ਵਧਾਉਣ ਵਾਲਾ ਦਿਖਾਈ ਦਿੰਦਾ ਹੈ ਅਤੇ ਨਾ ਹੀ ਮੰਗ ਨੂੰ ਵਧਾਉਣ ਦਾ ਕੋਈ ਉਪਾਅ ਕਰਦਾ ਦਿਖਾਈ ਦਿੰਦੀ ਹੈ। ਇਨ੍ਹਾਂ ਦੋਵਾਂ ਨਾਲ ਰੁਜ਼ਗਾਰ ਵਿਚ ਵਾਧੇ ਦਾ ਪਹਿਲੂ ਜੁੜਿਆ ਹੋਇਆ ਹੈ। ਭਾਵੇਂ ਰਿਆਇਤਾਂ ਨਾ ਦਿੱਤੀਆਂ ਜਾਂਦੀਆਂ, ਪਰ ਨਿਵੇਸ਼ ਵਧਾਉਣ ਵਾਲੇ ਉਪਾਅ ਜ਼ਰੂਰ ਕੀਤੇ ਜਾਣੇ ਚਾਹੀਦੇ ਸਨ। ਹੁਣ ਸਵਾਲ ਹੈ ਕਿ ਅਗਲੇ ਸਾਲ ਤੱਕ ਬਹੁਤ ਦੇਰ ਨਹੀਂ ਹੋ ਜਾਏਗੀ?

ਉਤਰ ਪ੍ਰਦੇਸ਼ ਵਿਚ ਪਹਿਲੇ ਗੇੜ ਦੀਆਂ 73 ਸੀਟਾਂ 'ਤੇ 2014 ਵਿਚ ਭਾਜਪਾ ਨੂੰ 40 ਫ਼ੀਸਦੀ ਵੋਟਾਂ ਮਿਲੀਆਂ ਸਨ ਅਤੇ ਇਸ ਨੇ ਵਿਰੋਧੀਆਂ ਦਾ ਪੱਤਾ ਸਾਫ਼ ਕਰ ਦਿੱਤਾ ਸੀ, ਪਰ ਹੁਣ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਜਿਨ੍ਹਾਂ ਸਮਾਜਿਕ ਸ਼ਕਤੀਆਂ ਨੇ ਉਤਸ਼ਾਹ ਨਾਲ ਭਾਜਪਾ ਦਾ ਸਾਥ ਦਿੱਤਾ ਸੀ (ਜਿਵੇਂ ਪੱਛਮੀ ਉਤਰ ਪ੍ਰਦੇਸ਼ ਦੇ ਜਾਟ), ਅੱਜ ਉਨ੍ਹਾਂ ਵਿਚ ਇਸ ਪਾਰਟੀ ਪ੍ਰਤੀ ਨਾਰਾਜ਼ਗੀ ਹੈ। ਜਾਟ ਚੌਧਰੀਆਂ ਦੀਆਂ ਜਿਨ੍ਹਾਂ ਸਭਾਵਾਂ ਵਿਚ ਅਮਿਤ ਸ਼ਾਹ 2014 ਵਿਚ ਖ਼ੂਬ ਗਰਜਦੇ ਸਨ, ਅਜਿਹੀ ਹੀ ਇਕ ਸਭਾ ਦੀ ਵੀਡੀਓ ਕਲਿਪ ਵਿਚ ਉਹ ਤਰਸਯੋਗ ਮੁਦਰਾ ਵਿਚ ਇਹ ਪੁੱਛਦੇ ਹੋਏ ਦੇਖੇ-ਸੁਣੇ ਜਾ ਸਕਦੇ ਹਨ ਕਿ ਇਸ ਵਾਰ ਤੁਸੀਂ ਭਾਜਪਾ ਨੂੰ ਵੋਟ ਨਹੀਂ ਦਿਓਗੇ ਤਾਂ ਕਿਸ ਨੂੰ ਵੋਟ ਦਿਓਗੇ? ਸਮਝਿਆ ਜਾਂਦਾ ਹੈ ਕਿ ਚੌਧਰੀਆਂ ਨੇ ਸ਼ਾਹ ਨੂੰ ਕਿਹਾ ਹੈ ਕਿ ਉਹ ਵਿਧਾਨ ਸਭਾ ਦੀ ਚੋਣ ਤਾਂ ਭੁੱਲ ਹੀ ਜਾਣ। ਜੇ ਉਨ੍ਹਾਂ ਨੇ ਬਰਾਦਰੀ ਦੀਆਂ ਕੁਝ ਮੰਗਾਂ ਪੂਰੀਆਂ ਕਰ ਦਿੱਤੀਆਂ ਤਾਂ ਫਿਰ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਬਾਰੇ ਸੋਚਿਆ ਜਾਏਗਾ। ਇਹ ਉਦਾਹਰਨ ਦੱਸਦੀ ਹੈ ਕਿ ਭਾਜਪਾ ਦੀ ਕੇਂਦਰ ਸਰਕਾਰ ਕਿਸ ਤਰ੍ਹਾਂ ਉਨ੍ਹਾਂ ਭਾਈਚਾਰਿਆਂ ਦੀਆਂ ਮੰਗਾਂ ਪੂਰੀਆਂ ਕਰਨ ਵਿਚ ਪਛੜਦੀ ਜਾ ਰਹੀ ਹੈ ਜਿਨ੍ਹਾਂ ਨੇ ਉਸ ਨੂੰ ਵੋਟ ਦੇ ਕੇ ਜਿਤਾਇਆ ਸੀ।

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਪਟਿਆਲਾ

# ਜੋ ਹਮ ਸਹਰੀ ਸੋ ਮੀਤੁ ਹਮਾਰਾ

ਭਗਤੀ ਲਹਿਰ ਦੱਖਣੀ ਭਾਰਤ ਵਿਚ ਕੋਈ 7ਵੀਂ ਤੇ 8ਵੀਂ ਸਦੀ ਵਿਚ ਤਾਮਿਲ ਦੇ ਅਲਵਾਰ ਸੰਤਾਂ ਵੱਲੋਂ ਸ਼ੁਰੂ ਕੀਤੀ ਗਈ ਜੋ ਹੁਣ ਦੇ ਤਾਮਿਲਨਾਡੂ ਅਤੇ ਕੇਰਲਾ ਦਾ ਖਿੱਤਾ ਸੀ। ਭਗਤੀ ਲਹਿਰ ਅਰੰਭ ਵਿਚ ਭਾਵੇਂ ਹਿੰਦੂ ਧਰਮ ਦੀਆਂ ਵੈਸ਼ਨਵ ਅਤੇ ਸ਼ੈਵ ਸੰਪਰਦਾਵਾਂ ਅਰਥਾਤ ਵਿਸ਼ਨੂੰ ਤੇ ਸ਼ਿਵਜੀ ਨੂੰ ਮੰਨਣ ਵਾਲੀਆਂ ਸੰਪਰਦਾਵਾਂ ਦੇ ਰੂਪ ਵਿਚ ਸ਼ੁਰੂ ਹੋਈ ਪਰ ਹੌਲੀ ਹੌਲੀ ਇਹ ਭਗਤ ਇੱਕ ਪਰਮਾਤਮਾ ਦੀ ਭਗਤੀ ਵੱਲ ਪ੍ਰੇਰੇ ਗਏ। ਦੱਖਣ ਤੋਂ ਹੀ ਇਹ ਲਹਿਰ ਭਾਰਤ ਦੇ ਬਾਕੀ ਹਿੱਸਿਆਂ ਵਿਚ ਫੈਲੀ। ਇਨ੍ਹਾਂ ਵਿਚੋਂ ਕੁਝ ਭਗਤਾਂ ਦੀ ਬਾਣੀ, ਜਿਨ੍ਹਾਂ ਦੀ ਗੁਰਮਤਿ ਸਿਧਾਂਤਾਂ ਨਾਲ ਇਕਸੁਰਤਾ ਸੀ, ਭਾਵ ਜਿਨ੍ਹਾਂ ਦੀ ਸੁਰ ਗੁਰਮਤਿ ਸਿਧਾਂਤਾਂ ਨਾਲ ਮੇਲ ਖਾਂਦੀ ਸੀ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ। ਇਨ੍ਹਾਂ ਭਗਤਾਂ ਸਮਾਂਕਾਲ ਬਹੁਤ ਲੰਬਾ ਹੈ। ਭਗਤ ਜੈਦੇਵ ਤੋਂ ਸ਼ੁਰੂ ਹੋ ਕੇ (1170 ਈ.) ਅਤੇ ਭਗਤ ਕਬੀਰ (1440-1518), ਬਾਬਾ ਸ਼ੇਖ ਫਰੀਦ, ਤਕਰੀਬਨ 12ਵੀਂ ਸਦੀ ਤੋਂ 16ਵੀਂ ਸਦੀ ਦੇ ਅਰੰਭ ਤੱਕ ਜਾਂਦਾ ਹੈ। ਕੁਝ ਭਗਤ-ਕਵੀ ਉਹ ਵੀ ਹਨ, ਜਿਨ੍ਹਾਂ ਦੇ ਸਮੇਂ ਦਾ ਪੱਕਾ ਪਤਾ ਨਹੀਂ ਹੈ ਕਿ ਉਹ ਕਦੋਂ ਹੋਏ ਅਤੇ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕਦੋਂ ਕੀਤਾ। ਭਾਈਚਾਰਕ ਤੌਰ 'ਤੇ ਇਹ ਭਗਤ ਹਿੰਦੂ ਤੇ ਮੁਸਲਮਾਨ ਭਾਈਚਾਰਿਆਂ ਵਿਚੋਂ ਹਨ। ਇਹ ਭਗਤ ਭਾਰਤ ਦੇ ਵੱਖ ਵੱਖ ਖਿੱਤਿਆਂ ਤੇ ਜਾਤਾਂ ਵਿਚੋਂ ਉਠੇ ਅਤੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਆਪਣੇ ਖਿੱਤੇ ਦੇ ਲੋਕਾਂ ਵੱਲੋਂ ਬੋਲੀ ਜਾਣ ਵਾਲੀ ਆਮ ਬੋਲੀ ਵਿਚ ਰਚੀਆਂ, ਸੰਸਕ੍ਰਿਤ ਵਿਚ ਨਹੀਂ।

ਭਗਤੀ ਲਹਿਰ ਧਰਮ ਦੀ ਪੁਨਰ-ਜਾਗ੍ਰਿਤੀ ਦੀ ਲਹਿਰ ਸੀ। ਇਹ ਧਾਰਮਿਕ ਕੱਟੜਵਾਦ, ਜਾਤ-ਪਾਤ ਤੇ ਬੋਸੀਦਾ ਹੋ ਚੁੱਕੇ ਕਰਮਕਾਂਡੀ ਗਲਬੇ ਅਤੇ ਦੇਵ ਬੋਲੀ ਕਹੀ ਜਾਣ ਵਾਲੀ ਸੰਸਕ੍ਰਿਤ, ਜਿਸ ਨੂੰ ਪੜ੍ਹਨ-ਲਿਖਣ ਦਾ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਨੂੰ ਹੱਕ ਨਹੀਂ ਸੀ, ਦੇ ਖਿਲਾਫ ਇੱਕ ਤਰ੍ਹਾਂ ਨਾਲ ਨਵੇਂ ਮਾਨਵਤਾਵਾਦ ਦੇ ਵਿਦਰੋਹ ਦੀ ਲਹਿਰ ਸੀ ਜੋ ਨਵੀਂ ਚੇਤਨਾ, ਨਵੀਂ ਆਸ਼ਾ ਦਾ ਆਗਾਜ਼ ਸੀ ਜਿਸ ਵਿਚ ਪੁਰਾਣੀਆਂ ਹੋ ਚੁਕੀਆਂ ਲੋਕ-ਵਿਰੋਧੀ ਕੀਮਤਾਂ ਤੇ ਪ੍ਰਬੰਧ ਦੀ ਟੁੱਟ ਭੱਜ ਹੋ ਰਹੀ ਸੀ ਅਤੇ ਮਾਨਵਤਾਵਾਦੀ ਕੀਮਤਾਂ ਦੀ ਉਸਾਰੀ ਸ਼ੁਰੂ ਹੋ ਰਹੀ ਸੀ। ਇਸ ਦਾ ਵਿਸ਼ੇਸ਼ ਲੱਛਣ ਸੀ ਪੁਰਾਣੀ ਪਰੰਪਰਾ ਅਤੇ ਪ੍ਰਬੰਧ ਵਿਚੋਂ ਮਨੁੱਖਾਂ ਦੀ ਧਰਵਾਸ ਤੇ ਅਗਵਾਈ ਦੇਣ ਦੀ ਆਸ ਦਾ ਗੁਆਚ ਜਾਣਾ। ਇਹ ਦਕੀਆਨੂਸੀ ਕਰਮਕਾਂਡ ਦੇ ਬੋਝ ਦੇ ਅਸਹਿ ਹੋ ਜਾਣ ਖਿਲਾਫ ਭਾਵੇਂ ਧੁੰਦਲੀ ਸੀ ਪਰ ਅਚੁੱਕ ਬਿਗਲ ਦੀ ਆਵਾਜ਼ ਸੀ। ਇਹ ਸਮਾਂ ਵਿਹਾ ਚੁੱਕੇ ਸਾਹ ਘੁੱਟਵੇਂ ਧਾਰਮਿਕ ਤੇ ਭਾਈਚਾਰਕ ਰੀਤੀ-ਰਿਵਾਜਾਂ ਤੋਂ ਮਨੁੱਖ ਨੂੰ ਛੁਟਕਾਰਾ ਦਿਵਾਉਣ ਲਈ ਇੱਕ ਨੈਤਿਕ ਅਤੇ ਧਾਰਮਿਕ ਜੱਦੋ-ਜਹਿਦ ਦੀ ਸ਼ੁਰੂਆਤ ਸੀ, ਭਾਵੇਂ ਇਹ ਯਤਨ ਘੱਟ ਤੇ ਖਿਲਰੇ-ਪੁਲਰੇ ਸਨ। ਇਨ੍ਹਾਂ ਭਗਤਾਂ ਵਿਚੋਂ ਹੀ ਭਗਤ ਰਵਿਦਾਸ ਹੋਏ ਹਨ ਜਿਨ੍ਹਾਂ ਦਾ ਸਮਾਂ ਅੰਦਾਜ਼ਨ 15ਵੀਂ ਤੋਂ 16ਵੀਂ ਸਦੀ ਤੱਕ ਦਾ ਮੰਨਿਆ ਜਾਂਦਾ ਹੈ। ਇਹ ਉਤਰੀ ਭਾਰਤ ਦੇ ਭਗਤ ਕਵੀ ਹੋਏ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ।

ਉਪਰ ਵਰਣਨ ਕੀਤੀ ਭਗਤੀ ਲਹਿਰ ਦੁਆਰਾ ਪੈਦਾ ਹੋਈ ਸਥਾਪਤੀ ਵਿਰੋਧੀ ਚੇਤਨਾ ਦੀ ਸੁਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਰਵਿਦਾਸ ਦੀ ਬਾਣੀ ਵਿਚੋਂ ਵੀ ਪ੍ਰਗਟ ਹੁੰਦੀ ਨਜ਼ਰ ਆਉਂਦੀ ਹੈ। ਹਿੰਦੂ ਪਰੰਪਰਾ ਅਨੁਸਾਰ ਮਨੁੱਖ ਦੇ ਜਨਮ 'ਤੇ ਆਧਾਰਤ ਸਮਾਜਿਕ ਦਰਜਾਬੰਦੀ ਜਾਤ-ਪਾਤ ਦੇ ਰੂਪ ਵਿਚ ਕੀਤੀ ਗਈ ਜਿਸ ਦਾ ਆਧਾਰ ਵੱਖ ਵੱਖ ਜਾਤਾਂ ਦਾ ਜਨਮ ਵਿਰਾਟ ਪੁਰਸ਼ ਦੇ ਵੱਖ ਵੱਖ ਅੰਗਾਂ ਤੋਂ ਹੋਣ ਦੇ ਸਿਧਾਂਤ ਨੂੰ ਬਣਾਇਆ ਗਿਆ ਅਤੇ ਇਸ ਆਧਾਰ 'ਤੇ ਮਨੁੱਖ ਜਾਤਾਂ ਦਾ ਉਚਾ ਜਾਂ ਨੀਵਾਂ ਹੋਣਾ ਸਥਾਪਤ ਕੀਤਾ ਗਿਆ। ਭਗਤ ਰਵਿਦਾਸ ਸਪੱਸ਼ਟ ਰੂਪ ਵਿਚ ਇਸ ਦਾ ਖੰਡਨ ਕਰਦੇ ਹਨ, ਜਦੋਂ ਉਹ ਕਹਿੰਦੇ ਹਨ ਕਿ ਸਾਰੇ ਮਨੁੱਖਾਂ ਵਿਚ ਉਸੇ ਪਰਮਾਤਮਾ ਦੀ ਜੋਤਿ ਵਿਆਪਕ ਹੈ। ਉਹ ਕਹਿੰਦੇ ਹਨ ਕਿ ਪਰਮਾਤਮਾ ਅਤੇ ਜੀਵ ਵਿਚ ਇਹ ਅੰਤਰ ਉਸੇ ਕਿਸਮ ਦਾ ਹੈ ਜਿਹੋ ਜਿਹਾ ਜਲ ਤੇ ਉਸ ਵਿਚੋਂ ਪੈਦਾ ਹੋਣ ਵਾਲੀ ਲਹਿਰ ਅਤੇ ਸੋਨੇ ਤੇ ਸੋਨੇ ਤੋਂ ਬਣੇ ਗਹਿਣੇ ਵਿਚ ਹੁੰਦਾ ਹੈ। ਅਗਲੀ ਗੱਲ ਉਹ ਦੱਸਦੇ ਹਨ ਕਿ ਜੇ ਅਸੀਂ ਮਨੁੱਖ ਪਾਪ ਨਾ ਕਰਦੇ ਤਾਂ ਪਰਮਾਤਮਾ ਦਾ ਨਾਮ ਪਾਪੀਆਂ ਨੂੰ ਤਾਰਨ ਵਾਲਾ ਕਿਵੇਂ ਹੁੰਦਾ। ਪਰਮਾਤਮਾ ਸਭ ਦਾ ਮਾਲਕ ਹੈ ਅਤੇ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈ। ਮਾਲਕ ਨੂੰ ਦੇਖ ਕੇ ਉਸ ਦੇ ਸੇਵਕ ਦੀ ਪਛਾਣ ਹੋ ਜਾਂਦੀ ਹੈ ਕਿ ਉਸ ਦਾ ਸੇਵਕ ਕਿਹੋ ਜਿਹਾ ਹੋਵੇਗਾ ਅਤੇ ਸੇਵਕ ਨੂੰ ਦੇਖ ਕੇ ਮਾਲਕ ਦਾ ਅੰਦਾਜ਼ਾ ਲੱਗ ਜਾਂਦਾ ਹੈ। ਉਹ ਅਰਦਾਸ ਕਰਦੇ ਹਨ ਕਿ ਪ੍ਰਭੂ ਮਨੁੱਖ ਨੂੰ ਸੋਝੀ ਦੇਵੇ ਅਤੇ ਸੰਤ ਜਨਾਂ ਰਾਹੀਂ ਇਹ ਸਮਝ ਪੈਦਾ ਕਰੇ ਕਿ ਸਾਰੇ ਮਨੁੱਖਾਂ ਵਿਚ ਉਸ ਦੀ ਹੀ ਜੋਤਿ ਵਿਆਪਕ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ
ਨਾਮੁ ਕੈਸੇ ਹੁੰਤਾ॥੧॥ਰਹਾਉ॥ (ਪੰਨਾ 93)

ਭਗਤਿ ਰਵਿਦਾਸ ਨੇ ਰਾਗ ਗਉੜੀ ਵਿਚ ਜੋ ਵਿਚਾਰ ਪ੍ਰਗਟਾਏ ਹਨ, ਉਨ੍ਹਾਂ ਤੋਂ ਜਿੱਥੇ ਉਸ ਵੇਲੇ ਦੀ ਆਮ ਪ੍ਰਚਲਿਤ ਸੋਚ ਦਾ ਪਤਾ ਲੱਗਦਾ ਹੈ, ਉਥੇ ਹੀ ਭਗਤ ਰਵਿਦਾਸ ਦੀ ਸਮਾਜ ਪ੍ਰਤੀ ਚੇਤਨਾ ਦਾ ਵੀ ਅਹਿਸਾਸ ਹੁੰਦਾ ਹੈ। ਇਸ ਵਿਚ ਭਗਤ ਰਵਿਦਾਸ ਉਸੇ ਚੇਤਨਾ ਦੇ ਸੰਦਰਭ ਵਿਚ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਦੁਨੀਆਂ ਦਾ ਰਵੱਈਆ ਜੋ ਮਰਜੀ ਹੋਵੇ ਪਰ ਉਹ ਪਰਮਾਤਮਾ ਆਪਣੇ ਭਗਤਾਂ ਨੂੰ ਮਨੋਂ ਨਾ ਵਿਸਾਰੇ। ਉਹ ਉਸੇ ਚੇਤਨਾ ਦਾ ਪ੍ਰਗਟਾਵਾ ਕਰਦਿਆਂ ਕਹਿੰਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਦਿਨ-ਰਾਤ ਇਸ ਗੱਲ ਦੀ ਚਿੰਤਾ ਰਹਿੰਦੀ ਹੈ ਕਿ ਉਨ੍ਹਾਂ ਦੀ ਸੰਗਤਿ ਕੋਈ ਬਹੁਤ ਚੰਗੇ ਬੰਦਿਆਂ ਦੀ ਨਹੀਂ ਹੈ, ਉਨ੍ਹਾਂ ਵੱਲੋਂ ਕੀਤੇ ਜਾਂਦੇ ਕੰਮ ਵੀ ਕੋਈ ਬਹੁਤੇ ਵਧੀਆ ਨਹੀਂ ਹਨ ਅਤੇ ਉਨ੍ਹਾਂ ਦਾ ਜਨਮ ਵੀ ਕਿਸੇ ਉਚੀ ਜਾਤ ਵਿਚ ਨਹੀਂ ਬਲਕਿ ਨੀਵੀਂ ਕਹੀ ਜਾਂਦੀ ਜਾਤ ਵਿਚ ਹੋਇਆ ਹੈ। ਫਿਕਰ ਇਹ ਹੈ ਕਿ ਅਜਿਹੀ ਹਾਲਤ ਵਿਚ ਪਰਮਾਤਮਾ, ਜੋ ਸਭ ਨੂੰ ਜੀਵਨ ਦਾਨ ਦੇਣ ਵਾਲਾ ਹੈ, ਵੀ ਕਿਧਰੇ ਉਨ੍ਹਾਂ ਨੂੰ ਵਿਸਾਰ ਨਾ ਦੇਵੇ (ਹਿੰਦੂ ਸ਼ਾਸਤਰਾਂ ਵਿਚ ਇਹ ਵਿਚਾਰ ਵੀ ਦਿੱਤੇ ਗਏ ਹਨ ਕਿ ਮੁਕਤੀ ਪ੍ਰਾਪਤ ਕਰਨ ਦਾ ਅਧਿਕਾਰ ਸਿਰਫ ਉਚੀ ਜਾਤ ਵਾਲਿਆਂ ਨੂੰ ਹੈ)। ਇਸੇ ਲਈ ਉਹ ਆਪਣੇ ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਉਹ ਇਸ ਸੰਕਟ ਵਿਚੋਂ ਉਨ੍ਹਾਂ ਨੂੰ ਕੱਢੇ, ਉਨ੍ਹਾਂ ਦੇ ਅੰਦਰ ਚੰਗੇ ਵਿਚਾਰ, ਚੰਗੀ ਭਾਵਨਾ ਪੈਦਾ ਕਰੇ ਅਤੇ ਆਪਣੇ ਚਰਨਾਂ ਨਾਲ ਜੋੜੀ ਰੱਖੇ। ਪਰਮਾਤਮ-ਅਨੁਭਵ ਲਈ ਰਸਤਾ ਦਿਖਾਵੇ ਤੇ ਮਿਹਰ ਕਰੇ:

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥੧॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ਰਹਾਉ॥
(ਪੰਨਾ 345)

ਅਗਲੇ ਸ਼ਬਦ 'ਬੇਗਮ ਪੁਰਾ ਸਹਰ ਕੋ ਨਾਉ' ਤੋਂ ਦੋ ਕਿਸਮ ਦੀ ਚੇਤਨਾ ਸਪੱਸ਼ਟ ਹੁੰਦੀ ਹੈ: ਇੱਕ ਉਹ ਜਿਸ ਕਿਸਮ ਦਾ ਸਮਾਜਕ ਅਤੇ ਰਾਜਸੀ ਪ੍ਰਬੰਧ ਪ੍ਰਚਲਿਤ ਸੀ ਅਤੇ ਦੂਸਰੀ ਉਹ ਜਿਸ ਕਿਸਮ ਦਾ ਆਦਰਸ਼ਕ ਰਾਜਕੀ ਤੇ ਸਮਾਜਕੀ ਪ੍ਰਬੰਧ ਭਗਤ ਰਵਿਦਾਸ ਦ੍ਰਿਸ਼ਟੀਗੋਚਰ ਕਰਾ ਰਹੇ ਹਨ, ਜੋ ਪ੍ਰਚਲਿਤ ਤੋਂ ਬਿਲਕੁਲ ਵਿਪਰੀਤ ਹੋਵੇਗਾ। ਇਸ ਸ਼ਬਦ ਦਾ ਅਧਿਆਤਮਕ ਤੇ ਦੁਨਿਆਵੀ ਸੰਦਰਭ ਹੈ। ਭਗਤ ਰਵਿਦਾਸ ਜਿਸ ਬੇਗਮ ਪੁਰਾ ਸ਼ਹਿਰ ਦੀ ਗੱਲ ਕਰ ਰਹੇ ਹਨ, ਉਸ ਸ਼ਹਿਰ ਵਿਚ ਕਿਸੇ ਕਿਸਮ ਦਾ ਗ਼ਮ ਜਾਂ ਦੁੱਖ ਨਹੀਂ ਹੈ। ਕਿਸੇ ਕਿਸਮ ਦੀ ਕੋਈ ਚਿੰਤਾ, ਕੋਈ ਘਬਰਾਹਟ, ਕੋਈ ਫਿਕਰ ਨਹੀਂ ਹੈ। ਉਥੇ ਦੁਨਿਆਵੀ ਜਾਇਦਾਦ ਬਣਾਉਣ ਦੀ ਕੋਈ ਚਿੰਤਾ ਨਹੀਂ ਹੈ ਅਤੇ ਨਾ ਹੀ ਉਸ ਜਾਇਦਾਦ ਤੇ ਕਿਸੇ ਕਿਸਮ ਦਾ ਮਸੂਲ ਦੇਣ ਦਾ ਫਿਕਰ ਹੈ। ਉਥੇ ਕਿਸੇ ਪਾਪ-ਕਰਮ ਜਾਂ ਮੰਦੇ ਕਰਮ ਕਰਨ ਦਾ ਵੀ ਖਤਰਾ ਨਹੀਂ ਹੈ; ਕੋਈ ਡਰ ਜਾਂ ਕਿਸੇ ਕਿਸਮ ਦੀ ਗਿਰਾਵਟ ਨਹੀਂ ਹੈ (ਇਹ ਇੱਕ ਬਹੁਤ ਹੀ ਆਦਰਸ਼ਕ ਸਮਾਜਿਕ ਸਿਰਜਣਾ ਦਾ ਸੰਕਲਪ ਹੈ ਜਿੱਥੇ ਲੋਕ ਆਤਮਕ ਵਿਸ਼ਵਾਸ ਨਾਲ, ਬਿਨਾ ਕਿਸੇ ਡਰ-ਭੈ ਦੇ ਅਨੰਦਮਈ ਜੀਵਨ ਬਸਰ ਕਰਨ ਦੇ ਸਮਰੱਥ ਹਨ)।

ਇਹ ਅਜਿਹੀ ਪਾਤਿਸ਼ਾਹੀ ਹੈ ਜੋ ਸਦੀਵੀ ਟਿਕੀ ਰਹਿਣ ਵਾਲੀ ਹੈ। ਇਥੇ ਸਾਰੇ ਮਨੁੱਖ ਬਰਾਬਰ ਹਨ, ਕਿਸੇ ਕਿਸਮ ਦੀ ਕੋਈ ਜਾਤੀ ਜਾਂ ਜਮਾਤੀ ਦਰਜਾਬੰਦੀ ਨਹੀਂ ਹੈ ਅਤੇ ਵਖਰੇਵਾਂ ਨਹੀਂ ਹੈ। ਇਹ ਅਜਿਹਾ ਸ਼ਹਿਰ ਹੈ ਜੋ ਸਦਾ ਉਘਾ ਅਤੇ ਵਸਦਾ-ਰਸਦਾ ਹੈ; ਇਥੇ ਰਹਿਣ ਵਾਲੇ ਮਨੁੱਖ ਰੱਜੇ-ਧਾਏ ਅਤੇ ਧਨੀ ਹਨ। ਇੱਥੇ ਮਨੁੱਖ ਆਤਮਕ ਅਨੰਦ ਵਿਚ ਰਹਿੰਦੇ ਹਨ। ਉਨ੍ਹਾਂ ਲਈ ਇਹ ਸ਼ਹਿਰ ਆਪਣਾ ਹੈ, ਉਹ ਇਸ ਦੇ ਭੇਤੀ ਹਨ। ਇਸ ਲਈ ਉਨ੍ਹਾਂ ਦੇ ਰਸਤੇ ਵਿਚ ਕਿਸੇ ਕਿਸਮ ਦੀ ਔਕੜ ਨਹੀਂ ਆਉਂਦੀ, ਕੋਈ ਉਨ੍ਹਾਂ ਦੇ ਰਸਤੇ ਵਿਚ ਰੋਕ ਨਹੀਂ ਪਾ ਸਕਦਾ। ਭਗਤ ਰਵਿਦਾਸ ਆਪਣੇ ਬਾਰੇ ਦੱਸਦੇ ਹਨ ਕਿ ਉਨ੍ਹਾਂ, ਜੋ ਇੱਕ ਨੀਵੀਂ ਕਹੀ ਜਾਣ ਵਾਲੀ ਜਾਤ ਨਾਲ ਸਬੰਧਤ ਹਨ, ਹਰ ਕਿਸਮ ਦੇ ਦੁੱਖ, ਚਿੰਤਾ, ਸੋਚ-ਘਬਰਾਹਟ ਆਦਿ ਤੋਂ ਖਲਾਸੀ ਪਾ ਲਈ ਹੈ ਅਤੇ ਕਹਿੰਦੇ ਹਨ, ਸਾਡਾ ਮਿੱਤਰ ਉਹ ਹੈ ਜੋ ਸਾਡਾ ਸਤਿਸੰਗੀ ਹੈ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥
(ਪੰਨਾ 345)

ਅਗਲਾ ਸ਼ਬਦ ਵੀ ਗਉੜੀ ਰਾਗ ਵਿਚੋਂ ਹੈ ਜਿਸ ਵਿਚ ਭਗਤ ਰਵਿਦਾਸ ਗੁਰਮੁਖਾਂ ਨੂੰ ਵਣਜ ਕਰਨ ਵਾਲੇ ਕਾਫਲੇ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਜੇ ਮੈਨੂੰ ਅਕਾਲ ਪੁਰਖ ਦੇ ਨਾਮ ਦਾ ਵਣਜ ਕਰਨ ਵਾਲਾ ਕੋਈ ਗੁਰਮੁਖਿ ਮਿਲ ਜਾਵੇ ਤਾਂ ਮੇਰਾ ਮਾਲ ਵੀ ਲੱਦਿਆ ਜਾਵੇ ਅਤੇ ਮੇਰਾ ਵੀ ਪ੍ਰਭੂ ਸਿਮਰਨ ਕਰਨ ਲਈ ਇੱਕ ਕਾਫਲਾ ਬਣ ਜਾਵੇ। (ਇੱਥੇ ਵੀ ਉਸ ਪਰੰਪਰਾ ਨੂੰ ਨਕਾਰਨਾ ਸ਼ਾਮਲ ਹੈ ਜਿਸ ਅਨੁਸਾਰ ਏਕਾਂਤ-ਵਾਸ ਵਿਚ ਇਕੱਲਿਆਂ ਤਪ-ਸਾਧਨਾ ਕਰਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ)।

ਭਗਤ ਜੀ ਬਿਆਨ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਦੇ ਵਣਜ ਦਾ ਰਸਤਾ ਕੋਈ ਸੌਖਾ ਨਹੀਂ ਹੈ। ਜਿਸ ਰਸਤੇ ਤੋਂ ਇਹ ਕਾਫਲਾ ਲੰਘਣਾ ਹੈ, ਉਸ ਦਾ ਰਸਤਾ ਮੁਸ਼ਕਲਾਂ ਭਰਿਆ, ਪਹਾੜੀ ਰਸਤਾ ਹੈ ਅਤੇ ਮੇਰਾ ਮਨ ਰੂਪੀ ਬਲਦ ਬਹੁਤ ਕਮਜ਼ੋਰ ਹੈ। ਉਹ ਅਰਦਾਸ ਕਰਦੇ ਹਨ ਕਿ ਪਰਮਾਤਮਾ ਉਨ੍ਹਾਂ ਦੇ ਮਨ ਨੂੰ ਸਿਮਰਨ ਕਰਨ ਦੀ ਸ਼ਕਤੀ ਬਖਸ਼ੇ। ਉਹ ਅੱਗੇ ਦੱਸਦੇ ਹਨ ਕਿ ਉਹ ਪਰਮਾਤਮ-ਨਾਮ ਦੇ ਵਪਾਰੀ ਹਨ ਅਤੇ ਇਸ ਵਿਚੋਂ ਸਹਿਜ ਰੂਪੀ ਖੱਟੀ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਪਰਮਾਤਮਾ ਦੀ ਮਿਹਰ ਨਾਲ ਨਾਮ ਦਾ ਸੌਦਾ ਲਿਆ ਹੈ ਪਰ ਦੁਨੀਆਂ ਨੇ ਮਾਇਆ ਰੂਪੀ ਜ਼ਹਿਰ ਦਾ ਸੌਦਾ ਕੀਤਾ ਹੈ। ਪਰੰਪਰਕ ਧਾਰਨਾ ਅਨੁਸਾਰ ਚਿਤ੍ਰ-ਗੁਪਤ ਮਨੁੱਖਾਂ ਦੇ ਕੀਤੇ ਚੰਗੇ-ਮੰਦੇ ਕਰਮਾਂ ਦਾ ਹਿਸਾਬ ਰੱਖਦੇ ਹਨ। ਭਗਤ ਰਵਿਦਾਸ ਉਨ੍ਹਾਂ ਨੂੰ ਸੰਬੋਧਨ ਕਰਦੇ ਹਨ ਕਿ ਉਨ੍ਹਾਂ ਦੇ ਕੀਤੇ ਕਰਮਾਂ ਦਾ ਜੋ ਮਰਜ਼ੀ ਹਿਸਾਬ ਲਿਖ ਲੈਣ, ਉਨ੍ਹਾਂ ਨੂੰ ਕੁਝ ਵੀ ਨਹੀਂ ਲੱਭਣਾ ਕਿਉਂਕਿ ਪਰਮਾਤਮਾ ਦੀ ਮਿਹਰ ਨਾਲ ਉਨ੍ਹਾਂ ਨੇ ਸਾਰੇ ਜੰਜਾਲ ਛੱਡ ਦਿੱਤੇ ਹਨ। ਇਸ ਲਈ ਉਨ੍ਹਾਂ ਨੂੰ ਮੌਤ ਜਾਂ ਜਮਾਂ ਦਾ ਕੋਈ ਡਰ ਨਹੀਂ ਹੈ। ਉਹ ਆਪਣੇ ਆਪ ਨੂੰ ਆਪਣੀ ਨੀਵੀਂ ਕਹੀ ਜਾਣ ਵਾਲੀ ਜਾਤ ਦੇ ਰੂਪ ਵਿਚ ਸੰਬੋਧਨ ਕਰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦਾ ਹੁਣ ਭਰੋਸਾ ਹੋ ਗਿਆ ਹੈ ਕਿ ਸੰਸਾਰ ਦਾ ਰੰਗ ਕਸੁੰਭੇ ਵਰਗਾ ਹੈ ਜੋ ਕੱਚਾ ਹੈ, ਅਤੇ ਪਰਮਾਤਮਾ ਦੇ ਨਾਮ ਦਾ ਰੰਗ ਮਜੀਠ ਦੀ ਤਰ੍ਹਾਂ ਪੱਕਾ ਹੈ ਜੋ ਕਦੇ ਵੀ ਜਾਂਦਾ ਨਹੀਂ। ਭਾਵ ਸਤਿਸੰਗਤ ਵਿਚ ਜਾਇਆਂ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਮਨੁੱਖ ਆਪਣੇ ਕੀਤੇ ਕਰਮਾਂ ਵਿਚ ਸੁਧਾਰ ਕਰ ਸਕਦਾ ਹੈ:



*ਇਕ ਚਿੱਤਰਕਾਰ ਵਲੋਂ ਬਣਾਇਆ ਭਗਤ ਰਵਿਦਾਸ ਦਾ ਇਕ ਚਿੱਤਰ*

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਇਕ ਬੇਨਤੀ ਮੇਰੀ
ਪੂੰਜੀ ਰਾਖੁ ਮੁਰਾਰਿ॥੧॥
ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ॥੧॥ਰਹਾਉ॥
ਹਉ ਬਨਜਾਰੋ ਰਾਮ ਕੋ
ਸਹਜ ਕਰਉ ਬ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ॥੨॥
ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ॥
ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ॥੩॥
ਜੈਸਾ ਰੰਗੁ ਕਸੁੰਭ ਕਾ
ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥੪॥੧॥
(ਪੰਨਾ 345-46)

ਭਗਤ ਰਵਿਦਾਸ ਮਾਇਆ 'ਚ ਗ੍ਰਸੇ ਮਨ ਦੀ ਖੂਹ ਦੇ ਡੱਡੂਆਂ ਨਾਲ ਤੁਲਨਾ ਕਰਦਿਆਂ ਕਹਿੰਦੇ ਹਨ, ਜਿਸ ਤਰ੍ਹਾਂ ਖੂਹ ਡੱਡੂਆਂ ਨਾਲ ਭਰਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਖੂਹ ਦੇ ਬਾਹਰਲੇ ਸੰਸਾਰ ਦੀ ਕੋਈ ਸਮਝ ਨਹੀਂ ਹੁੰਦੀ ਕਿ ਇਸ ਤੋਂ ਬਾਹਰ ਵੀ ਕੋਈ ਸੰਸਾਰ ਵੱਸਦਾ ਹੈ; ਇਸੇ ਤਰ੍ਹਾਂ ਮੇਰੇ ਮਾਇਆ ਨਾਲ ਭਰੇ ਮਨ ਨੂੰ ਇਸ ਤੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਪਤਾ ਲੱਗਦਾ। ਉਹ ਪਰਮਾਤਮਾ ਦੇ ਦੀਦਾਰ ਲਈ ਮਿਹਰ ਕਰਨ ਦੀ ਬੇਨਤੀ ਕਰਦੇ ਹਨ ਜੋ ਇਸ ਸਾਰੇ ਬ੍ਰਹਿਮੰਡ ਨੂੰ ਸਿਰਜਣ ਵਾਲਾ ਅਤੇ ਇਸ ਦਾ ਮਾਲਕ ਹੈ।

ਭਗਤਿ ਰਵਿਦਾਸ ਅਨੁਸਾਰ ਮਨੁੱਖ ਦੀ ਮਤਿ-ਬੁਧਿ ਵਿਕਾਰਾਂ ਨਾਲ ਮੈਲੀ ਹੋ ਜਾਂਦੀ ਹੈ ਜਿਸ ਕਰਕੇ ਪਰਮਾਤਮਾ ਦੀ ਗਤੀ ਦੀ ਪਛਾਣ ਨਹੀਂ ਆਉਂਦੀ। ਇਸ ਰੱਬੀ-ਗਤੀ ਦੀ ਸਮਝ ਉਦੋਂ ਆਉਂਦੀ ਹੈ ਜਦੋਂ ਮਨੁੱਖ ਦੇ ਮਨੋਂ ਭਰਮ ਦਾ ਪਰਦਾ ਹਟ ਜਾਂਦਾ ਹੈ ਤੇ ਪਰਮਾਤਮ-ਮਿਹਰ ਨਾਲ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਚੰਗੀ ਮਤਿ ਪ੍ਰਾਪਤ ਕਰ ਲੈਂਦਾ ਹੈ। ਇਸੇ ਲਈ ਚੰਗੀ ਮਤਿ ਬੁਧਿ ਵਾਸਤੇ ਅਰਦਾਸ ਕੀਤੀ ਹੈ। ਪਰਮਾਤਮਾ ਦੇ ਗੁਣ ਬੇਅੰਤ, ਅਪਰੰਪਾਰ ਹਨ ਜਿਨ੍ਹਾਂ ਦੀ ਥਾਹ ਕਠਿਨ ਤਪੱਸਿਆ ਜਾਂ ਯੋਗ ਕ੍ਰਿਆਵਾਂ ਨਾਲ ਨਹੀਂ ਪਾਈ ਜਾ ਸਕਦੀ। ਭਗਤ ਜੀ ਖੁਦ ਨੂੰ ਕਹਿੰਦੇ ਹਨ ਕਿ ਤੂੰ ਉਸ ਪਰਵਦਗਾਰ ਦੀ ਸਿਫਤਿ-ਸਾਲਾਹ ਕਰ ਤਾਂ ਕਿ ਤੈਨੂੰ ਉਸ ਦੀ ਪ੍ਰੇਮਾ ਭਗਤੀ ਦੀ ਦਾਤ ਮਿਲ ਜਾਵੇ:

ਕੂਪੁ ਭਰਿਓ ਜੈਸੇ ਦਾਦਿਰਾ
ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾ ਪਾਰੁ ਨ ਸੂਝ॥੧॥
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ॥੧॥ਰਹਾਉ॥
ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ
ਮੈ ਸੁਮਤਿ ਦੇਹੁ ਸਮਝਾਇ॥੨॥
ਜੋਗੀਸਰ ਪਾਵਹਿ ਨਹੀ
ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ
ਕਹੁ ਰਵਿਦਾਸ ਚਮਾਰ॥੩॥ (ਪੰਨਾ 346)

# ਹਰਿ ਹਰਿ ਹਰਿ ਹਰਿ ਨਾਮੁ ਜਪਾਹਾ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਜੈਤਸਰੀ ਮਹਲਾ 4
ਹਰਿ ਹਰਿ ਹਰਿ ਹਰਿ ਨਾਮੁ ਜਪਾਹਾ॥
ਗੁਰਮੁਖਿ ਨਾਮੁ ਸਦਾ ਲੈ ਲਾਹਾ॥
ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ
ਹਰਿ ਹਰਿ ਨਾਮੁ ਓੁਮਾਹਾ ਰਾਮ॥
ਹਰਿ ਹਰਿ ਨਾਮੁ ਦਇਆਲੁ ਧਿਆਹਾ॥
ਹਰਿ ਕੈ ਰੰਗਿ ਸਦਾ ਗੁਣ ਗਾਹਾ॥
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ
ਮਿਲਿ ਸਤਸੰਗਿ ਓੁਮਾਹਾ ਰਾਮ॥
ਆਉ ਸਖੀ ਹਰਿ ਮੇਲਿ ਮਿਲਾਹਾ॥
ਸੁਣਿ ਹਰਿ ਕਥਾ ਨਾਮੁ ਲੈ ਲਾਹਾ॥
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ
ਗੁਰਿ ਮਿਲਿਐ ਹਰਿ ਓੁਮਾਹਾ ਰਾਮ॥
ਕਰਿ ਕੀਰਤਿ ਜਸੁ ਅਗਮ ਅਥਾਹਾ॥
ਖਿਨੁ ਖਿਨੁ ਰਾਮ ਨਾਮੁ ਗਾਵਾਹਾ॥
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ
ਹਰਿ ਨਾਨਕ ਭਗਤਿ ਓੁਮਾਹਾ ਰਾਮ॥

ਇਸ ਸ਼ਬਦ ਅੰਦਰ ਗੁਰਦੇਵ 22 ਵਾਰ 'ਹਰਿ' ਸ਼ਬਦ ਦਾ ਉਚਾਰਨ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਸਵਾਸ ਸਵਾਸ ਕਰਦੇ ਰਹਿਣਾ ਚਾਹੀਏ, ਅਤੇ ਗੁਰੂ ਦੀ ਸ਼ਰਨ ਵਿਚ ਜੁੜ ਕੇ ਨਾਮ ਦਾ ਲਾਹਾ ਭੀ ਲੈਣਾ ਚਾਹੀਏ। ਹੇ ਭਾਈ! ਜਦੋਂ ਜੀਵ ਦ੍ਰਿੜ ਨਿਸ਼ਚੇ ਨਾਲ ਭਗਤੀ ਵਿਚ ਜੁੜ ਜਾਂਦਾ ਹੈ ਤਾਂ ਜੀਵ ਦੇ ਅੰਦਰ ਪ੍ਰਭੂ ਪ੍ਰਾਪਤੀ ਲਈ ਚਾਓ ਅਤੇ ਅਨੰਦ ਭੀ ਬਣ ਜਾਂਦਾ ਹੈ।

ਹਰਿ ਹਰਿ ਨਾਮੁ ਦਇਆਲੁ ਧਿਆਹਾ॥
ਹਰਿ ਕੈ ਰੰਗਿ ਸਦਾ ਗੁਣ ਗਾਹਾ॥
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ
ਮਿਲਿ ਸਤਸੰਗਿ ਓੁਮਾਹਾ ਰਾਮ॥

ਹੇ ਭਾਈ! ਉਹ ਪ੍ਰਮੇਸ਼ਵਰ ਤਾਂ ਦਇਆ ਦਾ ਘਰ ਹੈ। ਇਸ ਲਈ ਸਦਾ ਉਹਦੇ ਨਾਮ ਦਾ ਸਿਮਰਨ ਕਰਦੇ ਹੀ ਰਹਿਣਾ ਚਾਹੀਏ। ਉਸ ਪ੍ਰੀਤਮ ਦੇ ਪ੍ਰੇਮ ਰੰਗ ਵਿਚ ਆਪਣੇ ਮਨ ਨੂੰ ਰੰਗ ਕੇ ਉਸ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਏ। ਹੇ ਭਾਈ! ਉਸ ਪ੍ਰਭੂ ਦੀ ਸਿਫਤ ਸਾਲਾਹ ਕਰਦੇ ਸਮੇਂ 'ਘੂਮਰਿ ਪਾਵਹੁ' ਭਾਵ ਉਹ ਸਹਿਜ ਅਵਸਥਾ ਜਿੱਥੇ ਪਹੁੰਚ ਕੇ ਜੀਵ ਆਤਮਾ ਸੁੱਤੇ ਸਿੱਧ ਹੀ ਨੱਚਣ ਲੱਗ ਪਵੇ। ਆਓ, ਸਤਿਸੰਗ ਦਾ ਚਾਓ ਪੈਦਾ ਕਰੀਏ।

ਆਉ ਸਖੀ ਹਰਿ ਮੇਲਿ ਮਿਲਾਹਾ॥
ਸੁਣਿ ਹਰਿ ਕਥਾ ਨਾਮੁ ਲੈ ਲਾਹਾ॥
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ॥
ਗੁਰਿ ਮਿਲਿਐ ਹਰਿ ਓੁਮਾਹਾ ਰਾਮ॥

ਹੇ ਸਖੀਓ, ਸਹੇਲੀਓ! ਭਾਵ ਗੁਰੂ ਪਿਆਰੇ ਸਤਿਸੰਗੀਓ!! ਆਓ ਸਾਰੇ ਮਿਲ ਕੇ ਪ੍ਰਭੂ ਪ੍ਰੀਤਮ ਦੇ ਚਰਨਾਂ ਨਾਲ ਜੁੜੀਏ ਅਤੇ ਸਤਿਸੰਗੀ ਬਣ ਕੇ ਸੁਣ ਹਰਿ ਕਥਾ ਭਾਵ, ਉਸ ਪਿਆਰੇ ਪ੍ਰਭੂ ਦੀ ਸਿਫ਼ਤ ਸਾਲਾਹ ਦੀਆਂ ਗੱਲਾਂ ਸੁਣ ਸੁਣ ਕੇ ਇਸ ਜੀਵਨ ਦਾ ਲਾਹਾ ਭੀ ਲਈਏ। ਹੇ ਸਖੀਓ, ਸਤਿਸੰਗੀਓ! ਸਾਰੇ ਮਿਲ ਕੇ ਉਸ ਪਿਆਰੇ ਪ੍ਰਭੂ ਦੇ ਦਰ 'ਤੇ ਬੇਨਤੀਆਂ ਕਰੀਏ ਕਿ ਹੇ ਪ੍ਰਭੂ ਜੀਓ! ਆਪਣੀ ਕ੍ਰਿਪਾ ਕਰੋ ਤੇ ਸਾਨੂੰ ਪੂਰੇ ਗੁਰੂ ਦਾ ਮਿਲਾਪ ਦੇਵਹੁ। ਹੇ ਸਖੀਓ! ਜਦ ਪੂਰਾ ਗੁਰੂ ਮਿਲ ਪਵੇ ਤਾਂ ਹਿਰਦਾ ਚਾਓ ਅਤੇ ਅਨੰਦ ਨਾਲ ਭਰ ਜਾਂਦਾ ਹੈ।

ਕਰਿ ਕੀਰਤਿ ਜਸੁ ਅਗਮ ਅਥਾਹਾ॥
ਖਿਨੁ ਖਿਨੁ ਰਾਮ ਨਾਮੁ ਗਾਵਾਹਾ॥
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ
ਹਰਿ ਨਾਨਕ ਭਗਤਿ ਓੁਮਾਹਾ ਰਾਮ॥

ਹੇ ਭਾਈ! ਉਹ ਪ੍ਰਭੂ ਜੋ ਪਹੁੰਚ ਤੋਂ ਪਰ੍ਹੇ ਹੈ ਅਤੇ ਉਸ ਦਾ ਹਿਰਦਾ ਵੀ ਅਥਾਹ ਡੂੰਘਾ ਤੇ ਵਿਸ਼ਾਲ ਹੈ, ਉਸ ਪ੍ਰਭੂ ਦੀ ਸਿਫ਼ਤ ਸਾਲਾਹ ਸਵਾਸ ਸਵਾਸ ਨਾਲ ਕਰਕੇ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ, ਕੀਰਤ ਕਰਨੀ ਚਾਹੀਦੀ ਹੈ। ਇਸ ਲਈ ਇਹ ਨਾਨਕ ਭੀ ਆਖਦਾ ਹੈ ਕਿ ਹੇ ਨਾਮ ਦੀ ਦਾਤ ਬਖਸ਼ਣ ਵਾਲੇ ਗੁਰੂ ਜੀਓ! ਮੇਰੇ 'ਤੇ ਮਿਹਰਾਂ ਕਰੋ ਅਤੇ ਮੈਨੂੰ ਆਪਣਾ ਮਿਲਾਪ ਦੇਵੋ ਤਾਂ ਕਿ ਆਪ ਜੀ ਦੇ ਮਿਲਾਪ ਸਦਕਾ ਮੇਰੇ ਅੰਦਰ ਭੀ ਭਗਤੀ ਕਰਨ ਦਾ ਚਾਓ ਓੁਮਾਹ ਪੈਦਾ ਹੋ ਸਕੇ ਤੇ ਮੈਂ ਭਗਤੀ ਵਿਚ ਜੁੜ ਸਕਾਂ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਨੇਸ਼ਨ ਸਟੇਟ ਅਸਲ ਵਿਚ ਹੈ ਕੀ?

ਵਿਚਾਰ-ਚਰਚਾ

***ਸਿੱਖ ਵਿਦਵਾਨ ਸ. ਅਜਮੇਰ ਸਿੰਘ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਦੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਦੇ 7 ਜਨਵਰੀ 2017 ਦੇ ਅੰਕ ਵਿਚ ਛਪੇ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ 'ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਨਾਲ ਸ਼ੁਰੂ ਹੋਈ ਵਿਚਾਰ-ਚਰਚਾ ਦੌਰਾਨ ਅਸੀਂ ਹਜਾਰਾ ਸਿੰਘ ਮਿਸੀਸਾਗਾ (ਕੈਨੇਡਾ), ਤਰਲੋਕ ਸਿੰਘ ਨਿਊ ਜਰਸੀ, ਕਮਲਜੀਤ ਸਿੰਘ ਫਰੀਮਾਂਟ, ਡਾ. ਸੰਦੀਪ ਸਿੰਘ ਅਤੇ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ, ਹਾਕਮ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ-ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹਿ ਚੁਕੇ ਡਾ. ਗੁਰਨਾਮ ਕੌਰ ਕੈਨੇਡਾ ਦੇ ਵਿਚਾਰ ਛਾਪ ਚੁਕੇ ਹਾਂ। ਇਸ ਅੰਕ ਵਿਚ ਅਸੀਂ ਪ੍ਰਤੀਕਰਮ-ਦਰ-ਪ੍ਰਤੀਕਰਮ ਦੇ ਸਿਲਸਿਲੇ ਵਿਚ ਡਾ. ਸੰਦੀਪ ਸਿੰਘ ਅਤੇ ਕਮਲਜੀਤ ਸਿੰਘ ਫਰੀਮਾਂਟ ਦੇ ਵਿਚਾਰ ਛਾਪ ਰਹੇ ਹਾਂ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਸਾਡਾ ਮਨਸ਼ਾ ਇਸ ਮੁੱਦੇ ਉਤੇ ਸੰਜੀਦਾ ਬਹਿਸ ਚਲਾਉਣਾ ਹੈ। ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਨੇਸ਼ਨ ਸਟੇਟ ਕਈ ਖਿਆਲਾਂ ਦੇ ਸੁਮੇਲ ਨਾਲ ਬਣਿਆ ਅਮੂਰਤ ਸੰਕਲਪ ਵੀ ਹੈ ਅਤੇ ਇਹ ਵਰਤਾਰੇ (ਫਿਨੌਮਿਨਾ) ਜਾਂ ਹਕੀਕਤ ਦੇ ਤੌਰ 'ਤੇ ਵੀ ਇਸ ਦੀ ਹੋਂਦ ਹੈ। ਨੇਸ਼ਨ ਸਟੇਟ ਦਾ ਅਮੂਰਤ ਸੰਕਲਪ ਦੋ ਸੰਕਲਪਾਂ ਦਾ ਬਣਿਆ ਹੈ, ਇਕ ਨੇਸ਼ਨ ਤੇ ਦੂਜਾ ਸਟੇਟ। ਉਹ ਲੋਕ ਜਿਨ੍ਹਾਂ ਦਾ ਸਾਂਝਾ ਇਤਿਹਾਸ ਤੇ ਸਭਿਆਚਾਰ ਹੈ, ਇਕੋ ਨਸਲ ਦੇ ਹੋਣ, ਇਕੋ ਭਾਸ਼ਾ ਬੋਲਦੇ ਹੋਣ ਜਾਂ ਇਕੋ ਧਰਮ ਵਿਚ ਵਿਸ਼ਵਾਸ ਰੱਖਦੇ ਹੋਣ ਕਾਰਨ ਆਪਸ ਵਿਚ ਜੁੜੇ ਹੋਣ, ਨੇਸ਼ਨ ਜਾਂ ਕੌਮ ਕਹਾਉਂਦੇ ਹਨ। ਲੋਕ ਆਪੋ ਵਿਚ ਪਰਿਵਾਰਕ ਤੇ ਕਬਾਇਲੀ ਰਿਸ਼ਤਿਆਂ, ਨਸਲ, ਸਭਿਆਚਾਰ, ਇਤਿਹਾਸ, ਭਾਸ਼ਾ ਅਤੇ ਧਰਮ ਕਰ ਕੇ ਜੁੜੇ ਹੋ ਸਕਦੇ ਹਨ। ਉਹ ਆਪਸ ਵਿਚ ਇਨ੍ਹਾਂ ਸਭ ਜਾਂ ਸਿਰਫ ਇਕੋ ਕਾਰਨ ਕਰ ਕੇ ਵੀ ਜੁੜੇ ਹੋ ਸਕਦੇ ਹਨ। ਉਹ ਆਪਣੇ ਸਾਂਝੇ

ਡਾ. ਸੰਦੀਪ ਸਿੰਘ

ਇਤਿਹਾਸ ਦੀ ਸਮੂਹਿਕ ਚੇਤਨਾ ਰੱਖਦੇ ਹਨ ਅਤੇ ਸਾਂਝਾ ਭਵਿਖ ਲੋਚਦੇ ਹਨ।

ਜੋ ਸਿੱਖ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਦਿੱਲੀ, ਜੰਮੂ ਵਿਚ ਰਹਿੰਦੇ ਹਨ, ਉਹ ਇਤਿਹਾਸ, ਸਭਿਆਚਾਰ, ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਕਰ ਕੇ ਆਪਸ ਵਿਚ ਜੁੜੇ ਹੋਏ ਹਨ ਤੇ ਜੋ ਸਿੱਖ ਬਾਹਰਲੇ ਮੁਲਕਾਂ ਵਿਚ ਰਹਿੰਦੇ ਹਨ ਅਤੇ ਹਿੰਦੁਸਤਾਨ ਦੇ ਹੋਰ ਸੂਬਿਆਂ ਜਾਂ ਕਸ਼ਮੀਰ ਤੋਂ ਹਨ, ਭਾਵੇਂ ਉਹ ਪੰਜਾਬੀ ਨਹੀਂ ਬੋਲਦੇ, ਫਿਰ ਵੀ ਉਹ ਸਿੱਖ ਧਰਮ, ਸਭਿਆਚਾਰ ਤੇ ਇਤਿਹਾਸ ਕਰ ਕੇ ਆਪੋ ਵਿਚ ਜੁੜੇ ਹੋਏ ਹਨ, ਸਿੱਖ ਨੇਸ਼ਨ ਦਾ ਹਿੱਸਾ ਹਨ, ਭਾਵੇਂ ਉਨ੍ਹਾਂ ਬੇਗਾਨੀ ਧਰਤੀ ਦਾ ਸਭਿਆਚਾਰ ਵੀ ਅਪਨਾ ਲਿਆ ਹੈ।

ਸਟੇਟ ਬਣਦੀ ਹੈ ਲੋਕ, ਜ਼ਮੀਨ ਤੇ ਸਰਕਾਰ ਦੇ ਸੁਮੇਲ ਨਾਲ। ਜੇ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਜਾਂ ਦੋ ਨਾ ਹੋਣ ਤਾਂ ਉਹ ਸਟੇਟ ਨਹੀਂ ਕਹਾ ਸਕਦੀ। ਸਟੇਟ ਸਿਰਫ ਲੋਕਾਂ ਤੇ ਜ਼ਮੀਨ ਨਾਲ ਨਹੀਂ ਬਣ ਸਕਦੀ। ਸਟੇਟ ਦਾ ਰਾਜ ਪ੍ਰਬੰਧ ਕਿਸੇ ਵੀ ਤਰ੍ਹਾਂ ਦਾ ਹੋ ਸਕਦਾ ਹੈ- ਜਮਹੂਰੀਅਤ, ਤਾਨਾਸ਼ਾਹੀ, ਰਾਜਸ਼ਾਹੀ, ਅਲਪਤੰਤਰ (ਓਲੀਗਾਰਕੀ), ਸੰਪਤੀਤੰਤਰ (ਟਾਈਮੋਕਰੇਸੀ), ਏਕਤੰਤਰ (ਔਟੋਕਰੇਸੀ) ਹੋ ਜਾਂ ਹਲੇਮੀ ਰਾਜ।

ਇਕ ਸਟੇਟ ਦੇ ਲੋਕ ਇਕ ਜਾਂ ਇਕ ਤੋਂ ਵੱਧ ਨੇਸ਼ਨ ਜਾਂ ਕੌਮ ਦੇ ਹੋ ਸਕਦੇ ਹਨ, ਜੇ ਉਹ ਵੱਖ-ਵੱਖ ਭਾਸ਼ਾ ਬੋਲਦੇ ਹਨ, ਵੱਖ-ਵੱਖ ਧਰਮਾਂ ਨੂੰ ਮੰਨਦੇ ਹਨ ਅਤੇ ਉਨ੍ਹਾਂ ਦਾ ਸਭਿਆਚਾਰ, ਨਸਲ ਤੇ ਇਤਿਹਾਸ ਵੱਖ-ਵੱਖ ਹੈ। ਹਿੰਦੁਸਤਾਨ ਅਜਿਹੀ ਸਟੇਟ ਹੈ ਜਿਸ ਵਿਚ ਕਈ ਕੌਮਾਂ ਰਹਿੰਦੀਆਂ ਹਨ। ਇਸ ਕਾਰਨ ਉਥੇ ਖਤਰਨਾਕ ਲੜਾਈ-ਝਗੜੇ ਦੇ ਕਈ ਕਾਰਨ ਮੌਜੂਦ ਹਨ ਤੇ ਕਦੇ ਵੀ ਖੂਨ-ਖਰਾਬਾ ਹੋ ਸਕਦਾ ਹੈ। ਸਿੱਖ ਨੇਸ਼ਨ ਸਟੇਟ ਖਾਲਿਸਤਾਨ ਦਾ ਮਤਲਬ ਇਹ ਨਹੀਂ ਕਿ ਇਸ ਨੂੰ ਮੰਗਣ ਵਾਲੇ ਖੂਨ-ਖਰਾਬਾ ਚਾਹੁੰਦੇ ਹਨ, ਸਗੋਂ ਇਸ ਦਾ ਮਤਲਬ ਉਸ ਖੂਨ-ਖਰਾਬੇ ਤੋਂ ਬਚਣਾ ਹੈ ਜੋ ਸਿੱਖਾਂ ਨੂੰ ਹਿੰਦੁਸਤਾਨ ਵਿਚ ਜਬਰੀ ਰੱਖਣ ਨਾਲ ਹੋ ਰਿਹਾ ਹੈ ਅਤੇ ਹੋਰ ਵੀ ਹੋ ਸਕਦਾ ਹੈ।

ਨੇਸ਼ਨ ਸਟੇਟ ਦੇ ਅਮੂਰਤ ਸੰਕਲਪ ਦੀ ਕੁਝ ਸਿੱਖ ਵਿਦਵਾਨ ਆਲੋਚਨਾ ਕਰ ਰਹੇ ਹਨ, ਇਹ ਵਿਦਵਾਨ ਸਿੱਖ ਕੌਮ ਦੀ ਇਕ ਧਿਰ ਜੋ ਸਿੱਖ ਕੌਮ ਦੀ ਕਿਆਦਤ ਦੀ ਦਾਅਵੇਦਾਰ ਹੈ, ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ। ਨੇਸ਼ਨ ਸਟੇਟ ਦੇ ਸੰਕਲਪ ਦੀ, ਇਸ ਆਧਾਰ 'ਤੇ ਆਲੋਚਨਾ ਕੀਤੀ ਜਾ ਰਹੀ ਹੈ ਕਿ ਇਹ ਪੱਛਮੀ ਸੰਕਲਪ ਹੈ, ਇਸ ਕਰ ਕੇ ਬਹੁਤ ਖੂਨ-ਖਰਾਬਾ ਹੋਇਆ। ਇਹ ਕਹਿਣਾ ਕਿ ਨੇਸ਼ਨ ਸਟੇਟ ਕਰ ਕੇ ਖੂਨ-ਖਰਾਬਾ ਹੋਇਆ, ਗਲਤ ਹੈ ਕਿਉਂਕਿ ਘੋਖ ਕਰਨ 'ਤੇ ਪਤਾ ਲਗਦਾ ਹੈ ਕਿ ਖੂਨ-ਖਰਾਬੇ ਦਾ ਕਾਰਨ ਗਲਤ ਲੋਕਾਂ ਜਿਵੇਂ ਹਿਟਲਰ, ਮੁਸੋਲੀਨੀ, ਮਿਲੋਸਿਵਕ ਦਾ ਸਿਆਸੀ ਸੱਤਾ 'ਤੇ ਕਾਬਜ਼ ਹੋਣਾ ਅਤੇ ਵੱਖ-ਵੱਖ ਕੌਮਾਂ ਵਿਚ ਪਹਿਲਾਂ ਹੀ ਨਫਰਤ ਹੋਣਾ ਸੀ ਜਿਸ ਨੂੰ ਹਾਕਮਾਂ ਨੇ ਸਿਆਸੀ ਲਾਹੇ ਲਈ ਵਰਤਿਆ।

ਨੇਸ਼ਨ ਸਟੇਟ ਦੇ ਸੰਕਲਪ ਨੂੰ ਪੱਛਮੀ ਸੰਕਲਪ ਤਾਂ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਪੱਛਮ ਵਿਚ ਉਭਰਿਆ, ਪਰ ਖਿਆਲ ਰਹੇ ਕਿ ਖਿਆਲ ਜਾਂ ਸੰਕਲਪ ਜਦ ਇਕ ਵਾਰੀ ਬਣ ਜਾਂਦੇ ਹਨ ਤਾਂ ਸਰਵਵਿਆਪੀ ਹੁੰਦੇ ਹਨ। ਇਨ੍ਹਾਂ ਨੂੰ ਕਿਸੇ ਹੱਦਬੰਦੀ ਵਿਚ ਨਾ ਤਾਂ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨੇਸ਼ਨ ਸਟੇਟ ਦਾ ਸੰਕਲਪ ਪੱਛਮੀ ਸੰਕਲਪ ਨਹੀਂ, ਸਰਵਵਿਆਪੀ ਸੰਕਲਪ ਹੈ।

ਖਿਆਲ ਅਤੇ ਸੰਕਲਪ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਉਹ ਜੋ ਇਨਸਾਨ ਕਿਸੇ ਵਰਤਾਰੇ ਨੂੰ ਹਕੀਕਤ 'ਚ ਦੇਖਣ ਪਿਛੋਂ ਬਣਾਉਂਦਾ ਹੈ ਤੇ ਭਾਸ਼ਾ ਵਿਚ ਬਿਆਨ ਕਰਦਾ ਹੈ। ਘੋੜੇ ਦਾ ਖਿਆਲ ਅਜਿਹਾ ਖਿਆਲ ਹੈ ਜੋ ਇਨਸਾਨ ਘੋੜਾ ਦੇਖ ਕੇ ਬਣਾਉਂਦਾ ਹੈ। ਇਕ ਵਾਰ ਬਣ ਗਿਆ ਤਾਂ ਸਦਾ ਵਾਸਤੇ ਬਣ ਗਿਆ। ਕੁਝ ਖਿਆਲ ਤੇ ਸੰਕਲਪ ਉਹ ਹੁੰਦੇ ਹਨ ਜੋ ਇਨਸਾਨ ਪਹਿਲਾਂ ਸੋਚਦਾ ਅਤੇ ਭਾਸ਼ਾ ਵਿਚ ਬਿਆਨ ਕਰਦਾ ਹੈ, ਜਦਕਿ ਉਸ ਖਿਆਲ ਜਾਂ ਸੰਕਲਪ ਵਾਲੀ ਅਸਲ ਚੀਜ਼ ਜਾਂ ਫਿਨੌਮਿਨਾ ਅਜੇ ਹੋਂਦ ਵਿਚ ਨਹੀਂ ਆਇਆ ਹੁੰਦਾ। ਹਵਾਈ ਜਹਾਜ਼ ਦਾ ਖਿਆਲ ਪਹਿਲਾਂ ਸੋਚਿਆ ਤੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ, ਤੇ ਬਾਅਦ ਵਿਚ ਉਸ ਦਾ ਨਕਸ਼ਾ ਬਣਾਇਆ ਅਤੇ ਫਿਰ ਅਸਲ ਬਣਾਇਆ ਗਿਆ। ਪਾਕਿਸਤਾਨ ਦਾ ਖਿਆਲ ਮੁਸਲਮਾਨਾਂ ਵਾਸਤੇ ਬਣਿਆ, ਇਕ ਨੇਸ਼ਨ ਸਟੇਟ ਜਿਸ ਦੇ ਲੋਕਾਂ ਨੂੰ ਇਸਲਾਮ ਉਤੇ ਵਿਸ਼ਵਾਸ ਆਪਸ ਵਿਚ ਜੋੜ ਕੇ ਰੱਖਦਾ ਹੋਵੇ, ਪਹਿਲਾਂ ਸੋਚਿਆ ਗਿਆ ਤੇ ਭਾਸ਼ਾ 'ਚ ਬਿਆਨ ਕੀਤਾ ਗਿਆ, ਫਿਰ ਮੁਸਲਮਾਨਾਂ 'ਚ ਪਹੁੰਚਾਇਆ ਗਿਆ ਤੇ ਮੁਸਲਮਾਨਾਂ ਨੇ ਆਪਣੇ ਕਾਇਦ (ਲੀਡਰ) ਦੀ ਗੱਲ ਸੁਣੀ ਤੇ ਉਸ ਉਤੇ ਚੱਲੇ। ਨਤੀਜੇ ਵਜੋਂ ਪਾਕਿਸਤਾਨ ਬਣਿਆ।

ਇਹ ਕਹਿਣਾ ਗਲਤ ਨਹੀਂ ਕਿ ਕਈ ਨੇਸ਼ਨ ਸਟੇਟ ਦੀ ਹੋਂਦ ਪਹਿਲਾਂ ਤੋਂ ਹੀ ਹੈ, ਜਦਕਿ ਨੇਸ਼ਨ ਸਟੇਟ ਦਾ ਅਮੂਰਤ ਸੰਕਲਪ ਅਜੇ ਉਭਰਿਆ ਨਹੀਂ ਸੀ। ਹੋਂਦ ਸੀ, ਪਰ ਇਨ੍ਹਾਂ ਨੂੰ ਨੇਸ਼ਨ ਸਟੇਟ ਨਹੀਂ ਸੀ ਆਖਿਆ ਜਾਂਦਾ। ਕਈ ਨੇਸ਼ਨ ਸਟੇਟ ਅਜੇ ਹਕੀਕਤ ਵਿਚ ਕਾਇਮ ਹੋਣੇ ਹਨ, ਪਰ ਇਨ੍ਹਾਂ ਦਾ ਖਿਆਲ ਉਨ੍ਹਾਂ ਨੇਸ਼ਨ ਜਾਂ ਕੌਮਾਂ ਦੇ ਲੋਕਾਂ ਦੇ ਮਨਾਂ ਵਿਚ ਵਸਦਾ ਹੈ, ਉਨ੍ਹਾਂ ਦੀ ਸੋਚ ਉਨ੍ਹਾਂ ਦੀ ਸਮੂਹਿਕ ਚੇਤਨਾ ਵਿਚ ਵਸਦਾ ਹੈ।


ਜੋ ਲੋਕ ਖਾਲਿਸਤਾਨ ਜਾਂ ਨੇਸ਼ਨ ਸਟੇਟ ਦੇ ਸੰਕਲਪ ਖਿਲਾਫ ਬੋਲ ਰਹੇ ਹਨ, ਅਸਲ ਵਿਚ ਖਾਲਿਸਤਾਨ ਖਿਲਾਫ ਬੋਲ ਰਹੇ ਹਨ। ਉਹ ਚਾਹੁੰਦੇ ਹਨ ਕਿ ਸਿੱਖ ਇਸ ਖਿਆਲ ਨੂੰ ਆਪਣੀ ਸੋਚ, ਆਪਣੇ ਮਨਾਂ ਵਿਚੋਂ ਕੱਢ ਸੁੱਟਣ। ਖਾਲਿਸਤਾਨ ਦਾ ਖਿਆਲ 1947 ਤੋਂ ਕਈ ਵਰ੍ਹੇ ਪਹਿਲਾਂ ਉਭਰਿਆ, ਪਰ ਇਹ ਖਿਆਲ ਸਿੱਖਾਂ ਦੇ ਮਨਾਂ ਵਿਚ 1984 ਦੇ ਘੱਲੂਘਾਰੇ ਤੋਂ ਬਾਅਦ ਪੱਕੀ ਜੜ੍ਹ ਲਾ ਕੇ ਘਰ ਕਰ ਗਿਆ। 1980 ਦੇ ਦਹਾਕੇ ਵਿਚ ਬਹੁਤ ਸਾਰੇ ਦਸਤਾਵੇਜ਼ ਛਪੇ ਹਨ ਜਿਨ੍ਹਾਂ ਵਿਚ ਖਾਲਿਸਤਾਨ ਦੇ ਖਿਆਲ ਨੂੰ ਹਲੇਮੀ ਰਾਜ ਪ੍ਰਬੰਧ ਵਜੋਂ ਹਕੀਕਤ ਵਿਚ ਇਸ ਦੁਨੀਆਂ ਉਤੇ ਕਾਇਮ ਕਰਨ ਬਾਰੇ ਦੱਸਿਆ ਗਿਆ। ਖਾਲਿਸਤਾਨ ਵਿਚ ਸਿੱਖ ਤੇ ਗੈਰ-ਸਿੱਖ, ਸਭ ਬਰਾਬਰ ਦੇ ਸ਼ਹਿਰੀ ਹੋਣਗੇ, ਸਭ ਨੂੰ ਬਰਾਬਰ ਦੇ ਹੱਕ ਮਿਲਣਗੇ। ਜੋ ਲੋਕ ਖਾਲਿਸਤਾਨ ਦੀ ਭੈੜੀ ਤਸਵੀਰ ਪੇਸ਼ ਕਰ ਕੇ ਸਿੱਖਾਂ ਅਤੇ ਖਾਲਿਸਤਾਨ ਪ੍ਰਤੀ ਡਰ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਜਾਣੇ ਜਾਂ ਅਨਜਾਣੇ ਹਿੰਦੁਤਸਾਨੀ ਆਕਾ/ਮਾਲਿਕ ਦੀ ਸੇਵਾ ਕਰ ਰਹੇ ਹਨ।

ਸ. ਕਮਲਜੀਤ ਸਿੰਘ ਫਰੀਮਾਂਟ ਨੇ ਮੇਰੇ ਪਿਛਲੇ ਲੇਖ 'ਅਜਮੇਰ ਸਿੰਘ ਦੇ ਖਿਆਲਾਂ ਦੀ ਹਕੀਕਤ' ਵਿਚ ਪ੍ਰਗਟਾਏ ਕੁਝ ਵਿਚਾਰਾਂ 'ਤੇ ਕਿੰਤੂ ਕੀਤੇ ਹਨ। ਮੈਂ ਕਿਹਾ ਸੀ ਕਿ ਸਿੱਖ ਜਦ ਵੀ ਰਾਜ ਕਰਨਗੇ, ਉਹ ਗੁਰੂ ਸਾਹਿਬਾਨ ਦੇ ਦੱਸੇ ਮੁਤਾਬਕ ਹਲੇਮੀ ਨੇਸ਼ਨ ਸਟੇਟ ਰਾਜ ਪ੍ਰਬੰਧ ਕਾਇਮ ਕਰਨਗੇ। ਮੈਂ ਇਹ ਗੱਲ ਇਸ ਕਰ ਕੇ ਕਹੀ ਸੀ, ਕਿਉਂਕਿ ਜੋ ਲੋਕ ਖਾਲਿਸਤਾਨ ਦੇ ਸੰਘਰਸ਼ ਵਿਚ ਸ਼ਾਮਲ ਹਨ, ਇਸ ਖਾਤਰ ਜਾਨਾਂ ਵਾਰ ਚੁੱਕੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਦੇ ਸ਼ਬਦਾਂ 'ਤੇ ਵਿਸ਼ਵਾਸ ਹੈ ਕਿ ਸਿੱਖ ਹਲੇਮੀ ਰਾਜ ਕਾਇਮ ਕਰਨਗੇ। ਕੋਈ ਜ਼ਰੂਰੀ ਨਹੀਂ ਕਿ ਜੋ ਸਿੱਖ ਸਿਆਸਤਦਾਨ ਹੁਣ ਨਜ਼ਰ ਆ ਰਹੇ ਹਨ, ਉਦੋਂ ਵੀ ਉਹੀ ਹੋਣ ਜਦ ਖਾਲਿਸਤਾਨ ਕਾਇਮ ਹੋਵੇ।

ਹਲੇਮੀ ਰਾਜ ਦੀ ਗੱਲ ਵੱਖ-ਵੱਖ ਲੋਕਾਂ ਨੇ ਪਹਿਲਾਂ ਵੀ ਬੜੀ ਵਾਰ ਕੀਤੀ ਹੈ। ਇਹ ਕੋਈ ਕਾਲਪਨਿਕ ਰਾਜ ਪ੍ਰਬੰਧ ਨਹੀਂ ਹੈ, ਇਸ ਬਾਰੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਗੁਰੂ ਗ੍ਰੰਥ ਸਾਹਿਬ (ਅੰਗ 74) ਵਿਚ ਦਰਜ ਸ਼ਬਦ ਸਿਰੀ ਰਾਗੁ ਵਿਚ ਇਲਾਹੀ ਹੁਕਮ ਫਰਮਾਉਂਦੇ ਹਨ,

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਵਾਣਦਾ॥
ਸਭ ਸੁਖਾਲੀ ਵੁਠੀਆ ਇਹੁ
ਹੋਆ ਹਲੇਮੀ ਰਾਜੁ ਜੀਉ॥

ਵੱਖ-ਵੱਖ ਸਿਆਸੀ ਧੜਿਆਂ ਦੇ ਇਕ ਨਾ ਹੋਣ ਦੇ ਕਈ ਕਾਰਨ ਹਨ। ਇਕ ਤਾਂ ਖਾਲਿਸਤਾਨ ਕਿਵੇਂ ਹਾਸਲ ਕੀਤਾ ਜਾਵੇ, ਇਸ ਬਾਰੇ ਰਾਏ ਵੱਖ-ਵੱਖ ਹੈ। ਦੂਜਾ ਹਿੰਦੁਤਸਾਨ ਦੀ ਸਰਕਾਰ ਇਨ੍ਹਾਂ ਨੂੰ ਇਕੱਠਿਆਂ ਨਹੀਂ ਹੋਣ ਦਿੰਦੀ। ਹਲੇਮੀ ਰਾਜ ਕੋਈ ਵੱਖ-ਵੱਖ ਨਹੀਂ ਹੈ, ਇਹ ਇਕੋ ਹੀ ਹੈ ਜੋ ਗੁਰੂ ਸਾਹਿਬ ਨੇ ਕਿਹਾ ਹੈ, ਹਲੇਮੀ ਰਾਜ ਕੋਈ ਮੇਰੇ ਇਕੱਲੇ ਵਾਸਤੇ ਨਹੀਂ, ਇਹ ਸਭ ਵਾਸਤੇ ਹੋਵੇਗਾ, ਤੇ ਇਸ ਨੂੰ ਬਣਾਉਣ ਦਾ ਕੰਮ ਇਕ ਬੰਦੇ ਦਾ ਨਹੀਂ, ਸਾਰੇ ਲੋਕ ਭਾਈਵਾਲ ਹੋਣਗੇ।




ਹਿੰਦੁਸਤਾਨ ਦੀ ਸਰਕਾਰ ਸਿੱਖਾਂ ਉਤੇ ਜਬਰ ਤੇ ਜ਼ੁਲਮ ਕਰ ਰਹੀ ਹੈ, ਤੇ ਇਹ ਸਭ ਗੁਲਾਮ ਮਾਨਸਿਕਤਾ ਵਾਲੇ ਉਨ੍ਹਾਂ ਸਿੱਖਾਂ ਤੋਂ ਕਰਵਾ ਰਹੀ ਹੈ ਜੋ ਇਸ ਦੇ ਹੱਥ ਠੋਕੇ ਬਣੇ ਹੋਏ ਹਨ। ਇਹ ਸਮਝਣਾ ਜ਼ਰੂਰੀ ਹੈ ਕਿ ਸਰਕਾਰ ਡਾ. ਮਨਮੋਹਨ ਸਿੰਘ ਜਿਹੇ ਸਿੱਖਾਂ ਨੂੰ ਉਚੇ ਅਹੁਦਿਆਂ ਨਾਲ ਕਿਉਂ ਨਿਵਾਜਦੀ ਹੈ? ਤਾਂ ਜੋ ਸਿੱਖਾਂ ਨੂੰ ਭੁਲੇਖੇ ਵਿਚ ਰੱਖਿਆ ਜਾ ਸਕੇ ਕਿ ਸਿੱਖ ਤਾਂ ਰਾਜ ਕਰ ਰਹੇ ਹਨ, ਉਹ ਗੁਲਾਮ ਨਹੀਂ, ਪਰ ਅਸਲ ਵਿਚ ਸਰਕਾਰ ਗੁਲਾਮ ਮਾਨਸਿਕਤਾ ਵਾਲੇ ਸਿੱਖਾਂ ਨੂੰ ਉਚੇ ਅਹੁਦੇ ਦੇ ਕੇ ਉਨ੍ਹਾਂ ਤੋਂ ਹੀ ਸਿੱਖ ਮਰਵਾਉਂਦੀ ਹੈ। ਇਸ ਦਾ ਸਰਕਾਰ ਨੂੰ ਇਹ ਵੀ ਫਾਇਦਾ ਹੁੰਦਾ ਹੈ ਕਿ ਆਜ਼ਾਦੀ ਪਸੰਦ ਸਿੱਖਾਂ ਦਾ ਗੁੱਸਾ ਸਿੱਖਾਂ 'ਤੇ ਹੀ ਨਿਕਲਦਾ ਹੈ ਅਤੇ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦਾ ਅਸਲ ਦੁਸ਼ਮਣ ਕੌਣ ਹੈ? ਚੇਤੇ ਰਹੇ ਕਿ ਕਬਾਇਲੀ ਮੂਲ ਦੇ ਨਕਸਲੀਆਂ ਨੂੰ ਖਤਮ ਕਰਨ ਖਾਤਰ ਵੀ ਹਿੰਦੁਸਤਾਨ ਸਰਕਾਰ ਨੇ ਕਬਾਇਲੀ ਮੂਲ ਦੇ ਲੋਕਾਂ ਦੀ ਹੀ ਸਲਵਾ ਜੁਡਮ ਬਣਾਈ ਸੀ ਅਤੇ ਉਨ੍ਹਾਂ ਨੂੰ ਹਥਿਆਰ ਦੇ ਕੇ ਆਪਣੇ ਹੀ ਕਬਾਇਲੀ ਭਰਾ ਮਰਵਾਏ ਸਨ।

ਮੈਂ ਆਪਣੇ ਆਈਡਲ ਦੇ ਅੰਧਵਿਸ਼ਵਾਸ ਦੀ ਗੱਲ ਨਹੀਂ ਕੀਤੀ। ਮੈਂ ਕਿਹਾ ਸੀ ਕਿ ਜੇ ਤੁਸੀਂ ਕਿਸੇ ਨੂੰ ਆਪਣਾ ਆਈਡਲ ਮੰਨ ਲੈਂਦੇ ਹੋ (ਜਿਵੇਂ ਕੁਝ ਲੋਕਾਂ ਨੇ ਅਜਮੇਰ ਸਿੰਘ ਨੂੰ ਮੰਨਿਆ ਹੋਇਆ ਹੈ), ਤਾਂ ਤੁਹਾਡੀ ਸੋਚ ਉਸ ਤੋਂ ਅਗਾਂਹ ਨਹੀਂ ਜਾ ਸਕਦੀ। ਸਿੱਖਾਂ ਨੂੰ ਗੁਰੂ ਸਾਹਿਬ ਤੋਂ ਸੇਧ ਲੈਣੀ ਚਾਹੀਦੀ ਹੈ, ਨਾ ਕਿ ਅਜਮੇਰ ਸਿੰਘ ਵਰਗਿਆਂ ਤੋਂ! ਕਮਜ਼ੋਰ ਦਿਲ ਵਾਲੇ ਅਕਸਰ ਸੰਘਰਸ਼ ਨੂੰ ਅੱਧ ਵਿਚਾਲੇ ਹੀ ਛੱਡ ਕੇ ਦੌੜ ਜਾਂਦੇ ਹਨ ਅਤੇ ਦੂਜਿਆਂ ਨੂੰ ਗਲਤ ਕਹਿੰਦੇ ਰਹਿੰਦੇ ਹਨ।

ਕੁਝ ਲੋਕ ਨੇਸ਼ਨ ਸਟੇਟ ਦੇ ਸੰਕਲਪ ਨੂੰ ਘਿਨਾਉਣੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਸਪਾਲ ਸਿੰਘ ਸਿੱਧੂ ਨੇ ਤਾਂ ਇਸ ਨੂੰ ਫਰੈਂਕਇਨਸਟੀਨ ਮੌਂਸਟਰ (ਜੋ ਇਕ ਨਾਵਲ ਦਾ ਕਾਲਪਨਿਕ ਪਾਤਰ ਹੈ) ਦੇ ਬਰਾਬਰ ਠਹਿਰਾ ਦਿੱਤਾ ਹੈ। ਨੇਸ਼ਨ ਸਟੇਟ ਬਾਰੇ ਇਹੋ ਜਿਹੇ ਗਲਤ ਬਿਆਨ ਸੱਚਾਈ ਤੋਂ ਕੋਹਾਂ ਦੂਰ ਹਨ।

ਜਸਪਾਲ ਸਿੰਘ ਦਾ ਲੇਖ 'ਕਨਫਿਊਜ਼ਨ ਅਬਾਊਟ ਨੇਸ਼ਨ ਸਟੇਟ ਇਜ਼ ਡੇਂਜਰਸ ਫਾਰ ਸਿੱਖਜ਼' ਕੋਈ ਭੰਬਲਭੂਸਾ ਦੂਰ ਨਹੀਂ ਕਰਦਾ; ਸਗੋਂ ਇਸ ਨੂੰ ਹੋਰ ਵਧਾਉਂਦਾ ਹੈ। ਉਹ ਨੇਸ਼ਨ ਸਟੇਟ ਦੇ ਸੰਕਲਪ ਨੂੰ ਘਿਨਾਉਣੇ ਦੈਂਤ ਦੇ ਰੂਪ ਵਿਚ ਪੇਸ਼ ਕਰ ਰਹੇ ਹਨ ਅਤੇ ਸਿੱਖਾਂ ਨੂੰ ਸੁਝਾਅ ਦੇ ਰਹੇ ਹਨ ਕਿ ਸਿੱਖ ਹਿੰਦੁਸਤਾਨ ਦੀ ਅਬਾਦੀ ਦਾ ਸਿਰਫ 2 ਫੀਸਦੀ ਹਨ, ਭਾਵ ਸਿੱਖਾਂ ਦਾ ਹਿੰਦੂ ਬਹੁਗਿਣਤੀ ਦੇ ਮੁਕਾਬਲੇ ਜਿੱਤਣ ਦੇ ਕੋਈ ਆਸਾਰ ਨਹੀਂ। ਉਹ ਇਸ਼ਾਰਾ ਕਰ ਰਹੇ ਹਨ ਕਿ ਸਿੱਖਾਂ ਦਾ ਵੱਖਰਾ ਨੇਸ਼ਨ ਸਟੇਟ, ਸਿੱਖਾਂ ਦੇ ਹਿੱਤ ਵਿਚ ਨਹੀਂ ਅਤੇ ਸਿੱਖਾਂ ਨੂੰ ਹਿੰਦੁਸਤਾਨ ਵਿਚ ਖੁਸ਼ੀ ਜਾਂ ਗਮੀ ਨਾਲ ਰਹਿਣਾ ਚਾਹੀਦਾ ਹੈ। ਇਹ ਗੱਲ ਸਾਫ ਹੋਣੀ ਚਾਹੀਦੀ ਹੈ ਕਿ ਸਿੱਖਾਂ ਦੀ ਗਿਣਤੀ ਭਾਵੇਂ ਘੱਟ ਹੈ, ਫਿਰ ਵੀ ਸਿੱਖ ਨੇਸ਼ਨ/ਕੌਮ ਹੈ ਅਤੇ ਸਿੱਖਾਂ ਦਾ ਆਪਣਾ ਸੌਵਰਨ ਸਟੇਟ ਹੋਣਾ ਚਾਹੀਦਾ ਹੈ। ਉਂਜ, ਇਹ ਸਹੀ ਨਹੀਂ ਹੈ ਕਿ ਸਿੱਖ ਘੱਟਗਿਣਤੀ ਹਨ। ਇਹ ਗੱਲ ਧਿਆਨਯੋਗ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਨੇ ਸਿਰ ਮੰਗੇ ਸਨ ਤਾਂ 80,000 ਜਾਂ 100,000 ਦੇ ਕਰੀਬ ਲੋਕਾਂ ਵਿਚੋਂ ਸਿਰਫ 5 ਬੰਦੇ ਹੀ ਸਿਰ ਦੇਣ ਲਈ ਖੜ੍ਹੇ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਖਾਂ ਦੀ ਆਬਾਦੀ ਕੁੱਲ ਅਬਾਦੀ ਦਾ ਸਿਰਫ 11 ਜਾਂ 13 ਫੀਸਦੀ ਸੀ, ਪਰ ਸਿੱਖ ਬਹੁਤ ਵੱਡੇ ਇਲਾਕੇ ਉਤੇ ਰਾਜ ਕਰ ਰਹੇ ਸਨ।

ਹਿੰਦੁਸਤਾਨ ਤੇ ਪਾਕਿਸਤਾਨ 'ਟੂ ਨੇਸ਼ਨ ਥਿਊਰੀ' ਦੇ ਆਧਾਰ ਉਤੇ 1947 ਵਿਚ ਤਦ ਹੋਂਦ ਵਿਚ ਆਏ, ਜਦ ਅੰਗਰੇਜ਼ ਇਸ ਖਿੱਤੇ ਨੂੰ ਛੱਡ ਕੇ ਗਏ; ਪਰ ਹਿੰਦੁਤਸਾਨ ਕੋਈ ਨੇਸ਼ਨ ਸਟੇਟ ਨਹੀਂ ਹੈ, ਕਿਉਂਕਿ ਇਸ ਵਿਚ ਕਈ ਨੇਸ਼ਨ ਹਨ; ਹਿੰਦੁਸਤਾਨ ਵਿਚ ਵੱਖ-ਵੱਖ ਧਰਮਾਂ, ਨਸਲਾਂ ਅਤੇ 23 ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਲੋਕ ਰਹਿੰਦੇ ਹਨ। 1947 ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਬਣਨ ਵੇਲੇ ਹੋਏ ਖੂਨ-ਖਰਾਬੇ ਦਾ ਕਾਰਨ ਹਿੰਦੁਸਤਾਨ ਤੇ ਪਾਕਿਸਤਾਨ ਦਾ ਕਾਇਮ ਹੋਣਾ ਨਹੀਂ ਸੀ, ਸਗੋਂ ਇਸ ਦਾ ਕਾਰਨ ਦੱਬੀ ਹੋਈ ਆਪਸੀ ਨਫਰਤ ਦਾ ਸਾਹਮਣੇ ਆਉਣਾ ਸੀ। ਜਸਪਾਲ ਸਿੰਘ ਦਾ ਇਹ ਕਹਿਣਾ ਕਿ ਖੂਨ-ਖਰਾਬੇ ਦਾ ਕਾਰਨ, ਲੋਕਾਂ ਵਿਚ ਧਾਰਮਿਕ ਨਫਰਤ ਨਹੀਂ ਸੀ, ਕਿਉਂਕਿ ਲੋਕ ਸਦੀਆਂ ਤੋਂ ਸ਼ਾਂਤੀ ਨਾਲ ਰਹਿੰਦੇ ਆ ਰਹੇ ਸਨ, ਬਿਲਕੁਲ ਗਲਤ ਹੈ।

ਜੋ ਸਿੱਖ ਖਾਲਿਸਤਾਨ ਦੀ ਮੰਗ ਕਰ ਰਹੇ ਹਨ, ਉਹ 1940 ਦੇ ਦਹਾਕੇ ਵਿਚ ਨਹੀਂ ਜਿਉਂ ਰਹੇ, ਉਹ ਅੱਜ ਦੀ ਹਕੀਕਤ ਵਿਚ ਜਿਉਂਦਿਆਂ ਖਾਲਿਸਤਾਨ ਦੀ ਮੰਗ ਕਰ ਰਹੇ ਹਨ। 1940 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਦਰਿਆ ਵਿਚ ਬਹੁਤ ਪਾਣੀ ਵਹਿ ਚੁਕਾ ਹੈ; ਜਿਵੇਂ ਜਸਪਾਲ ਸਿੰਘ ਕਹਿ ਰਹੇ ਹਨ। ਉਨ੍ਹਾਂ ਦਾ ਇਸ਼ਾਰਾ ਹੈ ਕਿ ਸਿੱਖਾਂ ਨੂੰ ਵੀ ਅਗਾਂਹ ਦੀ ਸੋਚਣੀ ਚਾਹੀਦੀ ਹੈ। ਹੁਣ ਜਦ ਪਾਣੀ ਦੇ ਵਹਿ ਜਾਣ ਦੀ ਗੱਲ ਤੁਰੀ ਹੀ ਹੈ ਤਾਂ ਦੱਸ ਦੇਈਏ ਕਿ ਕਿੰਨਾ ਪਾਣੀ, ਜਾਂ ਇੰਜ ਕਹੀਏ ਕਿ ਕਿੰਨਾ ਖੂਨ ਵਹਿ ਚੁਕਾ ਹੈ... 1984 ਵਿਚ ਓਪਰੇਸ਼ਨ ਬਲਿਊ ਸਟਾਰ ਹੋਇਆ, ਫਿਰ ਇੰਦਰਾ ਗਾਂਧੀ ਦੇ ਕਤਲ ਪਿਛੋਂ ਪੂਰੇ ਹਿੰਦੁਸਤਾਨ ਵਿਚ ਸਿੱਖਾਂ ਨੂੰ ਮਾਰਿਆ ਗਿਆ, ਓਪਰੇਸ਼ਨ ਵੁਡਰੋਜ਼, ਓਪਰੇਸ਼ਨ ਬਲੈਕ ਥੰਡਰ ਅਤੇ ਵੱਡੇ ਪੈਮਾਨੇ ਉਤੇ ਸਿੱਖਾਂ ਦੇ (ਕਥਿਤ) ਕਤਲ ਕਰ ਕੇ ਸਿੱਖਾਂ ਨੂੰ ਦਬਾਇਆ ਗਿਆ। ਪਰ ਖਾਲਿਸਤਾਨ ਦਾ ਖਿਆਲ ਅੱਜ ਵੀ ਉਨਾ ਹੀ ਅਹਿਮ ਹੈ ਜਿੰਨਾ 1940 ਦੇ ਦਹਾਕੇ ਵਿਚ ਸੀ।

ਜਸਪਾਲ ਸਿੰਘ ਦਾ ਇਹ ਕਹਿਣਾ ਕਿ ਨੇਸ਼ਨ ਸਟੇਟ ਮਾਡਲ ਦੇ ਆਲੋਚਕ ਕਹਿੰਦੇ ਹਨ ਕਿ ਸਿੱਖਾਂ ਕੋਲ ਆਪਣਾ ਰਾਜ ਕਰਨ ਦਾ ਸੰਕਲਪ ਹੈ ਜਿਸ ਨੂੰ ਹਲੇਮੀ ਰਾਜ ਕਹਿੰਦੇ ਹਨ, ਗਲਤ ਹੈ ਕਿਉਂਕਿ ਸਿਰਫ ਆਲੋਚਕ ਹੀ ਨਹੀਂ, ਬਲਕਿ ਜੋ ਲੋਕ ਸੌਵਰਨ ਸਿੱਖ ਨੇਸ਼ਨ ਸਟੇਟ ਦੀ ਮੰਗ ਕਰਦੇ ਹਨ, ਉਹ ਵੀ ਕਹਿੰਦੇ ਹਨ ਕਿ ਸਿੱਖਾਂ ਕੋਲ ਹਲੇਮੀ ਰਾਜ ਦਾ ਸੰਕਲਪ ਹੈ; ਜਿਥੇ ਕੋਈ ਕਿਸੇ ਉਤੇ ਧੱਕਾ ਨਹੀਂ ਕਰਦਾ, ਸਭ ਸ਼ਾਂਤੀ ਨਾਲ ਰਹਿੰਦੇ ਹਨ।

ਜਸਪਾਲ ਸਿੰਘ ਨੇਸ਼ਨ ਸਟੇਟ ਦੇ ਸੈਟਅਪ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਇਹ ਅਜਿਹਾ ਸੈਟਅਪ ਹੈ ਜੋ ਵੱਖਰੀ ਹਸਤੀ, ਵੱਖਰੀ ਹੋਂਦ ਅਤੇ ਘਟਗਿਣਤੀਆਂ ਨੂੰ ਜਾਂ ਤਾਂ ਖਤਮ ਕਰ ਦਿੰਦਾ ਹੈ, ਤੇ ਜਾਂ ਆਪਣੇ ਵਿਚ ਹੀ ਰਲਾ ਕੇ ਹਜ਼ਮ ਕਰ ਜਾਂਦਾ ਹੈ। ਜਿਸ ਸੈਟਅਪ ਦੀ ਗੱਲ ਉਹ ਕਰ ਰਹੇ ਹਨ, ਉਹ ਨੇਸ਼ਨ ਸਟੇਟ ਦਾ ਨਹੀਂ, ਸਰਕਾਰ ਦਾ ਹੈ। ਸਰਕਾਰ ਕੌਣ ਚਲਾਉਂਦਾ ਹੈ, ਕਿਵੇਂ ਚਲਾਉਂਦਾ ਹੈ; ਇਹ ਇਸ 'ਤੇ ਨਿਰਭਰ ਹੈ ਕਿ ਸਰਕਾਰ ਕਿਸ ਤਰ੍ਹਾਂ ਦੀ ਹੈ, ਬਣਾਉਣ ਦਾ ਤਰੀਕਾ ਕੀ ਹੈ, ਬਣਾਉਣ ਵਾਲੇ ਕੌਣ ਹਨ ਤੇ ਇਸ ਨੂੰ ਚਲਾਉਣ ਵਾਲਿਆਂ ਦੀਆਂ ਕਦਰਾਂ-ਕੀਮਤਾਂ, ਵਿਸ਼ਵਾਸ ਤੇ ਧਰਮ ਕਿਹੋ ਜਿਹਾ ਹੈ? ਇਹ ਸੱਚ ਹੈ ਕਿ ਹਿੰਦੂ ਹੋਰ ਕੌਮਾਂ ਦੇ ਲੋਕਾਂ ਨੂੰ ਖਤਮ ਹੀ ਨਹੀਂ ਕਰਦੇ ਰਹੇ, ਬਲਕਿ ਉਨ੍ਹਾਂ ਨੂੰ ਆਪਣੇ ਅੰਦਰ ਸਮਾ ਕੇ ਹਜ਼ਮ ਵੀ ਕਰਦੇ ਰਹੇ ਹਨ। ਇਨ੍ਹਾਂ ਨੇ ਬੋਧੀਆਂ ਅਤੇ ਜੈਨੀਆਂ ਨੂੰ ਤਾਂ ਆਪਣੇ ਵਿਚ ਰਲਾਇਆ ਹੀ ਹੈ, ਬਹੁਤੇ ਨਹੀਂ ਤਾਂ ਥੋੜ੍ਹੇ ਜਿਹੇ ਮੁਸਲਮਾਨਾਂ ਤੇ ਇਸਾਈਆਂ ਨੂੰ ਵੀ ਆਪਣੇ ਵਿਚ ਰਲਾਉਣ ਵਿਚ ਕਾਮਯਾਬ ਰਹੇ ਹਨ। ਹੁਣ ਹਿੰਦੂ ਸਿੱਖਾਂ ਨੂੰ ਆਪਣੇ ਅੰਦਰ ਸਮਾ ਕੇ ਹਜ਼ਮ ਕਰਨਾ ਚਾਹੁੰਦੇ ਸਨ।

ਜਸਪਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਨੂੰ ਨੇਟਿਵ ਰੂਲਰ ਕਹਿੰਦੇ ਹਨ ਜੋ ਪੰਜਾਬ ਵਿਚ ਸ਼ਕਤੀਸ਼ਾਲੀ ਸੌਵਰਨ ਮੁਲਕ ਸਥਾਪਤ ਕਰਨ ਵਿਚ ਕਾਮਯਾਬ ਰਿਹਾ, ਜਦਕਿ ਉਸ ਤੋਂ ਕੋਈ 800 ਸਾਲ ਪਹਿਲਾਂ ਬਾਹਰੋਂ ਆਏ ਮੁਸਲਮਾਨ ਧਾੜਵੀਆਂ ਤੇ ਹਮਲਾਵਾਰਾਂ ਨੇ ਇਥੋਂ ਦੇ ਜੰਮੇ-ਪਲੇ ਨੇਟਿਵ ਰਾਜਿਆਂ ਨੂੰ ਤਖਤਾਂ ਤੋਂ ਲਾਹ ਦਿੱਤਾ ਸੀ। ਅਸਲ ਵਿਚ ਉਹ ਮੁਸਲਮਾਨਾਂ ਖਿਲਾਫ ਨਫਰਤ ਭੜਕਾ ਕੇ ਤੇ ਰਣਜੀਤ ਸਿੰਘ ਨੂੰ ਨੇਟਿਵ ਕਹਿ ਕੇ ਉਸ ਨੂੰ ਹਿੰਦੂ ਫੋਲਡ ਅੰਦਰ ਸਮਾਉਣਾ ਚਾਹੁੰਦੇ ਹਨ ਅਤੇ ਉਸ ਦਾ ਭਾਰਤੀਕਰਨ ਕਰ ਕੇ ਉਸ ਨੂੰ ਖਤਮ ਕਰਨਾ ਚਾਹੁੰਦੇ ਹਨ।

ਇਹ ਕਹਿਣਾ ਗਲਤ ਹੈ ਕਿ ਨੇਸ਼ਨ ਸਟੇਟ ਦਾ ਸੰਕਲਪ ਇੰਪੀਰੀਅਲ ਤਾਕਤਾਂ ਨੇ ਪੱਛਮੀ

*(ਬਾਕੀ ਅਗਲੇ ਸਫੇ 'ਤੇ)*

ਸਿਆਸੀ ਅਤੇ ਸਭਿਆਚਾਰਕ ਕਦਰਾਂ-ਕੀਮਤਾਂ, ਵਿਸ਼ਵਾਸ, ਵਿਚਾਰਧਾਰਾ ਨੂੰ ਨੇਟਿਵਾਂ, ਕੌਮਾਂ ਅਤੇ ਉਨ੍ਹਾਂ ਦੀ ਸਭਿਅਤਾ ਉਤੇ ਥੋਪਣ ਲਈ ਬਣਾਇਆ, ਘੜਿਆ ਤੇ ਅਮਲ ਵਿਚ ਲਿਆਂਦਾ ਤਾਂ ਜੋ ਇਥੋਂ ਦੇ ਆਪਣੇ ਉਭਰੇ ਰਾਜ ਕਰਨ ਦੇ ਤਰੀਕੇ ਬਰਬਾਦ ਕੀਤੇ ਜਾ ਸਕਣ। ਅਸਲ 'ਚ ਯੂਰਪ ਅੰਦਰ ਅਜਿਹੇ ਹਾਲਾਤ ਬਣੇ ਕਿ ਨੇਸ਼ਨ ਸਟੇਟ ਦਾ ਸੰਕਲਪ ਉਭਰਿਆ, ਉਨ੍ਹਾਂ ਇਹ ਸੰਕਲਪ ਬਸਤੀਵਾਦ ਦੇ ਸ਼ਿਕਾਰ ਲੋਕਾਂ ਵਾਸਤੇ ਨਹੀਂ ਬਣਾਇਆ। ਜੇ ਨੇਸ਼ਨ ਸਟੇਟ ਦਾ ਸੰਕਲਪ ਕਦੇ ਵੀ ਨਾ ਉਭਰਦਾ ਤਾਂ ਵੀ ਇੰਪੀਰੀਅਲ ਤਾਕਤਾਂ ਨੇ ਆਪਣੀਆਂ ਸਿਆਸੀ ਅਤੇ ਸਭਿਆਚਾਰਕ ਕਦਰਾਂ-ਕੀਮਤਾਂ, ਵਿਸ਼ਵਾਸਾਂ ਤੇ ਵਿਚਾਰਧਾਰਾ ਨੂੰ ਬਸਤੀਵਾਦ ਦੇ ਸ਼ਿਕਾਰ ਲੋਕਾਂ ਉਤੇ ਥੋਪਣ ਦੀ ਕੋਸ਼ਿਸ਼ ਕਰਨੀ ਹੀ ਸੀ।

ਐਟਮੀ ਹਥਿਆਰਾਂ ਦੇ ਭੰਡਾਰ ਨੇਸ਼ਨ ਸਟੇਟ ਜਾਂ ਨੇਸ਼ਨ ਸਟੇਟ ਦੇ ਸੰਕਲਪ ਕਰ ਕੇ ਇਕੱਠੇ ਨਹੀਂ ਕੀਤੇ ਗਏ, ਸਗੋਂ ਇਹ ਇਸ ਕਰ ਕੇ ਕਿ ਕਈ ਸਟੇਟ ਅਤੇ ਸਭਿਆਤਾਵਾਂ ਦੂਜੇ ਸਟੇਟ ਤੇ ਸਭਿਆਤਾਵਾਂ ਨੂੰ ਖਤਮ ਕਰਨ ਦੀਆਂ ਧਮਕੀਆਂ ਦਿੰਦੇ ਰਹਿੰਦੇ ਹਨ। ਐਟਮੀ ਹਥਿਆਰ ਜਿਸ ਵੀ ਸਟੇਟ ਕੋਲ ਹੁੰਦੇ ਹਨ, ਉਸ ਉਤੇ ਹਮਲਾ ਕਰਨ ਤੋਂ ਪਹਿਲਾਂ ਦੂਸਰਾ ਸਟੇਟ ਸੌ ਵਾਰ ਸੋਚਦਾ ਹੈ।

ਕੋਈ ਵੀ ਸਟੇਟ ਹੋਵੇ, ਭਾਵੇਂ ਉਹ ਨੇਸ਼ਨ ਸਟੇਟ ਹੋਵੇ ਜਾਂ ਨਾ, ਉਸ ਵਿਚ ਉਸ ਨੂੰ ਸਥਿਰ ਤੇ ਅਸਥਿਰ ਕਰਨ ਜਾਂ ਰੱਖਣ ਦੇ ਕਾਰਨ ਮੌਜੂਦ ਹੁੰਦੇ ਹਨ। ਅਸਥਿਰ ਕਰਨ ਵਾਲੇ ਕਾਰਨਾਂ ਦਾ ਹੋਣਾ ਨੇਸ਼ਨ ਸਟੇਟ ਉਤੇ ਨਹੀਂ ਮੜ੍ਹਿਆ ਜਾ ਸਕਦਾ। ਨੇਸ਼ਨ ਦੀ ਹੋਂਦ ਨੇਸ਼ਨ ਸਟੇਟ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦੀ ਹੈ। ਇਕ ਵਾਰ ਜਦ ਨੇਸ਼ਨ ਸਟੇਟ ਬਣ ਜਾਂਦੀ ਹੈ ਤਾਂ ਨੇਸ਼ਨ ਸਟੇਟ ਨੂੰ ਚਲਾਉਂਦੀ ਹੈ, ਨਾ ਕਿ ਸਟੇਟ ਨੇਸ਼ਨ ਨੂੰ। ਸਟੇਟ ਦਾ ਕੌਮਵਾਦ ਨੂੰ ਹੱਲਾਸ਼ੇਰੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਸਟੇਟ ਦਾ ਸਾਰਾ ਕੰਮ ਕਾਜ ਤਾਂ ਨੇਸ਼ਨ ਚਲਾ ਰਿਹਾ ਹੁੰਦਾ ਹੈ।

ਜਸਪਾਲ ਸਿੰਘ ਦਾ ਇਹ ਕਹਿਣਾ ਕਿ ਅੱਜ ਦਾ ਨੇਸ਼ਨ ਸਟੇਟ ਅਤੇ ਇਸ ਦੇ ਨਾਲ ਹੀ ਚੱਲਣ ਵਾਲਾ ਜਮਹੂਰੀ ਨਿਜ਼ਾਮ, ਹਮੇਸ਼ਾ ਹੀ ਨੇਸ਼ਨ ਨੂੰ ਬਣਾਉਣ ਦੇ ਕੰਮ ਨੂੰ ਹੀ ਪਹਿਲਾਂ ਅਤੇ ਜ਼ਰੂਰੀ ਪੜਾਅ ਲੈ ਕੇ ਚਲਦਾ ਹੈ, ਗਲਤ ਹੈ ਕਿਉਂਕਿ ਨੇਸ਼ਨ ਤਾਂ ਪਹਿਲਾਂ ਤੋਂ ਹੀ ਹੈ ਅਤੇ ਨੇਸ਼ਨ ਸਟੇਟ ਪਿਛੋਂ ਬਣੀ ਹੈ। ਦੂਸਰੀ ਗੱਲ, ਨੇਸ਼ਨ ਸਟੇਟ ਦਾ ਨਿਜ਼ਾਮ ਅੱਜ ਦੇ ਦੌਰ ਵਿਚ ਵੀ ਗੈਰ-ਜਮਹੂਰੀ ਹੋ ਸਕਦਾ ਹੈ ਅਤੇ ਇਸ ਦਾ ਜਮਹੂਰੀ ਹੋਣਾ ਕੋਈ ਜ਼ਰੂਰੀ ਨਹੀਂ।

ਹਿੰਦੁਸਤਾਨ ਵਿਚ ਵਾਰ-ਵਾਰ ਬਹੁਗਿਣਤੀ ਹਿੰਦੂ ਰੌਲਾ ਪਾਉਂਦੇ ਹਨ ਕਿ ਉਨ੍ਹਾਂ ਨੇ ਇਕਸਾਰ ਸਿਵਲ ਕੋਡ ਬਣਾਉਣਾ ਹੈ ਜੋ ਅਸਲ ਵਿਚ ਮੁਸਲਿਮ ਪਰਸਨਲ ਲਾਅ ਖਤਮ ਕਰਨ ਦੀ ਹੀ ਗੱਲ ਹੈ ਤਾਂ ਜੋ ਮੁਸਲਮਾਨਾਂ ਉਤੇ ਵੀ ਹਿੰਦੂ ਆਪਣੇ ਹੀ ਬਣਾਏ ਹੋਏ ਕਾਨੂੰਨ ਥੋਪ ਸਕਣ।

'ਕਰੂਸੇਡ' (ਜਹਾਦ, ਧਰਮ ਯੁੱਧ) ਸ਼ਬਦ ਉਸ ਤਰ੍ਹਾਂ ਨਹੀਂ ਵਰਤਿਆ ਜਾ ਸਕਦਾ ਜਿਸ ਤਰ੍ਹਾਂ ਜਸਪਾਲ ਸਿੰਘ ਉਸ ਨੂੰ ਹਿਟਲਰ ਦੇ ਰਾਜ ਸਮੇਂ ਜਦ ਨਾਜ਼ੀ ਪਾਰਟੀ ਵਾਲਿਆਂ ਦਾ ਰਾਜ ਸੀ, ਤਦ 60 ਲੱਖ ਯਹੂਦੀਆਂ ਦੇ ਮਾਰੇ ਜਾਣ ਨੂੰ 'ਕਰੂਸੇਡ' ਕਹਿ ਰਹੇ ਸਨ। 'ਕਰੂਸੇਡ' ਤਾਂ 11ਵੀਂ, 12ਵੀਂ ਅਤੇ 13ਵੀਂ ਸਦੀ ਵਿਚ ਹੋਏ, ਜਦ ਯੂਰਪੀਨਾਂ ਨੇ ਯੋਰੋਸ਼ਲਮ ਦੀ ਧਰਤੀ ਨੂੰ ਮੁਸਲਮਾਨਾਂ ਦੇ ਕਬਜ਼ੇ ਤੋਂ ਛੁਡਾ ਕੇ ਖੁਦ ਕਾਬਜ਼ ਹੋਣ ਦੀ ਕੋਸ਼ਿਸ਼ ਕੀਤੀ।

ਇੰਜ ਕਹਿਣਾ ਕਿ ਨਾਜ਼ੀਆਂ ਨੇ ਚੋਣਾਂ ਰਾਹੀਂ ਸੱਤਾ ਹਾਸਲ ਕਰ ਕੇ ਜਮਹੂਰੀਅਤ ਵਿਚ ਆਪਣਾ ਯਕੀਨ ਦ੍ਰਿੜਾਇਆ, ਗਲਤ ਹੈ। ਨਾਜ਼ੀਆਂ ਨੇ ਭਾਵੇਂ ਚੋਣਾਂ ਵਿਚ ਹਿੱਸਾ ਲਿਆ, ਪਰ ਉਹ ਕਦੇ ਵੀ ਬਹੁਮਤ ਨਾਲ ਨਾ ਜਿੱਤ ਸਕੇ। ਨਾਜ਼ੀ ਪਾਰਟੀ ਨੂੰ ਸਿਰਫ 37% ਵੋਟਾਂ ਪਈਆਂ ਅਤੇ ਉਹ 608 'ਚੋਂ ਸਿਰਫ 230 ਸੀਟਾਂ ਹੀ ਜਿੱਤ ਸਕੇ। ਉਨ੍ਹਾਂ ਕੋਲ ਹਿਟਲਰ ਨੂੰ ਚਾਂਸਲਰ ਬਣਾਉਣ ਦਾ ਬਹੁਮਤ ਨਹੀਂ ਸੀ। ਹਿਟਲਰ ਸਾਜਿਸ਼ ਜ਼ਰੀਏ ਚਾਂਸਲਰ ਬਣਿਆ ਸੀ ਤੇ ਬਾਅਦ 'ਚ ਜਰਮਨੀ ਦੇ ਜਮਹੂਰੀ ਨਿਜ਼ਾਮ ਨੂੰ ਤਾਨਾਸ਼ਾਹੀ ਵਿਚ ਬਦਲ ਦਿੱਤਾ।

ਇਹ ਕਹਿਣਾ ਵੀ ਗਲਤ ਹੈ ਕਿ ਨੇਸ਼ਨ ਸਟੇਟ ਦੇ ਰਾਜ ਪ੍ਰਬੰਧ ਦੇ ਮਾਡਲ ਨੇ ਯੂਰਪੀ ਮੁਲਕਾਂ ਨੂੰ ਦੁਨੀਆਂ ਵਿਚ ਆਪਣੀਆਂ ਬਸਤੀਆਂ ਬਣਾਉਣ 'ਚ ਮਦਦ ਕੀਤੀ। ਜੇ ਬਸਤੀਵਾਦ ਨੂੰ ਨੇਸ਼ਨ ਸਟੇਟ ਨੇ ਬਣਾਉਣ ਵਿਚ ਕੋਈ ਮਦਦ ਕੀਤੀ ਹੁੰਦੀ ਤਾਂ ਯੂਰਪੀ ਨੇਸ਼ਨ ਸਟੇਟ ਤਾਂ ਉਦੋਂ ਵੀ ਸਨ ਜਦ ਬਸਤੀਵਾਦ ਖਤਮ ਹੋਇਆ, ਫਿਰ ਤਾਂ ਬਸਤੀਵਾਦ ਖਤਮ ਹੀ ਨਾ ਹੁੰਦਾ।

ਜਸਪਾਲ ਸਿੰਘ ਦਾ ਇਹ ਕਹਿਣਾ ਗਲਤ ਹੈ ਕਿ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਹੁਗਿਣਤੀ ਦੇ ਰਾਜ ਦਾ ਪ੍ਰਤੀਨਿਧੀ ਹੈ। ਉਸ ਦੀ ਪਾਰਟੀ ਨੂੰ ਸਿਰਫ 31 ਫੀਸਦੀ ਵੋਟਾਂ ਮਿਲੀਆਂ ਸਨ। ਉਸ ਨੂੰ ਆਰ.ਐਸ.ਐਸ/ਬੀ.ਜੇ.ਪੀ. ਨੇ ਪ੍ਰਧਾਨ ਮੰਤਰੀ ਦਾ ਉਮੀਦਵਾਰ ਇਸ ਕਰ ਕੇ ਬਣਾਇਆ ਕਿ ਉਸ ਨੇ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਨੂੰ ਮਰਵਾਇਆ ਸੀ। ਹਿੰਦੂ ਰਾਸ਼ਟਰ ਨੇਸ਼ਨ ਸਟੇਟ ਦੀ ਕਿਸਮ ਨਹੀਂ, ਬਲਕਿ ਇਹ ਫਾਸ਼ੀਵਾਦੀ ਸਟੇਟ ਦੀ ਹਿੰਦੂਤਵੀ ਕਿਸਮ ਹੈ। ਹਿੰਦੁਸਤਾਨ 'ਚ ਹਿੰਦੂਆਂ ਦੀ ਧਾਰਮਿਕ ਬਹੁਗਿਣਤੀ ਤਾਂ ਹੈ, ਪਰ ਐਥਨਿਕ (ਨਸਲੀ) ਬਹੁਗਿਣਤੀ ਨਹੀਂ ਹੈ, ਕਿਉਂਕਿ ਹਿੰਦੁਸਤਾਨ ਵਿਚ ਇੰਨੇ ਜ਼ਿਆਦਾ ਐਥਨਿਕ ਗਰੁਪ ਹਨ ਕਿ ਕਿਸੇ ਦੀ ਵੀ, ਕਦੇ ਵੀ ਇਥੇ ਬਹੁਗਿਣਤੀ ਨਹੀਂ ਹੋ ਸਕਦੀ। ਕਿਸੇ ਵੀ ਵਿਚਾਰਧਾਰਾ ਨੂੰ ਵੱਡੇ (ਜਾਂ ਛੋਟੇ) ਪੈਮਾਨੇ ਉਤੇ ਕਤਲੋਗਾਰਤ ਕਰ ਕੇ ਮਜ਼ਬੂਤ ਨਹੀਂ ਕੀਤਾ ਜਾ ਸਕਦਾ। ਇਸ ਕਰ ਕੇ ਜਸਪਾਲ ਸਿੰਘ ਦਾ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਨਵੰਬਰ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਅਤੇ 2002 ਵਿਚ ਗੁਜਰਾਤ ਅੰਦਰ ਮੁਸਲਮਾਨਾਂ ਦੀ ਕਤਲੋਗਾਰਤ ਵਿਚ ਹਿੰਦੁਸਤਾਨ ਸਟੇਟ ਦੀ ਸਾਫ ਤੌਰ 'ਤੇ ਸ਼ਮੂਲੀਅਤ ਨੇ 'ਹਿੰਦੂ ਐਥਨਿਕ ਬਹੁਗਿਣਤੀ' ਦੇ 'ਹਿੰਦੂਤਵੀ' ਵਿਚਾਰਧਾਰਾ ਦੇ ਸਿਆਸੀ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ ਹੈ। ਜਸਪਾਲ ਸਿੰਘ ਨਵੰਬਰ 1984 ਵਿਚ ਸਿੱਖਾਂ ਦੀ ਕਤਲੋਗਾਰਤ ਨੂੰ ਤਾਂ ਨਸਲਕੁਸ਼ੀ ਮੰਨਦੇ ਹਨ, ਪਰ ਉਹ ਜੂਨ 1984 ਵਿਚ ਸਿੱਖਾਂ ਦੀ ਕੀਤੀ ਗਈ ਕਤਲੋਗਾਰਤ ਅਤੇ 1980 ਤੇ 1990 ਦੇ ਦਹਾਕਿਆਂ ਵਿਚ ਸਿੱਖਾਂ ਦੀ ਕਤਲੋਗਾਰਤ ਨੂੰ ਨਸਲਕੁਸ਼ੀ ਨਹੀਂ ਮੰਨਦੇ। ਜਸਪਾਲ ਸਿੰਘ ਇਹ ਗੱਲ ਗਲਤ ਕਹਿ ਰਹੇ ਹਨ ਕਿ ਨੇਸ਼ਨ ਸਟੇਟ ਅਤੇ ਇਸ ਦੇ ਜਮਹੂਰੀ ਨਿਜ਼ਾਮ ਨੂੰ ਲੋਕਾਂ ਨੂੰ ਦਬਾਉਣ ਅਤੇ ਮਾਰਨ ਵਾਸਤੇ ਸੰਦ ਵਜੋਂ ਵਰਤਿਆ ਜਾਂਦਾ ਹੈ, ਕਿਉਂਕਿ 1984 ਅਤੇ ਇਸ ਤੋਂ ਬਾਅਦ ਕੀਤੀ ਸਿੱਖਾਂ ਦੀ ਨਸਲਕੁਸ਼ੀ ਨੂੰ ਕਿਸੇ ਵੀ ਤਰ੍ਹਾਂ ਜਮਹੂਰੀ ਨਿਜ਼ਾਮ ਦੁਆਰਾ ਕੀਤਾ ਗਿਆ ਨਹੀਂ ਕਿਹਾ ਜਾ ਸਕਦਾ। ਇਹ ਸਵਾਲ ਪੁੱਛਣਾ ਬਣਦਾ ਹੈ ਕਿ ਕੀ ਹਿੰਦੁਸਤਾਨ ਵਾਕਈ ਜਮਹੂਰੀ ਸਟੇਟ ਹੈ? ਕਿਉਂਕਿ ਸਿਰਫ ਚੋਣਾਂ ਕਰਾਉਣ ਨਾਲ ਹੀ ਜਮਹੂਰੀਅਤ ਨਹੀਂ ਬਣ ਜਾਂਦੀ।

ਸਿੱਖ ਧਰਮ ਵਿਚ ਬਰਾਬਰੀ ਅਤੇ ਸਭ ਨਾਲ ਰਲ-ਮਿਲ ਕੇ ਰਹਿਣ ਦੀ ਗੱਲ ਤਾਂ ਹੈ, ਪਰ ਆਪਣੀ ਆਜ਼ਾਦੀ ਅਤੇ ਖੁਦਮੁਖਤਿਆਰੀ ਨੂੰ ਗਵਾਉਣ ਦੀ ਕੀਮਤ 'ਤੇ ਹੋਰਾਂ ਨਾਲ ਰਲ-ਮਿਲ ਕੇ ਨਹੀਂ ਰਿਹਾ ਜਾ ਸਕਦਾ।

ਜਸਪਾਲ ਸਿੰਘ ਨੇਸ਼ਨ ਸਟੇਟ ਦੇ ਸੰਕਲਪ ਨੂੰ ਸਿੱਖਾਂ ਵਾਸਤੇ ਬੇਗਾਨਾ ਸਮਝਦੇ ਹਨ, ਕਿਉਂਕਿ ਸਿੱਖਾਂ ਦਾ ਧਰਮ ਤਾਂ ਕੁਦਰਤ ਵਿਚ ਵੰਨ-ਸੁਵੰਨਤਾ ਪ੍ਰਵਾਨ ਕਰਦਾ ਹੈ ਅਤੇ ਕਿਸੇ ਉਤੇ ਕੁਝ ਵੀ ਜ਼ਬਰਦਸਤੀ ਥੋਪਣ ਦੇ ਖਿਲਾਫ ਹੈ, ਪਰ ਇਹ ਗੱਲ ਵੀ ਸਾਫ ਹੋਣੀ ਚਾਹੀਦੀ ਹੈ ਕਿ ਨੇਸ਼ਨ ਸਟੇਟ ਦਾ ਸੰਕਲਪ ਸਰਵਵਿਆਪੀ ਹੈ ਜੋ ਸਾਰੀ ਦੁਨੀਆਂ ਦੇ ਲੋਕਾਂ ਵਾਸਤੇ ਹਨ, ਇਹ ਸਿੱਖਾਂ ਵਾਸਤੇ ਕੋਈ ਬੇਗਾਨਾ ਨਹੀਂ ਹੈ ਅਤੇ ਨਾ ਹੀ ਇਹ ਕੋਈ ਸਰਾਪ ਹੈ। ਸਿੱਖਾਂ ਦੇ ਮਨਾਂ ਵਿਚ ਸੌਵਰਨਿਟੀ ਅਤੇ ਨੇਸ਼ਨ ਸਟੇਟ ਦੇ ਸੰਕਲਪਾਂ ਬਾਰੇ ਕੋਈ ਭਰਮ-ਭੁਲੇਖਾ ਜਾਂ ਉਲਝਣ ਨਹੀਂ ਹੈ; ਬਲਕਿ ਅਜਮੇਰ ਸਿੰਘ, ਜਸਪਾਲ ਸਿੰਘ ਸਿੱਧੂ ਅਤੇ ਇਨ੍ਹਾਂ ਵਰਗੇ ਅਜਮੇਰ ਸਿੰਘ ਦੇ ਕੁਝ ਹੋਰ ਹਮਾਇਤੀ ਜੋ ਖੁਦ ਭਰਮ-ਭੁਲੇਖੇ ਅਤੇ ਉਲਝਣਾਂ ਦੇ ਸ਼ਿਕਾਰ ਹਨ, ਇਹ ਸਭ ਆਪਣੀਆਂ ਲਿਖਤਾਂ ਰਾਹੀਂ ਹੋਰ ਸਿੱਖਾਂ ਨੂੰ ਵੀ ਭਰਮ-ਭੁਲੇਖਿਆਂ ਅਤੇ ਉਲਝਣਾਂ ਵਿਚ ਪਾਉਣਾ ਚਾਹੁੰਦੇ ਹਨ। ਜਦ ਜਸਪਾਲ ਸਿੰਘ ਇਹ ਕਹਿੰਦੇ ਹਨ ਕਿ ਸਿੱਖ ਸੌਵਰਨਿਟੀ ਦਾ ਸੰਕਲਪ ਸਿੱਖਾਂ ਦੀ ਪਾਤਸ਼ਾਹੀ ਦੀ ਧਾਰਨਾ ਅੰਦਰ ਸਮਾਇਆ ਹੋਇਆ ਹੈ ਅਤੇ ਇਹ ਆਧੁਨਿਕ ਸੌਵਰਨਿਟੀ ਦੇ ਖਿਆਲ, ਜੋ ਪੱਛਮੀ ਨੇਸ਼ਨ ਸਟੇਟ ਦੇ ਅਮਲ ਵਿਚੋਂ ਨਿਕਲਿਆ ਹੈ, ਨਾਲੋਂ ਬਿਲਕੁਲ ਹੀ ਵੱਖਰਾ ਹੈ, ਤਦ ਉਹ ਅਸਲ ਵਿਚ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖਾਂ ਨੂੰ ਸੌਵਰਨਿਟੀ ਦੀ ਚਾਹਤ ਜਾਂ ਉਮੀਦ ਨਹੀਂ ਰੱਖਣੀ ਚਾਹੀਦੀ, ਬਲਕਿ ਪਾਤਸ਼ਾਹੀ ਦੀ ਚਾਹਤ ਹੀ ਰੱਖਣ, ਜੋ ਉਨ੍ਹਾਂ ਮੁਤਾਬਕ ਸੌਵਰਨਿਟੀ ਨਾਲੋਂ ਬਿਲਕੁਲ ਵੱਖਰੀ ਹੈ। ਇਕ ਪਾਸੇ ਉਹ ਸਿੱਖ ਸੌਵਰਨਿਟੀ ਦੇ ਸੰਕਲਪ ਦੀ ਗੱਲ ਕਰਦੇ ਹਨ, ਦੂਜੇ ਪਾਸੇ ਕਹਿੰਦੇ ਹਨ ਕਿ ਸੌਵਰਨਿਟੀ ਦਾ ਖਿਆਲ ਪੱਛਮੀ ਨੇਸ਼ਨ ਸਟੇਟ ਦੇ ਅਮਲ ਵਿਚੋਂ ਨਿਕਲਿਆ ਹੈ। ਸੌਵਰਨਿਟੀ ਨੇਸ਼ਨ ਸਟੇਟ ਦੇ ਸੰਕਲਪ ਨਾਲੋਂ ਬਿਲਕੁਲ ਵੱਖਰੀ ਹੈ, ਇਹੋ ਜਿਹੀ ਕੋਈ ਗੱਲ ਨਹੀਂ ਕਿ ਸੌਵਰਨਿਟੀ ਨੇਸ਼ਨ ਸਟੇਟ ਦੇ ਸੰਕਲਪ ਵਿਚੋਂ ਨਿਕਲੀ ਹੋਵੇ। ਜਦ ਰਾਜਸ਼ਾਹੀ ਸੀ, ਤਦ ਵੀ ਸੌਵਰਨਿਟੀ ਸੀ। ਤਦ ਰਾਜਾ ਸੌਵਰਨ ਕਹਾਉਂਦਾ ਸੀ। ਰਾਜਾ ਹੀ ਸੌਵਰਨਿਟੀ ਦੇ ਸਾਰੇ ਹੱਕ ਵਰਤਦਾ ਸੀ। ਜਦ ਰਾਜਿਆਂ ਦੇ ਰਾਜ ਨਹੀਂ ਰਹੇ ਤਾਂ ਸੌਵਰਨਿਟੀ ਦੇ ਇਹ ਸਾਰੇ ਹੱਕ ਅਤੇ ਤਾਕਤ ਵੱਖ-ਵੱਖ ਕੌਮਾਂ ਦੇ ਲੋਕਾਂ ਕੋਲ ਆ ਗਈ। ਹੁਣ ਕੁਝ ਕੌਮਾਂ ਸੌਵਰਨ ਹਨ ਅਤੇ ਕੁਝ ਕੌਮਾਂ ਹੋਰਾਂ ਦੇ ਅਧੀਨ ਹੋਣ ਕਰ ਕੇ ਸੌਵਰਨਿਟੀ ਦੇ ਹੱਕ ਤੇ ਤਾਕਤ ਇਸਤੇਮਾਲ ਕਰਨ ਵਿਚ ਅਸਮਰਥ ਹਨ, ਇਸੇ ਕਰ ਕੇ ਇਹ ਆਪਣੀ ਬਿਹਤਰੀ ਦੇ ਕਾਰਜ ਨਹੀਂ ਕਰ ਸਕਦੀਆਂ। ਸਿੱਖਾਂ ਨੂੰ ਆਪਣੇ ਉਜਲ ਭਵਿੱਖ ਲਈ ਸੌਵਰਨਿਟੀ ਚਾਹੀਦੀ ਹੈ।

ਜਸਪਾਲ ਸਿੰਘ, ਅਜਮੇਰ ਸਿੰਘ ਨੂੰ ਸਲਾਹ ਦੇ ਰਹੇ ਹਨ ਕਿ ਉਹ ਨੇਸ਼ਨ ਸਟੇਟ ਬਾਰੇ ਹੋਰ ਵਿਸਥਾਰ ਨਾਲ ਲਿਖਣ, ਅਸਲ ਵਿਚ ਉਹ ਇਹ ਕਹਿ ਰਹੇ ਹਨ ਕਿ ਨੇਸ਼ਨ ਸਟੇਟ ਦਾ ਦੈਂਤ ਜਾਂ ਰਾਖਸ਼ ਵਾਲਾ ਘਿਨਾਉਣਾ ਰੂਪ ਪੇਸ਼ ਕਰਨ, ਤਾਂ ਜੋ ਸਿੱਖ ਉਸ ਤੋਂ ਡਰ ਜਾਣ ਅਤੇ ਆਪਣੀ ਨੇਸ਼ਨ ਸਟੇਟ ਹਾਸਲ ਕਰਨ ਬਾਰੇ ਸੋਚਣ ਵੀ ਨਾ।

ਇਥੇ ਇਕ ਕਹਾਣੀ ਦੱਸਣੀ ਬਣਦੀ ਹੈ ਤਾਂ ਜੋ ਲੋਕਾਂ ਨੂੰ ਇਹ ਸਮਝ ਆ ਜਾਵੇ ਕਿ ਹੁਣ ਹੋ ਕੀ ਰਿਹਾ ਹੈ। ਇਹ ਕਹਾਣੀ ਜਰਮਨੀ ਦੇ ਸ਼ਹਿਰ ਹੈਮਲਿਨ ਨਾਲ ਸਬੰਧਤ ਇਕ ਪਾਈਡ ਪਾਈਪਰ ਦੀ ਹੈ। ਇਹ ਕਹਾਣੀ 13ਵੀਂ ਸਦੀ ਤੋਂ ਪਹਿਲਾਂ ਦੀ ਹੈ ਅਤੇ ਹੁਣ ਲੋਕ-ਗਾਥਾ ਬਣ ਚੁਕੀ ਹੈ। ਹੈਮਲਿਨ ਸ਼ਹਿਰ ਵਿਚ ਬਹੁਤ ਜ਼ਿਆਦਾ ਚੂਹੇ ਹੋ ਗਏ ਅਤੇ ਸ਼ਹਿਰ ਵਾਲਿਆਂ ਨੂੰ ਚੂਹਿਆਂ ਤੋਂ ਖਹਿੜਾ ਛੁਡਾਉਣਾ ਬਹੁਤ ਔਖਾ ਹੋ ਗਿਆ। ਉਨ੍ਹਾਂ ਇਕ ਬੰਸਰੀਵਾਦਕ (ਪਾਈਡ ਪਾਈਪਰ) ਨਾਲ ਚੂਹਿਆਂ ਤੋਂ ਖਹਿੜਾ ਛੁਡਾਉਣ ਦਾ ਠੇਕਾ ਕਰ ਲਿਆ। ਉਹ ਇੰਨੀ ਵਧੀਆ ਧੁਨ ਕੱਢਦਾ ਸੀ ਕਿ ਚੂਹੇ ਧੁਨ ਸੁਣਨ ਉਸ ਕੋਲ ਆ ਜਾਂਦੇ। ਉਸ ਨੇ ਠੇਕਾ ਮਿਲਣ ਬਾਅਦ ਧੁਨ ਵਜਾਈ। ਉਹ ਸ਼ਹਿਰ ਦੀਆਂ ਸਾਰੀਆਂ ਗਲੀਆਂ ਵਿਚ ਘੁੰਮਿਆ ਅਤੇ ਚੂਹੇ ਘਰਾਂ ਵਿਚੋਂ ਨਿਕਲ ਕੇ ਉਸ ਦੇ ਮਗਰ-ਮਗਰ ਹੋ ਤੁਰੇ। ਉਹ ਸ਼ਹਿਰ ਵਿਚੋਂ ਬਾਹਰ ਨਿਕਲ ਪਹਾੜੀ ਦੇ ਪਾਰ ਦਰਿਆ ਵੱਲ ਚਲਾ ਗਿਆ ਤੇ ਦਰਿਆ ਦੇ ਪਾਣੀ ਵਿਚ ਖੜ੍ਹਾ ਹੋ ਕੇ ਵੀ ਆਪਣੀ ਬੰਸਰੀ ਵਜਾਉਂਦਾ ਰਿਹਾ। ਸਾਰੇ ਚੂਹੇ ਉਸ ਦੇ ਮਗਰੇ ਮਗਰ ਦਰਿਆ ਦੇ ਪਾਣੀ ਵਿਚ ਕੁੱਦ ਪਏ ਅਤੇ ਡੁੱਬ ਕੇ ਮਰ ਗਏ। ਇਉਂ ਪਾਈਡ ਪਾਈਪਰ ਨੇ ਹੈਮਲਿਨ ਸ਼ਹਿਰ ਦਾ ਚੂਹਿਆਂ ਤੋਂ ਖਹਿੜਾ ਛੁਡਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਸ਼ਹਿਰ ਵਾਲੇ ਉਸ ਨੂੰ ਪੈਸੇ ਦੇਣ ਤੋਂ ਮੁਕਰ ਗਏ ਅਤੇ ਉਸ ਨੇ ਆਪਣੇ ਬਣਦੇ ਪੈਸੇ ਵੱਖਰਾ ਪੈਂਤੜਾ ਵਰਤ ਕੇ ਵਸੂਲੇ।

ਹੁਣ ਜੋ ਅਜਮੇਰ ਸਿੰਘ ਕਰ ਰਿਹਾ ਹੈ, ਉਹ ਅਸਲ ਵਿਚ ਆਪਣੀਆਂ ਕਿਤਾਬਾਂ, ਭਾਸ਼ਣਾਂ ਅਤੇ ਇੰਟਰਵਿਊਆਂ ਰਾਹੀਂ ਧੁਨ ਵਜਾ ਰਿਹਾ ਹੈ, ਕੁਝ ਲੋਕ ਉਸ ਦੀ ਧੁਨ ਸੁਣ ਕੇ ਉਸ ਦੇ ਪਿੱਛੇ ਹੋ ਤੁਰੇ ਹਨ।

ਨੇਸ਼ਨ ਸਟੇਟ ਦੇ ਅਮੂਰਤ ਸੰਕਲਪ ਖਿਲਾਫ ਇਹ ਜੋ ਇੰਨਾ ਰੌਲਾ ਰੱਪਾ ਪਾ ਕੇ ਕੂੜ ਪ੍ਰਚਾਰ ਕਰਨ ਦੇ ਯਤਨ ਅਤੇ ਕੋਸ਼ਿਸ਼ ਹੋ ਰਹੀ ਹੈ, ਇਸ ਦਾ ਅਸਲ ਮੰਤਵ ਸਿੱਖਾਂ ਦੀ ਅਗਲੀ ਪੀੜ੍ਹੀ ਨੂੰ ਸਿੱਖੀ ਅਤੇ ਖਾਲਿਸਤਾਨ ਦੇ ਖਿਆਲ ਤੋਂ ਦੂਰ ਕਰਨਾ ਹੈ।

# ਖਾਲਿਸਤਾਨ, ਜ਼ੋਰ-ਜਬਰ ਅਤੇ ਪਰਦੇਸਾਂ ਵਿਚਲੀ ਸਿਆਸਤ

'ਵਿਚਾਰ ਚਰਚਾ' ਤਹਿਤ ਸ. ਅਜਮੇਰ ਸਿੰਘ ਵੱਲੋਂ ਖਾਲਿਸਤਾਨੀਆਂ ਬਾਰੇ ਕੀਤੀ ਟਿੱਪਣੀ ਤੋਂ ਬਾਅਦ ਬੜੇ ਸੁਘੜ ਸਿਆਣਿਆਂ ਦੇ ਵਿਚਾਰ ਪੜ੍ਹਨ ਨੂੰ ਮਿਲ ਰਹੇ ਹਨ। ਇਸ ਲੜੀ ਵਿਚ ਸ. ਹਜ਼ਾਰਾ ਸਿੰਘ ਮਿਸੀਸਾਗਾ, ਮਾਸਟਰ ਦੀਵਾਨ ਸਿੰਘ ਤੇ ਡਾ. ਗੁਰਨਾਮ ਕੌਰ ਕੈਨੇਡਾ ਨੇ ਆਮ ਆਦਮੀ, ਆਮ ਸਿੱਖ, ਉਚ-ਵਿਦਿਆ ਪ੍ਰਾਪਤ ਸਿੱਖ ਧਰਮ ਦੇ ਮਾਹਿਰ ਵਜੋਂ ਗੱਲ ਕੀਤੀ ਹੈ। ਬਜ਼ੁਰਗ ਹਾਕਮ ਸਿੰਘ ਜਿਨ੍ਹਾਂ ਨੇ 1947 ਤੋਂ ਪਹਿਲਾਂ ਦੇ ਦਿਨ ਵੀ ਹੰਢਾਏ ਹਨ, ਨੂੰ ਪ੍ਰਤੀਨਿਧਤਾ ਦਿੱਤੀ ਗਈ। ਡਾ. ਗੁਰਨਾਮ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਵਜੋਂ ਅਹੁਦੇ ਦੀ ਜ਼ਿੰਮੇਵਾਰੀ ਨਿਭਾਈ ਹੈ, ਇਸ ਲਈ ਉਨ੍ਹਾਂ ਨੂੰ ਸਿੱਖ ਧਰਮ ਤੇ ਫਲਸਫੇ ਬਾਰੇ ਡੂੰਘੀ ਜਾਣਕਾਰੀ ਹੈ, ਜੇ ਕਿਹਾ ਜਾਵੇ ਕਿ ਇਕ ਸਿੱਖ ਵਜੋਂ ਉਨ੍ਹਾਂ ਦੀ ਸ਼ਖਸੀਅਤ ਸੰਪੂਰਨ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਰੋਸ਼ਨੀ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਧਰਮ ਅਤੇ ਆਮ ਸਿੱਖ ਦੇ ਜੀਵਨ ਨਾਲ ਜੁੜੇ ਤਜਰਬਿਆਂ ਦਾ ਸੁਮੇਲ ਕਹਿ ਸਕਦੇ ਹਾਂ। ਇਸੇ ਤਰ੍ਹਾਂ ਸ. ਹਾਕਮ ਸਿੰਘ, ਜਿਨ੍ਹਾਂ ਪਾਸ ਇਤਿਹਾਸ ਅਤੇ ਪੁਲਿਟੀਕਲ ਸਾਇੰਸ ਦੀਆਂ ਉਚ-ਡਿਗਰੀਆਂ ਦੇ ਨਾਲ-ਨਾਲ ਕੋਈ ਸੱਠ ਸਾਲ ਦਾ ਤਜਰਬਾ ਵੀ ਹੈ, ਨੇ ਇਸੇ ਆਧਾਰ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਇਸ ਬਹਿਸ 'ਚ ਮੈਨੂੰ ਵੀ ਥਾਂ ਦਿੱਤੀ ਗਈ ਹੈ।

ਹੁਣ ਮੈਂ ਇਸ ਬਹਿਸ ਦੇ ਇਸ ਪ੍ਰਸੰਗ ਵਿਚ ਹੀ ਗੱਲ ਕਰਨੀ ਹੈ। ਡਾ. ਗੁਰਨਾਮ ਕੌਰ ਨੇ ਪਟਿਆਲਾ ਦੇ ਵ੍ਹਾਈਟ ਹਾਊਸ, ਜਿਥੇ ਸੁਖਦੇਵ ਸਿੰਘ ਬੱਬਰ ਰਹਿੰਦੇ ਸਨ, ਦੀ ਚਰਚਾ ਕਰਦਿਆਂ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਤੋਂ 'ਰੋਸ ਨਾ ਕੀਜੈ ਉਤਰ ਦੀਜੈ' ਦੀ ਮੰਗ ਕਰ ਕੇ ਵਿਚਾਰ-ਚਰਚਾ ਨੂੰ ਅਸਲ ਮੁੱਦੇ ਵੱਲ ਮੋੜਿਆ ਹੈ, ਭਾਵ ਖਾਲਿਸਤਾਨੀ ਮੁਹਿੰਮ ਦੇ ਪੈਰੋਕਾਰਾਂ ਵੱਲੋਂ ਜੋ ਤਰੀਕਾ ਅਪਨਾਇਆ ਜਾ ਰਿਹਾ ਸੀ, ਉਸ ਨੂੰ ਆਮ ਸਿੱਖ ਦੇ ਸਨਮੁਖ ਕਰ ਦਿੱਤਾ ਹੈ। ਉਨ੍ਹਾਂ ਸ. ਕਰਮਜੀਤ ਸਿੰਘ ਦੇ ਤਰਕ ਦੀਆਂ ਕਮਜ਼ੋਰ ਤੰਦਾਂ ਦਾ ਜ਼ਿਕਰ ਕਰ ਕੇ ਸਵਾਲਾਂ ਨੂੰ ਉਚ ਰੁਤਬੇ ਵਾਲਾ ਬਣਾ ਦਿੱਤਾ ਹੈ। ਇਸ ਨਾਲ ਆਮ ਸਿੱਖ ਨੂੰ ਹੌਸਲਾ ਮਿਲਿਆ ਹੈ।

ਹੁਣ ਗੱਲ ਕਰਦੇ ਹਾਂ, ਹਜ਼ਾਰਾ ਸਿੰਘ ਵੱਲੋਂ ਅਜਮੇਰ ਸਿੰਘ ਨੂੰ ਪੁੱਛੇ ਸਵਾਲਾਂ ਬਾਰੇ। ਲੇਖ ਵਿਚ ਅਜਮੇਰ ਸਿੰਘ ਦੇ ਹਵਾਲੇ ਨਾਲ ਜ਼ਿਕਰ ਆਇਆ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਿੱਖੀ ਪ੍ਰਭੂਤਾ ਦੀ ਕਮਜ਼ੋਰ ਪੈਂਦੀ ਜਾ ਰਹੀ ਧਾਰਾ ਨੂੰ ਰਾਸ਼ਟਰਵਾਦੀ ਧਾਰਾ ਦੇ ਉਲਟ ਵਗਣ ਲਾ ਦਿੱਤਾ। ਹਜ਼ਾਰਾ ਸਿੰਘ ਦੇ ਇਹ ਕਹਿਣ 'ਤੇ ਕਿ 'ਇਹ ਉਲਟੀ ਧਾਰਾ ਚਲਾਉਣ ਦਾ ਕਰੈਡਿਟ ਤਾਂ ਸੰਤ ਜਰਨੈਲ ਸਿੰਘ ਨੂੰ ਜਾਂਦਾ ਹੈ, ਪਰ ਇਸ ਉਲਟੀ ਧਾਰਾ ਚਲਾਉਣ ਨਾਲ ਜੋ ਨੁਕਸਾਨ ਹੋਇਆ, ਉਸ ਲਈ ਕੌਣ ਜ਼ਿੰਮੇਵਾਰ ਹੈ?', ਦੇ ਜਵਾਬ ਵਿਚ ਅਜਮੇਰ ਸਿੰਘ ਨੇ ਸਿਰਫ ਇਹ ਕਹਿ ਕੇ ਹੀ ਸਾਰ ਦਿੱਤਾ ਕਿ 'ਆਪੋ ਆਪਣਾ ਨਜ਼ਰੀਆ ਹੈ।'

ਇਥੇ ਸਾਫ ਹੈ ਕਿ ਅਜਮੇਰ ਸਿੰਘ ਨੇ ਇਸ ਨੁਕਸਾਨ ਤੋਂ ਇਨਕਾਰ ਨਹੀਂ ਕੀਤਾ, ਬੱਸ ਜ਼ਿੰਮੇਵਾਰੀ ਦੇਣ ਦਾ ਉਹਲਾ ਰੱਖ ਲਿਆ। ਅਜਮੇਰ ਸਿੰਘ ਨੇ ਨੁਕਸਾਨ ਨੂੰ ਅਸਿੱਧੇ ਤੌਰ 'ਤੇ ਤਸਲੀਮ ਕਰ ਲਿਆ। ਇਸ ਉਪਰੰਤ ਅਜਮੇਰ ਸਿੰਘ ਨੇ ਡੇਰਾ ਪ੍ਰੇਮੀਆਂ ਦੀ ਨਾਮ ਚਰਚਾ ਜਬਰੀ ਬੰਦ ਕਰਵਾਉਣ ਨੂੰ ਸਿੱਖੀ ਸਿਧਾਂਤ ਦੀ ਉਲੰਘਣਾ ਕਰਾਰ ਦਿੱਤਾ। ਨਾਲ ਹੀ 'ਅਸੀਂ ਅਜੇ ਰਾਜ ਕਰਨ ਦੇ ਲਾਇਕ ਨਹੀਂ, ਅਜੇ ਸਾਨੂੰ ਰਾਜ ਨਹੀਂ ਮਿਲਣਾ ਚਾਹੀਦਾ' ਕਹਿ ਕੇ ਆਪਣਾ ਆਖਰੀ ਫੈਸਲਾ ਦੇ ਦਿੱਤਾ। ਇਥੋਂ ਸਾਬਤ ਹੁੰਦਾ ਹੈ ਕਿ ਅਜਮੇਰ ਸਿੰਘ ਬਹੁਤ ਦੇਰ ਤੋਂ ਖਾਲਿਸਤਾਨ ਦੀ ਮੁਹਿੰਮ ਚਲਾਉਣ ਵਿਚ ਜ਼ੋਰ-ਜਬਰ ਨੂੰ ਨਕਾਰ ਰਹੇ ਹਨ। ਉਨ੍ਹਾਂ ਦਾ ਖਾਲਿਸਤਾਨੀਆਂ ਦੇ ਸਾਥ ਨੂੰ 'ਡਿਸਗਸਟਿੰਗ' ਕਹਿਣਾ ਤਾਂ ਦੇਰ ਤੋਂ ਚੱਲ ਰਹੇ ਤੌਖਲੇ ਦੀ ਤੀਬਰ ਭੜਾਸ ਹੀ ਹੈ। ਅੱਗੇ ਮਾਸਟਰ ਦੀਵਾਨ ਸਿੰਘ ਨੇ ਆਪਣੇ ਲੇਖ ਵਿਚ ਲਿਖ ਹੀ ਦਿੱਤਾ ਹੈ। ਉਨ੍ਹਾਂ ਦਾ ਸਵਾਲ ਹੈ ਕਿ 1699 ਵਿਚ ਵਿਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਛਕਾ ਕੇ ਸਿੱਖ ਨੂੰ ਸਿੰਘ ਦਾ ਰੂਪ ਦਿੱਤਾ ਸੀ, ਕੀ ਉਸ ਤੋਂ ਪਹਿਲਾਂ ਸਿੱਖ ਨਹੀਂ ਸਨ? ਕੀ ਉਦੋਂ ਸਾਰੇ ਹੀ ਸਿੱਖ ਬੇਗੁਰੇ ਸਨ? ਮਾਸਟਰ ਦੀਵਾਨ ਸਿੰਘ ਨੇ ਬਹੁਤ ਸੁਚੱਜੇ ਤੇ ਵਧੀਆ ਸੋਚ ਨੂੰ ਪ੍ਰਣਾਏ ਸਵਾਲ ਉਠਾਏ ਹਨ।

ਜਿਥੋਂ ਤੱਕ ਪੱਛਮੀ ਦੇਸਾਂ ਵਿਚ ਗੁਰਦੁਆਰਿਆਂ ਦੀ ਹਾਲਤ ਦਾ ਸਵਾਲ ਹੈ, ਮਾਸਟਰ ਦੀਵਾਨ ਸਿੰਘ ਦੀ ਟਿੱਪਣੀ ਜੇ ਪੂਰੀ ਤਰ੍ਹਾਂ ਨਹੀਂ ਤਾਂ ਬਹੁਤ ਹੱਦ ਤੱਕ ਸਹੀ ਹੈ ਕਿ ਗੁਰਦੁਆਰਿਆਂ ਨੂੰ ਇਮੀਗਰੇਸ਼ਨ ਦੇ ਦਫਤਰ ਬਣਾ ਦਿੱਤਾ ਗਿਆ ਹੈ। ਕਰਮਜੀਤ ਸਿੰਘ ਨੇ ਵੀ ਜ਼ਿਕਰ ਕੀਤਾ ਸੀ ਕਿ ਖਾਲਿਸਤਾਨੀਆਂ ਨੂੰ ਅਮਰੀਕਾ-ਕੈਨੇਡਾ ਨੇ ਪਨਾਹ ਦਿੱਤੀ। ਕਰਮਜੀਤ ਸਿੰਘ ਇਹ ਜਾਣ ਕੇ ਹੈਰਾਨ ਹੋਣਗੇ ਕਿ ਇਨ੍ਹਾਂ ਦੇਸ਼ਾਂ ਵਿਚ ਬਹੁਤੇ ਗੁਰਦੁਆਰੇ ਸਹਿਜਧਾਰੀ ਸਿੱਖਾਂ ਨੇ ਆਪਣੇ ਘਰਾਂ 'ਤੇ ਕਰਜ਼ੇ ਚੁਕ ਕੇ 1984 ਤੋਂ ਪਹਿਲਾਂ ਤੋਂ ਚਲਾਏ ਹੋਏ ਸਨ, ਇਨ੍ਹਾਂ ਸਿੱਖਾਂ ਨੇ ਸ਼ਰਧਾ ਨਾਲ ਅੰਮ੍ਰਿਤਧਾਰੀ ਭਾਈ, ਕੀਰਤਨੀਏ ਮੰਗਵਾਏ। ਗੁਰ-ਅਸਥਾਨਾਂ ਵਿਚ ਕਿਰਪਾਨਾਂ ਤੇ ਚਮੜੇ ਦੀਆਂ ਪੇਟੀਆਂ ਨਾਲ ਲੜਾਈਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਾਲੀ-ਗਲੋਚ, ਬੰਦਿਆਂ ਦਾ ਹੀ ਨਹੀਂ, ਬੀਬੀਆਂ ਦਾ ਵੀ ਮਾਈਕਾਂ ਦੇ ਲੋਹੇ ਦੇ ਡੰਡੇ ਵਰਤ ਕੇ ਲੜਨਾ (ਯੂਟਿਊਬ, ਟਰਲਕ ਗੁਰਦੁਆਰਾ), ਇੱਦਾਂ ਕਦੀ ਨਹੀਂ ਸੀ ਹੋਇਆ। ਇਹ ਸਭ ਸੁਗਾਤਾਂ ਕਰਮਜੀਤ ਸਿੰਘ ਵੱਲੋਂ ਵਡਿਆਏ ਜਾਂਦੇ ਵੀਰਾਂ-ਭੈਣਾਂ ਦੀ ਹੀ ਦੇਣ ਹੈ। ਗੁਰਦੁਆਰਿਆਂ ਵਿਚ ਠੇਕੇ ਲੈਣ ਲਈ ਝਗੜੇ, ਸਕੂਲਾਂ ਵਿਚ ਆਪਣਿਆਂ ਨੂੰ ਨੌਕਰੀਆਂ ਬਖਸ਼ਣ ਦੇ ਝਗੜੇ ਸਭ 1980 ਤੋਂ ਬਾਅਦ ਹੀ ਸ਼ੁਰੂ ਹੋਏ ਹਨ।

ਮਸਲਾ ਫਿਰ ਖਾਲਿਸਤਾਨ ਦੀ ਮੁਹਿੰਮ ਦੇ ਤਰੀਕੇ ਨਾਲ ਜੁੜ ਜਾਂਦਾ ਹੈ। ਜੇ ਸੰਤ ਜਰਨੈਲ ਸਿੰਘ ਦੀਆਂ ਪੁਰਾਣੀਆਂ ਵੀਡੀਓ ਦੇਖੀਆਂ ਜਾਣ, ਤਾਂ ਉਨ੍ਹਾਂ ਵਿਚ ਉਹ ਸੰਗਤਾਂ ਨੂੰ ਸੜਕਾਂ 'ਤੇ ਆ ਜਾਣ ਨੂੰ ਕਹਿੰਦੇ ਹਨ। ਉਨ੍ਹਾਂ ਨੂੰ ਸੁਣਨ ਵਾਲਿਆਂ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸੁਖਜਿੰਦਰ ਸਿੰਘ ਵੀ ਮੌਜੂਦ ਸਨ। ਸਵਾਲ ਹੈ ਕਿ ਸਿਰਫ ਆਮ ਸਿੱਖਾਂ ਦੇ ਹੀ ਪੁੱਤਰ ਕਿਉਂ ਮਰੇ, ਜਥੇਦਾਰ ਤਲਵੰਡੀ ਜਾਂ ਸੁਖਜਿੰਦਰ ਸਿੰਘ ਦੇ ਪੁੱਤਰ ਕਿਉਂ ਨਹੀਂ? ਉਨ੍ਹਾਂ ਨੇ ਸਿਰਫ (ਸਿਆਸੀ ਲਾਹੇ ਲਈ) ਸੰਤ ਜਰਨੈਲ ਸਿੰਘ ਨੂੰ ਹੱਲਾਸ਼ੇਰੀ ਦਿੱਤੀ, ਅਤੇ ਆਪ ਤਮਾਸ਼ਬੀਨ ਬਣ ਕੇ ਬੈਠੇ ਰਹੇ।

ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਅੰਦਰ ਜੋਸ਼ ਤਾਂ ਬਹੁਤ ਸੀ, ਪਰ ਹੋਸ਼ ਦੀ ਕਮੀ ਸੀ। ਉਨ੍ਹਾਂ ਦੇ ਜੋਸ਼ ਨੂੰ ਦੇਖ ਕੇ ਸਾਰੀ ਸਿੱਖ ਕੌਮ ਸਹਿਮ ਗਈ ਸੀ। ਇਸੇ ਕਰ ਕੇ ਜਿਥੇ ਕਿਤੇ ਉਹ ਗਲਤ ਵੀ ਸਨ, ਉਨ੍ਹਾਂ ਨੂੰ ਸਵਾਲ ਕਰਨ ਜਾਂ ਸਲਾਹ ਦੇਣ ਦਾ ਕੋਈ ਵੀ ਹੌਸਲਾ ਨਹੀਂ ਸੀ ਕਰਦਾ। ਗਲਤੀ ਉਨ੍ਹਾਂ ਦੀ ਇਹ ਸੀ ਕਿ ਉਨ੍ਹਾਂ ਨੇ ਸਾਧਾਰਨ ਸਿੱਖ ਦੀ ਮਾਨਸਿਕ ਹਾਲਤ ਤਾਂ ਪੜ੍ਹੀ ਹੀ ਨਹੀਂ ਸੀ। ਉਨ੍ਹਾਂ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਕੱਲੇ ਜ਼ੋਰ ਨਾਲ ਲੋਕਾਂ ਦਾ ਮਨ ਜਿੱਤਣਾ ਸੰਭਵ ਨਹੀਂ ਹੁੰਦਾ, ਸਗੋਂ ਇਉਂ ਤਾਂ ਸਦਾ ਵਾਸਤੇ ਅਸੰਭਵ ਹੀ ਹੋ ਜਾਵੇਗਾ। ਮਗਰੋਂ ਅਜਿਹਾ ਹੀ ਹੋਇਆ। ਦੂਜੇ, ਉਨ੍ਹਾਂ ਨੂੰ ਸਮਝਾਉਣ ਵਾਲੀ ਗੱਲ ਇਹ ਸੀ ਕਿ ਅਕਾਲ ਤਖਤ ਦੀ ਰੱਖਿਆ ਇਸ ਦੇ ਅੰਦਰ ਵੜ ਕੇ ਨਹੀਂ, ਸਗੋਂ ਬਾਹਰੋਂ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਸਾਰਾ ਕੁਝ ਕਹਿਣ ਦੀ ਜ਼ਿੰਮੇਵਾਰੀ ਉਸ ਵਕਤ ਦੇ ਸਿੱਖ ਵਿਦਵਾਨਾਂ, ਵਿਚਾਰਕਾਂ, ਚਿੰਤਕਾਂ ਤੇ ਸੰਤਾਂ ਦੀ ਸੀ, ਪਰ ਕਿਸੇ ਨੇ ਵੀ ਅਜਿਹਾ ਨਾ ਕੀਤਾ।

ਇਤਿਹਾਸ ਕਿਸੇ ਨੂੰ ਬਖਸ਼ਦਾ ਨਹੀਂ। ਕਰਮਜੀਤ ਸਿੰਘ ਜੋ ਇਹ ਸਮਝਣ ਕਿ ਅਮਰੀਕਾ-ਕੈਨੇਡਾ ਵਿਚ ਗੁਰਦੁਆਰਿਆਂ ਦੀ ਚਾਬੀ ਵਾਸਤੇ ਕੋਰਟ ਕਚਹਿਰੀ, ਕਿਰਪਾਨਾਂ, ਦੂਸ਼ਣਬਾਜ਼ੀ ਆਦਿ ਖਾਲਿਸਤਾਨ ਬਣਾਉਣ ਵਿਚ ਸਹਾਈ ਹੋਵੇਗੀ, ਉਹ ਭੁਲੇਖੇ ਵਿਚ ਹਨ। ਇਨ੍ਹਾਂ ਦੇਸ਼ਾਂ ਵਿਚ ਖਾਲਿਸਤਾਨ ਨੂੰ ਵਸਤ ਵਾਂਗ ਵਰਤ ਕੇ ਨਵੀਂ ਪਨੀਰੀ ਦੀ ਮਾਨਸਿਕਤਾ ਨੂੰ ਜ਼ਹਿਰੀਲਾ ਹੀ ਬਣਾਇਆ ਜਾ ਰਿਹਾ ਹੈ। ਖਾਲਿਸਤਾਨ ਮੰਗਣਾ ਕੋਈ ਜੁਰਮ ਨਹੀਂ ਹੈ, ਜੁਰਮ ਹੈ ਗਲਤ ਢੰਗ-ਤਰੀਕੇ ਅਪਨਾਉਣਾ।

ਦੂਜਾ ਮੁੱਦਾ ਉਨ੍ਹਾਂ ਲੋਕਾਂ ਦਾ ਹੈ, ਜਿਹੜੇ ਭਾਰਤੀ ਦੂਤ ਘਰਾਂ ਅੱਗੇ ਜਾਂ ਗੁਰਦੁਆਰਿਆਂ ਅੰਦਰ ਖਾਲਿਸਤਾਨ ਦੇ ਨਾਅਰੇ ਮਾਰਦੇ ਹਨ। ਇਹ ਲੋਕ ਖੁਦ ਅਮਰੀਕਾ ਜਾਂ ਕੈਨੇਡਾ ਦੇ ਸ਼ਹਿਰੀ ਬਣ ਚੁੱਕੇ ਹਨ। ਅਮਰੀਕਾ ਜਾਂ ਕੈਨੇਡਾ ਜਦ ਵੀ ਕਿਸੇ ਨੂੰ ਆਪਣਾ ਸ਼ਹਿਰੀ ਬਣਾਉਂਦਾ ਹੈ ਤਾਂ ਉਸ ਤੋਂ ਸਹੁੰ ਚੁਕਾਈ ਜਾਂਦੀ ਹੈ ਕਿ ਉਹ (ਨਵਾਂ ਬਣਿਆ ਸਿਟੀਜ਼ਨ) ਕਿਸੇ ਹੋਰ ਦੇਸ਼ ਦਾ ਵਫਾਦਾਰ ਨਹੀਂ ਰਹੇਗਾ। ਕਰਮਜੀਤ ਸਿੰਘ ਵੱਲੋਂ ਦਰਸਾਏ ਗਏ ਵੀਰ-ਭੈਣ ਇਸੇ ਸ਼੍ਰੇਣੀ ਵਿਚ ਆਉਂਦੇ ਹਨ, ਪਰ ਉਹ ਰੱਬ ਅਤੇ ਕਾਨੂੰਨ-ਦੋਵਾਂ ਤੋਂ ਹੀ ਮੁਨਕਰ ਹਨ।

ਖਾਲਿਸਤਾਨ ਨੂੰ ਅਮਰੀਕਾ-ਕੈਨੇਡਾ ਵਿਚ ਕੁਝ ਲੋਕ ਪੇਸ਼ੇ ਵਜੋਂ ਅਖਤਿਆਰ ਕਰ ਚੁਕੇ ਹਨ। ਉਨ੍ਹਾਂ ਵੱਲੋਂ ਇਸ ਕਿੱਤੇ ਨੂੰ ਨਿਭਾਉਣ ਵਿਚ ਗੁਰਦੁਆਰਿਆਂ ਦੀਆਂ ਗੋਲਕਾਂ ਦਾ ਇਸਤੇਮਾਲ ਹੁੰਦਾ ਹੈ। ਇਹ ਪੇਸ਼ੇਵਰ ਲੋਕ ਖਾਲਿਸਤਾਨ ਬਾਰੇ ਸੈਮੀਨਾਰਾਂ, ਬਹਿਸਾਂ, ਸਨਮਾਨਾਂ ਵਿਚ ਦੇਖੇ ਜਾ ਸਕਦੇ ਹਨ। ਹੁਣ ਖਾਲਿਸਤਾਨ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਸਬੱਬ ਬਣਿਆ ਹੋਇਆ ਹੈ। ਜੇ ਇਨ੍ਹਾਂ ਲੋਕਾਂ ਵਿਚ ਖਾਲਿਸਤਾਨ ਵਾਸਤੇ ਕੋਈ ਜਜ਼ਬਾ ਹੁੰਦਾ ਤਾਂ ਉਹ ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਵਾਂਗ ਪੰਜਾਬ ਨੂੰ ਜਹਾਜ਼ਾਂ ਦੇ ਜਹਾਜ਼ ਭਰ ਕੇ ਭੇਜਦੇ!

*-ਕਮਲਜੀਤ ਸਿੰਘ ਫਰੀਮਾਂਟ*

# ਗਦਰੀ ਬਾਬਿਆਂ ਦੀ ਵਿਰਾਸਤ

ਵਿਚਾਰ-ਚਰਚਾ

***ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੇ ਚਿੰਤਨ ਦੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਦੇ 7 ਜਨਵਰੀ 2017 ਦੇ ਅੰਕ ਵਿਚ ਛਪੇ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ 'ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਉਪਰੰਤ ਅਰੰਭ ਹੋਈ ਵਿਚਾਰ-ਚਰਚਾ ਦੇ ਸਿਲਸਿਲੇ ਵਿਚ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਦਾ ਕੁਝ ਸਾਲ ਪਹਿਲਾਂ ਲਿਖਿਆ ਹੋਇਆ ਇਹ ਲੇਖ ਬਹੁਤ ਪ੍ਰਸੰਗਿਕ ਹੈ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਉਨ੍ਹਾਂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਗੁਰਬਚਨ ਸਿੰਘ

ਸ. ਅਜਮੇਰ ਸਿੰਘ ਦੀ ਇਕ ਕਿਤਾਬ 'ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਅਵਿਆਂ ਦਾ ਖੰਡਨ' ਨਾਂ ਹੇਠ ਆਈ ਹੈ ਜਿਸ ਵਿਚ ਅਜਮੇਰ ਸਿੰਘ ਨੇ ਗਦਰੀ ਬਾਬਿਆਂ ਨਾਲ ਸਬੰਧਤ ਇਤਿਹਾਸਕ ਕਾਲ ਦੇ ਕੁਝ ਬੜੇ ਗਹਿਰੇ ਸੱਚ ਪ੍ਰਗਟ ਕੀਤੇ ਹਨ, ਪਰ ਮਸਲਾ ਇਨ੍ਹਾਂ ਸੱਚਾਈਆਂ ਨੂੰ ਆਲਮੀ ਸੱਚ ਨਾਲ ਜੋੜਨ ਦਾ ਹੈ।

ਸ. ਅਜਮੇਰ ਸਿੰਘ ਨੇ ਆਪਣੀ ਕਿਤਾਬ ਦਾ ਅਰੰਭ ਬਾਬਾ ਵਿਸਾਖਾ ਸਿੰਘ ਦੇ ਇਸ ਹਵਾਲੇ ਨਾਲ ਕੀਤਾ ਹੈ, "ਕਈ ਕਹਿੰਦੇ ਹਨ ਕਿ ਮੈਂ ਕਮਿਊਨਿਸਟ ਹਾਂ ਤੇ ਰੂਸੀ ਸਾਂਝੀਵਾਲਤਾ ਮੇਰਾ ਨਿਸ਼ਾਨਾ ਹੈ। ਮੇਰਾ ਨਿਸ਼ਾਨਾ ਸ੍ਰੀ ਦਸਮੇਸ਼ ਜੀ ਦੀ ਕਰਨੀ ਹੈ ਅਤੇ ਮੇਰੀ ਸਾਂਝੀਵਾਲਤਾ ਗੁਰੂ ਕਿਆਂ ਵਾਲੀ ਸਾਂਝੀਵਾਲਤਾ ਹੈ। 1906-07 ਵਿਚ ਕਿਹੜੀ ਰੂਸੀ ਸਾਂਝੀਵਾਲਤਾ ਸੀ, ਜਦੋਂ ਤੋਂ ਸਰਬਤ ਦਾ ਭਲਾ ਮੇਰੇ ਵਿਚਾਰ ਅਤੇ ਕਰਮ ਦਾ ਸ੍ਰੇਸ਼ਟ ਅੰਗ ਬਣਿਆ ਹੈ? ਮੈਂ ਜੋ ਕੁਝ ਲਿਆ ਹੈ, ਇਹ ਗੁਰੂ ਘਰੋਂ ਲਿਆ ਹੈ। ਕਮਿਊਨਿਜ਼ਮ ਨੇ ਗਰੀਬ ਦੁਖੀ ਦੁਨੀਆਂ ਦਾ ਬੜਾ ਭਲਾ ਕੀਤਾ ਹੈ ਪਰ ਇਸ ਵਿਚ ਅਜੇ ਤਰੁਟੀਆਂ ਹਨ। ਸਿੱਖੀ ਬਹੁਤ ਵੱਡੀ ਚੀਜ਼ ਹੈ। ਕਮਿਊਨਿਜ਼ਮ ਸਿੱਖੀ ਦਾ ਇਕ ਅੰਗ ਹੈ, ਇਹ ਸਿੱਖੀ ਵਿਚ ਸਮਾਅ ਸਕਦਾ ਹੈ ਪਰ ਸਿੱਖੀ ਇਸ ਵਿਚ ਨਹੀਂ ਸਮਾਅ ਸਕਦੀ। ਗੁਰੂ ਕਾ ਲੰਗਰ, ਸਾਂਝੀ ਸੇਵਾ, 'ਤੇਰਾ ਘਰ ਸੋ ਮੇਰਾ ਘਰ' ਇਸ ਦਾ ਪ੍ਰਚਾਰ ਸੈਂਕੜੇ ਸਾਲ ਗੁਰੂ ਸਾਹਿਬਾਨ ਨੇ ਕਰ ਕੇ, ਸਾਂਝੀਵਾਲਤਾ ਅਤੇ ਬਰਾਬਰਤਾ ਦਾ ਰਾਹ ਦਸਿਆ।"

ਬਾਬਾ ਵਿਸਾਖਾ ਸਿੰਘ ਇਕ ਅਨੁਭਵੀ ਮਹਾਂਪੁਰਖ ਸਨ। ਇਸੇ ਮਹਾਂਪੁਰਖੀ ਕਰਕੇ ਹੀ, ਅਜਮੇਰ ਸਿੰਘ ਨੇ ਉਨ੍ਹਾਂ ਦਾ ਇਹ ਹਵਾਲਾ ਦਿਤਾ ਹੈ। ਮਹਾਂਪੁਰਖਾਂ ਦੇ ਬਚਨ ਬੜੇ ਸੋਚੇ ਸਮਝੇ ਅਤੇ ਹਰ ਪਖੋਂ ਸੰਪੂਰਨ ਹੁੰਦੇ ਹਨ। ਮਹਾਂਪੁਰਖ ਕੋਈ ਬਚਨ ਅਕਾਰਥ ਨਹੀਂ ਕਰਦੇ। ਉਨ੍ਹਾਂ ਦੇ ਬਚਨਾਂ ਦੀ ਅਹਿਮੀਅਤ ਸਦੀਵੀ ਹੁੰਦੀ ਹੈ,

ਮਹਾ ਪੁਰਖਾ ਕਾ ਬੋਲਣਾ ਹੋਵੈ
ਕਿਤੈ ਪਰਥਾਇ॥
ਓਇ ਅੰਮ੍ਰਿਤ ਭਰੇ ਭਰਪੂਰ ਹਹਿ
ਓਨਾ ਤਿਲੁ ਨ ਤਮਾਇ॥ (ਪੰਨਾ 755)

ਹੁਣ ਅਜਮੇਰ ਸਿੰਘ ਦੇ ਚਿੰਤਨ ਦਾ ਅਗਲਾ ਕਾਰਜ ਇਹ ਸੀ ਕਿ ਉਹ ਕਮਿਊਨਿਜ਼ਮ ਦੀਆਂ ਤਰੁਟੀਆਂ ਦੀ ਨਿਸ਼ਾਨਦੇਹੀ ਕਰਦੇ ਅਤੇ ਸਪਸ਼ਟ ਕਰਦੇ ਕਿ ਕਮਿਊਨਿਜ਼ਮ ਸਿੱਖੀ ਵਿਚ ਕਿਵੇਂ ਸਮਾਅ ਸਕਦਾ ਹੈ ਜਾਂ ਸਿੱਖੀ ਕਮਿਊਨਿਸਟ ਫਿਲਾਸਫੀ ਨੂੰ ਹੋਰ ਅਮੀਰ ਕਿਵੇਂ ਕਰ ਸਕਦੀ ਹੈ? ਪਰ ਅਜਮੇਰ ਸਿੰਘ ਨੇ ਬਾਬਾ ਵਿਸਾਖਾ ਸਿੰਘ ਦੇ ਇਸ ਅਮੀਰ ਅਨੁਭਵ ਨੂੰ ਅਗੇ ਲਿਜਾਣ ਦੀ ਥਾਂ ਪਿਛੇ ਮੋੜਾ ਕਟਦਿਆਂ ਕਮਿਊਨਿਸਟ ਫਿਲਾਸਫੀ ਤੇ ਇਤਿਹਾਸ ਨੂੰ ਉਕਾ ਹੀ ਨਕਾਰ ਦਿੱਤਾ ਹੈ ਅਤੇ ਇਸ ਤਰ੍ਹਾਂ ਕਰਦਿਆਂ ਉਨ੍ਹਾਂ ਨੇ ਨਾ ਸਿਰਫ ਬਾਬਾ ਵਿਸਾਖਾ ਸਿੰਘ ਦੇ ਇਨ੍ਹਾਂ ਬਚਨਾਂ ਉਤੇ ਮਿੱਟੀ ਪਾ ਦਿੱਤੀ ਹੈ, ਸਗੋਂ ਆਪਣੇ ਹੀ ਸਾਰੇ ਨਿਰਣਿਆਂ ਦਾ ਖੰਡਨ ਕਰ ਦਿਤਾ ਹੈ।

ਉਨ੍ਹਾਂ ਦੀ ਆਪਣੀ ਧਾਰਨਾ ਹੈ, "ਆਧੁਨਿਕ ਗਿਆਨ ਪ੍ਰਬੰਧ ਨੇ ਇਸ ਹੱਦ ਤਕ ਮੁਕੰਮਲ ਅਜਾਰੇਦਾਰੀ (hegemony) ਸਥਾਪਿਤ ਕਰ ਲਈ ਹੈ ਕਿ ਸਾਡੇ ਅੰਦਰ ਇਸ ਤੋਂ ਲਾਂਭੇ ਹਟ ਕੇ ਸੋਚਣ ਦੀ ਸ਼ਕਤੀ ਤੇ ਸਮਰਥਾ ਨਹੀਂ ਰਹੀ।" ਪਰ ਜਦੋਂ ਉਹ ਕਮਿਊਨਿਜ਼ਮ ਦੀ ਫਿਲਾਸਫੀ ਨੂੰ ਨਕਾਰਦੇ ਹਨ, ਤਾਂ ਖੁਦ ਉਹ ਇਸੇ 'ਆਧੁਨਿਕ ਗਿਆਨ ਪ੍ਰਬੰਧ' ਦੇ ਫੈਲਾਏ ਭਰਮਜਾਲ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਇਹ ਵੀ ਗਵਾਰਾ ਨਹੀਂ ਕਰਦੇ ਕਿ ਕਮਿਊਨਿਜ਼ਮ ਦੀ ਫਿਲਾਸਫੀ ਨੂੰ ਨਕਾਰਦਿਆਂ ਘੱਟੋਘੱਟ ਉਹ ਆਪ ਕਾਰਲ ਮਾਰਕਸ ਤੇ ਫਰੈਡ੍ਰਿਕ ਏਂਗਲਜ਼ ਦੀਆਂ ਕੁਝ ਮੌਲਿਕ ਲਿਖਤਾਂ 'ਤੇ ਉਡਦੀ ਝਾਤ ਹੀ ਮਾਰ ਲੈਂਦੇ।

ਉਹ ਆਪਣੀ ਇਕਪਾਸੜ ਸੋਚ ਨਾਲ, ਸਾਰੇ ਧਰਮਾਂ ਅਤੇ ਸਾਰੇ ਫਲਸਫਿਆਂ ਨੂੰ ਇਕੋ ਹੀ ਪੈਮਾਨੇ ਨਾਲ ਮਾਪੀ ਜਾਂਦੇ ਹਨ। ਉਨ੍ਹਾਂ ਦਾ ਕਥਨ ਹੈ, "ਉਦਾਰਵਾਦੀ ਫਲਸਫਾ, ਕਮਿਊਨਿਸਟ ਫਲਸਫਾ, ਨਾਜ਼ੀਵਾਦ, ਫਾਸੀਵਾਦ, ਇਸਾਈਅਤ, ਇਸਲਾਮ, ਬ੍ਰਾਹਮਣਵਾਦ-ਇਨ੍ਹਾਂ ਸਾਰਿਆਂ ਦੀ ਇਕ ਗੱਲ ਸਾਂਝੀ ਹੈ ਕਿ ਇਹ ਸਾਰੇ ਹੀ ਮੂਲ ਖਾਸੇ ਪਖੋਂ ਇਕਤਾਵਾਦੀ (Unitarian) ਹਨ। ਸ੍ਰਿਸ਼ਟੀ ਦੇ ਨੇਮਾਂ ਦੇ ਵਿਰੋਧੀ ਹਨ। ਇਨ੍ਹਾਂ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਵੰਨ-ਸੁਵੰਨਤਾ ਦੀ ਕਦਰ ਪੈਦਾ ਨਹੀਂ ਹੋ ਸਕਦੀ।"

ਇਥੇ ਅਜਮੇਰ ਸਿੰਘ ਸਾਰੇ ਹੀ ਲੋਕ ਪੱਖੀ ਤੇ ਲੋਕ ਦੋਖੀ ਫਲਸਫਿਆਂ ਨੂੰ ਇਕ-ਦੂਜੇ ਵਿਚ ਰਲਗਡ ਕਰ ਦਿੰਦੇ ਹਨ। ਅਸਲ ਵਿਚ ਉਦਾਰਵਾਦੀ ਫਲਸਫਾ ਤੇ ਕਮਿਊਨਿਸਟ ਫਲਸਫਾ ਇਕ-ਦੂਜੇ ਦੀਆਂ ਵਿਰੋਧੀ ਦੋ ਅਡ-ਅਡ ਵਿਚਾਰਧਾਰਾਵਾਂ ਹਨ। ਜਿਨ੍ਹਾਂ ਦਾ ਯਥਾਰਥ ਨੂੰ ਵੇਖਣ ਦਾ ਆਪੋ ਆਪਣਾ ਦ੍ਰਿਸ਼ਟੀਕੋਣ ਹੈ। ਨਾਜ਼ੀਵਾਦ, ਫਾਸ਼ੀਵਾਦ ਸਾਮਰਾਜਵਾਦੀ ਰਾਜਨੀਤੀ ਦੇ ਦੋ ਅਡ-ਅਡ ਰੂਪ ਹਨ ਅਤੇ ਇਹ ਦੋਵੇਂ ਇਕੋ ਹੀ ਪੂੰਜੀਵਾਦੀ ਵਿਚਾਰਧਾਰਾ 'ਤੇ ਆਧਾਰਿਤ ਹਨ, ਜਿਸ ਦਾ ਇਕੋ-ਇਕ ਮੰਤਵ ਮੁਨਾਫਾ ਕਮਾਉਣਾ ਅਤੇ ਵਧਾਉਣਾ ਹੈ। ਇਸਾਈਅਤ ਤੇ ਇਸਲਾਮ ਇਕੋ ਫਿਲਾਸਫੀ ਦਾ ਵਿਸਥਾਰ ਹਨ। ਪਰ ਇਸਲਾਮ, ਇਸਾਈਅਤ ਦੀ ਅਗਲੀ ਕੜੀ ਹੈ। ਜਦੋਂ ਕਿ ਬ੍ਰਾਹਮਣਵਾਦ ਦੀ ਇਨ੍ਹਾਂ ਦੋਹਾਂ ਨਾਲ ਕੋਈ ਸਾਂਝ ਨਹੀਂ, ਜੋ ਨਿਰੋਲ ਮਾਨਸਿਕ ਕਲਪਨਾ ਦੀ ਦੇਣ ਹੈ।

ਇਨ੍ਹਾਂ ਸਾਰੇ ਫਲਸਫਿਆਂ ਦਾ 'ਸ੍ਰਿਸ਼ਟੀ ਦੇ ਨੇਮਾਂ' ਬਾਰੇ ਵੱਖ ਵੱਖ ਦ੍ਰਿਸ਼ਟੀਕੋਣ ਹੈ। ਸਾਮਰਾਜੀ ਪੂੰਜੀਵਾਦ ਦੀ ਵਿਚਾਰਧਾਰਾ ਤੇ ਕਮਿਊਨਿਸਟ ਫਿਲਾਸਫੀ ਦਾ, 'ਸ੍ਰਿਸ਼ਟੀ ਦੇ ਨੇਮਾਂ' ਬਾਰੇ ਦ੍ਰਿਸ਼ਟੀਕੋਣ, ਐਨ ਇਕ-ਦੂਜੇ ਦੇ ਉਲਟ ਹੈ।

'ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ' ਵਿਚ ਹੀ ਇਹ ਦਰਜ ਹੈ, "ਤੁਹਾਡੀ (ਪੂੰਜੀਵਾਦੀਆਂ ਦੀ) ਖੁਦਗਰਜੀ ਵਿਚੋਂ ਬਣਿਆ ਤੁਹਾਡਾ ਗਲਤ ਸੰਕਲਪ, ਜੋ ਤੁਹਾਨੂੰ ਕੁਦਰਤ ਅਤੇ ਤਰਕ ਦੇ ਅਟਲ ਨੇਮਾਂ ਨੂੰ ਤੋੜਨ ਲਈ ਪ੍ਰੇਰਦਾ ਹੈ, ਤੁਹਾਡੇ ਸਾਰੇ ਸਮਾਜੀ ਰੂਪ, ਮੌਜੂਦਾ ਪੈਦਾਵਾਰੀ ਢੰਗ ਤੇ ਨਿਜੀ ਜਾਇਦਾਦ ਦੇ ਰੂਪ ਵਿਚੋਂ ਫੁਟਦੇ ਇਤਿਹਾਸਕ ਰਿਸ਼ਤੇ, ਜੋ ਤੁਹਾਡੇ ਪੈਦਾਵਾਰ ਦੇ ਵਿਕਾਸ ਨਾਲ ਵਿਗਸਦੇ ਤੇ ਖਤਮ ਹੁੰਦੇ ਹਨ, ਤੁਹਾਡੇ ਇਸੇ (ਗਲਤ) ਸੰਕਲਪ ਦੀ ਦੇਣ ਹਨ।"

ਏਂਗਲਜ਼ ਨੇ ਇਸ ਧਾਰਨਾ ਨੂੰ ਹੋਰ ਵੀ ਸਪਸ਼ਟ ਕੀਤਾ ਹੈ, "ਮਨੁਖ ਦੀ ਸਾਰੀ ਮੁਹਾਰਤ ਇਸ ਹਕੀਕਤ ਵਿਚ ਮੌਜੂਦ ਹੈ ਕਿ ਮਨੁਖ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ, ਕਿ ਉਹ ਕੁਦਰਤ ਦੇ ਨੇਮਾਂ ਨੂੰ ਜਾਣਨ ਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹੈ।"


ਸਾਰੇ ਫਲਸਫਿਆਂ ਨੂੰ ਇਕ ਦੂਜੇ ਵਿਚ ਰਲਗਡ ਕਰਕੇ ਅਜਮੇਰ ਸਿੰਘ ਮੌਜੂਦਾ ਸੰਸਾਰ ਬਾਰੇ ਆਪਣੇ ਹੀ ਮਨ ਵਿਚ ਉਠਦੇ ਅਨੇਕਾਂ ਸਵਾਲਾਂ ਦੇ ਜਵਾਬ ਲਭਣ ਤੋਂ ਉਕ ਜਾਂਦੇ ਹਨ। ਜੇ ਉਹ ਮਾਰਕਸ-ਏਂਗਲਜ਼ ਦੀ ਮੌਲਿਕ ਫਿਲਾਸਫੀ ਨੂੰ ਪੜ੍ਹਦੇ ਤੇ ਹੋਰਨਾਂ ਫਿਲਾਸਫੀਆਂ ਵਿਚ ਨਿਖੇੜਾ ਕਰਦੇ, ਤਾਂ ਉਨ੍ਹਾਂ ਨੂੰ ਆਪਣੇ ਹੀ ਮਨ ਵਿਚ ਉਠਦੇ ਇਨ੍ਹਾਂ ਅਤੇ ਇਹੋ ਜਿਹੇ ਅਨੇਕਾਂ ਹੋਰਨਾਂ ਸਵਾਲਾਂ ਦੇ ਜਵਾਬ ਮਿਲ ਜਾਣੇ ਸਨ। ਫਿਰ ਉਨ੍ਹਾਂ ਨੂੰ ਇਹ ਵੀ ਪਤਾ ਲਗਦਾ ਕਿ ਕਿਵੇਂ ਮਾਰਕਸ ਦੀ ਫਿਲਾਸਫੀ ਗੁਰਮਤਿ ਦਾ ਹੀ ਵਿਸਥਾਰ ਹੈ ਅਤੇ ਬ੍ਰਾਹਮਣਵਾਦੀ ਕਲਪਨਾ ਨੂੰ ਛਡ ਕੇ, ਬਾਕੀ ਸਾਰੇ ਧਰਮ ਇਕ-ਦੂਜੇ ਤੋਂ ਟੁਟ ਕੇ ਨਹੀਂ, ਸਗੋਂ ਕ੍ਰਮਵਾਰ ਇਕ-ਦੂਜੇ ਦਾ ਹੋਇਆ ਵਿਸਥਾਰ ਹਨ। ਫਿਰ ਹੀ, ਉਨ੍ਹਾਂ ਨੂੰ ਬਾਬਾ ਵਿਸਾਖਾ ਸਿੰਘ ਦੀ ਇਹ ਧਾਰਨਾ ਸਪਸ਼ਟ ਹੋਣੀ ਸੀ ਕਿ ਸਿੱਖੀ ਕਮਿਊਨਿਜ਼ਮ ਨੂੰ ਕੀ ਦੇ ਸਕਦੀ ਹੈ?

ਸਿੱਖੀ ਸਿਧਾਂਤ ਹੈ-ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ। ਕਿਰਤ ਕਰੋ ਤੇ ਵੰਡ ਛਕੋ ਤਕ ਨਾਸਤਿਕ ਕਮਿਊਨਿਸਟ ਵੀ ਸਹਿਮਤ ਹਨ, ਪਰ 'ਨਾਮ ਜਪੋ' ਉਤੇ ਆ ਕੇ ਉਹ ਰੁਕ ਜਾਂਦੇ ਹਨ। ਸਿੱਖੀ ਸਿਧਾਂਤ ਦੀ ਮਨੁਖ ਜਾਤੀ ਨੂੰ ਇਹੀ ਸਭ ਤੋਂ ਅਹਿਮ ਦੇਣ ਹੈ। ਨਾਮ ਜਪੋ ਦਾ ਭਾਵਅਰਥ ਮਨੁਖ ਦਾ ਆਪਣਾ ਆਤਮਿਕ ਅਤੇ ਮਾਨਸਿਕ ਵਿਕਾਸ ਕਰਨਾ ਹੈ। ਸੁਚੇਤ ਰੂਪ ਵਿਚ ਆਪਣਾ ਆਤਮਿਕ ਤੇ ਮਾਨਸਿਕ ਵਿਕਾਸ ਕਰਨ ਤੋਂ ਬਿਨਾ ਮਨੁਖ ਗੁਰਮੁਖ ਨਹੀਂ ਬਣ ਸਕਦਾ ਅਤੇ ਨਾ ਹੀ ਉਹ ਅੱਜ ਦੇ ਪ੍ਰਸੰਗ ਵਿਚ ਸਾਮਰਾਜੀ ਖਪਤਕਾਰੀ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰਮਤਿ ਨੇ ਸੁਚੇਤ ਰੂਪ ਵਿਚ ਆਪਣਾ ਆਤਮਿਕ ਅਤੇ ਮਾਨਸਿਕ ਵਿਕਾਸ ਕਰਨ ਲਈ ਮਨੁਖ ਨੂੰ ਤਿੰਨ ਸੰਕਲਪ ਦਿਤੇ ਹਨ। ਗੁਰਮਤਿ ਦੇ ਇਨ੍ਹਾਂ ਤਿੰਨਾਂ ਹੀ ਸੰਕਲਪਾਂ ਦੀ ਮਾਰਕਸ ਪ੍ਰੋੜਤਾ ਕਰਦਾ ਹੈ।

ਗੁਰਮਤਿ ਅਨੁਸਾਰ ਮਨੁਖ ਦੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਪਹਿਲਾ ਸੰਕਲਪ ਹੈ, 'ਹਉਮੈ' ਦਾ ਤਿਆਗ ਕਰਨਾ। ਭਾਵ ਸਮੂਹ ਤੋਂ ਟੁਟੀ ਅਤੇ ਨਿਜ ਤਕ ਸੁੰਗੜੀ ਆਪਣੀ ਹੋਂਦ (ਮਾਨਸਿਕਤਾ) ਤੋਂ ਛੁਟਕਾਰਾ ਪਾ ਕੇ ਅਰਥਾਤ ਆਪਣੀ ਨਾਸਵੰਤ ਹੋਂਦ ਦੀ ਪਛਾਣ ਤੋਂ ਚੇਤੰਨ ਹੋ ਕੇ ਸਮੂਹ ਦਾ ਅੰਗ ਬਣ ਕੇ ਜ਼ਿੰਦਗੀ ਜਿਉਣਾ। ਇਸ ਪ੍ਰਤੀ ਮਾਰਕਸ ਦਾ ਆਪਣਾ ਕਥਨ ਹੈ, "ਸਵੈ ਤਕ ਸੁੰਗੜੀ ਤੇ ਨਿਜ ਤਕ ਸਿਮਟੀ ਹੋਂਦ ਹਉਮੈ-ਹੰਕਾਰ ਤਕ ਸੁੰਗੜਿਆ ਮਨੁਖ ਹੈ, ਸੋਚ ਦੀ ਪੱਧਰ ਉਤੇ ਸ਼ੁਧ ਹਉਮੈ ਦਾ ਸਾਕਾਰ ਰੂਪ।"

(The self-abstracted entity, fixed for itself, is man as abstract egoist-egoism raised in its pure abstraction to the level of thought." -Marx, Economic and Philosophic Manuscripts of 1844, Edition 1977, P. 142)

ਮਨੁਖ ਦੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਗੁਰਮਤਿ ਦਾ ਦੂਜਾ ਸੰਕਲਪ ਹੈ, ਤ੍ਰਿਸ਼ਨਾ




ਤੋਂ ਛੁਟਕਾਰਾ ਪਾਉਣਾ ਭਾਵ ਆਪਣੀਆਂ ਕੁਦਰਤੀ ਤੇ ਮਨੁਖੀ ਲੋੜਾਂ ਤੋਂ ਵਧ ਦੀਆਂ ਇਛਾਵਾਂ ਦੀ ਪੂਰਤੀ ਲਈ ਆਪਣੇ ਭਟਕਦੇ ਮਨ ਉਤੇ ਕਾਬੂ ਪਾਉਣਾ। ਇਸ ਧਾਰਨਾ ਪ੍ਰਤੀ ਮਾਰਕਸ ਦਾ ਕਥਨ ਹੈ, "ਉਚੀ ਪੱਧਰ ਦੀ ਆਤਮਿਕ ਆਜ਼ਾਦੀ ਵਿਕਸਿਤ ਕਰਨ ਲਈ ਇਕ ਸਮਾਜ (ਇਕ ਮਨੁਖ) ਹਰ ਹਾਲਤ 'ਚ ਆਪਣੀਆਂ ਸਰੀਰਕ ਲੋੜਾਂ ਦੇ ਬੰਧਨ ਨੂੰ ਤੋੜੇ। ਉਹ ਸਰੀਰਕ ਲੋੜਾਂ ਦੀ ਗੁਲਾਮੀ ਤੋਂ ਮੁਕਤ ਹੋਵੇ ਤਾਂ ਕਿ ਉਸ ਕੋਲ ਰਚਨਾਤਮਕ ਸਰਗਰਮੀ ਅਤੇ ਆਤਮਕ ਅਨੰਦ ਮਾਣਨ ਲਈ ਖੁਲ੍ਹਾ ਸਮਾ ਹੋਵੇ।"

ਮਨੁਖ ਦੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਗੁਰਮਤਿ ਦਾ ਤੀਜਾ ਸੰਕਲਪ ਹੈ, ਹੁਕਮ ਨੂੰ ਮੰਨਣਾ ਭਾਵ ਕੁਦਰਤ ਦੇ ਦਸਤੂਰ ਵਿਚ ਰਹਿ ਕੇ, ਕੁਦਰਤੀ ਨੇਮਾਂ ਨੂੰ ਮੰਨ ਕੇ ਆਪਣੀ ਜ਼ਿੰਦਗੀ ਜਿਉਣਾ। ਏਂਗਲਜ਼ ਦੀ ਧਾਰਨਾ ਹੈ, "ਮਨੁਖ ਦੀ ਸਾਰੀ ਮੁਹਾਰਤ ਇਸ ਹਕੀਕਤ ਵਿਚ ਹੈ ਕਿ ਉਸ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ ਕਿ ਉਹ ਕੁਦਰਤ ਦੇ ਨੇਮਾਂ ਨੂੰ ਜਾਣਨ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹੈ।"

ਸੁਆਲ ਪੈਦਾ ਹੋ ਸਕਦਾ ਹੈ ਕਿ ਇਹ ਧਾਰਨਾਵਾਂ ਹੁਣ ਤਕ ਕਮਿਊਨਿਸਟ ਲਹਿਰ ਦੇ ਸਮਝ ਵਿਚ ਕਿਉਂ ਨਾ ਆਈਆਂ? ਜੁਆਬ ਇਹੀ ਹੈ ਕਿ ਹੁਣ ਤਕ ਦੀ ਕਮਿਊਨਿਸਟ ਲਹਿਰ ਨੇ, ਮਾਰਕਸ ਦੀ ਵਿਕਸਿਤ ਕੀਤੀ ਕਮਿਊਨਿਸਟ ਫਿਲਾਸਫੀ ਨੂੰ ਕੋਈ ਅਹਿਮੀਅਤ ਹੀ ਨਹੀਂ ਦਿੱਤੀ। ਉਹ ਦਵੰਦਵਾਦੀ ਭੌਤਿਕਵਾਦ ਤੇ ਇਤਿਹਾਸਕ ਭੌਤਿਕਵਾਦ ਬਾਰੇ ਕਿਆਫੇ ਲਾਉਂਦੀ ਰਹੀ, ਪਰ ਇਸ ਨੂੰ ਵਿਕਸਿਤ ਨਹੀਂ ਕਰ ਸਕੀ। ਉਹ ਇਹ ਕਿਉਂ ਨਹੀਂ ਕਰ ਸਕੀ, ਇਹ ਵਖਰਾ ਮਸਲਾ ਹੈ।

ਮਨੁਖ ਦੇ ਇਸ ਆਤਮਿਕ ਤੇ ਮਾਨਸਿਕ ਵਿਕਾਸ ਤੋਂ ਬਿਨਾ ਸਾਰੇ ਧਰਮਾਂ ਦਾ ਮੂਲ ਆਧਾਰ 'ਦਇਆ ਅਤੇ ਸੰਤੋਖ' ਭਾਵ ਪਰਉਪਕਾਰ ਦਾ ਜਜ਼ਬਾ ਮਨੁਖੀ ਜ਼ਿੰਦਗੀ ਦਾ ਅੰਗ ਨਹੀਂ ਬਣਦਾ। ਪਰਉਪਕਾਰ ਦੇ ਇਸ ਜਜ਼ਬੇ ਤੋਂ ਬਿਨਾ ਮਾਰਕਸ ਦੇ ਕਮਿਊਨਿਜ਼ਮ ਦਾ ਸੰਕਲਪ ਸਪਸ਼ਟ ਨਹੀਂ ਹੁੰਦਾ। ਮਾਰਕਸ ਦੀ ਵਿਆਖਿਆ ਅਨੁਸਾਰ 'ਕੁਦਰਤ ਨਾਲ ਆਪਣੇ ਅਟੁਟ ਰਿਸ਼ਤੇ ਨੂੰ ਮਹਿਸੂਸ ਕਰਦਿਆਂ ਤੇ ਉਸ ਦੇ ਜਾਣੇ ਹੋਏ ਨੇਮਾਂ 'ਚ ਆਪਣੀ ਜ਼ਿੰਦਗੀ ਜਿਉਂਦਿਆਂ ਪਰਉਪਕਾਰੀ ਮਨੁਖ ਬਣ ਕੇ ਬਾਕੀ ਦੇ ਸਮਾਜ ਨੂੰ ਬਦਲਣ ਦੇ ਰਾਹ ਪੈਣਾ ਹੀ ਕਮਿਊਨਿਜ਼ਮ ਹੈ।'

ਅਸਲ ਵਿਚ ਬਾਬਾ ਵਿਸਾਖਾ ਸਿੰਘ ਦਾ ਇਹੀ ਅਨੁਭਵੀ ਸੱਚ ਹੈ, ਜਦੋਂ ਉਹ ਕਹਿੰਦੇ ਹਨ, "ਗੁਰੂ ਕਾ ਲੰਗਰ, ਸਾਂਝੀ ਸੇਵਾ, 'ਤੇਰਾ ਘਰ ਸੋ ਮੇਰਾ ਘਰ' ਦਾ ਪ੍ਰਚਾਰ ਸੈਂਕੜੇ ਸਾਲ ਗੁਰੂ ਸਾਹਿਬਾਨ ਨੇ ਕਰਕੇ, ਸਾਂਝੀਵਾਲਤਾ ਅਤੇ ਬਰਾਬਰੀ ਦਾ ਰਾਹ ਵਿਖਾਇਆ।"

ਸ. ਅਜਮੇਰ ਸਿੰਘ ਨੇ ਇਹ ਵੀ ਲਿਖਿਆ ਹੈ, "ਪੰਜਾਬ ਦੇ ਇਤਿਹਾਸ ਵਿਚ ਸਾਡੇ ਕੋਲ ਜੋ ਮਾਣਯੋਗ ਹੈ, ਉਸ ਨੂੰ ਮੁੜ ਸਮਕਾਲ ਦੇ ਪ੍ਰਸੰਗ ਵਿਚ ਨਵਿਆਉਣਾ ਅਰਥਾਤ ਮੁੜ ਪਰਿਭਾਸ਼ਤ ਕਰਨਾ ਪਵੇਗਾ। ਇਹ ਕਾਰਜ ਸਭ ਤੋਂ ਪਹਿਲਾਂ ਗਿਆਨ ਪ੍ਰਬੰਧ ਤੋਂ ਸ਼ੁਰੂ ਹੋਵੇਗਾ। ਕਿਉਂਕਿ ਜਿੰਨਾ ਚਿਰ ਅਸੀਂ ਆਪਣਾ ਗਿਆਨ ਪ੍ਰਬੰਧ ਨਹੀਂ ਸਾਜ ਸਕਦੇ, ਅਸੀਂ ਸੁਪਨੇ ਨੂੰ ਪੂਰਾ ਚਿਤਵ ਵੀ ਨਹੀਂ ਸਕਦੇ, ਪੂਰਾ ਕਰਨਾ ਤਾਂ ਦੂਰ ਦੀ ਗੱਲ ਹੈ। ਆਪਣੇ ਗਿਆਨ ਪ੍ਰਬੰਧ ਨਾਲ ਆਪਣੇ ਇਤਿਹਾਸ ਦੀ ਮੁੜ ਉਸਾਰੀ ਹੋਣੀ ਹੈ, ਵਰਤਮਾਨ ਦੀ ਹਰ ਗੱਲ, ਘਟਨਾ, ਸ਼ੈਅ ਤੇ ਵਰਤਾਰੇ ਬਾਰੇ ਆਪਣੀ ਸਮਝ ਘੜਨੀ ਹੈ, ਤਾਂ ਹੀ ਭਵਿੱਖ ਦਾ ਨਕਸ਼ ਉਲੀਕਿਆ ਜਾ ਸਕਦਾ ਹੈ, ਤਾਂ ਹੀ ਇਤਿਹਾਸ ਵਿਚ ਸਾਡੇ ਪੁਰਖਿਆਂ ਵੱਲੋਂ ਸਿਰਜਿਆ ਭਵਿੱਖ ਦਾ ਸੁਪਨਾ ਸਮਝਿਆ, ਮਹਿਸੂਸਿਆ ਤੇ ਪੂਰਾ ਕੀਤਾ ਜਾ ਸਕਦਾ ਏ।" ... "ਇਤਿਹਾਸ ਨੂੰ ਨਵਿਆਉਣ ਜਾਂ ਮੁੜ ਪਰਿਭਾਸ਼ਤ ਕਰਨ ਦਾ ਅਮਲ ਕਦੇ ਵੀ ਸਰਲ ਪੱਧਰਾ ਨਹੀਂ ਹੁੰਦਾ। ਇਹ ਹਮੇਸ਼ਾ ਤਿੱਖੇ ਵਿਰੋਧਾਂ ਤੇ ਸੰਘਰਸ਼ਾਂ ਨਾਲ ਉਲਝਿਆ ਹੁੰਦਾ ਹੈ।"

..."ਜਿਹੜੇ ਵਰਗ ਨੇ ਦੂਸਰੇ ਵਰਗ ਦੇ ਵਰਤਮਾਨ ਉਤੇ ਕਬਜ਼ਾ ਕਰਨਾ ਹੁੰਦਾ ਹੈ, ਉਹ ਦੂਸਰੇ ਕੋਲੋਂ ਉਸ ਦਾ ਇਤਿਹਾਸ ਖੋਹਣ ਦਾ ਯਤਨ ਕਰਦਾ ਹੈ, ਆਪਣੇ ਗਿਆਨ ਪ੍ਰਬੰਧ ਦੀ ਮਦਦ ਨਾਲ ਉਸ ਦੇ ਇਤਿਹਾਸ ਦੀ ਵਿਆਖਿਆ ਆਪਣੇ ਵਰਤਮਾਨ ਦੀਆਂ ਲੋੜਾਂ ਦੇ ਅਨੁਕੂਲ ਕਰਦਾ ਹੈ।"

ਅਜਮੇਰ ਸਿੰਘ ਦੇ ਕਥਨ ਅਨੁਸਾਰ, "ਗਦਰ ਲਹਿਰ ਨਾਲ, ਗਦਰੀ ਬਾਬਿਆਂ ਨਾਲ ਅੱਜ ਇਹੀ ਹੋ ਰਿਹਾ ਹੈ। ਜਿਹੜੀਆਂ ਤਾਕਤਾਂ ਸਿੱਖ ਕੌਮ ਨਾਲੋਂ ਡਿਢੋਂ ਖਾਰ ਖਾਂਦੀਆਂ ਹਨ ਤੇ ਇਸ ਨੂੰ ਹਸਤੀਹੀਣ ਕਰਨਾ ਚਾਹੁੰਦੀਆਂ ਹਨ, ਉਹ ਨਾ ਸਿਰਫ ਗਦਰ ਲਹਿਰ ਨੂੰ ਸਿੱਖ ਪੰਥ ਨਾਲੋਂ ਨਿਖੇੜਨਾ ਤੇ ਤੋੜਨਾ ਚਾਹੁੰਦੀਆਂ ਹਨ, ਸਗੋਂ ਇਸ ਨੂੰ ਸਿੱਖ ਪੰਥ ਦੇ ਵਿਰੋਧ ਵਿਚ ਭੁਗਤਾਉਣਾ ਚਾਹੁੰਦੀਆਂ ਹਨ।"

ਇਨ੍ਹਾਂ ਤਾਕਤਾਂ ਦੀ ਨਿਸ਼ਾਨਦੇਹੀ ਕਰਦਿਆਂ ਅਜਮੇਰ ਸਿੰਘ ਨੇ ਲਿਖਿਆ ਹੈ, "ਇਸ ਕਾਰਜ ਵਿਚ ਹਿੰਦੂਤਵੀ ਤਾਕਤਾਂ, ਉਦਾਰਪੰਥੀਆਂ ਤੇ ਖੱਬੇ ਪੱਖੀਆਂ ਵਿਚਕਾਰ ਪੂਰਨ ਸਾਂਝ ਪ੍ਰਗਟ ਹੋ ਰਹੀ ਹੈ।...ਇਸ ਸਾਂਝ ਦਾ ਸਭ ਤੋਂ ਉਘੜਵਾਂ ਇਜ਼ਹਾਰ ਤਿੰਨਾਂ ਦੇ ਸਾਂਝੇ ਗਿਆਨ ਪ੍ਰਬੰਧ ਦੇ ਰੂਪ ਵਿਚ ਹੋ ਰਿਹਾ ਹੈ। ਤਿੰਨਾਂ ਵਰਗਾਂ ਦੇ ਸਰੋਕਾਰ, ਡਰ ਤੇ ਫਿਕਰ ਸਾਂਝੇ ਹਨ, ਤਿੰਨਾਂ ਵੱਲੋਂ (ਸਿੱਖ ਕੌਮ ਦੇ ਵਿਰੁਧ) ਵਰਤੀ ਜਾ ਰਹੀ ਭਾਸ਼ਾ ਸਾਂਝੀ ਹੈ। ਰਾਸ਼ਟਰਵਾਦ ਤਿੰਨਾਂ ਦਾ ਸਾਂਝਾ ਇਸ਼ਟ ਤੇ ਸਾਂਝਾ ਵਿਚਾਰਧਾਰਕ ਹਥਿਆਰ ਹੈ। ਤਿੰਨੇ ਭਾਰਤੀ ਕੌਮ ਦੀ ਧਾਰਨਾ ਦੇ ਕਾਇਲ ਹਨ ਅਤੇ ਦੇਸ ਦੀ ਏਕਤਾ ਤੇ ਅਖੰਡਤਾ ਦੇ ਜੋਸ਼ੀਲੇ ਸਮਰਥਕ ਹਨ। ਤਿੰਨਾਂ ਵੱਲੋਂ ਗਦਰੀ ਬਾਬਿਆਂ ਨੂੰ ਰਾਸ਼ਟਰਵਾਦੀ ਰੰਗ ਵਿਚ ਪੇਸ਼ ਕਰਨ ਦੇ ਇਕ-ਦੂਜੇ ਨਾਲੋਂ ਵਧ ਕੇ ਯਤਨ ਕੀਤੇ ਜਾ ਰਹੇ ਹਨ।"

ਅਸਲ ਵਿਚ ਇਨ੍ਹਾਂ ਤਿੰਨਾਂ ਵਰਗਾਂ ਦੀ ਸਾਂਝ ਦਾ ਮੂਲ ਸੋਮਾ ਕਿਥੋਂ ਫੁਟ ਰਿਹਾ ਹੈ, ਅਜਮੇਰ ਸਿੰਘ ਨੇ ਉਸ ਮੂਲ ਸੋਮੇ ਦੀ ਨਿਸ਼ਾਨਦੇਹੀ ਨਹੀਂ ਕੀਤੀ। ਜੇ ਉਹ ਇਹ ਨਿਸ਼ਾਨਦੇਹੀ ਕਰਦੇ ਤਾਂ ਉਨ੍ਹਾਂ ਨੂੰ ਸਪਸ਼ਟ ਹੋ ਜਾਣਾ ਸੀ ਕਿ ਸਿੱਖ ਫਿਲਾਸਫੀ ਅਤੇ ਬ੍ਰਾਹਮਣਵਾਦੀ ਸੋਚ ਵਿਚਲਾ ਟਕਰਾਓ ਹੀ ਇਨ੍ਹਾਂ ਤਿੰਨਾਂ ਦੀ ਸਾਂਝ ਦਾ ਆਧਾਰ ਹੈ। ਇਹ ਤਿੰਨੇ ਵਰਗ ਕੁਦਰਤੀ ਹਕੀਕਤ ਭਾਵ ਯਥਾਰਥ ਤੋਂ ਟੁਟ ਕੇ ਆਪਣੀ ਮਾਨਸਿਕ ਕਲਪਨਾ 'ਚ ਜਿਉਂਦੇ ਹਨ। ਸਾਮਰਾਜੀ ਆਰਥਿਕ ਰਿਸ਼ਤੇ ਅਤੇ ਬ੍ਰਾਹਮਣਵਾਦੀ ਸੋਚ ਇਸ 'ਰਾਸ਼ਟਰਵਾਦ' ਦਾ ਮੂਲ ਆਧਾਰ ਹੈ।

ਇਸ ਪ੍ਰਸੰਗ ਵਿਚ ਗਦਰੀ ਬਾਬਿਆਂ ਦੇ ਸ਼ਾਨਦਾਰ ਵਿਰਸੇ ਨੂੰ ਅਖੌਤੀ ਕਮਿਊਨਿਸਟਾਂ ਦੇ ਕਬਜ਼ੇ ਵਿਚੋਂ ਛੁਡਾਉਣ ਦਾ ਮੰਤਵ ਇਹੀ ਬਣਦਾ ਹੈ ਕਿ ਇਸ ਨੂੰ ਉਨ੍ਹਾਂ ਦੇ ਕਬਜ਼ੇ ਵਿਚੋਂ ਛੁਡਾ ਕੇ ਖਾਲਿਸਤਾਨੀ ਲਹਿਰ ਦਾ ਅੰਗ ਬਣਾਇਆ ਜਾਏ। ਗਦਰੀ ਬਾਬਿਆਂ ਦਾ ਵਿਰਸਾ ਖਾਲਿਸਤਾਨੀ ਲਹਿਰ ਦਾ ਅੰਗ ਕਿਵੇਂ ਬਣੇ? ਗਦਰੀ ਬਾਬਿਆਂ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਖਾਲਿਸਤਾਨੀ ਲਹਿਰ ਦਾ ਅੰਗ ਬਣਾ ਕੇ। ਇਹ ਖਾਲਿਸਤਾਨੀ ਲਹਿਰ ਦਾ ਅੰਗ ਕਿਵੇਂ ਬਣਨ? ਉਨ੍ਹਾਂ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਅਪਨਾ ਕੇ ਭਾਵ ਉਨ੍ਹਾਂ ਦੀ ਨਿਮਰਤਾ, ਸਾਦਗੀ, ਸਰਲਤਾ ਸਮੂਹ ਲਈ ਆਪਾ ਨਿਛਾਵਰ ਕਰਨ ਦੀ ਭਾਵਨਾ ਅਤੇ ਲੋਕ ਸੇਵਾ ਦੇ ਜਜ਼ਬੇ ਨੂੰ ਇਸ ਲਹਿਰ ਵਿਚ ਆਤਮਸਾਤ ਕਰਕੇ। ਇਹ ਤਾਂ ਹੀ ਸੰਭਵ ਹੈ, ਜੇ ਗਦਰ ਲਹਿਰ ਨੂੰ ਸਿੱਖ ਲਹਿਰ ਦੀ ਨਿਰੰਤਰਤਾ ਵਜੋਂ ਸਮਝਿਆ ਜਾਵੇ ਅਤੇ ਖਾਲਿਸਤਾਨੀ ਲਹਿਰ ਨੂੰ ਸਿੱਖ ਫਿਲਾਸਫੀ ਦੇ ਪ੍ਰਸੰਗ ਵਿਚ ਪੇਸ਼ ਕੀਤਾ ਜਾਏ।

ਸਿੱਖ ਧਰਮ ਗੁਰੂ ਨਾਨਕ ਸਾਹਿਬ ਦੇ ਮਨ ਦੀ ਕਲਪਨਾ ਨਹੀਂ, ਸਗੋਂ ਹੁਣ ਤਕ ਮਨੁਖੀ ਸਮਾਜ ਦੇ ਵਿਕਾਸ ਦਾ ਤਤਸਾਰ ਹੈ। ਇਹ ਧਰਮ ਕੁਦਰਤੀ ਅਤੇ ਸਮਾਜੀ ਨੇਮਾਂ-ਦੋਹਾਂ ਉਤੇ ਪੂਰਾ ਉਤਰਦਾ ਹੈ। ਇਹ ਕੋਈ ਹੁਣ ਦਾ ਧਰਮ ਨਹੀਂ, ਸਗੋਂ ਅੱਜ ਤੋਂ ਪੰਜ ਸੌ ਸਾਲ ਜਾਂ ਪੰਜ ਹਜ਼ਾਰ ਸਾਲ ਬਾਅਦ ਵੀ ਜੇ ਮਨੁਖ ਜਾਤੀ ਕਾਇਮ ਰਹੀ ਤਾਂ ਉਸ ਦਾ ਇਹੀ ਧਰਮ ਹੋਵੇਗਾ। ਇਹ ਧਰਮ ਨਾ ਸਿਰਫ ਸਮੁਚੀ ਮਨੁਖ ਜਾਤੀ ਦੇ ਅਪਨਾਉਣਯੋਗ ਹੈ, ਸਗੋਂ ਇਹੀ ਇਕ ਧਰਮ ਹੈ, ਜੋ ਅਪਨਾ ਕੇ ਮਨੁਖ ਜਾਤੀ ਸੁਖੀ ਅਤੇ ਸਹਿਜ ਜੀਵਨ ਜਿਉ ਸਕਦੀ ਹੈ। ਇਸ ਧਰਮ ਨੂੰ ਮੰਨਣਾ ਮਨੁਖ ਦੀ ਮਜਬੂਰੀ ਨਹੀਂ, ਸਗੋਂ ਉਸ ਦੀ ਪ੍ਰਾਪਤੀ ਹੈ।


ਸ. ਅਜਮੇਰ ਸਿੰਘ ਨੇ ਲਿਖਿਆ ਹੈ, "ਇਹ ਜਾਪਦਾ ਹੈ ਕਿ ਗਦਰੀਆਂ ਨੂੰ ਛਾਉਣੀਆਂ ਅੰਦਰੋਂ ਤੇ ਬਾਹਰੋਂ ਵੀ, ਜਿਸ ਕਿਸਮ ਦਾ ਹੁੰਗਾਰਾ ਤੇ ਮਦਦ ਮਿਲ ਗਈ ਸੀ ਅਤੇ ਉਨ੍ਹਾਂ ਨੇ ਜਿੰਨੀਆਂ ਤਿਆਰੀਆਂ ਕਰ ਲਈਆਂ ਹੋਈਆਂ ਸਨ, ਉਸ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਘਟੋ-ਘਟ ਪੰਜਾਬ ਅੰਦਰ ਤਾਂ ਅੰਗਰੇਜ਼ ਹਕੂਮਤ ਦੀਆਂ ਬੁਨਿਆਦਾਂ ਜ਼ਰੂਰ ਹਿਲਾ ਦੇਣੀਆਂ ਸਨ। ਜੇ ਪੰਜਾਬ ਵਿਚ ਹਕੂਮਤ ਦੀਆਂ ਨੀਂਹਾਂ ਹਿਲ ਜਾਂਦੀਆਂ ਤਾਂ ਬਾਕੀ ਥਾਂਵਾਂ ਉਤੇ ਇਸ ਦਾ ਅਸਰ ਕੀ ਹੁੰਦਾ? ਇਸ ਬਾਰੇ ਕੁਝ ਵੀ ਪੱਕ ਨਾਲ ਨਹੀਂ ਕਿਹਾ ਜਾ ਸਕਦਾ, ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਐ ਕਿ ਪੰਜਾਬ ਅੰਦਰ ਫੌਜੀ ਬਗਾਵਤ ਨਾਲ ਅੰਗਰੇਜ਼ ਹਕੂਮਤ ਦਾ ਸਿੰਘਾਸਣ ਡਾਵਾਂਡੋਲ ਹੋ ਜਾਣ ਦੀ ਸੂਰਤ 'ਚ ਸਿੱਖ ਜਨਤਾ ਅੰਦਰ ਲਾਜ਼ਮੀ ਤਕੜਾ ਉਭਾਰ ਪੈਦਾ ਹੋ ਜਾਣਾ ਸੀ। ਕਿਉਂਕਿ ਉਸ ਵੇਲੇ ਸਿੱਖਾਂ ਅੰਦਰ ਭਾਰਤੀ ਰਾਸ਼ਟਰਵਾਦ ਦੀਆਂ ਅਜੇ ਜੜ੍ਹਾਂ ਨਹੀਂ ਲਗੀਆਂ ਸਨ ਅਤੇ ਉਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਨਾਲੋਂ ਪੰਜਾਬ ਦੀ ਆਜ਼ਾਦੀ ਦੇ ਵਿਚਾਰ ਨੇ ਵੱਧ ਟੁੰਬਣਾ ਸੀ। ਦੋਵੇਂ ਹੀ ਗੱਲਾਂ ਸੰਭਵ ਸਨ। ਇਤਿਹਾਸ ਦਾ ਇਕ ਹੋਰ ਵੱਡਾ ਖੂਨ-ਖਰਾਬਾ ਵੀ ਹੋ ਸਕਦਾ ਸੀ ਅਤੇ ਪੰਜਾਬ ਅੰਦਰ ਸਿੱਖ ਰਾਜ ਦੀ ਮੁੜ ਸਥਾਪਨਾ ਵੀ ਹੋ ਸਕਦੀ ਸੀ। ਸ਼ਚਿੰਦਰਨਾਥ ਸਾਨਿਆਲ ਦੀ ਗਵਾਹੀ ਅਤੇ ਗਦਰੀਆਂ ਦੇ ਮੁਕਦਮੇ ਸੁਣਨ ਵਾਲੇ ਜੱਜਾਂ ਦੇ ਵਿਚਾਰਾਂ ਨੂੰ ਦੇਖਦਿਆਂ ਇਉਂ ਸੋਚਣਾ ਉਕਾ ਹੀ ਗਲਤ ਨਹੀਂ ਕਿ ਗਦਰੀ ਇਨਕਲਾਬੀਆਂ ਅੰਦਰ ਵੀ, ਖਾਲਸਾ ਰਾਜ ਦੀ ਮੁੜ ਸਥਾਪਨਾ ਦਾ ਜਜ਼ਬਾ ਅੰਗੜਾਈ ਲੈ ਸਕਦਾ ਸੀ। ਇਸ ਨਾਲ ਸਿੱਖਾਂ ਦਾ ਤਾਂ ਭਲਾ ਹੋਣਾ ਹੀ ਸੀ, ਭਾਰਤ ਦੇ ਦੂਸਰੇ ਮਜ਼ਲੂਮ ਵਰਗਾਂ ਲਈ ਵੀ ਇਹ ਸ਼ੁਭ ਸ਼ਗਨ ਹੋਣਾ ਸੀ।"

ਗਦਰੀ ਬਾਬਿਆਂ ਦਾ ਇਹ ਅਧੂਰਾ ਕਾਰਜ ਅਜੇ ਵੀ ਪੂਰਾ ਕਰਨ ਵਾਲਾ ਹੈ। ਪੰਜਾਬ ਦੇ ਸਮੂਹ ਲੋਕਾਂ ਨੂੰ ਨਾਲ ਲੈ ਕੇ ਪੰਜਾਬ ਨੂੰ ਕੇਂਦਰ ਸਰਕਾਰ ਦੀ ਸਾਮਰਾਜੀ ਜਕੜ ਤੋਂ ਮੁਕਤ ਕਰਵਾਉਂਦਿਆਂ ਭਾਰਤ ਸਣੇ ਸੰਸਾਰ ਭਰ ਦੇ ਦੂਜੇ ਮਜ਼ਲੂਮ ਵਰਗਾਂ ਦੀ ਮੁਕਤੀ ਲਈ ਯਤਨ ਕਰਨੇ ਇਸ ਕਾਰਜ ਦਾ ਇਕ ਅਹਿਮ ਅੰਗ ਹੈ। ਇਸ ਸਾਂਝੀ ਲੜਾਈ ਦੇ ਸਰਬ-ਸੰਸਾਰੀ ਪ੍ਰਸੰਗ ਨੂੰ ਸਮਝੇ ਬਗੈਰ, ਸਿੱਖ ਪੰਥ ਤੇ ਪੰਜਾਬ ਦੀ ਮੁਕਤੀ ਅਸੰਭਵ ਹੈ।

# ਵਿਆਹ: ਫਕੀਰੀ

## ਪ੍ਰੋ. ਪੂਰਨ ਸਿੰਘ ਦੀ ਪਤਨੀ ਮਾਇਆ ਦੇਵੀ ਦੀ ਕਲਮ ਤੋਂ

***ਪੰਜਾਬ ਕਵਿਤਾ ਦਾ ਬੁਰਜ ਪ੍ਰੋ. ਪੂਰਨ ਸਿੰਘ (17 ਫਰਵਰੀ 1881-31 ਮਾਰਚ 1931) ਨਿਆਰਾ ਅਤੇ ਨਿਰਾਲਾ ਸੀ। ਉਸ ਵਰਗਾ ਦੁਨੀਆਂ ਵਿਚ ਕੋਈ ਹੋਰ ਨਹੀਂ। ਚੁੰਗੀਆਂ ਭਰਦੀ ਜ਼ਿੰਦਗੀ ਨਾਲ ਉਹ ਖਹਿ-ਖਹਿ ਕੇ ਲੰਘਦਾ ਰਿਹਾ। ਉਹਦੀਆਂ ਰਚਨਾਵਾਂ ਵਿਚ ਉਛਲਦੇ ਦਰਿਆਵਾਂ ਵਾਲਾ ਵੇਗ ਅਤੇ ਅੰਬਰ ਜਿੱਡਾ ਖੁੱਲ੍ਹਾਪਣ ਝਾਤੀਆਂ ਮਾਰਦਾ ਹੈ। ਇਥੇ ਅਸੀਂ ਆਪਣੇ ਪਾਠਕਾਂ ਲਈ ਉਨ੍ਹਾਂ ਦੀ ਪਤਨੀ ਮਾਇਆ ਦੇਵੀ ਵੱਲੋਂ ਵਿਆਹ ਬਾਰੇ ਲਿਖਿਆ ਬਿਰਤਾਂਤ ਸਾਂਝਾ ਕਰ ਰਹੇ ਹਾਂ। -ਸੰਪਾਦਕ***




**ਪ੍ਰੋ. ਪੂਰਨ ਸਿੰਘ ਦੀ ਪਤਨੀ ਮਾਇਆ ਦੇਵੀ ਵੱਲੋਂ ਲਿਖੀ ਕਿਤਾਬ।**

ਸਾਡੇ ਘਰ ਵਿਚ ਕਥਾ, ਧਰਮ, ਨੇਮ ਦਾ ਬਹੁਤ ਪ੍ਰਚਾਰ ਸੀ। ਇਸ ਵਾਸਤੇ ਬਚਪਨ ਤੋਂ ਹੀ ਕਥਾ ਵਾਰਤਾ ਤੇ ਸਤੀਆਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ। ਜਦ ਮੈਂ ਪਾਰਬਤੀ ਦੀ ਕਥਾ ਸੁਣਨੀ, ਉਸ ਨੇ ਕਿਸ ਤਰ੍ਹਾਂ ਸ਼ਿਵ ਜੀ ਨਾਲ ਵਿਆਹ ਕਰਨ ਦਾ ਨੇਮ ਧਾਰਨ ਕੀਤਾ ਸੀ, ਤਾਂ ਮੈਨੂੰ ਇਹ ਕਥਾ ਬਹੁਤ ਅੱਛੀ ਲੱਗਣੀ। ਮੈਂ ਬਚਪਨ ਤੋਂ ਦੇਵੀ ਅਤੇ ਪਾਰਬਤੀ ਦੀ ਪੂਜਾ ਕਰਦੀ ਹੁੰਦੀ ਸਾਂ। ਮੇਰੇ ਲਾਲਾ ਜੀ ਨੇ ਦਸ ਬਰਸ ਦੀ ਉਮਰ ਵਿਚ ਮੇਰੀ ਮੰਗਣੀ ਪੂਰਨ ਸਿੰਘ ਨਾਲ ਕਰ ਦਿਤੀ ਸੀ। ਬਸ ਮੈਂ ਇਹੀ ਧਾਰਨਾ ਧਾਰ ਲੀਤੀ ਕਿ ਮੇਰਾ ਪਤੀ ਪੂਰਨ ਸਿੰਘ ਹੈ, ਤੇ ਇਸੇ ਧਿਆਨ ਵਿਚ ਮਗਨ ਰਹਿੰਦੀ ਸਾਂ। ਇਸੀ ਅਰਸੇ ਵਿਚ ਪੂਰਨ ਸਿੰਘ ਜੀ ਦੀ ਪੜ੍ਹਾਈ ਦਾ ਬੰਦੋਬਸਤ ਮਾਪਿਆਂ ਨੇ ਲਾਹੌਰ ਕਰ ਦਿੱਤਾ। ਅਸੀਂ ਵੀ ਉਨ੍ਹਾਂ ਦਿਨਾਂ ਵਿਚ ਲਾਹੌਰ ਰਹਿੰਦੇ ਸਾਂ। ਉਹ ਸਾਡੇ ਘਰ ਔਂਦੇ ਜਾਂਦੇ। ਉਨ੍ਹਾਂ ਦਾ ਨਿਰਾਲਾਪਨ ਦੇਖ ਕੇ ਮੇਰੀ ਸ਼ਰਧਾ ਹੋਰ ਵਧਦੀ ਗਈ। ਗੱਲਾਂ ਕਰਨ ਦਾ ਢੰਗ ਅਜੀਬ ਸੀ ਅਤੇ ਉਨ੍ਹਾਂ ਦੀ ਖ਼ੂਬਸੂਰਤੀ ਦਾ ਬਿਆਨ ਨਹੀਂ ਹੋ ਸਕਦਾ। ਮੈਂ ਛੁਪ ਛੁਪ ਕੇ ਦੇਖਦੀ ਰਹਿੰਦੀ, ਪਰ ਆਹਮੋ-ਸਾਹਮਣੇ ਕਦੀ ਨਹੀਂ ਸਾਂ ਹੋਏ।

1900 ਵਿਚ ਬਰਾਦਰੀ ਵਾਲਿਆਂ (ਭਗਤ ਗੋਕਲ) ਨੇ ਦੋ ਹੋਣਹਾਰ ਲੜਕਿਆਂ ਨੂੰ ਜਾਪਾਨ ਭੇਜਣ ਲਈ ਚੁਣਿਆ। ਇਕ ਸਰਦਾਰ ਦਮੋਦਰ ਸਿੰਘ ਜੋ ਵੱਡੀ ਉਮਰ ਦੇ ਸਨ, ਦੂਜੇ ਛੋਟੀ ਉਮਰ ਵਾਲੇ ਪੂਰਨ ਸਿੰਘ... ਜਾਪਾਨ ਜਾਣ ਤੋਂ ਪਹਿਲਾਂ ਸਾਨੂੰ ਮਿਲਣ ਲਈ ਅੰਮ੍ਰਿਤਸਰ ਦਰਬਾਰ ਸਾਹਿਬ ਆਏ। ਅਸੀਂ ਸਾਰੇ ਬੁੰਗੇ ਦੀ ਰੌਸ 'ਤੇ ਬੈਠੇ ਸਾਂ। ਉਨ੍ਹਾਂ ਨੂੰ ਵੇਖ ਕੇ ਸਾਰੇ ਖਿੜ ਗਏ। ਮੇਰੀਆਂ ਭਣੇਵੀਆਂ ਨੱਚਣ ਲਗ ਪਈਆਂ। ਮੈਂ ਛੁਪ ਗਈ। ਉਸ ਵਕਤ ਇਹੋ ਰਿਵਾਜ ਸੀ। ਬੇਜੀ ਜੱਫੀ ਮਾਰ ਕੇ ਮਿਲੇ ਤੇ ਰੋ ਪਏ। ਕਹਿਣ ਲੱਗੇ, "ਤੂੰ ਕਦ ਆਵੇਂਗਾ? ਮੇਰੀ ਧੀ ਜਵਾਨ ਹੈ, ਜੇ ਤੇਰਾ ਸਹੁਰਾ ਜਿਉਂਦਾ ਹੁੰਦਾ, ਤੈਨੂੰ ਕਦੇ ਨਾ ਜਾਣ ਦੇਂਦਾ।" ਉਨ੍ਹਾਂ ਜਵਾਬ ਦਿੱਤਾ, "ਮੈਂ ਜਲਦੀ ਆ ਜਾਵਾਂਗਾ, ਤੁਹਾਡੀ ਧੀ ਵਾਸਤੇ ਖ਼ੂਬ ਕਮਾਵਾਂਗਾ।" ਤੇ ਉਹ ਜਾਪਾਨ ਪਹੁੰਚ ਕੇ ਮੇਰੇ ਭਰਾ ਭਗਤ ਸਾਈਂਦਾਸ ਨੂੰ ਖਤ ਲਿਖਦੇ ਰਹੇ, "ਆਪਣੀ ਭੈਣ ਨੂੰ ਜ਼ਰੂਰ ਪੜ੍ਹਾਈ ਕਰਵਾਈਂ।" ਪੜ੍ਹਾਈ ਦੇ ਗੁਣ ਤੇ ਅਨਪੜ੍ਹਤਾ ਦੇ ਔਗੁਣ ਲਿਖ ਕੇ ਵੀਹ ਵੀਹ ਪੰਝੀ ਪੰਝੀ ਸਫੇ ਭੇਜਦੇ ਸਨ, ਪਰ ਭਗਤ ਸਾਈਂਦਾਸ ਨੂੰ ਲੜਕੀਆਂ ਦਾ ਪੜ੍ਹਾਉਣਾ ਪਸੰਦ ਨਹੀਂ ਸੀ। ਉਹ ਕਹਿੰਦੇ ਸਨ, "ਅਨਪੜ੍ਹੀ ਜ਼ਨਾਨੀ, ਮਰਦ ਬਰਾਬਰ; ਤੇ ਪੜ੍ਹੀ ਜ਼ਨਾਨਾ ਖ਼ੁਦਾ ਬਰਾਬਰ। ਇਸ ਲਈ ਉਨ੍ਹਾਂ ਨੇ ਮੇਰੀ ਪੜ੍ਹਾਈ ਦਾ ਕੋਈ ਬੰਦੋਬਸਤ ਨਾ ਕੀਤਾ।

ਜਾਪਾਨ ਵਿਚ ਰਹਿੰਦਿਆਂ (1902 ਵਿਚ) ਆਪ ਨੂੰ ਟਾਈਫਾਈਡ ਹੋ ਗਿਆ। ਟਾਈਫਾਈਡ ਤੋਂ ਤੰਦਰੁਸਤ ਹੋ ਕੇ ਉਨ੍ਹਾਂ ਨੇ ਪੜ੍ਹਾਈ ਛੱਡ ਦਿੱਤੀ ਅਤੇ ਆਜ਼ਾਦੀ ਉਤੇ ਲੈਕਚਰ ਦੇਣੇ ਅਰੰਭ ਕਰ ਦਿੱਤੇ। ਜਾਪਾਨ ਵਿਚ ਅੰਗਰੇਜ਼ੀ ਅਖਬਾਰ 'ਥੰਡਰਿੰਗ ਡਾਅਨ' ਵੀ ਪ੍ਰਕਾਸ਼ਿਤ ਕੀਤਾ ਜਿਸ ਦਾ ਮਜ਼ਮੂਨ ਬਹੁਤ ਕਰ ਕੇ ਇਹ ਸੀ ਕਿ ਹਿੰਦੁਸਤਾਨ ਵਿਚ ਅੰਗਰੇਜ਼ ਕਿਸ ਕਦਰ ਇਨਸਾਨੀ ਆਜ਼ਾਦੀ ਨੂੰ ਕੁਚਲ ਰਹੇ ਹਨ... ਇਨ੍ਹਾਂ ਹੀ ਖਿਆਲਾਂ ਨਾਲ ਜਾਪਾਨ ਤੋਂ ਵਾਪਸ ਆਏ। ਇਨ੍ਹਾਂ ਨੂੰ ਸਵਾਮੀ ਰਾਮ ਤੀਰਥ ਜੀ ਮਿਲੇ। ਫਿਰ ਕੀ ਸੀ! ਗੇਰੂਏ ਰੰਗ ਨੇ ਆ ਰੰਗ ਜਮਾਇਆ। ਸੰਨਿਆਸ ਧਾਰਨ ਕਰ ਲਿਆ। ਤੇ ਭਗਤ ਸਾਈਂ ਦਾਸ ਨੂੰ 'ਪੂਰਨ ਸੰਨਿਆਸੀ' ਦਾ ਖਤ ਆਇਆ, "ਮੈਂ ਸੰਨਿਆਸ ਧਾਰਨ ਕਰ ਲੀਤਾ ਹੈ, ਤੂੰ ਆਪਣੀ ਭੈਣ ਦਾ ਵਿਆਹ ਜਿੱਥੇ ਮਰਜ਼ੀ ਕਰ ਦੇ।"

ਇਹ ਖਬਰ ਬੇਜੀ ਨੂੰ ਭੁਚਾਲ ਵਾਂਗੂੰ ਹਿਲਾਣ ਲੱਗੀ। ਉਹ ਉਚੀ ਉਚੀ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨ ਲੱਗੇ। ਮਾਂ ਨੂੰ ਪਤਾ ਸੀ ਕਿ ਮੇਰੀ ਧੀ ਗੌਰੀ ਦੀ ਪੂਜਾ ਕਰਨ ਵਾਲੀ, ਕਿਵੇਂ ਕਿਸੇ ਹੋਰ ਨਾਲ ਵਿਆਹ ਕਰੇਗੀ?

ਭਗਤ ਸਾਈਂ ਦਾਸ ਵਰਾਂ ਲਈ ਨਾਂ ਲੈਣ ਲੱਗ ਪਏ। ਮੈਂ ਜੋ ਜਾਗ ਰਹੀ ਸਾਂ, ਬੋਲ ਪਈ, "ਮੇਰੀ ਸ਼ਾਦੀ ਉਸੇ ਵਕਤ ਹੋ ਗਈ, ਜਦ ਮੇਰੇ ਲਾਲਾ ਜੀ ਨੇ ਮੰਗਣੀ ਕੀਤੀ ਸੀ। ਇੰਨੇ ਵਰ੍ਹੇ ਮੈਂ ਉਸੇ ਦੀ ਪੂਜਾ ਕਰਦੀ ਰਹੀ ਹਾਂ। ਹੁਣ ਕਿਸੇ ਹੋਰ ਨਾਲ ਵਿਆਹ ਨਹੀਂ ਕਰਨਾ, ਤੇ ਤੁਸਾਂ ਜ਼ਬਰਦਸਤੀ ਕੀਤੀ, ਜਾਂ ਮੈਂ ਕੋਠੇ ਤੋਂ ਛਾਲ ਮਾਰ ਕੇ ਮਰ ਜਾਵਾਂਗੀ, ਤੇ ਜਾਂ ਮਿੱਟੀ ਦਾ ਤੇਲ ਪਾ ਕੇ ਸੜ ਜਾਵਾਂਗੀ।"



**ਇਕ ਵਿਆਹ ਸਮਾਗਮ ਦੌਰਾਨ ਪ੍ਰੋ. ਪੂਰਨ ਸਿੰਘ ਆਪਣੇ ਕੁਝ ਰਿਸ਼ਤੇਦਾਰਾਂ ਅਤੇ ਹੋਰ ਮਿੱਤਰਾਂ-ਸੱਜਣਾਂ ਨਾਲ।**

ਇਹ ਗੱਲ ਮੇਰੇ ਭਰਾ ਨੇ ਮੇਰੇ ਮੂੰਹੋਂ ਸੁਣੀ ਤਾਂ ਦੂਜੇ ਦਿਨ ਐਬਟਾਬਾਦ ਪੂਰਨ ਸਿੰਘ ਜੀ ਦੇ ਮਾਤਾ-ਪਿਤਾ ਨੂੰ ਖਤ ਲਿਖਿਆ ਤੇ ਉਨ੍ਹਾਂ ਦੇ ਪੁੱਤਰ ਦੇ ਖਤ ਦੀ ਨਕਲ ਵੀ ਨਾਲ ਘੱਲ ਦਿੱਤੀ। ਲਿਖਿਆ, "ਪੂਰਨ ਦਾ ਖਤ ਆਇਆ ਹੈ, ਉਸ ਨੇ ਸੰਨਿਆਸ ਧਾਰਨ ਕਰ ਲੀਤਾ ਹੈ। ਲਿਖਦਾ ਹੈ, ਆਪਣੀ ਭੈਣ ਦਾ ਵਿਆਹ ਜਿੱਥੇ ਮਰਜ਼ੀ ਕਰ ਲਵੋ। ਭੈਣ ਵਿਆਹ ਕਿਸੇ ਹੋਰ ਨਾਲ ਨਹੀਂ ਕਰਦੀ। ਬਹੁਤ ਲਾਚਾਰੀ ਹੈ। ਆਪ ਆਪਣੇ ਪੁੱਤਰ ਨੂੰ ਬੁਲਾਵੋ।"

ਆਪ ਜਾਪਾਨ ਤੋਂ ਆ ਕੇ ਹਾਲੀ ਕਲਕੱਤੇ ਵਿਚ ਹੀ ਸਨ। ਦੂਜੇ ਦਿਨ ਮਮਤਾ ਦੇ ਮਾਰੇ ਮਾਪੇ ਜਿਨ੍ਹਾਂ ਨੇ ਰੇਲ ਦਾ ਸਫਰ ਅੰਮ੍ਰਿਤਸਰ ਤੱਕ ਵੀ ਨਹੀਂ ਕੀਤਾ ਹੋਇਆ ਸੀ, ਪੁੱਤਰ ਦੇ ਪ੍ਰੇਮ ਦੀ ਡੋਰ ਨਾਲ ਬੰਨ੍ਹੇ, ਕਲਕੱਤੇ ਜਾਣ ਲਈ ਗੱਡੀ ਵਿਚ ਬੈਠ ਗਏ। ਪੁੱਤਰ ਨੂੰ ਲੱਭ ਲੀਤਾ। ਮਾਂ ਨੇ ਜਦ ਰੰਗ ਵਿਚ ਰੰਗੀਲੇ ਪੁੱਤਰ ਨੂੰ ਵੇਖਿਆ, ਜੱਫੀ ਮਾਰ ਕੇ ਰੋਣ ਲਗ ਪਈ...।

ਮਾਂ ਸੰਨਿਆਸੀ ਪੁੱਤਰ ਨੂੰ ਲੈ ਕੇ ਐਬਟਾਬਾਦ ਪਹੁੰਚੀ... ਭੈਣ ਨੂੰ ਲੜਕਾ ਹੋਇਆ ਸੀ, ਪਰ ਪ੍ਰਸੂਤ ਦੇ ਬੁਖ਼ਾਰ ਨਾਲ ਬਿਮਾਰ ਸੀ। ਭਰਾ ਨੇ ਉਸ ਦਾ ਸਿਰ ਆਪਣੇ ਗਲੇ ਨਾਲ ਲਾਇਆ, "ਦੱਸ ਗੰਗਾ, ਤੂੰ ਕੀ ਚਾਹੁੰਨੀ ਏਂ?" ਭੈਣ ਨੇ ਕਿਹਾ, "ਜਿਸ ਕੁੜੀ ਨਾਲ ਤੇਰੀ ਮੰਗਣੀ ਹੋਈ ਹੋਈ ਏ, ਉਸ ਨਾਲ ਵਿਆਹ ਕਰਨ ਦਾ ਇਕਰਾਰ ਕਰ!"

ਭਰਾ ਨੇ ਕਿਹਾ, "ਅੱਛਾ!" ਤੇ ਇਹ ਸੁਣਦਿਆਂ ਹੀ ਭੈਣ ਦੇ ਸਵਾਸ ਖਤਮ ਹੋ ਗਏ। ਪੰਛੀ ਉਡਾਰੀ ਮਾਰ ਗਿਆ। ਆਲ੍ਹਣਾ ਸੰਨਿਆਸੀ ਦੀ ਗੋਦ ਵਿਚ ਡਿੱਗ ਪਿਆ...।

ਪੂਰਨ ਨੇ ਮਾਂ ਨੂੰ ਕਿਹਾ, "ਦੇਖ ਮਾਂ! ਮੈਂ ਪਹਿਲੋਂ ਲੜਕੀ ਨੂੰ ਮਿਲ ਕੇ ਫੇਰ ਵਿਆਹ ਕਰਾਂਗਾ।" ਮੇਰਾ ਭਰਾ ਸਾਈਂ ਦਾਸ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਕਿਹਾ, "ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਲੜਕੀ ਨੂੰ ਮਿਲੇ?" ਸੋ ਪੂਰਨ ਸਿੰਘ ਜੀ ਮਾਂ ਨੂੰ ਕਹਿਣ ਲੱਗੇ, "ਬਸ ਫੈਸਲਾ ਹੋ ਗਿਆ, ਮੈਂ ਮਿਲੇ ਬਿਨਾ ਵਿਆਹ ਨਹੀਂ ਕਰਨਾ।" ਪਰ ਮਾਂ ਨੇ ਕਿਹਾ, "ਤੂੰ ਚਲ! ਕੁੜੀ ਜ਼ਰੂਰ ਤੈਨੂੰ ਮਿਲੇਗੀ, ਭਰਾ ਨੂੰ ਪਤਾ ਹੀ ਨਹੀਂ ਲੱਗੇਗਾ।"

ਮਾਂ ਪੁੱਤਰ ਨੂੰ ਪਿਸ਼ੌਰ ਲੈ ਆਈ। ਜਦ ਉਹ ਸਾਡੇ ਘਰ ਪਹੁੰਚੇ, ਮੇਰੀ ਉਸ ਵਕਤ ਜੈਸੀ ਹਾਲਤ ਸੀ, ਬਿਆਨ ਤੋਂ ਬਾਹਰ ਹੈ। ਕੰਬਣੀ ਲੱਗੀ ਹੋਈ ਸੀ। ਮੂੰਹੋਂ ਗੱਲ ਨਹੀਂ ਸੀ ਨਿਕਲਦੀ। ਮੇਰੇ ਕਮਰੇ ਵਿਚ ਸੱਸ ਨੇ ਆ ਕੇ ਕਿਹਾ, "ਤੈਨੂੰ ਪੂਰਨ ਮਿਲੇਗਾ, ਹੱਛੀ ਤਰ੍ਹਾਂ ਮਿਲੀਂ। ਛੁਪ ਨਾ ਜਾਈਂ!"

ਮੈਂ ਕਮਰੇ ਵਿਚ ਖੜ੍ਹੀ ਸਾਂ, ਉਹ ਅੰਦਰ ਆ ਗਏ। ਮੈਂ ਕੰਬਦੀ ਹੋਈ ਖੜ੍ਹੀ ਰਹੀ। ਉਹ ਕੁਝ ਦੇਰ ਖੜ੍ਹੇ ਹੋ ਕੇ ਬੋਲੇ, "ਅਸੀਂ ਤਾਂ ਫਕੀਰ ਹਾਂ, ਜੇ ਤੁਸਾਂ ਫਕੀਰ ਬਣਨਾ ਹੈ ਤਾਂ ਸ਼ਾਦੀ ਮੇਰੇ ਨਾਲ ਕਰੋ! ਮੰਗ ਕੇ ਲਿਔਣਾ ਪਵੇਗਾ...।"

"ਮੈਂ ਲਿਆਵਾਂਗੀ।" ਮੈਂ ਕਿਹਾ, "ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ।"

"ਜੇ ਇਹ ਗੱਲ ਹੈ ਤਾਂ ਹੁਣੇ ਹੀ ਮੇਰੇ ਨਾਲ ਚੱਲੋ!" ਉਹ ਬੋਲੇ।

"ਏਡੇ ਵੱਡੇ ਦਾਦੇ ਦੀ ਪੋਤਰੀ ਹੋ ਕੇ ਇਹ ਕੰਮ ਨਹੀਂ ਕਰ ਸਕਦੀ।" ਮੈਂ ਉਤਰ ਦਿੱਤਾ, "ਵਿਆਹ ਕੇ ਭਾਵੇਂ ਫਕੀਰ ਬਣਾਓ, ਭਾਵੇਂ ਕੁਝ। ਮੇਰਾ ਫਰਜ਼ ਹੈ ਆਪ ਦੇ ਹੁਕਮ ਅਨੁਸਾਰ ਚੱਲਣਾ, ਤੇ ਚੱਲਾਂਗੀ।"

ਬਸ ਏਨੀਆਂ ਹੀ ਗੱਲਾਂ ਹੋਈਆਂ। ਮੈਂ ਏਸ ਵਿਚ ਖ਼ੁਸ਼ ਸਾਂ, ਕਿਵੇਂ ਫਕੀਰ ਬਣ ਘਰ ਘਰ ਅਲਖ ਜਗਾਵਾਂਗੇ। ਉਸ ਵਕਤ ਮੈਨੂੰ ਉਹ ਗਾਣਾ ਯਾਦ ਆ ਗਿਆ ਜੋ ਮੈਂ ਗੌਂਦੀ ਹੁੰਦੀ ਸਾਂ, 'ਹਮ ਤੋਂ ਸੈਲਾਨੀ ਫਕੀਰ ਕੋਈ ਦਮ ਯਾਦ ਰਖੋਗੇ... ਬਰਛੀ ਦਾ ਮਾਰਿਆ ਕੋਈ ਦਮ ਜੀਵੇ, ਨੈਨਾਂ ਦਾ ਮਾਰਿਆ ਫਕੀਰ, ਕੋਈ ਦਮ ਯਾਦ ਰੱਖੋਗੇ।'

ਮੈਂ ਸੋਚਿਆ, ਇਨ੍ਹਾਂ ਨੂੰ ਜ਼ਰੂਰ ਕਿਸੇ ਨੈਨਾਂ ਦੀ ਮਾਰ ਪਈ ਹੈ। ਮੈਨੂੰ ਵੀ ਇਹ ਨੈਨਾਂ ਦੀ ਮਾਰ ਮਾਰਨਗੇ, ਮੈਂ ਵੀ ਫਕੀਰ ਹੋ ਜਾਵਾਂਗੀ।


ਸਾਡਾ ਘਰ ਫਕੀਰਾਂ ਦਾ ਹੀ ਘਰ ਰਿਹਾ। ਉਨ੍ਹਾਂ ਬਾਰੇ ਲੋਕਾਂ ਬਹੁਤ ਗੀਤ ਬਣਾਏ ਸਨ ਜਿਨ੍ਹਾਂ ਵਿਚੋਂ ਇਕ ਟੱਪਾ ਯਾਦ ਹੈ, "ਸੁੱਤਾ ਹੈ ਤਾਂ ਜਾਗ ਪੂਰਨਾ! ਤੈਨੂੰ ਮਾਇਆ ਸੀਟੀਆਂ ਮਾਰੇ...।"

# ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ'

1

ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ:
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ ।
ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,
ਆਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।
ਜਵਾਨ ਖੁੱਲ੍ਹੇ ਖੇਲ੍ਹੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿਚ,
ਦੁਨੀਆਂ ਥੀਂ ਵਿਹਲੇ,
ਦੀਨ ਥੀਂ ਵੀ ਵਿਹਲੇ,
ਰਲੇ ਨਾ ਰਲੀਦੇ ਕਦੀ
ਹੁਣ ਇਹ ਜਵਾਨ ਪੰਜਾਬ ਦੇ।
ਮੰਨੇ ਨਾ ਮਨੀਂਦੇ ਕਦੀ,
ਕੁੱਦ ਕੁੱਦ, ਉਛਲਦੇ ਡੁਲ੍ਹਦੇ,
ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉਤੇ ਉਲਰਦੇ ।
ਨਿੱਕੇ ਨਿੱਕੇ ਪਿਆਰ ਦੇ ਕਿਣਕਿਆਂ 'ਤੇ
ਰੀਝਣ ਤੇ ਪਸੀਜਣ ਸਾਰੇ,
ਤੇ ਵੱਡੀਆਂ ਵੱਡੀਆਂ ਗੱਲਾਂ ਨੂੰ
ਲੱਤ ਮਾਰ ਦੌੜ ਜਾਣ।
ਇਨ੍ਹਾਂ ਦਾ ਕੁਝ ਥਹੁ ਨਹੀਂ ਲੱਗਦਾ।
ਹੱਥਾਂ ਵਿਚ ਗੋਹਲੇ ਕੀਤੀ ਕਿਸੇ ਵੀ ਪਾਤਸ਼ਾਹ ਨੇ,
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।
ਪਿਆਰ ਦਾ ਨਾਮ ਇਨ੍ਹਾਂ ਸਿੱਖਿਆ,
ਦਿਲ ਜਾਨ ਵਾਰਨ ਇਹ ਪਿਆਰ 'ਤੇ,
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ,
ਰੰਝੇਟੜੇ ਦੇ ਨਿੱਕੇ ਵੱਡੇ ਭਰਾ ਸਾਰੇ,
ਬੇਲਿਆਂ ਤੇ ਰੱਖਾਂ ਵਿਚ ਕੂਕਾਂ ਮਾਰਦੇ ।
ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।
ਇਸ ਜੱਟ-ਮੱਤ ਵਿਚ ਜੋਰਾਂ ਦਾ ਜੋਗ ਸੀ,
ਦੇਖ ਹੈਰਾਨ ਪਸ਼ੇਮਾਨ ਹੋਇਆ, ਬਖਸ਼ਿਆ,
ਟੋਰਿਆ, ਟਿੱਲੇ ਥੀਂ ਅਸੀਸ ਦੇ, ਹਾਰਿਆ,
ਤੇ ਮਚਲਾ ਜੱਟ ਆਖੇ-
ਮੁੰਦਰਾਂ ਲੈ ਆਪਣੀਆਂ ਮੋੜ ਬਾਵਾ!
ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ ਭਲੇ ਮਾਣਸਾ
ਕੰਨਾਂ ਨੂੰ ਕਾਹਨੂੰ ਚਾ ਪਾੜਿਆ?
ਜੋਗ ਦੀ ਮੈਨੂੰ ਕੀ ਲੋੜ ਸੀ?
ਨਾਥਾ ਦੱਸ ਖਾਂ?
ਮੈਂ ਸਿੱਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿਚ ਪਿਆਰ ਪਿਆ ਖੜਕਦਾ,
ਨਾਮ ਪਿਆ ਵੱਜਦਾ,




ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ।
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ।

ਇਹੋ ਜਿਹੀ ਜਿੰਦ ਤੇ ਖੁੱਲ੍ਹ ਦਾ ਸੁਭਾ,
ਜਿਹੜਾ ਚਾਬਕ ਨਹੀਂ ਸਹਾਰਦਾ,
ਕੋਤਲ ਘੋੜੇ ਵਾਂਗ ਸੰਵਾਰੇ ਕੋਈ ਨਿੱਤ ਨਵਾਂ,
ਤੇ ਵਹੇ ਇਨ੍ਹਾਂ ਜਵਾਨਾਂ ਦੀ ਮੌਜ ਨਾਲ,
ਤਦ ਤਾਂ ਪਲ ਛਿਣ, ਰੁਮਕ ਰੁਮਕ ਤੁਰਨ ਇਹ,
ਪਰ ਫਿਰ ਵੀ ਖਤਰਾ ਇਨ੍ਹਾਂ ਦੇ
ਅੱਥਰੇਪਨ ਦਾ ਹਰਦਮ ਰਹਿੰਦਾ ।
ਬਾਂਕੇ ਛਬੀਲੇ ਪੰਜਾਬ-ਪਿਆਰ ਦੇ ਰਹਿਣ ਵਾਲੇ,
ਪੰਜਾਬੀ ਮਾਂਵਾਂ ਦੇ ਪੁੱਤਰ,
ਰੱਖਣ ਨਾ ਜਾਨ ਸੰਭਾਲ ਇਹ,
ਜਾਨ ਵਾਰਨ ਨੂੰ ਇਹ ਜਾਣਦੇ,
ਲਹੂ ਵੀਟਣ ਥੀਂ ਨਾ ਡਰਨ ਇਹ,
ਤੇ ਜੰਗ ਮੈਦਾਨ ਵਿਚ ਨੱਸਣਾ ਨਾ ਇਹ ਪਛਾਣਦੇ।
ਕਰਨ ਕੀ ਇਹ?
ਓੜਕ ਦਾ ਰੂਹ ਜ਼ੋਰ ਆਇਆ ਪੰਜਾਬ ਵਿਚ,
ਸਤਿਗੁਰਾਂ ਦੇ ਕਦਮਾਂ ਤੇ ਰਾਹਾਂ ਦੇ ਸਦਕੇ,
ਹੜ੍ਹ ਆਏ ਰੱਬ ਦੇ ਪ੍ਰਕਾਸ਼ ਦੇ,
ਤੇ ਠਿਲ੍ਹਨ ਨਾ ਇਹ ਪੰਜਾਬੀ,
ਇਹ ਵੱਸ ਕਿਸ ਦੇ?
ਇਹ ਜੀਣ, ਥੀਣ ਜ਼ੋਰ ਲਾ ਲਾ,
ਕੁਝ ਵੱਸ ਨਾਂਹ ਕਿਸੇ ਦੇ,
ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ
ਜੀਵਨ-ਬਿਜਲੀਆਂ ਦੇ ਅਸਗਾਹ
ਦਰਿਆ ਵਗ ਉਠੇ,
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ
ਜਿਹਲਮ ਤੇ ਅਟਕ ਸਭ ਬਲ ਉਠੇ;
ਗੁਰੂ ਦਾ ਜਪੁ ਸਾਹਿਬ ਗਾਉਂਦੇ।
ਇਉਂ ਅਥਾਹ ਪ੍ਰਵਾਹ ਹੋਇਆ,
ਸੁੱਕਾ ਨਾਂਹ ਰਿਹਾ ਕੋਈ ਥਾਂ।
ਹਿੰਦੂ, ਮੁਸਲਮਾਨ, ਪੰਛੀ, ਪਸ਼ੂ,
ਆਦਮੀ ਸਭ ਭਿੱਜਿਆ,
ਡੁੱਬਿਆ ਅੰਮ੍ਰਿਤ ਉਸ ਨਿਗਾਹ ਵਿਚ।
ਇਥੇ ਜਾਨ ਆਈ, ਰੂਹ ਆਇਆ, ਰੱਬ ਆਇਆ,
ਗੀਤ ਅਸਮਾਨੀ ਆਇਆ,
ਦਿਲ ਆਇਆ ਬਖ਼ਸ਼ ਦਾ;
ਇਥੇ ਚਾਅ ਦੇ ਅਸਮਾਨ ਟੁੱਟੇ,
ਇਥੇ ਹੁਸਨ ਖ਼ੁਦਾਈ ਦਾ ਅਵਤਾਰ ਆਇਆ,
ਇਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹਾਂ ਦੇ ਤੀਰਾਂ ਦੇ ਮੀਂਹ।

ਇਥੇ ਦਾਤੇ ਬਲਕਾਰ ਆਏ,
ਇਥੇ ਸਾਈਂ ਦੇ ਪਿਆਰੇ ਆਏ,
ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ
ਸੁੰਮਾਂ ਦੀ ਟਾਪ ਲੱਗੀ,
ਇਥੇ ਸਤਿਗੁਰਾਂ,
ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ।

2

ਗਾਓ ਢੋਲੇ ਯਾਰੋ ਖੁੱਲ੍ਹ ਵਿਚ ਬੇਸ਼ੱਕ ਹੁਣ,
ਵਜਾਓ ਅਲਗੋਜ਼ੇ ਪੋਠੋਹਾਰ ਦੇ।
ਬਣਨ ਬੈਂਤ, ਉਡਣ ਰੰਗ ਗੁਲਾਬ ਦੇ,
ਦਿਲ ਦੀਆਂ ਮੌਜਾਂ ਰੱਬੀ ਜਵਾਨੀਆਂ,
ਪੀੜ੍ਹਾਂ ਮੁੱਢ ਕਦੀਮ ਦੀਆਂ।
ਹਾਂ! ਐਵੇਂ ਜਦ ਦਿਲ ਅੱਕੇ,
ਉਠ ਡਾਂਗਾਂ ਵਰਸਾਓ ਵਾਂਗ ਅਧੀਆਂ,
ਇਹ ਤੁਸਾਂ ਦੇ ਡੌਲਿਆਂ ਨੂੰ ਵਰਜਿਸ਼ ਜ਼ਰੂਰ ਹੈ।
ਖੁੱਲ੍ਹੇ ਖੇਤ ਤੇ ਹਵਾਵਾਂ,
ਵਾਟਾਂ ਲੰਮੀਆਂ ਦੇ ਸੈਰ,
ਪੈਰ ਵਾਹਣਿਆਂ ਟੁਰਨਾ,
ਸ਼ਾਮ ਵੇਲੇ ਘਰ ਆਵਣਾ,
ਪੰਜਾਹ ਕੋਹ ਮਾਰ ਕੇ।
ਵਾਹ ਸ਼ੇਰ ਜਵਾਨੀਏ! ਕੰਮ ਕੁਝ ਨਾਂਹ,
ਪੈਂਡਾ ਮਾਰਨਾ, ਜ਼ਰਾ ਲੱਤਾਂ ਹਿਲਾਣ ਨੂੰ।

# ਗੁਜਰਾਤ ਫਾਈਲਾਂ




ਪਰਦਾਪੋਸ਼ੀ ਦੀ ਚੀਰਫਾੜ

ਕਾਂਡ ਅੱਠਵਾਂ

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



## ਸਵਾਲ ਉਠਾਉਣ ਵਾਲੇ ਅਫਸਰਾਂ ਦੀ ਸ਼ਾਮਤ

### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ, ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਹਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ, ਪੁਲਿਸ ਅਫਸਰ ਊਸ਼ਾ ਰਾਡਾ, ਅਸ਼ੋਕ ਨਰਾਇਣ ਤੇ ਜੀ ਸੀ ਰੈਗਰ ਨਾਲ ਮੁਲਾਕਾਤਾਂ ਕੀਤੀਆਂ ਅਤੇ ਗੁੱਝੇ ਭੇਤ ਕਢਵਾਏ। ਹੁਣ ਪੜ੍ਹੋ ਅੱਗੇ...*

ਪੁਲਿਸ ਵਿਚਲੇ ਬਹੁਤ ਸਾਰੇ ਲੋਕ ਪੀ.ਸੀ.ਪਾਂਡੇ ਨੂੰ ਸ਼ੁਤਰਮੁਰਗ ਕਹਿੰਦੇ ਸਨ। ਕੁਝ ਮੁਤਾਬਿਕ ਉਹ ਜਾਂਬਾਜ਼, ਸਲੀਕੇਦਾਰ ਅਫ਼ਸਰ ਸੀ ਜੋ ਸਪਸ਼ਟ ਅਤੇ ਮਿੱਠਬੋਲੜਾ ਸੀ। ਅਜਿਹਾ ਬੰਦਾ ਜਿਸ ਉਪਰ ਮੁੱਖ ਮੰਤਰੀ ਨੂੰ ਸਭ ਤੋਂ ਵੱਧ ਯਕੀਨ ਸੀ। ਮੋਦੀ ਤੇ ਸ਼ਾਹ ਸੂਬੇ ਦੇ ਸਾਰੇ ਅਹਿਮ ਮਾਮਲਿਆਂ ਵਿਚ ਉਸ 'ਤੇ ਭਰੋਸਾ ਕਰਦੇ। ਉਹ ਅਜਿਹਾ ਬੰਦਾ ਸੀ ਜਿਸ ਨੂੰ ਜ਼ਿੰਦਗੀ ਦੀਆਂ ਨਿਆਮਤਾਂ- ਵਿਦੇਸ਼ਾਂ ਵਿਚ ਛੁੱਟੀਆਂ ਮਨਾਉਣ, ਆਪਣੇ ਬਾਰੇ ਪੁਰਜੋਸ਼ ਰੀਵਿਊ ਲਿਖਵਾਉਣ ਅਤੇ ਸ਼ਾਮ ਨੂੰ ਕਲੱਬ ਜਾਂ ਜਿੰਮਖ਼ਾਨੇ ਵਿਚ ਦੋਸਤਾਂ ਨਾਲ ਜਾਮ ਟਕਰਾਉਣ, ਨਾਲ ਮੋਹ ਸੀ।

'ਦਿ ਟੈਲੀਗ੍ਰਾਫ਼' ਨੇ ਆਪਣੇ 2 ਮਾਰਚ 2002 ਦੇ ਅੰਕ ਵਿਚ ਉਸ ਦੀ ਇਹ ਤਸਵੀਰ ਪੇਸ਼ ਕੀਤੀ ਸੀ: ਅਹਿਮਦਾਬਾਦ ਦਾ ਸਾਬਕਾ ਪੁਲਿਸ ਕਮਿਸ਼ਨਰ ਪੀ.ਸੀ.ਪਾਂਡੇ (ਜਦੋਂ ਕਤਲੇਆਮ ਹੋਇਆ, ਉਹ ਪੁਲਿਸ ਕਮਿਸ਼ਨਰ ਸੀ)। ਪੁਲਿਸ ਕਮਿਸ਼ਨਰ ਪੀ.ਸੀ. ਤੋਂ ਬਿਹਤਰ ਪੁਲਿਸ ਦੀ ਭੂਮਿਕਾ ਦੀ ਹੋਰ ਕੋਈ ਮਿਸਾਲ ਨਹੀਂ। ਪਾਂਡੇ ਦਾ ਇਹ ਬਿਆਨ ਕਿ, 'ਪੁਲਿਸ ਆਮ ਸਮਾਜੀ ਮਾਹੌਲ ਤੋਂ ਅਟੰਕ ਨਹੀਂ... (ਜਦੋਂ) ਸਮਾਜ ਦੀ ਸੋਝੀ ਵਿਚ ਤਬਦੀਲੀ ਆਉਂਦੀ ਹੈ, ਪੁਲਿਸ ਵੀ ਇਸ ਦਾ ਹਿੱਸਾ ਹੁੰਦੀ ਹੈ ਅਤੇ ਇਸ ਦਾ ਛੂਤ ਵਾਲਾ ਪ੍ਰਭਾਵ ਵੀ ਹੁੰਦਾ ਹੈ।'

ਮੈਂ ਮਾਈਕ ਤੋਂ ਪਾਂਡੇ ਨੂੰ ਫ਼ੋਨ ਕਰਵਾਇਆ ਸੀ ਅਤੇ ਫਿਰ ਉਸ ਨੂੰ ਫ਼ੋਨ ਕਰ ਕੇ ਉਸ ਦੇ ਰੁਝੇਵਿਆਂ ਦਾ ਪਤਾ ਕਰਦੀ ਰਹੀ ਸੀ। ਮੇਰੇ ਸੁਣਨ ਵਿਚ ਆ ਰਿਹਾ ਸੀ ਕਿ ਉਹ ਸਾਥੋਂ ਪ੍ਰਭਾਵਿਤ ਸੀ। ਜਦੋਂ ਅਸੀਂ ਅਹਿਮਦਾਬਾਦ ਉਸ ਦੇ ਬੰਗਲੇ ਵਿਚ ਦਾਖ਼ਲ ਹੋਏ, ਉਹ ਬਗ਼ੀਚੇ ਵਿਚ ਆਪਣੀ ਪਹੀਆ-ਕੁਰਸੀ ਨਾਲ ਜੁੜੀ ਮਾਂ ਨੂੰ ਘੁੰਮਾ ਰਿਹਾ ਸੀ। ਮੈਂ ਉਸ ਅਤੇ ਉਸ ਦੀ ਮਾਤਾ ਨੂੰ ਪ੍ਰਣਾਮ ਕੀਤੀ। ਮਾਈਕ ਦਾ ਤੁਆਰਫ਼ ਸਹਾਇਕ ਦੇ ਤੌਰ 'ਤੇ ਕਰਵਾਇਆ। ਉਸ ਦੀ ਪਤਨੀ ਜਿਸ ਬਾਰੇ ਸਾਨੂੰ ਦੱਸਿਆ ਗਿਆ ਕਿ ਉਸ ਦਾ ਕੈਂਸਰ ਦਾ ਇਲਾਜ ਚੱਲ ਰਿਹਾ ਸੀ, ਖ਼ੁਦ ਚਲ ਕੇ ਬੈਠਕ ਵਿਚ ਸਾਨੂੰ ਮਿਲਣ ਆਈ।

ਉਸ ਨੇ ਮੈਥੋਂ ਜੋ ਪਹਿਲੀ ਚੀਜ਼ ਪੁੱਛੀ, ਉਹ ਸੀ ਮੇਰੇ ਨਾਂ ਤਿਆਗੀ ਬਾਰੇ। ਮੈਂ ਉਸ ਨੂੰ ਆਪਣੇ ਆਰ.ਐਸ.ਐਸ. ਨਾਲ ਸਬੰਧਤ ਪਿਛੋਕੜ, ਸੰਸਕ੍ਰਿਤ ਦੇ ਉਸਤਾਦ ਆਪਣੇ ਪਿਤਾ ਅਤੇ ਆਪਣੇ ਅਮਰੀਕਨ ਕਾਬਲੀਅਤ-ਪ੍ਰਮਾਣਾਂ ਬਾਰੇ ਦੱਸਿਆ। ਇਹ ਕਿ ਮੈਂ ਕਾਇਸਥ ਸੀ ਜਿਸ ਦਾ ਪਰਿਵਾਰ ਮੁੰਬਈ ਅਤੇ ਕਾਨਪੁਰ ਵਿਚ ਸੀ; ਕਿ ਮੈਂ ਧਰਮ ਤੋਂ ਦੂਰ ਹੋ ਚੁੱਕੀ ਸੀ, ਪਰ ਮੈਂ ਉਸ ਨੂੰ ਯਕੀਨ ਦਿਵਾਇਆ ਕਿ ਮੁਲਕ ਵਿਚ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦਾ ਜੋ ਮਾਹੌਲ ਸੀ, ਉਹ ਮੈਨੂੰ ਮੁੜ ਆਪਣੇ ਧਰਮ ਦੇ ਨੇੜੇ ਲਿਆ ਰਿਹਾ ਸੀ। ਇਸ ਦਾ ਮਨਚਾਹਿਆ ਪ੍ਰਭਾਵ ਪਿਆ, ਪਰ ਪਾਂਡੇ ਘਾਗ ਬੰਦਾ ਸੀ। ਉਹ ਇਹ ਜਾਣਨ ਲਈ ਉਤਸੁਕ ਸੀ ਕਿ ਉਸ ਨੂੰ ਮਿਲਣ ਆਉਣ ਤੋਂ ਪਹਿਲਾਂ ਕਿਸੇ ਨੇ ਸਾਨੂੰ ਮੀਡੀਆ ਵਿਚ ਉਸ ਦੀ ਕਥਿਤ ਸ਼ੱਕੀ ਭੂਮਿਕਾ ਬਾਰੇ ਕੁਝ ਦੱਸਿਆ ਤਾਂ ਨਹੀਂ ਸੀ! ਮੈਂ ਖ਼ੁਸ਼ ਹੋ ਕੇ ਦੱਸਿਆ ਕਿ ਮੈਂ ਫਿਲਮਸਾਜ਼ ਨਰੇਸ਼ ਕਨੌੜੀਆ ਤੋਂ ਉਸ ਦੀ ਤਾਰੀਫ਼ ਸੁਣੀ ਸੀ।

ਉਹ ਹੁੱਬ ਕੇ ਬੋਲਿਆ- ' ਹੁਣ ਸਮਝਿਆ... ਨਹੀਂ ਤਾਂ ਤੁਹਾਡਾ ਵਾਹ 'ਅਲ-ਜਜ਼ੀਰਾ' ਕਿਸਮ ਦੇ ਤੁਅੱਸਬੀ ਦਿਮਾਗਾਂ ਅਤੇ ਇਸ ਮੁਲਕ ਦੇ ਪੀਲੇ ਪੱਤਰਕਾਰਾਂ ਨਾਲ ਹੀ ਪੈਣਾ ਸੀ।' ਮੈਂ ਦੱਸਿਆ ਕਿ ਮੈਂ ਸੂਰਤ ਦੇ ਹੀਰੇ ਦੇ ਵਪਾਰੀਆਂ ਨੂੰ ਮਿਲਣਾ ਚਾਹੁੰਦੀ ਸੀ ਜੋ ਕੁਲ ਆਲਮ ਵਿਚ ਮਸ਼ਹੂਰ ਸਨ। ਪਾਂਡੇ ਦਾ ਪੁੱਤਰ ਸੂਰਤ ਵਿਚ ਹੀਰੇ ਦਾ ਕਾਰੋਬਾਰ ਕਰਦਾ ਸੀ ਅਤੇ ਉਸ ਨੇ ਪੂਰੇ ਉਤਸ਼ਾਹ ਨਾਲ ਮੈਨੂੰ ਉਸ ਦੇ ਸੰਪਰਕਾਂ ਦਾ ਵੇਰਵਾ ਦੇ ਦਿੱਤਾ। ਮੈਂ ਪਾਂਡੇ ਨੂੰ ਕਿਸੇ ਐਸੇ ਬੰਦੇ ਨੂੰ ਮਿਲਣ ਵਿਚ ਮਦਦ ਕਰਨ ਲਈ ਵੀ ਕਿਹਾ ਜੋ ਫਿਲਮ ਡਿਵੀਜ਼ਨ ਜਾਂ 'ਵਾਈਬਰੈਂਟ ਗੁਜਰਾਤ' ਬਾਰੇ ਪ੍ਰਚਾਰ ਸ਼ਾਖਾ ਦਾ ਕਰਤਾ-ਧਰਤਾ ਹੋਵੇ।

ਹਿੰਸਾ ਦੌਰਾਨ ਆਪਣੀ ਵਿਵਾਦਪੂਰਨ ਭੂਮਿਕਾ ਬਾਰੇ ਪਾਂਡੇ ਦੀ ਭੜਕਾਹਟ ਦੇ ਬਾਵਜੂਦ ਮੈਂ ਇਸ ਤਰ੍ਹਾਂ ਦਿਖਾਵਾ ਕੀਤਾ ਜਿਵੇਂ ਮੇਰੀ ਇਸ ਵਿਚ ਕੋਈ ਰੁਚੀ ਹੀ ਨਾ ਹੋਵੇ। ਮੈਨੂੰ ਥਿਰੂਪੁਗਜ਼੍ਹਾ ਨਾਂ ਦੇ ਦੱਖਣੀ ਹਿੰਦੁਸਤਾਨੀ ਨੌਕਰਸ਼ਾਹ ਦਾ ਸੰਪਰਕ ਨੰਬਰ ਦਿੱਤਾ ਗਿਆ ਜੋ ਮੈਨੂੰ ਗੁਜਰਾਤ ਬਾਰੇ, ਖ਼ਾਸ ਕਰ ਕੇ 'ਵਾਈਬਰੈਂਟ ਗੁਜਰਾਤ' ਬਾਰੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾ ਦੇਵੇਗਾ।

'... ਮੈਥਿਲੀ ਤੁਹਾਨੂੰ ਬੁੱਧੀਜੀਵੀ ਸੁਹੇਲ ਸੇਠ ਦਾ ਅਖ਼ਬਾਰੀ ਕਾਲਮ ਲਾਜ਼ਮੀ ਪੜ੍ਹਨਾ ਚਾਹੀਦਾ ਹੈ।' ਉਸ ਨੇ ਪੂਰੀ ਤਿਆਰੀ ਕੀਤੀ ਹੋਈ ਸੀ, ਮੋਦੀ ਦਾ ਗੁਣਗਾਣ ਕਰਦੇ ਲੇਖਾਂ ਦੇ ਪ੍ਰਿੰਟ ਤਿਆਰ ਕਰ ਕੇ ਰੱਖੇ ਹੋਏ ਸਨ ਅਤੇ 'ਇੰਡੀਆ ਟੂਡੇ' ਦੇ ਉਸ ਅੰਕ ਦੀ ਕਾਪੀ ਵੀ ਜਿਸ ਵਿਚ ਦਿਓਬੰਦ ਦੇ ਮੌਲਾਨਾ ਵਾਸਤਨਵੀ ਦਾ ਬਿਆਨ ਸੀ। ਇਸ ਬਿਆਨ ਵਿਚ ਮੋਦੀ ਦੇ ਗੁਣ ਗਾਏ ਹੋਏ ਸਨ। ਪਾਂਡੇ ਕੋਲ ਸੁਹੇਲ ਸੇਠ ਦੇ ਕਾਲਮ ਦੀਆਂ ਘੱਟੋ-ਘੱਟ ਬਾਰਾਂ ਕਾਪੀਆਂ ਸਨ ਜਿਨ੍ਹਾਂ ਵਿਚੋਂ ਇਕ ਮੈਨੂੰ ਦੇ ਦਿੱਤੀ। ਪਾਂਡੇ ਨੇ ਇਹ ਵੀ ਕਿਹਾ, 'ਜੇ ਫਿਲਮ ਅਮਰੀਕਾ ਵਿਚਲੇ ਗੁਜਰਾਤੀਆਂ ਲਈ ਹੈ, ਮੈਨੂੰ ਯਕੀਨ ਹੈ ਕਿ ਮੋਦੀ ਜੀ ਤੁਹਾਡੇ ਬਾਰੇ ਸੁਣ ਕੇ ਬਹੁਤ ਖ਼ੁਸ਼ ਹੋਣਗੇ। ਮੈਨੂੰ ਦੱਸੋ ਅਤੇ ਮੈਂ ਮੀਟਿੰਗ ਤੈਅ ਕਰਵਾ ਦਿਆਂਗਾ।'

ਮੈਂ ਥੋੜ੍ਹਾ ਉਤਸ਼ਾਹ ਦਿਖਾਇਆ ਅਤੇ ਕਿਹਾ ਕਿ ਪਾਂਡੇ ਜਿਸ ਕਿਸੇ ਨੂੰ ਵੀ ਮੈਨੂੰ ਮਿਲਾਉਣਾ ਚਾਹੇਗਾ, ਮੈਂ ਉਸ ਨੂੰ ਮਿਲਾਂਗੀ, ਕਿਉਂਕਿ ਸਾਡੇ ਲਈ ਉਹ ਅਜਿਹਾ ਬੰਦਾ ਸੀ ਜਿਸ ਨੂੰ ਗੁਜਰਾਤ ਬਾਰੇ ਭਰਪੂਰ ਜਾਣਕਾਰੀ ਸੀ ਅਤੇ ਮੈਨੂੰ ਉਸ ਦੇ ਮਾਰਗ-ਦਰਸ਼ਨ ਦੀ ਜ਼ਰੂਰਤ ਰਹੇਗੀ ਕਿ ਗੁਜਰਾਤ ਬਾਰੇ ਫਿਲਮ ਕਿਵੇਂ ਬਣਾਵਾਂ। ਇਸ ਬਾਰੇ ਪਾਂਡੇ ਖ਼ੁਸ਼ ਜਾਪਦਾ ਸੀ।

ਬਾਅਦ ਵਿਚ ਜਦ ਅਸੀਂ ਕੈਂਟੀਨ ਵਿਚ ਬੈਠੇ ਆਪਣਾ 20 ਰੁਪਏ ਵਾਲਾ ਦੁਪਹਿਰ ਦਾ ਖਾਣਾ ਖਾ ਰਹੇ ਸੀ, ਮੈਂ ਮਾਈਕ ਨੂੰ ਦੱਸਿਆ ਕਿ ਸਾਡਾ ਵਾਹ ਪਿਆਦਿਆਂ ਨਾਲ ਨਹੀਂ, ਸਗੋਂ ਹੋਰ ਤਰ੍ਹਾਂ ਦੇ ਲੋਕਾਂ ਨਾਲ ਪੈ ਰਿਹਾ ਸੀ। ਮੈਂ ਉਸ ਨੂੰ ਦੱਸਿਆ ਕਿ 'ਤਹਿਲਕਾ' ਵਿਚ ਮੇਰੇ ਇਕ ਸਾਥੀ ਪੱਤਰਕਾਰ ਨੇ ਗੁਜਰਾਤ ਵਿਚ ਸਟਿੰਗ ਓਪਰੇਸ਼ਨ ਕੀਤਾ ਸੀ, ਪਰ ਉਹ ਠੱਗਾਂ ਅਤੇ ਦੰਗਈਆਂ ਦਾ ਸਟਿੰਗ ਸੀ, ਇਥੇ ਅਸੀਂ ਹੰਢੇ-ਵਰਤੇ ਕੂਟਨੀਤਕਾਂ ਨਾਲ ਨਜਿੱਠ ਰਹੇ ਸੀ, ਇਸ ਲਈ ਬਹੁਤ ਸਵੈ-ਵਿਸ਼ਵਾਸ ਨਾਲ ਵਿਚਰਨਾ ਜ਼ਰੂਰੀ ਸੀ, ਬੰਨ੍ਹੀ ਜਾਂਦੀ ਭੂਮਿਕਾ ਵੀ ਕਾਇਲ ਕਰਨ ਵਾਲੀ ਹੋਣੀ ਜ਼ਰੂਰੀ ਸੀ। ਮਾਈਕ ਨੇ ਸੁਝਾਅ ਦਿੱਤਾ ਕਿ ਸਟਿੰਗ ਮੁਕਾ ਕੇ ਫਿਲਮ ਦੀ ਪਟਕਥਾ ਲਿਖੀਏ। ਸਾਨੂੰ ਹਾਸਾ ਆ ਗਿਆ।



*ਪਾਂਡੇ ਨੇ ਮੈਥੋਂ ਜੋ ਪਹਿਲੀ ਚੀਜ਼ ਪੁੱਛੀ, ਉਹ ਸੀ ਮੇਰੇ ਨਾਂ ਤਿਆਗੀ ਬਾਰੇ। ਮੈਂ ਉਸ ਨੂੰ ਆਪਣੇ ਆਰ.ਐਸ.ਐਸ. ਨਾਲ ਸਬੰਧਤ ਪਿਛੋਕੜ, ਸੰਸਕ੍ਰਿਤ ਦੇ ਉਸਤਾਦ ਆਪਣੇ ਪਿਤਾ ਅਤੇ ਆਪਣੇ ਅਮਰੀਕਨ ਕਾਬਲੀਅਤ-ਪ੍ਰਮਾਣਾਂ ਬਾਰੇ ਦੱਸਿਆ। ਇਹ ਕਿ ਮੈਂ ਕਾਇਸਥ ਸੀ ਜਿਸ ਦਾ ਪਰਿਵਾਰ ਮੁੰਬਈ ਅਤੇ ਕਾਨਪੁਰ ਵਿਚ ਸੀ; ਕਿ ਮੈਂ ਧਰਮ ਤੋਂ ਦੂਰ ਹੋ ਚੁੱਕੀ ਸੀ, ਪਰ ਮੈਂ ਉਸ ਨੂੰ ਯਕੀਨ ਦਿਵਾਇਆ ਕਿ ਮੁਲਕ ਵਿਚ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦਾ ਜੋ ਮਾਹੌਲ ਸੀ, ਉਹ ਮੈਨੂੰ ਮੁੜ ਆਪਣੇ ਧਰਮ ਦੇ ਨੇੜੇ ਲਿਆ ਰਿਹਾ ਸੀ।... ਇਸ ਦਾ ਮਨਚਾਹਿਆ ਪ੍ਰਭਾਵ ਪਿਆ, ਪਰ ਪਾਂਡੇ ਘਾਗ ਬੰਦਾ ਸੀ। ਉਹ ਇਹ ਜਾਣਨ ਲਈ ਉਤਸੁਕ ਸੀ ਕਿ ਉਸ ਨੂੰ ਮਿਲਣ ਆਉਣ ਤੋਂ ਪਹਿਲਾਂ ਕਿਸੇ ਨੇ ਸਾਨੂੰ ਮੀਡੀਆ ਵਿਚ ਉਸ ਦੀ ਕਥਿਤ ਸ਼ੱਕੀ ਭੂਮਿਕਾ ਬਾਰੇ ਕੁਝ ਦੱਸਿਆ ਤਾਂ ਨਹੀਂ ਸੀ!*

ਜਦੋਂ ਅਸੀਂ ਪੀ.ਸੀ. ਪਾਂਡੇ ਨੂੰ ਮਿਲ ਰਹੇ ਸੀ; ਅਸੀਂ ਰੈਗਰ, ਅਸ਼ੋਕ ਨਰਾਇਣ, ਮਾਇਆ ਕੋਡਨਾਨੀ ਨਾਲ ਗੱਲਬਾਤ ਦੇ ਸੈਸ਼ਨ ਜਾਰੀ ਰੱਖੇ, ਉਨ੍ਹਾਂ ਸਾਰਿਆਂ ਨੂੰ ਇਹ ਜਾਣਕਾਰੀ ਦਿੰਦੇ ਰਹੇ ਕਿ ਅਸੀਂ ਹੋਰ ਕਿਨ੍ਹਾਂ ਕਿਨ੍ਹਾਂ ਨੂੰ ਮਿਲੇ ਸੀ। ਇਕ ਦਿਨ ਜਦੋਂ ਮੈਂ ਪੀ.ਸੀ. ਪਾਂਡੇ ਨੂੰ ਉਸ ਦੇ ਬੰਗਲੇ ਉਪਰ ਮਿਲਣ ਜਾ ਰਹੀ ਸੀ ਤਾਂ ਮੇਰਾ ਭੇਤ ਖੁੱਲ੍ਹਦਾ ਖੁੱਲ੍ਹਦਾ ਮਸਾਂ ਬਚਿਆ। ਜਦੋਂ ਮੈਂ ਉਸ ਦੇ ਘਰ ਦੇ ਐਨ ਲਾਗੇ ਪਹੁੰਚੀ ਤਾਂ ਇਕ ਅਫਸਰ ਦਾ ਅਰਦਲੀ ਤਿੰਨ ਮਕਾਨ ਛੱਡ ਕੇ ਇਕ ਬੰਗਲੇ ਵਿਚੋਂ ਨਿਕਲਦਾ ਨਜ਼ਰੀਂ ਪਿਆ ਜੋ ਮੈਨੂੰ ਰਾਣਾ ਅਯੂਬ ਵਜੋਂ ਜਾਣਦਾ ਸੀ। ਚੰਗੇ ਭਾਗਾਂ ਨੂੰ ਮੈਂ ਆਪਣੇ ਘੁੰਗਰਾਲੇ ਵਾਲ ਸੰਵਾਰ ਕੇ ਬੰਨ੍ਹੇ ਹੋਏ ਸਨ ਜੋ ਇਕਦਮ ਭੇਤ ਖੋਲ੍ਹ ਦਿੰਦੇ ਸਨ ਅਤੇ ਸਿਰ 'ਤੇ ਬੰਨ੍ਹੇ ਰੁਮਾਲ ਨੇ ਮੇਰਾ ਅੱਧਾ ਕੁ ਚਿਹਰਾ ਢੱਕਿਆ ਹੋਇਆ ਸੀ। ਪਾਂਡੇ ਮੇਰਾ ਸਵਾਗਤ ਕਰਨ ਲਈ ਬਾਹਰਲੇ ਦਰਵਾਜ਼ੇ 'ਤੇ ਸੀ। ਮੇਰੇ ਵਾਲਾਂ 'ਚੋਂ ਪਸੀਨੇ ਦੀਆਂ ਬੂੰਦਾਂ ਚੋਅ ਕੇ ਗੱਲ੍ਹਾਂ ਤਕ ਆ ਗਈਆਂ, ਦੇਹ ਠੰਢੀ ਪੈ ਗਈ ਸੀ। ਪਾਂਡੇ ਨੇ ਤਾੜ ਲਿਆ ਕਿ ਮੈਂ ਪਸੀਨੇ ਨਾਲ ਭਿੱਜੀ ਹੋਈ ਸੀ ਅਤੇ ਚਿਹਰੇ ਦਾ ਰੰਗ ਉਡਿਆ ਹੋਇਆ ਸੀ। ਉਸ ਨੇ ਮੈਨੂੰ ਬੰਗਲੇ ਵਿਚ ਲਿਜਾਂਦਿਆਂ ਪੁੱਛਿਆ- 'ਤੁਹਾਡੀ ਤਬੀਅਤ ਠੀਕ ਏ ਮੈਥਿਲੀ?' 'ਹਾਂ ਜੀ ਸਰ', ਮੈਂ ਸੱਚ 'ਤੇ ਕਾਬੂ ਪਾਉਣ ਦਾ ਯਤਨ ਕਰਦਿਆਂ ਹੁੰਗਾਰਾ ਭਰਿਆ। ਮੈਂ ਹੌਲੀ ਜਿਹੀ ਬੋਲੀ ਜਿਵੇਂ ਮੌਸਮ ਦੇ ਤਬਦੀਲੀ ਨਾਲ ਮੈਨੂੰ ਬੁਖ਼ਾਰ ਹੋਇਆ ਹੋਵੇ।

ਉਸ ਨੇ ਫਟਾਫਟ ਮੈਨੂੰ ਬਿਠਾਇਆ, ਆਪਣੇ ਨੌਕਰ ਨੂੰ ਕੌਫ਼ੀ ਦਾ ਕੱਪ ਲਿਆਉਣ ਲਈ ਕਿਹਾ ਅਤੇ ਆਪ ਆਪਣੇ ਕਮਰੇ ਵਿਚੋਂ ਮੈਡੀਕਲ ਕਿਟ ਲੈਣ ਚਲਾ ਗਿਆ। ਉਸ ਨੇ ਥਰਮਾਮੀਟਰ ਕੱਢਿਆ ਅਤੇ ਮੈਨੂੰ ਜੀਭ ਹੇਠ ਰੱਖਣ ਲਈ ਕਿਹਾ। ਮੈਂ ਬੌਂਦਲੀ ਹੋਈ ਸੀ। ਉਸ ਨੇ ਮੈਨੂੰ ਡਾਕਟਰ ਕੋਲ ਜਾਣ ਲਈ ਵੀ ਕਿਹਾ। ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਇਹ ਮਾਮੂਲੀ ਗੱਲ ਹੈ। ਥਰਮਾਮੀਟਰ 99 ਡਿਗਰੀ ਤਾਪਮਾਨ ਦਿਖਾ ਰਿਹਾ ਸੀ। ਕੌਫ਼ੀ ਤੋਂ ਬਾਅਦ ਉਸ ਨੇ ਮੈਨੂੰ ਬਿਸਕੁਟ ਅਤੇ ਪੈਰਾਸਿਟਾਮੋਲ ਲੈਣ ਲਈ ਜ਼ੋਰ ਪਾਇਆ। ਹੁਣ ਮੈਂ ਬਿਹਤਰ ਮਹਿਸੂਸ ਕਰ ਰਹੀ ਸੀ। ਮੈਂ ਮੁਸਕਰਾਈ ਅਤੇ ਸ੍ਰੀਮਤੀ ਪਾਂਡੇ ਦਾ ਹਾਲਚਾਲ ਪੁੱਛਿਆ ਜੋ ਚੰਦ ਮਿੰਟ ਮਗਰੋਂ ਹੀ ਉਥੇ ਆ ਗਈ।

ਪਾਂਡੇ ਦੀ ਆਪਣੇ ਭਾਈ ਨਾਲ ਫ਼ੋਨ ਉਪਰ ਗੱਲਬਾਤ ਤੋਂ ਇਹ ਝਲਕਦਾ ਸੀ ਕਿ ਉਹ ਆਪਣੇ ਰਿਸ਼ਤੇਦਾਰਾਂ ਜਾਂ ਅਜਿਹੇ ਕਿਸੇ ਬੰਦੇ ਨਾਲ ਨੇਪਾਲ ਜਾਣ ਦੀ ਵਿਉਂਤ ਬਣਾ ਰਿਹਾ ਸੀ। ਮੈਂ ਹਿਸਾਬ ਲਾਇਆ ਕਿ ਮੇਰੇ ਕੋਲ ਆਪਣਾ ਕੰਮ ਮੁਕਾਉਣ ਲਈ ਵਕਤ ਥੋੜ੍ਹਾ ਸੀ। ਉਹ ਸਾਲ ਦੇ ਅਖ਼ੀਰ ਦੀਆਂ ਆਪਣੀਆਂ ਛੁੱਟੀਆਂ ਗੁਜ਼ਾਰਨ ਲਈ ਕਾਠਮੰਡੂ ਜਾਣ ਦੀ ਵਿਉਂਤ ਬਣਾ ਰਿਹਾ ਸੀ ਅਤੇ ਉਸ ਨੇ ਮੈਨੂੰ ਨਵੇਂ ਵਰ੍ਹੇ ਮੌਕੇ ਮੁਲਕ ਦੀ ਕਿਸੇ ਸੈਰ-ਸਪਾਟੇ ਵਾਲੀ ਥਾਂ 'ਤੇ ਜਾਣ ਦਾ ਮਸ਼ਵਰਾ ਦਿੱਤਾ। ਮੈਂ ਸਿਰ ਹਿਲਾ ਕੇ ਹਾਮੀ ਭਰੀ।

ਗੁਜਰਾਤ ਅੰਦਰ ਹਿੰਦੂ-ਮੁਸਲਿਮ ਪਾਲਾਬੰਦੀ ਬਾਰੇ ਚਰਚਾ ਦੌਰਾਨ ਪਾਂਡੇ ਨੇ ਦੱਸਿਆ ਕਿ ਉਸ ਦੇ ਘਰ ਉਸ ਦੇ ਜਿਸ ਵਕੀਲ ਅਤੇ ਮਿੱਤਰ ਦਾ ਅਕਸਰ ਆਉਣ-ਜਾਣ ਸੀ, ਉਹ ਮੁਸਲਮਾਨ ਸੀ। ਉਸ ਦਿਨ ਤੋਂ ਲੈ ਕੇ ਮੈਂ ਜਦੋਂ ਵੀ ਪਾਂਡੇ ਦੇ ਘਰ ਬੈਠੀ ਹੁੰਦੀ, ਮੇਰੇ ਦਿਲ ਦੀ ਧੜਕਣ ਵਧ ਜਾਂਦੀ, ਕਿਉਂਕਿ ਅਹਿਮਦਾਬਾਦ ਦਾ ਇਹ ਵਕੀਲ ਮੇਰਾ ਵਾਕਫ਼ ਸੀ ਜਿਸ ਨੂੰ ਮੈਂ ਵੱਖੋ-ਵੱਖਰੇ ਫ਼ੌਜਦਾਰੀ ਮਾਮਲਿਆਂ ਬਾਰੇ ਮਿਲ ਚੁੱਕੀ ਸੀ ਜਿਨ੍ਹਾਂ ਦੀ ਉਹ ਪੈਰਵੀ ਕਰ ਰਿਹਾ ਸੀ। ਮੇਰੀ ਨਬਜ਼ ਭੜਥੂ ਪਾਈ ਰੱਖਦੀ। ਇਸ ਦੌਰਾਨ ਪੀ.ਸੀ. ਪਾਂਡੇ ਨਾਲ ਗੱਲਬਾਤ ਦਾ ਸਹਿਜ ਸਿਲਸਿਲਾ ਵੀ ਚੱਲਦਾ ਰਿਹਾ:

**ਸਵਾਲ:** ਗੁਜਰਾਤ, ਆਰ.ਐਸ.ਐਸ. ਨਾਲ ਕਿੰਨਾ ਕੁ ਜੁੜਿਆ ਹੋਇਐ?

**ਜਵਾਬ:** ਇਹ ਗੁਜਰਾਤ ਸਰਕਾਰ ਨੂੰ ਚਲਾ ਰਹੀ ਭਾਜਪਾ ਦੀ ਰੀੜ੍ਹ ਦੀ ਹੱਡੀ ਹੈ। ਇਹੀ ਇਕ ਸੰਸਥਾ ਹੈ ਜੋ ਇਸਲਾਮਿਕ ਪਾਰਟੀਆਂ ਨੂੰ ਟੱਕਰ ਦੇ ਸਕਦੀ ਹੈ।

**ਸਵਾਲ:** ਉਹ ਆਰ.ਐਸ.ਐਸ. ਦੇ ਕਿੰਨਾ ਕੁ ਨੇੜੇ ਹੈ?

**ਜਵਾਬ:** ਹਾਂ, ਉਹ ਆਰ.ਐਸ.ਐਸ. ਨਾਲ ਬਹੁਤ ਹੀ ਨੇੜਿਉਂ ਜੁੜਿਆ ਹੋਇਆ ਹੈ। ਇਹ ਉਸ ਲਈ ਬਹੁਤ ਅਹਿਮ ਹੈ। ਉਹ ਇਸ ਦਾ ਕਾਡਰ ਰਿਹਾ ਹੈ।... ਇਥੇ ਜੋ ਆਰ.ਐਸ.ਐਸ. ਦਾ ਮੁਖੀ ਅਮਰੁਤਭਾਈ ਕੜੀਵਾਲਾ ਹੈ, ਉਸ ਦਾ ਉਸ ਉਪਰ ਵਾਹਵਾ ਦਬਦਬਾ ਹੈ।

**ਸਵਾਲ:** ਚਾਹੇ ਫ਼ਸਾਦ ਹਨ ਜਾਂ ਰਾਜ ਦੇ ਮਾਮਲੇ, ਮੈਨੂੰ ਇਥੇ ਤੁਹਾਡੇ ਮੰਤਰੀਆਂ ਬਾਰੇ ਕਾਫ਼ੀ ਸੁਣਨ ਨੂੰ ਮਿਲਿਆ ਹੈ। ਸੁਣਿਐ ਇਥੇ ਹਰੇਨ ਪਾਂਡਿਆ ਆਰ.ਐਸ.ਐਸ. ਦਾ ਲਾਡਲਾ ਸੀ?

**ਜਵਾਬ:** ਹਾਂ, ਉਹ ਇਥੇ ਹਰਮਨਪਿਆਰਾ ਆਗੂ ਸੀ। ਗ੍ਰਹਿ ਮੰਤਰੀ ਹਰੇਨ ਪਾਂਡਿਆ ਆਰ.ਐਸ.ਐਸ. ਦੇ ਬਹੁਤ ਨੇੜੇ ਸੀ। ਇਸੇ ਤਰ੍ਹਾਂ ਇਥੇ ਸਾਡੇ ਅਮਿਤ ਸ਼ਾਹ ਸੀ ਜੋ ਹੁਣ ਜੇਲ੍ਹ ਵਿਚ ਹੈ। ਉਹ ਵੀ ਆਰ.ਐਸ.ਐਸ. ਦੇ ਬਹੁਤ ਨੇੜੇ ਸੀ। ਇਥੇ ਇਕ ਹੋਰ ਆਗੂ ਗੋਰਧਨ ਜ਼ੜਫੀਆ ਸੀ, ਉਹ ਵੀ ਇਸ ਦੌਰਾਨ ਵੀ.ਐਚ.ਪੀ. ਦੇ ਬਹੁਤ ਨੇੜੇ ਸੀ।

**ਸਵਾਲ:** ਇਹ ਸਾਰੇ ਗ੍ਰਹਿ ਮੰਤਰੀ ਸਨ, ਇਨ੍ਹਾਂ ਨੂੰ ਬਣਾਉਣ ਦਾ ਸੁਚੇਤ ਫ਼ੈਸਲਾ ਸੀ...?

**ਜਵਾਬ:** ਬਿਲਕੁਲ, ਗ੍ਰਹਿ ਮੰਤਰਾਲਾ ਪੁਲਿਸ ਅਫ਼ਸਰਾਂ ਨੂੰ ਕੰਟਰੋਲ ਕਰਦਾ ਹੈ, ਇਸ ਲਈ ਤੁਹਾਡਾ ਆਪਣਾ ਬੰਦਾ ਇਸ ਅਹੁਦੇ 'ਤੇ ਹੋਵੇ ਤਾਂ ਠੀਕ ਰਹਿੰਦੈ। ਇਸੇ ਕਰ ਕੇ ਜਦੋਂ ਕੇਸ਼ੂਭਾਈ ਮੁੱਖ ਮੰਤਰੀ ਸੀ, ਹਰੇਨ ਪਾਂਡਿਆ ਗ੍ਰਹਿ ਮੰਤਰੀ ਸਨ।

**ਸਵਾਲ:** ਮੈਨੂੰ ਗੋਰਧਨ ਜ਼ੜਫੀਆ ਨੂੰ ਮਿਲਣਾ ਚਾਹੀਦਾ ਹੈ? ਤੁਹਾਡਾ ਸੁਝਾਅ ਕੀ ਹੈ?

**ਜਵਾਬ:** ਨਹੀਂ, ਕਿਉਂਕਿ ਫਿਰ ਤੁਸੀਂ ਆਪਣੇ ਕੰਮ ਤੋਂ ਭਟਕ ਜਾਵੋਗੇ... ਮੇਰਾ ਮਤਲਬ ਹੈ, ਇਹ ਤੁਹਾਡੀ ਫਿਲਮ ਦਾ ਹਿੱਸਾ ਨਹੀਂ ਹੈ।

**ਸਵਾਲ:** ਅੱਛਾ, ਇਹ ਦੱਸੋ ਜੇ ਮੈਂ ਦਿੱਲੀ ਵਿਚ ਹੋਵਾਂ, ਤੁਹਾਡਾ ਕੀ ਸੁਝਾਅ ਹੈ, ਮੈਨੂੰ ਅਮਿਤ ਸ਼ਾਹ ਨੂੰ ਮਿਲਣਾ ਚਾਹੀਦਾ ਹੈ?

**ਜਵਾਬ:** ਜ਼ਰੂਰ ਮਿਲਣਾ ਚਾਹੀਦਾ ਹੈ, ਉਹ ਸਿਧਾਂਤਕਾਰ ਹੈ।

**ਸਵਾਲ:** ਤੁਸੀਂ ਇਹ ਮਸ਼ਵਰਾ ਕਿਉਂ ਦੇ ਰਹੇ ਹੋ ਕਿ ਮੈਂ ਉਨ੍ਹਾਂ ਨੂੰ ਮਿਲਾਂ?

**ਜਵਾਬ:** ਤੁਹਾਨੂੰ ਸੂਬੇ ਦਾ ਵੱਖਰਾ ਭਵਿੱਖ-ਨਕਸ਼ਾ ਮਿਲੇਗਾ। ਉਹ ਮੁੱਦੇ ਉਪਰ ਕੇਂਦਰਤ ਰਹਿੰਦਾ ਹੈ। ਉਹ ਤੁਹਾਨੂੰ ਆਰ.ਐਸ.ਐਸ. ਅਤੇ ਸੂਬੇ ਬਾਰੇ ਦੱਸੇਗਾ।

(ਬਾਕੀ ਅਗਲੇ ਸਫੇ 'ਤੇ)

**ਸਵਾਲ:** ਮੈਂ ਉਨ੍ਹਾਂ ਨੂੰ ਤੁਹਾਡਾ ਹਵਾਲਾ ਦੇ ਸਕਦੀ ਹਾਂ? ਉਹ ਕਿਥੇ ਰਹਿੰਦੇ ਹਨ?

**ਜਵਾਬ:** ਹਾਂ, ਉਨ੍ਹਾਂ ਨੂੰ ਦੱਸ ਦੇਣਾ ਕਿ ਮੈਂ ਮਿਲਣ ਲਈ ਕਿਹਾ ਸੀ; ਗੁਜਰਾਤ ਭਵਨ ਵਿਖੇ ਰਹਿੰਦੇ ਹਨ।

**ਸਵਾਲ:** ਮੈਨੂੰ ਮੋਦੀ ਜੀ ਨਾਲ ਫ਼ਸਾਦਾਂ ਬਾਰੇ ਗੱਲ ਕਰਨੀ ਚਾਹੀਦੀ ਹੈ?

**ਜਵਾਬ:** ਨਾ ਕਰਿਓ, ਉਹ ਗੱਲ ਨਹੀਂ ਕਰੇਗਾ।

**ਸਵਾਲ:** ਦੁਖਦੀ ਰਗ ਹੈ?

**ਜਵਾਬ:** ਹਾਂ, ਗੱਲ ਨਾ ਕਰਿਓ।

**ਸਵਾਲ:** ਤੁਸੀਂ ਫ਼ਸਾਦਾਂ ਦੌਰਾਨ ਉਥੇ ਸੀ?

**ਜਵਾਬ:** ਹਾਂ, ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਭਿਆਨਕ ਵਕਤਾਂ ਵਿਚੋਂ ਇਕ ਸੀ। ਮੈਂ ਪਹਿਲਾਂ ਹੀ 30 ਸਾਲ ਦੀ ਨੌਕਰੀ ਦੇਖ ਚੁੱਕਾ ਸੀ। ਜ਼ਰਾ ਦੇਖੋ- 1985, 87, 89, 92 ਵਿਚ ਵੀ ਫ਼ਸਾਦ ਹੋਏ ਅਤੇ ਬਹੁਤੀ ਵਾਰ ਹਿੰਦੂਆਂ ਨੇ ਹੀ ਮਾਤ ਖਾਧੀ। ਮੁਸਲਮਾਨਾਂ ਦਾ ਹੱਥ ਉਪਰ ਰਿਹਾ। ਇਸ ਵਾਰ 2002 ਵਿਚ, ਇਹ ਵਾਪਰਨਾ ਹੀ ਸੀ, ਇਹ ਹਿੰਦੂਆਂ ਦਾ ਬਦਲਾ ਸੀ। ਨਾਲ ਹੀ 1995 ਤੋਂ ਬਾਅਦ ਵੀ, ਲੋਕ ਮਹਿਸੂਸ ਕਰਦੇ ਸਨ ਕਿ ਸਰਕਾਰ ਉਨ੍ਹਾਂ ਦੀ ਸੀ, ਖ਼ਾਸ ਕਰ ਕੇ ਕਿਉਂਕਿ ਇਹ ਭਾਜਪਾ ਦੀ ਸਰਕਾਰ ਸੀ। ਉਹ ਕਹਿੰਦੇ ਹਨ ਕਿ ਮੈਂ ਲੋਕਾਂ ਦਾ ਬਚਾਓ ਕਰਨ ਲਈ ਨਹੀਂ ਗਿਆ। ਇਕ ਵੀ ਬੰਦੇ ਨੇ ਮੈਨੂੰ ਨਹੀਂ ਸੱਦਿਆ। ਮੈਂ ਕਿਹੜਾ ਅੰਤਮਜਾਮੀ ਹਾਂ ਜਿਸ ਨੂੰ ਪਤਾ ਲਗ ਜਾਂਦਾ ਕਿ ਫਲਾਣਾ ਮੈਨੂੰ ਸੱਦ ਰਿਹਾ ਹੈ।

**ਸਵਾਲ:** ਮੋਦੀ ਜੀ ਦੀ ਬਹੁਤ ਮਸ਼ਹੂਰੀ ਹੈ?

**ਜਵਾਬ:** ਤੁਸੀਂ ਉਸ ਨਾਚੀ ਮਲਿਕਾ ਸਾਰਾਭਾਈ ਨੂੰ ਜਾਣਦੇ ਹੋ, ਉਹ ਮੋਦੀ ਜੀ ਉਪਰ ਬਹੁਤ ਚੋਟ ਕਰਦੀ ਹੈ। ਉਹ ਕਹਿੰਦੇ ਨੇ ਕਿ 2002 ਦੀ ਹਿੰਸਾ ਉਸ ਦੇ ਕਾਰਨ ਹੋਈ, ਪਰ ਉਹ ਕਹਿੰਦਾ ਹੈ ਕਿ ਗੋਧਰਾ ਵਿਖੇ ਰੇਲ ਨੂੰ ਅੱਗ ਮੈਂ ਤਾਂ ਜਾ ਕੇ ਲਾਈ ਨਹੀਂ, ਫਿਰ ਉਸ ਪਿਛੋਂ ਜੋ ਹੋਇਆ, ਉਸ ਦਾ ਇਲਜ਼ਾਮ ਤੁਸੀਂ ਮੇਰੇ ਉਪਰ ਕਿਵੇਂ ਲਾ ਸਕਦੇ ਹੋ? ਜੇ ਉਹ ਮੈਂ ਕੀਤਾ ਹੁੰਦਾ, ਇਹ ਵੀ ਮੈਂ ਕੀਤਾ ਹੁੰਦਾ। ਦੇਖੋ, ਇਹ ਉਸ ਦਾ ਪ੍ਰਤੀਕਰਮ ਸੀ ਜੋ ਉਥੇ ਹੋਇਆ ਸੀ। ਮੇਰਾ ਮਤਲਬ ਹੈ ਕਿ ਜੇ ਤੁਸੀਂ ਇਸ ਨੂੰ ਤਰਕਪੂਰਨ ਤਰੀਕੇ ਨਾਲ ਦੇਖਦੇ ਹੋ, ਇਥੇ ਮੁਸਲਮਾਨਾਂ ਦੀ ਟੋਲੀ ਜਾ ਕੇ ਰੇਲ ਗੱਡੀ ਨੂੰ ਅੱਗ ਲਾਉਂਦੀ ਹੈ, ਫਿਰ ਤੁਹਾਡਾ ਪ੍ਰਤੀਕਰਮ ਕੀ ਹੋਵੇਗਾ?

**ਸਵਾਲ:** ਤੁਸੀਂ ਪਲਟ ਕੇ ਵਾਰ ਕੀਤਾ?

**ਜਵਾਬ:** ਹਾਂ, ਹਾਂ! ਤੁਸੀਂ ਉਨ੍ਹਾਂ ਉਪਰ ਪਲਟ ਕੇ ਵਾਰ ਕਰਦੇ ਹੋ, ਹੁਣ ਇਹ ਮੋੜਵਾਂ ਵਾਰ ਹੀ ਹੈ, ਤੁਸੀਂ ਲਾਜ਼ਮੀ ਹੀ ਖੋਜ ਕੀਤੀ ਹੋਵੇਗੀ ਕਿ 85, 86, 92 ਅਤੇ ਇਸ ਤੋਂ ਅੱਗੇ, ਉਹ (ਹਿੰਦੂ) ਮਾਰ ਖਾਂਦੇ ਰਹੇ। ਫਿਰ ਕੀ ਵਾਪਰਦਾ ਹੈ, ਇਹ ਮੌਕਾ ਬਣ ਜਾਂਦਾ ਹੈ, ਉਨ੍ਹਾਂ ਨੂੰ ਜਵਾਬ ਦੇਣ ਦਾ... ਕੋਈ ਇਸ ਦਾ ਬੁਰਾ ਕਿਉਂ ਮਨਾਏਗਾ?

**ਸਵਾਲ:** ਮੈਂ ਯਕੀਨ ਨਾਲ ਕਹਿ ਸਕਦੀ ਹੈ ਕਿ ਉਸ ਨੇ ਇਸ ਨੂੰ ਰੋਕਿਆ ਨਹੀਂ ਹੋਵੇਗਾ।

**ਜਵਾਬ:** ਦੇਖੋ, ਜਦੋਂ ਲੋਕ ਇਸ ਨੂੰ ਲੈ ਕੇ ਭੜਕ ਉਠਦੇ ਹਨ, ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ, ਜਿਵੇਂ ਮਿਸਰ ਵਿਚ ਹੋਇਆ... ਤੁਸੀਂ ਕਿਵੇਂ ਕਹਿੰਦੇ ਹੋ ਕਿ ਮੋਦੀ ਨੂੰ ਬਟਨ ਦਬਾ ਕੇ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਸੀ? ਰੀਮੋਟ ਉਸ ਦੇ ਹੱਥ ਵਿਚ ਨਹੀਂ ਸੀ।

**ਸਵਾਲ:** ਫ਼ਸਾਦ ਕਿੰਨਾ ਕੁ ਚਿਰ ਜਾਰੀ ਰਹੇ?

**ਜਵਾਬ:** ਮੁਢਲਾ ਪੜਾਅ ਦੋ ਕੁ ਦਿਨ ਰਿਹਾ, ਇਸ ਤੋਂ ਵੱਧ ਨਹੀਂ।

**ਸਵਾਲ:** ਹਿੰਦੂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੇ ਸਨ, ਮੀਡੀਆ ਨੇ ਇੰਜ ਪੇਸ਼ ਕੀਤਾ?

**ਜਵਾਬ:** ਹਾਂ, ਹੋਰ ਉਹ ਕੀ ਪੇਸ਼ ਕਰਨਗੇ? ਮੁਸਲਮਾਨ ਵੀ ਹਿੰਦੂਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਤੁਸੀਂ ਦੇਖਦੇ ਹੋ, ਹਿਸਾਬ ਬਰਾਬਰ ਹੈ... ਠੀਕ ਹੈ, ਭਾਵੇਂ ਬਰਾਬਰ ਫ਼ੀਸਦੀ ਨਹੀਂ, ਪਰ ਇਥੇ ਅਸੀਂ ਸਾਵੇਂਪਣ ਦਾ ਮੁਕਾਬਲਾ ਨਹੀਂ ਕਰ ਰਹੇ; ਜਾਂ ਹਿਸਾਬ ਬਰਾਬਰ ਕੀਤੇ ਜਾਣ ਦੀ ਗੱਲ ਨਹੀਂ ਕਰ ਰਹੇ। ਪਹਿਲੀ ਗੱਲ ਤਾਂ ਹਮਲਾਵਰ ਮੁਸਲਮਾਨ ਸਨ ਜਿਨ੍ਹਾਂ ਨੇ ਗੋਧਰਾ ਵਿਚ ਰੇਲ ਗੱਡੀ ਨੂੰ ਅੱਗ ਲਾਈ, ਫਿਰ ਸੁਭਾਵਿਕ ਹੈ ਪ੍ਰਤੀਕਰਮ ਤਾਂ ਹੋਵੇਗਾ ਹੀ। ਮੁਸਲਮਾਨਾਂ ਦਾ ਜ਼ਿਆਦਾ ਨੁਕਸਾਨ ਹੋਇਆ, ਪਰ ਉਹ ਵੀ ਮੋੜਵਾਂ ਵਾਰ ਕਰਦੇ ਹਨ। ਫਿਰ ਜੇ ਇਸ ਦੇ ਸੰਨ੍ਹ ਵਿਚ ਹਿੰਦੂ ਆ ਜਾਂਦਾ ਹੈ ਤਾਂ ਉਹ ਵੀ ਮਾਰਿਆ ਜਾਂਦਾ ਹੈ।

**ਸਵਾਲ:** ਹਾਂ ਸੱਚ, ਇਕ ਦਿਨ ਪਹਿਲਾਂ ਮੈਂ ਅਖ਼ਬਾਰ ਵਿਚ 'ਸਿਟ' ਰਿਪੋਰਟ ਬਾਰੇ ਲੇਖ ਦੇਖਿਆ ਸੀ, ਉਹ ਕੀ ਸੀ?

**ਜਵਾਬ:** ਓਹ, ਹਾਂ... 'ਸਿਟ' ਕਮੇਟੀ ਫ਼ਸਾਦਾਂ ਦੀ ਜਾਂਚ ਲਈ ਬਣਾਈ ਗਈ ਸੀ। ਸੁਪਰੀਮ ਕੋਰਟ ਨੂੰ ਰਿਪੋਰਟ ਦਿੱਤੀ ਗਈ ਅਤੇ ਉਸ ਦੀ ਕਾਪੀ ਮੀਡੀਆ ਨੂੰ, ਇਕ ਅਖ਼ਬਾਰ ਨੂੰ ਲੀਕ ਕਰ ਦਿੱਤੀ ਗਈ। ਵੈਸੇ ਇਹ ਗੁਪਤ ਸੀ। ਵੈਸੇ ਰਿਪੋਰਟ ਉਸ ਨੂੰ ਕੋਈ ਇਲਜ਼ਾਮ ਨਹੀਂ ਦਿੰਦੀ... ਪਰ ਜਿਸ ਬੰਦੇ ਨੇ ਰਿਪੋਰਟ ਲਿਖੀ, ਉਹ ਕਹਿੰਦਾ ਹੈ ਕਿ ਉਸ ਨੂੰ ਐਸਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ (ਮੋਦੀ) ਉਪਰ ਇਲਜ਼ਾਮ ਲਾਇਆ ਜਾ ਸਕੇ।

**ਸਵਾਲ:** ਉਨ੍ਹਾਂ ਨੇ ਤੁਹਾਨੂੰ ਫਸਾਉਣ ਦਾ ਯਤਨ ਨਹੀਂ ਕੀਤਾ?

**ਜਵਾਬ:** ਉਨ੍ਹਾਂ ਕਿਹਾ ਕਿ ਜਿਹੜੇ ਅਫ਼ਸਰ ਉਸ ਲਈ ਕੰਮ ਕਰਦੇ ਸਨ, ਉਨ੍ਹਾਂ ਦੀਆਂ ਸੇਵਾ-ਮੁਕਤੀ ਤੋਂ ਬਾਅਦ ਨਿਯੁਕਤੀਆਂ ਕੀਤੀਆਂ ਗਈਆਂ। ਮੈਂ ਕਹਿੰਦਾ ਹਾਂ, ਕਿਹੜੀਆਂ ਨਿਯੁਕਤੀਆਂ? ਮੇਰੀ ਨਿਯੁਕਤੀ ਐਸੀ ਹੈ ਜਿਸ ਤੋਂ ਮੈਨੂੰ ਕੋਈ ਪੈਸਾ ਨਹੀਂ ਮਿਲਦਾ।

**ਸਵਾਲ:** ਫਿਰ ਸਵਾਲ ਇਹ ਹੈ ਕਿ ਜੇ ਤੁਸੀਂ ਰਾਜ ਲਈ ਕੰਮ ਕਰ ਰਹੇ ਹੋ, ਫਿਰ ਤੁਹਾਨੂੰ ਇਸ ਦਾ ਕੋਈ ਸਿਲ੍ਹਾ ਕਿਉਂ ਨਹੀਂ ਦਿੱਤਾ ਜਾਂਦਾ? ਕੀ ਇਹ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇ ਜੋ ਤੁਹਾਡੇ ਖ਼ਿਲਾਫ਼ ਭੁਗਤੇ?

**ਜਵਾਬ:** ਹਾਂ, ਉਹ ਉਨ੍ਹਾਂ ਲੋਕਾਂ ਦੀ ਨਿਯੁਕਤੀ ਕਿਉਂ ਕਰੇਗਾ ਜੋ ਉਸ ਦੇ ਖ਼ਿਲਾਫ਼ ਖੜ੍ਹੇ?

000

ਪਾਂਡੇ ਜੋ ਖ਼ੁਦ ਨੂੰ ਮੋਦੀ ਦਾ ਚਹੇਤਾ ਮੰਨਦਾ ਹੈ, ਮੋਦੀ ਨਾਲ ਆਪਣੀ ਨੇੜਤਾ ਬਾਰੇ ਗੱਲ ਕਰਨ ਤੋਂ ਸੰਕੋਚ ਨਹੀਂ ਕਰਦਾ। ਉਹਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕਿ ਮੋਦੀ ਕੋਈ ਅਜਿਹਾ ਸੰਤ ਨਹੀਂ ਕਿ ਉਨ੍ਹਾਂ ਨੂੰ ਅਹੁਦੇ ਦੇਵੇ ਜੋ ਵਿਚਾਰਧਾਰਕ ਤੌਰ 'ਤੇ ਉਸ ਦੇ ਵਿਰੋਧੀ ਹਨ। ਉਹ ਕੌਸਰ ਬੀ ਦੇ ਕਤਲ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਂਦਾ ਹੈ ਕਿ ਉਹ ਸੋਹਰਾਬੁਦੀਨ ਨਾਲ 'ਰਹਿ ਰਹੀ' ਸੀ ਜੋ ਫ਼ਰਜ਼ੀ ਮੁਕਾਬਲੇ ਵਿਚ ਮਾਰਿਆ ਗਿਆ।

ਗੱਲਬਾਤ ਦੌਰਾਨ ਵੱਖੋ-ਵੱਖਰੇ ਮੌਕਿਆਂ 'ਤੇ ਜਦੋਂ ਵੀ ਕਾਰਕੁਨਾਂ ਦਾ ਜ਼ਿਕਰ ਆਉਂਦਾ, ਉਹ ਉਨ੍ਹਾਂ ਨੂੰ ਬਦਮਾਸ਼ ਕਹਿਣ ਤੋਂ ਵੀ ਨਹੀਂ ਸੀ ਝਿਜਕਦਾ ਜਿਨ੍ਹਾਂ ਨੇ ਗੁਜਰਾਤ ਦੇ ਨਾਂ ਨੂੰ ਧੱਬਾ ਲਾਇਆ ਹੈ। ਅਖ਼ੀਰ ਵਿਚ ਮੈਨੂੰ ਹੈਰਾਨੀ ਨਹੀਂ ਹੋਈ ਜਦੋਂ ਉਸ ਨੇ ਕਿਹਾ ਕਿ ਮੈਨੂੰ ਪਰੀਮਲ ਬਾਗ਼ ਦਾ ਗੇੜਾ ਮਾਰ ਕੇ ਦੇਖਣ ਲੈਣਾ ਚਾਹੀਦਾ ਹੈ ਕਿ ਲੋਕ ਫ਼ਸਾਦਾਂ ਤੋਂ ਬਾਅਦ ਕਿਵੇਂ ਆਜ਼ਾਦ ਮਹਿਸੂਸ ਕਰਦੇ ਹਨ। ਪਾਂਡੇ ਨੇ ਮੈਨੂੰ ਨੇਪਾਲ ਤੋਂ ਵਾਪਸ ਆ ਕੇ ਸੂਰਤ ਵਿਚ ਆਪਣੇ ਬੇਟੇ ਨੂੰ ਮਿਲਾਉਣ ਦੀ ਪੇਸ਼ਕਸ਼ ਕੀਤੀ ਜੋ ਹੀਰਿਆਂ ਦਾ ਵਪਾਰੀ ਸੀ। ਉਹ ਦਿੱਲੀ ਵਿਚ ਅਮਿਤ ਸ਼ਾਹ ਨਾਲ ਮਿਲਣੀ ਤੈਅ ਕਰਾਉਣ ਵਿਚ ਮਦਦ ਕਰਨ ਲਈ ਵੀ ਤਿਆਰ ਸੀ ਜਿਸ ਉਪਰ ਅਦਾਲਤ ਨੇ ਫ਼ਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਜ਼ਮਾਨਤ ਹੋ ਜਾਣ ਤੋਂ ਬਾਅਦ ਗੁਜਰਾਤ ਵੜਨ 'ਤੇ ਰੋਕ ਲਗਾਈ ਹੋਈ ਸੀ। ਉਸ ਨੇ ਬਿਊਰੂ ਨਾਲ ਵੀ ਗੱਲ ਕੀਤੀ ਅਤੇ ਉਸ ਨੂੰ ਗੁਜਰਾਤ ਬਾਰੇ ਕਾਰੋਬਾਰ ਨੂੰ ਉਤਸ਼ਾਹਤ ਕਰਨ ਅਤੇ ਮੁੱਖ ਮੰਤਰੀ ਵਲੋਂ ਸੂਬੇ ਅੰਦਰ ਪੂੰਜੀ ਨਿਵੇਸ਼ ਕਰਾਉਣ ਲਈ ਕੀਤੇ ਕੰਮਾਂ ਦੇ ਵੇਰਵੇ ਮੁਹੱਈਆ ਕਰਾਉਣ ਲਈ ਕਿਹਾ। ਪਾਂਡੇ ਦੀ ਵੱਖ-ਵੱਖ ਕਮਿਸ਼ਨਾਂ ਵਲੋਂ ਜਾਂਚ ਕੀਤੀ ਜਾ ਰਹੀ ਸੀ ਅਤੇ ਸੀ.ਬੀ.ਆਈ. ਵਲੋਂ ਉਸ ਨੂੰ ਫ਼ਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਮੁਲਜ਼ਮ ਨਾਮਜ਼ਦ ਕੀਤਾ ਗਿਆ ਸੀ। ਅਹਿਸਾਨ ਜਾਫ਼ਰੀ ਦੀ ਪਤਨੀ ਨੇ ਆਪਣੀ ਪਤੀ ਅਤੇ ਹੋਰ ਮੁਸਲਮਾਨਾਂ ਦੀਆਂ ਜਾਨਾਂ ਬਚਾਉਣ ਲਈ ਕੋਈ ਕਾਰਵਾਈ ਨਾ ਕਰਨ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਿੱਤੀ ਸੀ, ਪਰ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਜਿਵੇਂ ਉਸ ਨੇ ਮੈਨੂੰ ਬੇਪ੍ਰਵਾਹੀ ਨਾਲ ਦੱਸਿਆ ਸੀ ਕਿ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ।

ਜਿਸ ਵਕਤ ਪਾਂਡੇ ਨਾਲ ਮੇਰੀ ਗੱਲਬਾਤ ਦਾ ਸਿਲਸਿਲਾ ਖ਼ਤਮ ਹੋਣ ਵਾਲਾ ਸੀ, ਮੇਰੇ ਡਿਪਰੈਸ਼ਨ ਦੇ ਦੌਰੇ ਵਾਹਵਾ ਵਧ ਚੁੱਕੇ ਸਨ। ਮੈਂ ਚਾਹੁੰਦੀ ਸੀ ਕਿ ਥੋੜ੍ਹੇ ਚਿਰ ਲਈ ਸ਼ਹਿਰ ਤੋਂ ਚਲੀ ਜਾਵਾਂ। ਇਹ ਉਦੋਂ ਸੰਭਵ ਹੋ ਗਿਆ ਜਦੋਂ ਮੈਂ ਅਗਲੀ ਗੱਲਬਾਤ ਚਕਰਵਰਤੀ ਨਾਲ ਕਰਨ ਦੀ ਵਿਉਂਤ ਬਣਾਈ ਜੋ ਫ਼ਸਾਦਾਂ ਦੌਰਾਨ ਗੁਜਰਾਤ ਦਾ ਡੀ.ਜੀ. ਰਹਿ ਚੁੱਕਾ ਸੀ ਅਤੇ ਹੁਣ ਮੁੰਬਈ ਰਹਿ ਰਿਹਾ ਸੀ। ਚਕਰਵਰਤੀ ਮੁੰਬਈ ਦੇ ਖਾਰ ਇਲਾਕੇ ਵਿਚ ਰਹਿ ਰਿਹਾ ਸੀ। ਪਾਨੀ ਮੇਰੇ ਨਾਲ ਮੁੰਬਈ ਜਾਣਾ ਚਾਹੁੰਦੀ ਸੀ, ਕਿਉਂਕਿ ਮਾਈਕ ਨੂੰ ਦੁਬਾਰਾ ਦਿੱਲੀ ਜਾਣਾ ਪਿਆ ਸੀ, ਤੇ ਮੈਨੂੰ ਸਹਾਇਕ ਦੀ ਜ਼ਰੂਰਤ ਸੀ। ਮੈਂ ਅਤੇ ਪਾਨੀ ਨੇ ਮੁੰਬਈ ਦੀ ਅਗਲੀ ਉਡਾਣ ਜਾ ਫੜੀ। ਉਹ ਆਪਣੇ ਨਾਲ ਇਕ ਸਾੜੀ ਲੈ ਕੇ ਗਈ ਜੋ ਉਸ ਨੂੰ ਮੇਰੇ ਦਫ਼ਤਰ ਦੀ ਸਹਿ-ਕਰਮੀ ਨੇ ਦਿੱਤੀ ਸੀ। ਮੇਰੀ ਬਹੁਤ ਕਰੀਬੀ ਸਹੇਲੀ ਦਾ ਵਿਆਹ ਸੀ ਅਤੇ ਮੈਂ ਪਾਨੀ ਨੂੰ ਵਿਆਹ ਦੇ ਜਸ਼ਨਾਂ 'ਤੇ ਸੱਦਿਆ ਸੀ। ਮੈਂ ਪਾਨੀ ਨਾਲ ਵਾਅਦਾ ਕੀਤਾ ਕਿ ਇਕੇਰਾਂ ਕੰਮ ਮੁਕਾ ਲੈਣ ਦੇ, ਫਿਰ ਮੈਂ ਉਸ ਨੂੰ ਹਿੰਦੁਸਤਾਨੀ ਸੰਸਕ੍ਰਿਤੀ ਦੀ ਝਲਕ ਦਿਖਾਵਾਂਗੀ।

(ਚਲਦਾ)



ਜਲ ਰਹੇ ਗੁਜਰਾਤ ਦੀ ਇਕ ਤਸਵੀਰ।

*ਸਵਾਲ: ਤੁਸੀਂ ਫ਼ਸਾਦਾਂ ਮੌਕੇ ਉਥੇ ਸੀ?*
*ਜਵਾਬ: ਹਾਂ, ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਭਿਆਨਕ ਵਕਤਾਂ ਵਿਚੋਂ ਇਕ ਸੀ। ਜ਼ਰਾ ਦੇਖੋ- 1985, 87, 89, 92 ਵਿਚ ਵੀ ਫ਼ਸਾਦ ਹੋਏ ਅਤੇ ਬਹੁਤੀ ਵਾਰ ਹਿੰਦੂਆਂ ਨੇ ਹੀ ਮਾਤ ਖਾਧੀ। 2002 ਵਿਚ, ਇਹ ਵਾਪਰਨਾ ਹੀ ਸੀ, ਇਹ ਹਿੰਦੂਆਂ ਦਾ ਬਦਲਾ ਸੀ। ਨਾਲ ਹੀ 1995 ਤੋਂ ਬਾਅਦ ਵੀ, ਲੋਕ ਮਹਿਸੂਸ ਕਰਦੇ ਸਨ ਕਿ ਸਰਕਾਰ ਉਨ੍ਹਾਂ ਦੀ ਸੀ। ਉਹ ਕਹਿੰਦੇ ਹਨ ਕਿ ਮੈਂ ਲੋਕਾਂ ਦਾ ਬਚਾਓ ਕਰਨ ਲਈ ਨਹੀਂ ਗਿਆ। ਇਕ ਵੀ ਬੰਦੇ ਨੇ ਮੈਨੂੰ ਨਹੀਂ ਸੱਦਿਆ, ਮੈਂ ਕਿਹੜਾ ਅੰਤਮਜਾਮੀ ਹਾਂ।*

# ਇਤਿਹਾਸ ਇਕ ਪਾਗਲ ਬਾਦਸ਼ਾਹ ਦਾ

**ਗੁਰਿੰਦਰ ਭਰਤਗੜ੍ਹੀਆ**

'ਮੇਰੇ ਰਾਜ ਦਾ ਹਰ ਬੁੱਢਾ ਮੇਰੇ ਲਈ ਸ਼ਹਿਨਸ਼ਾਹ ਸੁਲਤਾਨ ਗਿਆਸੁਦੀਨ ਤੁਗਲਕ (ਪਿਤਾ), ਹਰ ਨੌਜਵਾਨ ਬਹਿਰਾਮ ਖਾਨ (ਭਰਾ) ਅਤੇ ਹਰ ਬਾਲਕ ਮੇਰੇ ਪੁੱਤਰ ਦੀ ਜਗ੍ਹਾ ਹੈ' ਕਹਿਣ ਵਾਲਾ ਸੁਲਤਾਨ ਮੁਹੰਮਦ ਇਬਨੇ-ਤੁਗਲਕ ਸ਼ਾਹ, ਭਾਵ, ਮੁਹੰਮਦ ਤੁਗਲਕ ਜਿਸ ਨੂੰ ਇਤਿਹਾਸ 'ਪਾਗਲ ਬਾਦਸ਼ਾਹ' ਦੇ ਨਾਂ ਨਾਲ ਜਾਣਦਾ ਹੈ, ਇਤਨਾ ਨਿਰਦਈ ਅਤੇ ਜ਼ਾਲਮ ਹੋ ਗਿਆ ਸੀ ਕਿ ਉਸ ਦੇ ਸਮਕਾਲੀ ਇਤਿਹਾਸਕਾਰ ਜ਼ਿਆਉਦੀਨ ਬਰਨੀ ਦਾ ਕਹਿਣਾ ਸੀ ਕਿ ਕੋਈ ਦਿਨ ਜਾਂ ਹਫਤਾ ਅਜਿਹਾ ਨਹੀਂ ਸੀ ਲੰਘਦਾ ਜਦੋਂ ਉਸ ਦੇ ਮਹਿਲ ਦੇ ਦਰਵਾਜ਼ੇ 'ਤੇ ਖੂਨ ਦੀ ਨਦੀ ਨਾ ਵਗੀ ਹੋਵੇ।

ਮੁਹੰਮਦ ਤੁਗਲਕ ਦੋ ਗੱਲਾਂ ਲਈ ਦੂਰ-ਦੂਰ ਤੱਕ ਮਸ਼ਹੂਰ ਸੀ। ਇਕ ਤਾਂ ਅਜਿਹਾ ਕੋਈ ਦਿਨ ਨਹੀਂ ਜਾਂਦਾ ਸੀ, ਜਦੋਂ ਉਹ ਕਿਸੇ ਗਰੀਬ ਨੂੰ ਖੁੱਲ੍ਹੇ ਹੱਥੀਂ ਦਾਨ ਦੇ ਕੇ ਅਮੀਰ ਨਾ ਬਣਾ ਦਿੰਦਾ ਹੋਵੇ ਅਤੇ ਦੂਜਾ ਕਿਸੇ ਨਾ ਕਿਸੇ ਨੂੰ ਮੌਤ ਦੀ ਸਜ਼ਾ ਦੇ ਕੇ ਕਤਲ ਨਾ ਕਰਵਾ ਦਿੰਦਾ ਹੋਵੇ। ਉਸ ਦੇ ਦਰਬਾਰ ਵਿਚ ਆਉਣ ਵਾਲੇ ਇਤਿਹਾਸਕਾਰ ਯਾਤਰੀ ਇਬਨੇ ਬਤੂਤਾ ਦਾ ਕਹਿਣਾ ਸੀ, "ਇਕ ਦਿਨ ਮੈਂ ਘੋੜੇ 'ਤੇ ਦਰਬਾਰ ਆ ਰਿਹਾ ਸੀ, ਮਹਿਲ ਦੇ ਦਰਵਾਜ਼ੇ 'ਤੇ ਆ ਕੇ ਮੇਰਾ ਘੋੜਾ ਭੜਕ ਗਿਆ। ਮੈਂ ਦੇਖਿਆ ਕਿ ਮਹਿਲ ਦੇ ਦਰਵਾਜ਼ੇ 'ਤੇ ਇਕ ਆਦਮੀ ਦੀ ਲਾਸ਼ ਦੇ ਤਿੰਨ ਟੁਕੜੇ ਪਏ ਸਨ। ਲੋਕਾਂ ਨੇ ਮੈਨੂੰ ਦੱਸਿਆ ਅਤੇ ਬਾਅਦ ਵਿਚ ਮੈਂ ਖੁਦ ਦੇਖਿਆ ਕਿ ਤੁਗਲਕ ਜਿਸ ਨੂੰ ਵੀ ਮੌਤ ਦੀ ਸਜ਼ਾ ਸੁਣਾਉਂਦਾ ਸੀ, ਉਸ ਨੂੰ ਆਪਣੇ ਮਹਿਲ ਦੇ ਦਰਵਾਜ਼ੇ 'ਤੇ ਕਤਲ ਕਰਵਾ ਦਿੰਦਾ ਸੀ ਅਤੇ ਲਾਸ਼ ਨੂੰ ਤਿੰਨ ਦਿਨਾਂ ਤੱਕ ਉਥੇ ਹੀ ਪਈ ਰਹਿਣ ਦਿੰਦਾ, ਤਾਂ ਕਿ ਲੋਕ ਉਸ ਨੂੰ ਦੇਖਣ ਅਤੇ ਸਬਕ ਲੈਣ।"

ਮੌਤ ਦੀ ਸਜ਼ਾ ਤੋਂ ਵੀ ਭਿਆਨਕ ਸਨ, ਉਸ ਵੱਲੋਂ ਦਿੱਤੇ ਜਾਣ ਵਾਲੇ ਤਸੀਹੇ। ਉਹ ਅਜਿਹੇ ਤਸੀਹੇ ਦਿੰਦਾ ਕਿ ਦੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ। ਇਸ ਲਈ ਲੋਕ ਉਸ ਦੇ ਤਸੀਹੇ ਸਹਿਣ ਨਾਲੋਂ ਮਰ ਜਾਣਾ ਬਿਹਤਰ ਸਮਝਦੇ। ਉਹ ਕਿਸੇ 'ਤੇ ਜਿਹੜਾ ਵੀ ਇਲਜ਼ਾਮ ਲਾਉਂਦਾ, ਤਸੀਹੇ ਦੇ ਕੇ ਕਬੂਲ ਕਰਵਾ ਲੈਂਦਾ ਅਤੇ ਫਿਰ ਮੌਤ ਦੀ ਸਜ਼ਾ ਦੇ ਦਿੰਦਾ। ਇਸ ਲਈ ਲੋਕ ਆਪਣੇ ਉਤੇ ਤੁਗਲਕ ਵੱਲੋਂ ਲਾਏ ਝੂਠੇ ਇਲਜ਼ਾਮ ਵੀ ਸਹਿਜੇ ਹੀ ਕਬੂਲ ਕਰ ਲੈਂਦੇ ਸਨ।

ਇਕ ਵਾਰ ਉਸ ਨੂੰ ਸ਼ੱਕ ਹੋ ਗਿਆ ਕਿ ਉਸ ਦਾ ਮਤਰੇਆ ਭਰਾ ਮਸਊਦ ਖਾਂ ਉਸ ਖਿਲਾਫ ਵਿਦਰੋਹ ਕਰਨਾ ਚਾਹੁੰਦਾ ਹੈ, ਜਦਕਿ ਅਜਿਹੀ ਕੋਈ ਗੱਲ ਨਹੀਂ ਸੀ। ਉਸ ਨੇ ਮਸਊਦ ਖਾਂ ਤੋਂ ਇਸ ਬਾਰੇ ਪੁੱਛਗਿੱਛ ਕੀਤੀ। ਉਹ ਉਸ ਵੱਲੋਂ ਦਿੱਤੇ ਜਾਣ ਵਾਲੇ ਤਸੀਹਿਆਂ ਨੂੰ ਜਾਣਦਾ ਸੀ ਤੇ ਉਹਨੇ ਇਹੀ ਠੀਕ ਸਮਝਿਆ ਕਿ ਉਹ ਆਪਣੇ ਉਪਰ ਲਾਏ ਝੂਠੇ ਇਲਜ਼ਾਮ ਕਬੂਲ ਕਰ ਲਵੇ ਅਤੇ ਉਸ ਨੇ ਅਜਿਹਾ ਹੀ ਕੀਤਾ। ਤੁਗਲਕ ਨੇ ਉਸ ਨੂੰ ਬਾਜ਼ਾਰ ਵਿਚ ਖੜ੍ਹਾ ਕਰਵਾ ਕੇ ਸਿਰ ਕਟਵਾ ਦਿੱਤਾ। ਨਿਯਮ ਅਨੁਸਾਰ ਉਸ ਦੀ ਲਾਸ਼ ਤਿੰਨ ਦਿਨ ਉਥੇ ਪਈ ਰਹੀ। ਇਸੇ ਤਰ੍ਹਾਂ ਦੋ ਸਾਲ ਪਹਿਲਾਂ ਝੂਠਾ ਇਲਜ਼ਾਮ ਲਾ ਕੇ ਮਸਊਦ ਖਾਂ ਦੀ ਮਾਂ ਜਿਹੜੀ ਸੁਲਤਾਨ ਗਿਆਸੁਦੀਨ ਦੀ ਧੀ ਸੀ, ਦੀ ਇਸੇ ਜਗ੍ਹਾ ਪੱਥਰ ਮਾਰ-ਮਾਰ ਕੇ ਹੱਤਿਆ ਕਰਵਾ ਦਿੱਤੀ ਗਈ ਸੀ।

ਜ਼ਾਲਮ ਬਣਨ ਪਿੱਛੇ ਉਸ ਦੀਆਂ ਕਈ ਇੱਛਾਵਾਂ ਕੰਮ ਕਰ ਰਹੀਆਂ ਸਨ। ਇਕ ਪਾਸੇ ਉਹ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਨਸ਼ਾਹ ਬਣਨਾ ਚਾਹੁੰਦਾ ਸੀ, ਦੂਜੇ ਪਾਸੇ ਉਸ ਅੰਦਰ ਸਭ ਤੋਂ ਵੱਡਾ ਦਾਨੀ ਅਤੇ ਇਨਸਾਫ ਪਸੰਦ ਬਣਨ ਦੀ ਵੀ ਲਾਲਸਾ ਸੀ। ਆਪਣੀਆਂ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਉਹ ਨਵੇਂ ਤੋਂ ਨਵੇਂ ਹੁਕਮ ਕੱਢਦਾ ਰਹਿੰਦਾ। ਕਦੇ-ਕਦੇ ਤਾਂ ਉਹ ਇਕ ਦਿਨ ਵਿਚ ਸੌ-ਸੌ ਦੋ-ਦੋ ਸੌ ਫਰਮਾਨ ਇਕੱਠੇ ਹੀ ਜਾਰੀ ਕਰ ਦਿਆ ਕਰਦਾ ਸੀ।



ਸਜ਼ਾ ਦੇਣ ਵਿਚ ਮੁਹੰਮਦ ਤੁਗਲਕ ਕਿਸੇ ਦਾ ਵੀ ਲਿਹਾਜ਼ ਨਹੀਂ ਸੀ ਕਰਦਾ, ਚਾਹੇ ਵੱਡੇ ਤੋਂ ਵੱਡਾ ਅਧਿਕਾਰੀ ਹੋਵੇ, ਮੁੱਲਾ-ਮੌਲਵੀ ਜਾਂ ਪਹੁੰਚਿਆ ਹੋਇਆ ਸਿੱਧ-ਪ੍ਰਸਿੱਧ, ਸਾਧੂ-ਸੰਤ ਜਾਂ ਫਕੀਰ, ਹਿੰਦੂ ਹੋਵੇ ਜਾਂ ਮੁਸਲਮਾਨ। ਸ਼ੇਖ ਸ਼ਿਹਾਬੁਦੀਨ ਬਹੁਤ ਵੱਡੇ ਸ਼ੇਖ ਅਤੇ ਪ੍ਰਸਿੱਧ ਸੰਤ ਸਨ ਜਿਨ੍ਹਾਂ ਕੋਲ ਪਹਿਲਾਂ ਸੁਲਤਾਨ ਕੁਤਬਦੀਨ ਅਤੇ ਗਿਆਸੁਦੀਨ ਅਸ਼ੀਰਵਾਦ ਲੈਣ ਜਾਂਦੇ ਹੁੰਦੇ ਸਨ। ਇਕ ਵਾਰ ਮੁਹੰਮਦ ਤੁਗਲਕ ਨੇ ਚਾਹਿਆ ਕਿ ਸ਼ੇਖ ਸ਼ਿਹਾਬੁਦੀਨ ਉਸ ਦੇ ਦਰਬਾਰ ਦੇ ਅਧਿਕਾਰੀ ਬਣ ਜਾਣ, ਪਰ ਸ਼ੇਖ ਸਾਹਿਬ ਤਾਂ ਫਕੀਰ ਆਦਮੀ ਸਨ, ਉਨ੍ਹਾਂ ਨੇ ਇਸ ਦੁਨੀਆਂਦਾਰੀ ਦੇ ਝਮੇਲੇ ਵਿਚ ਪੈਣ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਤੁਗਲਕ ਨੂੰ ਇਤਨਾ ਗੁੱਸਾ ਆਇਆ ਕਿ ਉਸ ਨੇ ਇਕ ਹੋਰ ਪ੍ਰਸਿੱਧ ਸੰਤ ਸ਼ੇਖ ਜ਼ਿਆਉਦੀਨ ਸਿਮਨਾਨੀ ਨੂੰ ਹੁਕਮ ਦਿੱਤਾ ਕਿ ਉਹ ਉਸ ਦੀ ਦਾੜ੍ਹੀ ਪੁੱਟ ਦੇਵੇ। ਜ਼ਿਆਉਦੀਨ ਐਨੇ ਵੱਡੇ ਸੰਤ ਦਾ ਅਪਮਾਨ ਕਿਵੇਂ ਕਰ ਸਕਦੇ ਸਨ, ਇਸ ਲਈ ਉਨ੍ਹਾਂ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇਸ 'ਤੇ ਤੁਗਲਕ ਨੇ ਗੁੱਸੇ ਹੋ ਕੇ ਦਰਬਾਰੀਆਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਦੋਵਾਂ ਦੀਆਂ ਦਾੜ੍ਹੀਆਂ ਪੱਟ ਦਿੱਤੀਆਂ ਜਾਣ। ਡਰੇ ਹੋਏ ਦਰਬਾਰੀਆਂ ਨੇ ਨਾ ਚਾਹੁੰਦੇ ਹੋਏ ਵੀ ਸੰਤਾਂ ਦੀਆਂ ਦਾੜ੍ਹੀਆਂ ਪੱਟ ਕੇ ਆਪਣੀ ਜਾਨ ਬਚਾਈ।

ਵਿਦਰੋਹੀਆਂ ਦੇ ਤਾਂ ਉਸ ਨੇ ਸਮੂਹਾਂ ਦੇ ਸਮੂਹ ਫੜ ਕੇ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰਵਾਏ। ਇਕ ਵਾਰ ਉਸ ਨੇ ਆਪਣੀ ਹੀ ਸੈਨਾ ਦੇ 350 ਸੈਨਿਕਾਂ ਦੀ ਇਕੱਠਿਆਂ ਹੀ ਹੱਤਿਆ ਕਰਵਾ ਦਿੱਤੀ ਸੀ। ਹੋਇਆ ਇੰਜ ਕਿ ਇਕ ਵਾਰ ਉਸ ਨੇ ਆਪਣੇ ਇਕ ਮਲਿਕ, ਯੂਸਫ਼ ਬੁਗਰਾ ਦੇ ਅਧੀਨ ਦਿੱਲੀ ਤੋਂ ਸੈਨਾ ਭੇਜਣ ਦਾ ਹੁਕਮ ਦਿੱਤਾ। ਯੂਸਫ਼ ਕਾਫੀ ਵੱਡੀ ਸੈਨਾ ਲੈ ਕੇ ਚੱਲ ਪਿਆ, ਪਰ ਕੁਝ ਸੈਨਿਕ ਤੁਰੰਤ ਨਹੀਂ ਜਾ ਸਕੇ। ਤੁਗਲਕ ਨੇ ਹੁਕਮ ਦੇ ਕੇ ਜੰਗ 'ਤੇ ਨਾ ਜਾ ਸਕਣ ਵਾਲੇ ਸੈਨਿਕਾਂ ਨੂੰ ਫੜ ਲਿਆ। ਇਨ੍ਹਾਂ 350 ਸੈਨਿਕਾਂ ਨੂੰ ਤੁਗਲਕ ਨੇ ਆਪਣੇ ਮਹਿਲ ਦੇ ਸਾਹਮਣੇ ਇਕੱਠਿਆਂ ਨੂੰ ਹੀ ਕਤਲ ਕਰਵਾ ਦਿੱਤਾ।

## ਲਤੀਫੇ

ਇਕ ਪਤੀ-ਪਤਨੀ ਵਿਚ ਰੋਜ਼ ਲੜਾਈ ਰਿਹਾ ਕਰੇ। ਤੰਗ ਆ ਕੇ ਪਤੀ ਨੇ ਤਲਾਕ ਲੈਣ ਲਈ ਕੇਸ ਕਰ ਦਿੱਤਾ। ਕੇਸ ਦੀ ਸੁਣਵਾਈ ਦੌਰਾਨ ਜੱਜ ਨੇ ਪਤੀ ਤੋਂ ਪੁੱਛਿਆ, "ਤੁਸੀਂ ਲਿਖਿਆ ਹੈ ਕਿ ਇਹ ਲੜ ਕੇ ਮੇਰੇ ਪਲੇਟਾਂ ਮਾਰਦੀ ਏ। ਕਿੰਨੇ ਸਾਲ ਹੋਏ ਨੇ ਤੁਹਾਡੇ ਵਿਆਹ ਨੂੰ?"

"ਜੀ, ਪੰਜ ਸਾਲ।" ਪਤੀ ਨੇ ਕਿਹਾ।

ਜੱਜ ਨੇ ਫਿਰ ਸਵਾਲ ਕੀਤਾ, "ਤੇ ਤੂੰ ਪੰਜ ਸਾਲ ਤੋਂ ਇਸ ਤੋਂ ਪਲੇਟਾਂ ਦੀ ਮਾਰ ਖਾਂਦਾ ਰਿਹਾ ਹੈਂ?"

"ਜੀ, ਪਹਿਲੇ ਚਾਰ ਕੁ ਸਾਲ ਤਾਂ ਇਸ ਦਾ ਨਿਸ਼ਾਨਾ ਹੀ ਠੀਕ ਨਹੀਂ ਸੀ ਹੁੰਦਾ ਪਰ ਅੱਜ ਕੱਲ੍ਹ ਤਾਂ ਇਹ ਪੱਕੀ ਨਿਸ਼ਾਨੇਬਾਜ਼ ਬਣ ਗਈ ਹੈ।"

---


ਜਦੋਂ ਮਾਂ ਸਿਰ 'ਤੇ ਹੱਥ ਫੇਰਦੀ ਹੈ ਤਾਂ ਸਿਰ ਦੇ ਵਾਲ ਉਗ ਆਉਂਦੇ ਹਨ ਪਰ ਜਦੋਂ ਘਰ ਵਾਲੀ ਹੱਥ ਫੇਰਦੀ ਹੈ ਤਾਂ ਵਾਲ ਝੜਨੇ ਸ਼ੁਰੂ ਹੋ ਜਾਂਦੇ ਹਨ। ਉਸ ਦੇ ਹੱਥ ਫੇਰਦਿਆਂ ਫੇਰਦਿਆਂ ਪਤੀ ਗੰਜਾ ਹੋ ਜਾਂਦਾ ਹੈ।

---

ਇਕ ਇਮਾਨਦਾਰ ਸੁਭਾਅ ਦਾ ਥਾਣੇਦਾਰ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਝੱਟ ਕਾਨੂੰਨੀ ਕਾਰਵਾਈ ਕਰ ਦਿੰਦਾ। ਉਸ ਦੀ ਸ਼ਾਦੀ ਸਮੇਂ ਜਦੋਂ ਉਹ ਮੰਡਪ ਵਿਚ ਬੈਠਾ ਤਾਂ ਉਸ ਦੀਆਂ ਸਾਲੀਆਂ ਨੇ ਉਸ ਦੀ ਜੁੱਤੀ ਲੁਕਾ ਲਈ।

ਉਹ ਨੰਗੇ ਪੈਰੀਂ ਹੀ ਦੌੜ ਕੇ ਥਾਣੇ ਪਹੁੰਚ ਗਿਆ ਅਤੇ ਜੁੱਤੀ ਚੋਰੀ ਹੋਣ ਦੀ ਰਿਪੋਰਟ ਲਿਖਵਾ ਕੇ ਡਿਊਟੀ 'ਤੇ ਤਾਇਨਾਤ ਥਾਣੇਦਾਰ ਨੂੰ ਚੋਰੀ ਕਰਨ ਵਾਲਿਆਂ ਵਿਰੁਧ ਸਖਤ ਕਰਵਾਈ ਕਰਨ ਲਈ ਆਖ ਦਿੱਤਾ।

**-ਵਾਸਦੇਵ ਸਿੰਘ ਪਰਹਾਰ**
**ਫੋਨ: 206-434-1955**



ਸਦਾਬਹਾਰ ਗੁਲਜ਼ਾਰ ਸਿੰਘ ਸੰਧੂ-3

# ਕਹਾਣੀ ਦੀ ਪਰਵਾਜ਼

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰ ਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਨ੍ਹਾਂ ਦੀਆਂ ਗਲਪ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਉਨ੍ਹਾਂ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਕੇ ਆ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਇਹ ਲੇਖ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ਼ ਉਧੇੜਦੇ ਹਨ। -ਸੰਪਾਦਕ*

ਗੁਲਜ਼ਾਰ ਸਿੰਘ ਸੰਧੂ ਤੇ ਸੁਰਜੀਤ ਕੌਰ ਪੰਨੂੰ ਕਾਫੀ ਦੇਰ ਤੋਂ ਦਿੱਲੀ ਵਿਚ ਨੌਕਰੀ ਕਰਦੇ ਸਨ, ਪਰ ਆਪਸ ਵਿਚ ਕਦੇ ਮਿਲੇ ਗਿਲੇ ਨਹੀਂ ਸਨ। ਦਿੱਲੀ ਵਿਚ ਜੱਟ ਸਿੱਖ ਸਭਾ ਹੁੰਦੀ ਸੀ ਜੋ ਕਦੇ ਕਦੇ ਪਿਕਨਿਕ ਵਰਗਾ ਸਮਾਗਮ ਕਰਦੀ। ਉਹਦੇ ਵਿਚ ਵੀ ਉਹਨਾਂ ਦਾ ਮੇਲ ਨਾ ਹੋਇਆ, ਜਦਕਿ ਉਹ ਸਮਾਗਮ ਹੁੰਦਾ ਹੀ ਮੇਲ ਗੇਲ ਲਈ ਸੀ। ਉਨ੍ਹਾਂ ਦਾ ਪਹਿਲਾ ਮੇਲ ਅੰਮ੍ਰਿਤਾ ਪ੍ਰੀਤਮ ਦੇ ਘਰ ਹੋਇਆ। ਡਾ. ਪੰਨੂੰ ਨੇ ਅੰਮ੍ਰਿਤਾ ਪ੍ਰੀਤਮ ਦੇ ਘਰ ਦਾ ਕੁਝ ਹਿੱਸਾ ਆਪਣੇ ਦਫਤਰ ਲਈ ਕਿਰਾਏ 'ਤੇ ਲੈਣਾ ਸੀ। ਵਿਚੋਲਾ ਸੀ ਬ੍ਰਿਜੇਸ਼ ਭਾਟੀਆ ਜੋ ਡਾ. ਪੰਨੂੰ ਦਾ ਮਤਹਿਤ ਅਤੇ ਸੰਧੂ ਦਾ ਦੋਸਤ ਸੀ। ਸੰਧੂ ਨੇ ਆਪਣੀ ਕਿਤਾਬ 'ਹੁਸਨ ਦੇ ਹਾਣੀ' ਬ੍ਰਿਜੇਸ਼ ਨੂੰ ਦਿੱਤੀ ਸੀ, ਪਰ ਉਹ ਪੰਜਾਬੀ ਪੜ੍ਹਨੀ ਨਹੀਂ ਸੀ ਜਾਣਦਾ। ਉਸ ਨੇ ਉਹੀ ਕਿਤਾਬ ਆਪਣੀ ਬੌਸ ਡਾ. ਪੰਨੂੰ ਨੂੰ ਦੇ ਦਿੱਤੀ ਸੀ ਜੋ ਉਸ ਨੇ ਪੜ੍ਹ ਲਈ ਹੋਈ ਸੀ। ਅਸਲ ਵਿਚ ਕਹਾਣੀਆਂ ਦੀ ਉਹੀ ਕਿਤਾਬ, ਖਾਸ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਕਰ ਕੇ ਕਹਾਣੀ 'ਹੁਸਨ ਦੇ ਹਾਣੀ' ਸੰਧੂ ਤੇ ਪੰਨੂੰ ਵਿਚਕਾਰ ਵਿਆਹ ਦੀ ਵਿਚੋਲਣ ਬਣੀ।

ਸੰਧੂ ਆਪਣੀ ਸਾਹਿਤਕ ਸਵੈਜੀਵਨੀ ਵਿਚ ਲਿਖਦੈ, "1965 ਦੀ ਜੰਗ ਮੇਰੇ ਜੀਵਨ ਵਿਚ ਬੜਾ ਮਹੱਤਵ ਰੱਖਦੀ ਹੈ। ਇਸ ਦਾ ਸੰਬੰਧ ਮੇਰੇ ਜੀਵਨ ਦੀ ਗਤੀ ਨਾਲ ਹੀ ਨਹੀਂ, ਮੇਰੀ ਰਚਨਾ ਦੀ ਗਤੀ ਨਾਲ ਵੀ ਹੈ। ਮੈਂ ਵਾਰਸ ਸ਼ਾਹ ਦੇ ਉਸ ਕਥਨ ਦਾ ਧਾਰਨੀ ਹਾਂ ਜਿਸ ਵਿਚ ਉਹ ਮੰਨ ਕੇ ਚਲਦਾ ਹੈ ਕਿ 'ਅੱਖੀਂ ਵੇਖਿਆਂ ਬਾਝ ਪ੍ਰੀਤ ਨਾਹੀਂ ਜਿਵੇਂ ਬਿਨਾਂ ਯਕੀਨ ਇਤਬਾਰ ਨਾਹੀਂ'। 1965 ਦੀ ਜੰਗ ਨੇ ਮੇਰੇ ਮਨ ਵਿਚ ਇਹ ਧੁਖਧੁਖੀ ਪੈਦਾ ਕਰ ਦਿੱਤੀ ਕਿ ਕਿਸੇ ਹੀਲੇ ਪਾਕਿਸਤਾਨ ਦੇ ਉਹ ਪਿੰਡ ਦੇਖਣੇ ਚਾਹੀਦੇ ਹਨ ਜਿਹੜੇ ਭਾਰਤੀ ਫੌਜਾਂ ਨੇ ਆਪਣੇ ਕਬਜ਼ੇ ਵਿਚ ਕਰ ਲਏ ਸਨ। ਸਬੱਬ ਬਣਦਿਆਂ ਦੇਰ ਨਾ ਲੱਗੀ। ਬ੍ਰਿਜੇਸ਼ ਭਾਟੀਆ ਦੀ ਮਿੱਤਰਤਾ ਕਾਰਨ ਮੈਂ ਐਸ. ਕੇ. ਪੰਨੂੰ ਨੂੰ ਦੋ ਚਾਰ ਵਾਰੀ ਦਿੱਲੀ ਵਿਚ ਮਿਲ ਚੁੱਕਿਆ ਸਾਂ। ਡਾ. ਪੰਨੂੰ ਨੇ ਮੈਨੂੰ ਵਚਨ ਦਿੱਤਾ ਸੀ ਕਿ ਉਸ ਦਾ ਭਰਾ ਗੁਰਬਚਨ ਸਿੰਘ ਮੇਰੀ ਅਤੇ ਤਾਰਾ ਸਿੰਘ ਦੀ ਪਾਕਿਸਤਾਨ ਦੇ ਉਜੜੇ ਪਿੰਡਾਂ ਦੀ ਫੇਰੀ ਦਾ ਪ੍ਰਬੰਧ ਕਰ ਦੇਵੇਗਾ।"

ਦੋ ਮੋਟਰ ਸਾਈਕਲਾਂ ਉਤੇ ਸਵਾਰ ਹੋ ਕੇ ਚਾਰ ਜਣੇ ਗੁਲਜ਼ਾਰ ਸੰਧੂ, ਤਾਰਾ ਸਿੰਘ, ਗੁਰਬਚਨ ਸਿੰਘ ਅਤੇ ਡਾ. ਪੰਨੂੰ ਬਾਰਡਰ ਦੇ ਉਜੜੇ ਪਿੰਡਾਂ ਵਿਚ ਘੁੰਮੇ। ਡਾ. ਪੰਨੂੰ ਦੀ ਮਾਤਾ ਨੂੰ ਮਿਲਣ ਸੰਧੂ ਤੇ ਪੰਨੂੰ 'ਕੱਠੇ ਗਏ। ਸਰਹੱਦੀ ਪਿੰਡਾਂ ਵਿਚ ਮੋਟਰ ਸਾਈਕਲ ਦੀ ਸਵਾਰੀ ਕਰਦਿਆਂ, ਜੰਗ ਦਾ ਉਜਾੜਾ ਦੇਖਦਿਆਂ, ਲੇਖਕ ਸੰਧੂ ਤੇ ਡਾ. ਪੰਨੂੰ ਇਕ ਦੂਜੇ ਦੇ ਹੋ ਗਏ। ਡਾ. ਪੰਨੂੰ ਨੇ ਵਿਆਹ ਦੀਆਂ ਤਿੰਨ ਸ਼ਰਤਾਂ ਰੱਖੀਆਂ। ਪਹਿਲੀ, ਬੱਚਿਆਂ ਦੇ ਚੱਕਰ 'ਚ ਨਹੀਂ ਪੈਣਾ। ਦੂਜੀ, ਵਿਧਵਾ ਮਾਂ ਆਪਣੇ ਕੋਲ ਰੱਖਣੀ। ਤੀਜੀ, ਸਾਦਾ ਵਿਆਹ ਸਾਦਾ। ਸੰਧੂ ਦੀ ਸ਼ਰਤ ਸੀ ਸੁਰਜੀਤ ਨੌਕਰੀ ਕਰੇ, ਪਰ ਪ੍ਰੈਕਟਿਸ ਨਹੀਂ। ਦੋਹਾਂ ਨੇ ਕਿਹਾ, ਕਬੂਲ, ਕਬੂਲ!

11 ਮਾਰਚ 1966 ਨੂੰ ਇਸ ਜੋੜੇ ਦਾ ਵਿਆਹ ਹੋਇਆ। 11 ਮਾਰਚ 1966 ਨੂੰ ਹੀ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਪੰਜਾਬੀ ਸੂਬੇ ਦੀ ਮੰਗ ਮੰਨਣ ਪਿੱਛੇ 1965 ਦੀ ਹਿੰਦ-ਪਾਕਿ ਜੰਗ 'ਚ ਸਿੱਖ ਫੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ 'ਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ।

ਸੰਧੂ ਨਾਲ ਗੱਲ ਕਰੋ ਤਾਂ ਕਹਿ ਦਿੰਦੇ ਕਿ ਮੈਂ ਕੋਈ ਲੰਮਾ ਪੀਹਣ ਨਹੀਂ ਪਾ ਸਕਦਾ। ਕਿਸੇ ਪਰਚੇ ਨੇ ਲੰਮੀ ਕਹਾਣੀ ਦਾ ਅੰਕ ਕੱਢਣਾ ਸੀ। ਸੰਪਾਦਕ ਨੇ ਉਸ ਨੂੰ ਫਰਮਾਇਸ਼ ਪਾ ਦਿੱਤੀ। ਗੁਲਜ਼ਾਰ ਨਾਂਹ ਨਾ ਕਰ ਸਕਿਆ ਤੇ ਲੰਮੀ ਕਹਾਣੀ ਲਿਖ ਦਿੱਤੀ- ਗਮਲੇ ਦੀ ਵੇਲ। ਇਹ ਗੁਰਵੇਲ ਪੰਨੂੰ ਤੇ ਮਿਸ ਗਰੇਵਾਲ ਦੀ ਕਹਾਣੀ ਸੀ। ਚੰਗੀ ਜੋੜੀ ਸੀ ਉਹਨਾਂ ਦੀ। ਡਾ. ਸੁਰਜੀਤ ਕੌਰ ਨੇ ਉਹ ਕਹਾਣੀ ਪੜ੍ਹੀ। ਪੜ੍ਹ ਕੇ ਉਹ ਇਸ ਨਤੀਜੇ 'ਤੇ ਪੁੱਜੀ ਕਿ ਜਿਹੜਾ ਬੰਦਾ ਇਹੋ ਜਿਹੀ ਕਹਾਣੀ ਲਿਖ ਸਕਦੈ, ਉਹਦੇ ਨਾਲ ਵਿਆਹ ਵੀ ਕੀਤਾ ਜਾ ਸਕਦੈ। ਇਹ ਕਹਾਣੀ ਗੁਲਜ਼ਾਰ ਤੇ ਸੁਰਜੀਤ ਨੂੰ ਤਾਂ ਫਲ ਗਈ, ਪਰ ਗੁਰਵੇਲ ਤੇ ਗਰੇਵਾਲ ਨੂੰ ਰਾਸ ਨਾ ਆਈ। ਕਹਾਣੀ ਛਪਣ ਤੋਂ ਛੇਤੀ ਹੀ ਪਿੱਛੋਂ ਉਨ੍ਹਾਂ ਦਾ ਤੋੜ ਵਿਛੋੜਾ ਹੋ ਗਿਆ।

ਗੁਲਜ਼ਾਰ ਸੰਧੂ ਨੇ ਲਿਖਿਆ, "ਮੇਰੇ ਵਿਚਾਰ ਅਨੁਸਾਰ ਮੇਰੇ ਮਿੱਤਰ ਦੀ ਪਤਨੀ ਗਮਲੇ ਦੀ ਉਹ ਵੇਲ ਮਾਤਰ ਸੀ ਜਿਸ ਦੀ ਆਪਣੀ ਔਲਾਦ ਨਾ ਹੋਣ ਕਾਰਨ ਉਹ ਘਰ ਵਿਚ ਪਹਿਲਾਂ ਤੋਂ ਰਹਿ ਰਹੇ ਦੋ ਜੀਵਾਂ ਦੀ ਜ਼ਮੀਨ ਵਿਚ ਉਗੀ ਸੀ। ਉਹਦੇ ਲਈ ਇਹ ਜ਼ਮੀਨ ਗਮਲੇ ਮਾਫਕ ਸੀ ਜਿਹਤੀ ਕਾਫੀ ਨਹੀਂ ਸੀ। ਉਹ ਵਡੇਰੀ ਧਰਤੀ ਵਿਚ ਵਿਗਸਣ ਲਈ ਗਮਲੇ ਦੀ ਮਿੱਟੀ ਨੂੰ ਅਲਵਿਦਾ ਕਹਿ ਕੇ ਤੁਰ ਗਈ।"

ਪਹਿਲਾਂ ਪਹਿਲ ਗੁਰਵੇਲ ਪੰਨੂੰ ਤੇ ਗੁਲਜ਼ਾਰ ਸੰਧੂ ਦਿੱਲੀ ਵਿਚ ਦੋ ਜੱਟ ਕਹਾਣੀਕਾਰ ਹੀ ਸਨ। ਗੁਲਜ਼ਾਰ ਲਈ ਗੁਰਵੇਲ ਜੱਟ ਦੀ ਥਾਂ ਸੱਸੀ ਵਾਲਾ ਪੁੰਨੂੰ ਸੀ। ਦੋਹਾਂ ਦਾ ਮੇਲ ਗੇਲ ਹੁੰਦਾ ਰਹਿੰਦਾ। ਗੁਰਵੇਲ 1948 ਤੋਂ 55 ਤਕ ਬੰਬਈ ਰਿਹਾ ਸੀ। ਉਸ ਨੇ 1972 ਵਿਚ ਦਿੱਲੀ ਤੋਂ 'ਸੇਧ' ਮੈਗਜ਼ੀਨ ਕੱਢਿਆ। ਸੇਧ ਆਲੋਚਨਾ ਦਾ ਪਰਚਾ ਸੀ ਜਿਸ ਵਿਚ ਪ੍ਰੋ. ਕਿਸ਼ਨ ਸਿੰਘ ਦੇ ਲੇਖ ਹੁੱਬ ਕੇ ਛਾਪੇ ਜਾਂਦੇ। ਬਾਅਦ ਵਿਚ ਉਹ ਦਿੱਲੀ ਤੋਂ ਚੰਡੀਗੜ੍ਹ ਚਲਾ ਗਿਆ ਜਿਥੇ 1997 ਵਿਚ ਚੜ੍ਹਾਈ ਕਰ ਗਿਆ। ਕਿਸੇ ਨੂੰ ਖ਼ਬਰ ਨਾ ਕੀਤੀ ਤੇ ਸਸਕਾਰ ਕਰ ਦਿੱਤਾ। ਉਹ ਸਾਰੀ ਉਮਰ ਗੁਲਜ਼ਾਰ ਸੰਧੂ ਨੂੰ ਠੱਗੀ ਨਾਲ ਪਾਸ ਹੋਣ ਵਾਲਾ ਕਹਿੰਦਾ ਰਿਹਾ। ਨੌਕਰੀਆਂ ਲੈਣ ਵਿਚ ਵੀ। ਠੱਗੀ ਇਹ ਸੀ ਕਿ ਸੰਧੂ ਮੋਟਰ ਸਾਈਕਲ ਚਲਾਉਣ ਦਾ ਟੈਸਟ ਦੇਣ ਵੇਲੇ ਫੇਲ੍ਹ ਹੋ ਚੱਲਿਆ ਸੀ, ਪਰ ਗੁਰਵੇਲ ਪੰਨੂੰ ਨੇ ਠੱਗੀ ਮਰਵਾ ਕੇ ਪਾਸ ਕਰਵਾ ਦਿੱਤਾ ਸੀ ਜਿਸ ਨਾਲ ਉਸ ਦਾ ਡਰਾਈਵਿੰਗ ਲਸੰਸ ਬਣਿਆ। ਉਹਦੇ ਨਾਲ ਸੰਧੂ ਅੱਜ ਤਕ ਸੜਕ ਸਵਾਰ ਹੈ। 83 ਸਾਲ ਦੀ ਉਮਰ ਵਿਚ ਵੀ ਉਹ ਆਪਣੀ ਗੱਡੀ ਆਪ ਚਲਾਉਂਦਾ ਹੈ।

000

ਗੁਲਜ਼ਾਰ ਸੰਧੂ ਦਾ ਜਨਮ ਪਿੰਡ ਕੋਟਲਾ ਬੜਲਾ, ਠਾਣਾ ਖੰਨਾ, ਰਿਆਸਤ ਪਟਿਆਲਾ ਵਿਚ 22 ਮਾਰਚ 1934 ਨੂੰ ਨਾਨਕੇ ਘਰੇ ਹੋਇਆ ਸੀ, ਪਰ ਸਕੂਲ ਦਾਖਲ ਹੋਣ ਵੇਲੇ ਰਜਿਸਟਰ ਵਿਚ ਜਨਮ ਮਿਤੀ 27 ਫਰਵਰੀ 1935 ਲਿਖੀ ਗਈ। ਉਦੋਂ ਜਗੀਰਦਾਰੀ ਸਿਸਟਮ ਚਲਦਾ ਸੀ। ਉਹਦਾ ਨਾਨਾ ਇੰਦਰ ਸਿੰਘ ਵੀ ਜਗੀਰਦਾਰ ਅਖਵਾਉਂਦਾ ਸੀ। ਉਹਦੇ ਪਿਤਾ ਦਾ ਨਾਂ ਹਰੀ ਸਿੰਘ ਤੇ ਮਾਤਾ ਦਾ ਗੁਰਚਰਨ ਕੌਰ ਸੀ। ਗੁਲਜ਼ਾਰ ਉਨ੍ਹਾਂ ਦਾ ਪਲੇਠਾ ਪੁੱਤ ਸੀ। ਹਰੀ ਸਿੰਘ ਦਾ ਜਨਮ 1906 ਦਾ ਸੀ। ਉਹ ਅਨਪੜ੍ਹ ਹੋਣ ਦੇ ਬਾਵਜੂਦ ਦਸਤਖ਼ਤ ਕਰਨੇ ਜਾਣਦਾ ਸੀ। ਮਾਂ ਗੁਰਚਰਨ ਕੌਰ ਗੁਰੂ ਗ੍ਰੰਥ ਸਾਹਿਬ ਦੀ ਪਾਠਣ ਸੀ। ਨਾਂ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਗਿਆ ਤਾਂ ਗੱਗਾ ਨਿਕਲਿਆ। ਗੱਗੇ ਤੋਂ ਉਹਦਾ ਨਾਂ ਗੁਲਜ਼ਾਰਾ ਸਿੰਘ ਰੱਖਿਆ ਗਿਆ। ਉਹਦਾ ਇਕ ਮਾਮਾ ਉਹਤੋਂ ਕੁਝ ਦਿਨ ਪਹਿਲਾਂ ਜੰਮਿਆ ਸੀ। ਉਹਦਾ ਨਾਂ ਸੱਸੇ ਤੋਂ ਸਵਰਨ ਸਿੰਘ ਰੱਖਿਆ ਗਿਆ। ਹਾਣੀ ਮਾਮਾ ਭਾਣਜਾ ਸਵਰਨ ਤੇ ਗੁਲਜ਼ਾਰਾ ਆਪਣੀ ਉਮਰ ਦੇ ਪਹਿਲੇ ਚੌਦਾਂ ਸਾਲ ਇਕੱਠੇ ਰਹੇ, ਇਕੱਠੇ ਪੜ੍ਹੇ।

ਗੁਲਜ਼ਾਰੇ ਦਾ ਨਾਂ ਕੋਟਲੇ ਵਿਚ ਪਹਿਲਾਂ ਬਲਬੀਰ ਤੇ ਫਿਰ ਬੱਲਾ ਪੱਕ ਗਿਆ ਸੀ। ਸਵਰਨ ਦਾ ਸਰਨਾ ਬਣ ਗਿਆ ਸੀ। ਦੋਹਾਂ ਨੂੰ ਸਰਨਾ ਬੱਲਾ ਕਹਿ ਕੇ ਬੁਲਾਇਆ ਜਾਂਦਾ। ਸਰਨਾ ਤੇ ਬੱਲਾ ਇਕੋ ਥਾਲੀ 'ਚ ਖਾਣਾ ਖਾਂਦੇ, ਇਕੋ ਥਾਨ ਦੇ ਕਪੜੇ ਪਾਉਂਦੇ ਤੇ ਇਕੋ ਮੰਜੀ 'ਤੇ ਸੌਂਦੇ। ਮਾਮਾ ਭਾਣਜਾ ਇਕੋ ਮੰਜੀ 'ਤੇ ਪਏ ਹੁੰਦੇ ਤਾਂ ਬਿਜਲੀ ਡਿੱਗਣ ਦਾ ਭਰਮ ਹੁੰਦਾ, ਪਰ ਡਿੱਗੀ ਕਦੇ ਨਾ। ਕੋਟਲੇ ਬੜਲੇ ਵਾਲੇ, ਗੁਲਜ਼ਾਰ ਸੰਧੂ ਨੂੰ ਅਜੇ ਵੀ ਬਲਬੀਰ ਜਾਂ ਬੱਲਾ ਨਾਂ ਨਾਲ ਹੀ ਜਾਣਦੇ ਹਨ। ਉਦੋਂ ਪਿੰਡ ਦਾ ਇਕ ਪਾਸਾ ਢੱਕ ਤੇ ਦੂਜਾ ਚੱਕ ਕਿਹਾ ਜਾਂਦਾ ਸੀ। ਉਹਦੇ ਨਾਨੇ ਨੂੰ ਚੁਬਾਰੇ ਚੜ੍ਹ ਕੇ ਬੈਂਤ, ਦੋਹੇ ਤੇ ਕਬਿੱਤ ਗਾਉਣ ਦਾ ਸ਼ੌਕ ਸੀ। ਉਹ ਉਚੀ ਹੇਕ ਲਾ ਕੇ ਗਾਉਂਦਾ: ਉਚੇ ਖੜ੍ਹ ਕੇ ਗੁਰਾਂ ਨੇ ਤੀਰ ਮਾਰਿਆ, ਧਰਤੀ ਨੂੰ ਭਾਗ ਲੱਗ ਗਏ।

ਸੰਧੂ ਆਪਣੀ ਸਵੈਜੀਵਨੀ ਵਿਚ ਲਿਖਦੈ, "ਮੇਰੇ ਲਈ ਗੁਰਾਂ ਦਾ ਭਾਵ ਗੁਰੂ ਗੋਬਿੰਦ ਸਿੰਘ ਸੀ। ਜਦੋਂ ਮੈਂ ਗੁਰਾਂ ਨੂੰ ਉਚੀ ਥਾਂ ਖਲੋ ਕੇ ਤੀਰ ਮਾਰਨ ਲਈ ਕਮਾਨ ਖਿੱਚਦੇ ਦੇਖਣਾ ਹੁੰਦਾ ਤਾਂ ਮੇਰੀਆਂ ਅੱਖਾਂ ਅੱਗੇ ਗੁਆਂਢੀ ਘਰ ਦਾ ਕਾਉਲਾ ਆ ਜਾਂਦਾ ਜਿਹੜਾ ਨਾਨਕੇ ਘਰ ਦੀ ਛੱਤ ਨਾਲੋਂ ਵੀ ਉਚਾ ਸੀ। ਜਦੋਂ ਮੇਰੇ ਚਿਤਵਨ ਵਿਚ ਗੁਰੂ ਜੀ ਕਮਾਨ ਵਿਚ ਤੀਰ ਪਾ ਕੇ ਖਿੱਚ ਰਹੇ ਹੁੰਦੇ ਤਾਂ ਮਨ ਆਨੰਦ ਨਾਲ ਭਰ ਜਾਂਦਾ। ਉਨ੍ਹਾਂ ਦਾ ਖਿੱਚਿਆ ਤੀਰ ਧਰਤੀ ਵਿਚ ਜਾ ਖੁਭਦਾ ਤਾਂ ਮੂੰਗਫਲੀ ਦੇ ਖੇਤਾਂ ਵਿਚੋਂ ਹਿਰਨਾਂ ਦੀਆਂ ਡਾਰਾਂ ਚੁੰਗੀਆਂ ਭਰਦੀਆਂ ਨੇੜਲੀ ਚਰਾਂਦ ਵਿਚ ਲੋਪ ਹੋ ਜਾਂਦੀਆਂ। ਗੁਰਾਂ ਦੇ ਤੀਰ ਨਾਲ ਘਾਹ ਪੱਤੀਆਂ ਤੇ ਮੂੰਗਫਲੀ ਦੇ ਪੌਦੇ ਬਾਗ ਓ ਬਾਗ ਹੋ ਕੇ ਨੱਚਣ ਲੱਗ ਜਾਂਦੇ। ਸੱਚ ਹੀ ਉਸ ਧਰਤੀ ਦੇ ਭਾਗ ਜਾਗ ਪੈਂਦੇ।"

ਗੁਲਜ਼ਾਰ ਦੀ ਇਕ ਮਾਸੀ ਬਾਹੋਮਾਜਰੇ ਵਿਆਹੀ ਹੋਈ ਸੀ। ਉਹਦੇ ਕੋਈ ਬਾਲ ਬੱਚਾ ਨਹੀਂ ਸੀ। ਸਰਨਾ ਤੇ ਬੱਲਾ ਪਹਿਲਾਂ ਭੜੀ ਦੇ ਸਕੂਲ ਵਿਚ ਪੜ੍ਹਨ ਲੱਗੇ ਸਨ, ਮਗਰੋਂ ਨਿੱਤ ਦੀ ਵਾਟ ਤੋਂ ਛੁਟਕਾਰਾ ਪਾ ਕੇ ਪ੍ਰਾਇਮਰੀ ਸਕੂਲ ਬਾਹੋਮਾਜਰੇ ਚਲੇ ਗਏ। ਉਥੋਂ ਖੰਨੇ ਦਾ ਆਰੀਆ ਹਾਈ ਸਕੂਲ ਵੀ ਨੇੜੇ ਹੀ ਸੀ। ਮਾਸੀ ਗੁਰਦੇਵ ਕੋਲ ਰਹਿ ਕੇ ਉਨ੍ਹਾਂ ਨੇ ਅੱਠ ਜਮਾਤਾਂ ਪਾਸ ਕੀਤੀਆਂ। ਮਾਸੀ ਦੇ ਘਰ ਪੱਠੇ ਲਿਆਉਣੇ, ਟੋਕਾ ਕਰਨਾ, ਸੰਨੀਆਂ ਰਲਾਉਣੀਆਂ, ਧਾਰਾਂ ਚੋਣੀਆਂ, ਹਾਰੇ 'ਚ ਪਾਥੀਆਂ ਧਰਨੀਆਂ, ਕਾੜ੍ਹਨੀ 'ਚੋਂ ਦੁੱਧ ਪੀਣਾ, ਕੰਧਾਂ ਦੀ ਲਿਪਾਈ ਕਰਨੀ, ਗੱਲ ਕੀ ਪੜ੍ਹਾਈ ਦੇ ਨਾਲ ਸਾਰੇ ਕੰਮ ਕੀਤੇ। ਮਾਸੀ ਦੇ ਸੰਦੂਕ ਵਿਚਲੇ ਕਿੱਸੇ ਵੀ ਪੜ੍ਹੇ। ਖੰਨੇ ਸਕੂਲ ਪੜ੍ਹਨ ਜਾਂਦਿਆਂ ਹਲਵਾਈਆਂ ਨੂੰ ਡੋਲਚੇ 'ਚ ਦੁੱਧ ਪਾ ਕੇ ਲੈ ਜਾਣਾ। ਦੇਸ ਦੀ ਵੰਡ ਤੋਂ ਪਹਿਲਾਂ ਪੰਜਾਬ ਦੇ ਸਕੂਲਾਂ ਵਿਚ ਅੰਗਰੇਜ਼ੀ ਤੇ ਉਰਦੂ ਦੋ ਜ਼ੁਬਾਨਾਂ ਹੀ ਪੜ੍ਹਾਈਆਂ ਜਾਂਦੀਆਂ ਸਨ। ਪੰਜਾਬੀ ਨਹੀਂ ਸੀ ਪੜ੍ਹਾਈ ਜਾਂਦੀ। ਪੰਜਾਬ ਵਿਚ ਪੰਜਾਬੀ ਦੀ ਬਾਕਾਇਦਾ ਪੜ੍ਹਾਈ ਦੇਸ਼ ਆਜ਼ਾਦ ਹੋਣ ਪਿੱਛੋਂ ਸ਼ੁਰੂ ਹੋਈ ਜਿਸ ਨੇ ਉਰਦੂ ਦੀ ਥਾਂ ਲਈ। ਤੇਰਾਂ ਸਾਲ ਮਾਲਵੇ ਵਿਚ ਗੁਜ਼ਾਰ ਕੇ ਚੌਧਵੇਂ ਸਾਲ ਦੀ ਉਮਰ ਵਿਚ ਗੁਲਜ਼ਾਰ ਆਪਣੇ ਪਿੰਡ ਸੂਨੀ ਆ ਗਿਆ ਤੇ ਖਾਲਸਾ ਹਾਈ ਸਕੂਲ ਮਾਹਿਲਪੁਰ ਵਿਚ ਪੜ੍ਹਨ ਲੱਗਾ।


ਨੌਵੀਂ 'ਚ ਉਹਦੇ ਨਾਂ ਨਾਲੋਂ ਬਲਬੀਰ ਤੇ ਬੱਲਾ ਲੱਥ ਗਏ ਅਤੇ ਰਜਿਸਟਰ ਵਿਚ ਅਸਲੀ ਨਾਂ ਗੁਲਜ਼ਾਰਾ ਸਿੰਘ ਚੜ੍ਹ ਗਿਆ। ਉਹਦਾ ਜੱਦੀ ਪਿੰਡ ਸੂਨੀ, ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਮਾਹਿਲਪੁਰ ਕੋਲ ਹੈ। ਉਹਦੇ ਬਾਪੂ ਜੀ ਊਠ ਵਾਹੁੰਦੇ ਸਨ। ਸੂਨੀ ਵਿਚ 30 ਊਠ ਸਨ। ਊਠਾਂ ਉਤੇ ਮੈਦਾਨ ਦੀ ਉਪਜ ਉਹ ਪਹਾੜਾਂ ਨੂੰ ਲੈ ਜਾਂਦੇ ਤੇ ਉਥੋਂ ਦੀ ਉਪਜ ਥੱਲੇ ਲੈ ਆਉਂਦੇ। ਕਦੀ ਭਾੜਾ ਢੋਂਦੇ, ਕਦੀ ਵਣਜ ਕਰਦੇ।

ਬਾਹੋਮਾਜਰਾ ਖੰਨੇ ਤੋਂ ਕੇਵਲ ਚਾਰ ਕਿਲੋਮੀਟਰ ਦੂਰ ਸੀ ਤੇ ਸੂਨੀ ਨੇੜਲਾ ਹਾਈ ਸਕੂਲ ਮਾਹਿਲਪੁਰ ਦਸ-ਗਿਆਰਾਂ ਕਿਲੋਮੀਟਰ ਦੂਰ। ਜਦੋਂ ਉਹ ਸਾਈਕਲ ਚਲਾਉਣ ਜੋਗਾ ਹੋ ਗਿਆ ਤਾਂ ਮਾਹਿਲਪੁਰ ਪੜ੍ਹਨ ਆ ਲੱਗਾ। ਪਿੰਡ ਸੂਨੀ ਤੋਂ ਮਾਹਿਲਪੁਰ ਜਾਣ ਲਈ ਮਜਾਰਾ ਡੀਂਗਰੀਆਂ, ਚਾਂਦਸੂ ਤੇ ਲੰਗੇਰੀ ਲੰਘਣੇ ਪੈਂਦੇ ਸਨ। ਸੰਧੂ ਛੇ ਸਾਲ ਇਨ੍ਹਾਂ ਪਿੰਡਾਂ 'ਚੋਂ ਲੰਘਿਆ। ਪਹਿਲਾਂ ਸੂਨੀ ਦੀ ਬੇਈਂ, ਫਿਰ ਮਜਾਰਾ ਡੀਂਗਰੀਆਂ ਤੇ ਮਾਹਿਲਪੁਰ ਦੇ ਚੋਅ ਆਉਂਦੇ। ਮਾਹਿਲਪੁਰ ਤੋਂ ਬੀ. ਏ. ਪਾਸ ਕਰ ਕੇ ਉਹ ਨੌਕਰੀ ਦੀ ਭਾਲ ਵਿਚ ਦਿੱਲੀ ਚਲਾ ਗਿਆ।

ਉਹਦੇ ਬਚਪਨ ਤੇ ਕਿਸ਼ੋਰ ਅਵਸਥਾ ਦਾ ਸਮਾਂ ਵਧੇਰੇ ਕਰ ਕੇ ਕੋਟਲਾ ਬੜਲਾ ਤੇ ਬਾਹੋਮਾਜਰੇ 'ਚ ਬੀਤਿਆ। ਉਦੋਂ ਛੁੱਟੀਆਂ 'ਚ ਹੀ ਉਹ ਆਪਣੇ ਪਿੰਡ ਸੂਨੀ ਜਾਂਦਾ ਸੀ। ਸੰਧੂ ਲਿਖਦਾ ਹੈ, "ਮੈਂ ਮ੍ਰਿਗਾਂ ਤੇ ਮੋਰਾਂ ਦੀ ਦੁਨੀਆ ਵਿਚ ਵੱਡਾ ਹੋਇਆ। ਮੇਰਾ ਨਾਨਕਾ ਪਿੰਡ ਕੋਟਲਾ ਬੜਲਾ ਇਹੋ ਜਿਹੀ ਥਾਂ ਸਥਿਤ ਹੈ ਜਿਥੇ ਦਿਨ ਚੜ੍ਹਦੇ ਸਾਰ ਮ੍ਰਿਗਾਂ ਦੀਆਂ ਡਾਰਾਂ ਮੂੰਗਫਲੀ ਦੇ ਖੇਤਾਂ ਵਿਚੋਂ ਚੁੰਗੀਆਂ ਭਰਦੀਆਂ ਇਕ ਪਾਸੇ ਤੋਂ ਆਉਂਦੀਆਂ ਤੇ ਦੂਜੇ ਪਾਸੇ ਨੂੰ ਜਾਂਦੀਆਂ ਆਮ ਦੇਖੀਆਂ ਜਾ ਸਕਦੀਆਂ ਸਨ। ਮੈਂ ਬਚਪਨ ਵਿਚ ਇਕ ਰੋਗੀ ਮ੍ਰਿਗ ਨੂੰ ਤੜਫ ਤੜਫ ਕੇ ਜਾਨ ਦਿੰਦੇ ਵੀ ਦੇਖਿਆ ਹੈ ਤੇ ਇਸ ਮਰ ਰਹੇ ਮ੍ਰਿਗ ਦੀਆਂ ਅੱਖਾਂ ਦੀ ਮਨਮੋਹਣੀ ਸੁੰਦਰਤਾ ਨੂੰ ਵੀ। ਮੇਰੇ ਲਈ ਲੋਕ ਬੋਲੀਆਂ ਵਿਚ ਦਰਸਾਈ ਇਸ ਦੁਨੀਆ ਦੀ ਵਿਨਾਸ਼ਕਾਰੀ ਵੀ ਧੂਹ ਪਾਉਂਦੀ ਹੈ:

ਹੀਰਿਆ ਹਰਨਾ ਬਾਗੀਂ ਚਰਨਾ
ਤੇਰੇ ਸਿੰਗਾਂ 'ਤੇ ਕੀ ਕੁਝ ਲਿਖਿਆ
ਮ੍ਰਿਗ ਤੇ ਮਿਰਗਾਈਆਂ

(ਬਾਕੀ ਅਗਲੇ ਸਫੇ 'ਤੇ)



*ਗੁਲਜ਼ਾਰ ਸਿੰਘ ਸੰਧੂ ਆਪਣੇ ਮਾਮੇ ਸਵਰਨ ਸਿੰਘ ਨਾਲ।*

***ਗੁਲਜ਼ਾਰ ਸੰਧੂ ਦਾ ਜਨਮ ਪਿੰਡ ਕੋਟਲਾ ਬੜਲਾ ਵਿਚ 22 ਮਾਰਚ 1934 ਨੂੰ ਨਾਨਕੇ ਘਰੇ ਹੋਇਆ ਸੀ, ਪਰ ਸਕੂਲ ਦਾਖਲ ਹੋਣ ਵੇਲੇ ਰਜਿਸਟਰ ਵਿਚ ਜਨਮ ਮਿਤੀ 27 ਫਰਵਰੀ 1935 ਲਿਖੀ ਗਈ। ਮਾਂ ਗੁਰਚਰਨ ਕੌਰ ਗੁਰੂ ਗ੍ਰੰਥ ਸਾਹਿਬ ਦੀ ਪਾਠਣ ਸੀ। ਨਾਂ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਗਿਆ ਤਾਂ ਗੱਗਾ ਨਿਕਲਿਆ। ਗੱਗੇ ਤੋਂ ਉਹਦਾ ਨਾਂ ਗੁਲਜ਼ਾਰਾ ਸਿੰਘ ਰੱਖਿਆ ਗਿਆ। ਉਹਦਾ ਇਕ ਮਾਮਾ ਉਹਤੋਂ ਕੁਝ ਦਿਨ ਪਹਿਲਾਂ ਜੰਮਿਆ ਸੀ। ਉਹਦਾ ਨਾਂ ਸੱਸੇ ਤੋਂ ਸਵਰਨ ਸਿੰਘ ਰੱਖਿਆ ਗਿਆ। ਹਾਣੀ ਮਾਮਾ ਭਾਣਜਾ ਸਵਰਨ ਤੇ ਗੁਲਜ਼ਾਰਾ ਆਪਣੀ ਉਮਰ ਦੇ ਪਹਿਲੇ ਚੌਦਾਂ ਸਾਲ ਇਕੱਠੇ ਰਹੇ, ਇਕੱਠੇ ਪੜ੍ਹੇ।... ਗੁਲਜ਼ਾਰੇ ਦਾ ਨਾਂ ਕੋਟਲੇ ਵਿਚ ਪਹਿਲਾਂ ਬਲਬੀਰ, ਤੇ ਫਿਰ ਬੱਲਾ ਪੱਕ ਗਿਆ ਸੀ। ਸਵਰਨ ਦਾ ਸਰਨਾ ਬਣ ਗਿਆ ਸੀ। ਦੋਹਾਂ ਨੂੰ ਸਰਨਾ ਬੱਲਾ ਕਹਿ ਕੇ ਬੁਲਾਇਆ ਜਾਂਦਾ। ਸਰਨਾ ਤੇ ਬੱਲਾ ਇਕੋ ਥਾਲੀ 'ਚ ਖਾਣਾ ਖਾਂਦੇ, ਇਕੋ ਥਾਨ ਦੇ ਕਪੜੇ ਪਾਉਂਦੇ ਤੇ ਇਕੋ ਮੰਜੀ 'ਤੇ ਸੌਂਦੇ। ਮਾਮਾ ਭਾਣਜਾ ਇਕੋ ਮੰਜੀ 'ਤੇ ਪਏ ਹੁੰਦੇ ਤਾਂ ਬਿਜਲੀ ਡਿੱਗਣ ਦਾ ਭਰਮ ਹੁੰਦਾ, ਪਰ ਡਿੱਗੀ ਕਦੇ ਨਾ।***



*1947 ਦੀ ਵੰਡ ਵੇਲੇ ਬੇਵਸੀ...*

***1947 ਵਿਚ ਗੁਲਜ਼ਾਰ ਸੰਧੂ ਆਪਣੇ ਪਿੰਡ ਸੂਨੀ ਪਰਤਿਆ, ਇਹ ਵਰ੍ਹਾ ਵਹਿਸ਼ੀ ਕਤਲੇਆਮ ਦਾ ਵਰ੍ਹਾ ਸੀ। ਉਸ ਦੇ ਕਿਸ਼ੋਰ ਮਨ 'ਤੇ ਡੂੰਘਾ ਪ੍ਰਭਾਵ ਪਿਆ। ਪਹਿਲਾਂ ਕਿੱਸੇ ਪੜ੍ਹਨ ਤੇ ਉਤੋਂ ਸੰਤਾਲੀ ਦੇ ਕਤਲੇਆਮ ਨੇ ਉਸ ਨੂੰ ਲਿਖਣ ਦੀ ਨਾਯਾਬ ਸਮੱਗਰੀ ਮੁਹੱਈਆ ਕੀਤੀ। ਉਹਨੀਂ ਦਿਨੀਂ ਬਾਹਰਲੇ ਦੰਗਾਕਾਰੀਆਂ ਨੇ ਸੂਨੀ ਦੇ ਮੁਸਲਮਾਨਾਂ ਨੂੰ ਧੱਕੇ ਨਾਲ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਪੀਲੀਆਂ ਚੁੰਨੀਆਂ ਤੇ ਪੀਲੇ ਪਟਕੇ ਪਹਿਨਾ ਦਿੱਤੇ, ਪਰ ਨੀਤ ਖੋਟੀ ਸੀ। ਇਹ ਪਛਾਣ ਉਨ੍ਹਾਂ ਉਤੇ ਸੌਖਾ ਵਾਰ ਕਰਨ ਲਈ ਸੀ। ਉਹ ਆਏ ਤੇ ਪੀਲੀਆਂ ਚੁੰਨੀਆਂ ਤੇ ਪਟਕਿਆਂ ਵਾਲਿਆਂ ਨੂੰ ਲੁੱਟ-ਮਾਰ ਗਏ... ਪਿੰਡ ਬੇਵਸ ਸੀ।***

# ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਕੁਝ ਸਮੇਂ ਤੋਂ ਕੁਝ ਨਵਾਂ ਗਿਆਨ ਲੈ ਕੇ ਆਏ ਕੁਝ ਅਖੌਤੀ ਸਿੱਖ ਵਿਦਵਾਨ ਸਿੱਖ ਧਰਮ ਦੀ ਹਿੰਦੂ ਧਰਮ ਨਾਲ ਸਾਂਝੀ ਸੰਕਲਪਾਤਮਕ ਸ਼ਬਦਾਵਲੀ ਨੂੰ ਲੈ ਕੇ ਜ਼ਹਿਰ ਉਗਲਦੇ ਰਹਿੰਦੇ ਹਨ। ਇਕ ਅਜਿਹੇ ਵਿਦਵਾਨ ਨੇ ਇਹ ਗੱਲ ਚੁੱਕੀ ਹੋਈ ਹੈ ਕਿ ਕੁਝ ਗੁਰੂਆਂ ਦੇ ਨਾਂਵਾਂ ਪਿਛੇ 'ਦੇਵ' ਪਿਛੇਤਰ ਬ੍ਰਾਹਮਣੀ ਹਿੰਦੂਆਂ ਦੀ ਸਾਜਿਸ਼ ਹੈ ਜਿਵੇਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਜਨ ਦੇਵ ਆਦਿ। ਉਹ ਡਰ ਨਾਲ ਮਰੀ ਜਾ ਰਹੇ ਹਨ ਕਿ ਇਸ ਤਰ੍ਹਾਂ ਹਿੰਦੂ ਧਰਮ ਕਿਸੇ ਦਿਨ ਸਿੱਖੀ ਨੂੰ ਆਪਣੇ ਵਿਚ ਹੀ ਜਜ਼ਬ ਕਰ ਲਵੇਗਾ। ਉਹ ਕੁਝ ਗਿਣੇ-ਚੁਣੇ ਸ਼ਬਦਾਂ ਬਾਰੇ ਅਨਪੜ੍ਹਾਂ ਜਿਹੀ ਗੱਲ ਕਰਦੇ ਹਨ। ਚਲੋ ਮੰਨਿਆ ਕਿ ਇਹ ਬ੍ਰਾਹਮਣਾਂ ਦੀ ਸਾਜਿਸ਼ ਹੈ ਪਰ ਲਗਭਗ ਸਾਰੇ ਗੁਰੂਆਂ ਦੇ ਹੀ ਨਾਂ ਕਿਉਂ ਹਿੰਦੂ ਮਿਥਿਹਾਸ ਵਾਲੇ ਹਨ? ਅੰਗਦ, ਰਾਮ, ਅਰਜਨ, ਗੋਬਿੰਦ, ਹਰਿ, ਕ੍ਰਿਸ਼ਨ। ਸਿੱਖ ਧਰਮ ਦੀ ਬੁਨਿਆਦ ਹੀ ਬਣ ਗਈ ਗੁਰੂ-ਸਿੱਖ ਪਰਿਪਾਟੀ, ਹਿੰਦੂ ਧਰਮ ਦੀ ਪ੍ਰਾਚੀਨ ਰੀਤੀ ਹੀ ਹੈ। ਸਿੱਖ ਧਰਮ ਦੇ ਬਾਨੀਆਂ ਨੇ ਕੋਈ ਨਵੀਂ ਪਿਰਤ ਕਿਉਂ ਨਹੀਂ ਪਾਈ? ਗੁਰੂ ਸ਼ਬਦ ਪ੍ਰਤੀ ਹਿੰਦੂ ਧਰਮ ਵਿਚ ਬਹੁਤ ਸ਼ਰਧਾ ਹੈ।

ਕੁਝ ਸਾਲ ਪਹਿਲਾਂ ਗੁਰੂ ਦਾ ਮਖੌਲ ਉਡਾਉਂਦੀ ਅੰਗਰੇਜ਼ੀ ਫਿਲਮ 'ਲਵ ਗੁਰੂ' ਬਣੀ ਸੀ ਤਾਂ ਸਭ ਤੋਂ ਵਧ ਇਤਰਾਜ਼ ਹਿੰਦੂਆਂ ਨੇ ਕੀਤਾ ਸੀ। ਸਿੱਖ ਮਰਦ ਨਾਂਵਾਂ ਪਿਛੇ ਸਿੰਘ ਲਾਉਣ ਦੀ ਰੀਤ ਹਿੰਦੂ ਰੀਤ ਹੈ। ਸਿੰਘ ਦੀ ਵਰਤੋਂ ਵਾਲਾ ਸਭ ਤੋਂ ਪੁਰਾਣਾ ਪ੍ਰਾਪਤ ਨਾਂ ਅਮਰ ਸਿੰਘ ਹੈ ਜੋ ਦਸਵੀਂ ਸਦੀ ਦੇ 'ਅਮਰ ਕੋਸ਼' ਦਾ ਕਰਤਾ ਹੈ। ਸਮੁੱਚੇ ਭਾਰਤ ਵਿਚ ਹਿੰਦੂ ਨਾਂਵਾਂ ਪਿਛੇ ਲਗਦੇ 'ਸਿੰਘ' ਦੇ ਕਈ ਰੁਪਾਂਤਰ ਮਿਲ ਜਾਂਦੇ ਹਨ ਜਿਵੇਂ ਸਿੰਹ, ਸਿਨਹਾ, ਸਿਮਹਾ ਆਦਿ। ਇਸ ਬਾਰੇ ਮੈਂ ਦੋ ਕੜੀਆਂ ਵਾਲਾ ਕਾਲਮ ਲਿਖ ਚੁਕਾ ਹਾਂ।

ਕੁਝ ਸਿੰਘਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਸਿੱਖ ਔਰਤਾਂ ਦੇ ਨਾਂ ਪਿਛੇ ਲਗਦੇ 'ਕੌਰ' ਸ਼ਬਦ ਦੇ ਕੀ ਅਰਥ ਹਨ? ਕਈ ਸਿੰਘ ਦੀ ਤਰਜ਼ 'ਤੇ ਇਸ ਦਾ ਅਰਥ ਸ਼ੇਰਨੀ ਹੀ ਕਰੀ ਜਾਂਦੇ ਹਨ। ਇਸ ਦਾ ਵਿਸਥਾਰ ਫਿਰ ਕਦੇ ਕਰਾਂਗੇ, ਹਾਲ ਦੀ ਘੜੀ ਏਨਾ ਹੀ ਕਿ ਇਹ ਹਿੰਦੂ ਨਾਂਵਾਂ ਦੇ ਪਿਛੇ ਲਗਦੇ ਪ੍ਰਸਿਧ ਪਿਛੇਤਰ ਕੁਮਾਰ ਦਾ ਵਿਗੜਿਆ ਰੂਪ ਹੈ। ਅੱਜ ਵੀ ਰਾਜਸਥਾਨ ਦੇ ਬਾਂਸਵਾੜਾ ਖੇਤਰ ਦੇ ਰਾਜਪੂਤਾਂ ਦੀਆਂ ਇਸਤਰੀਆਂ ਦੇ ਨਾਂ ਪਿਛੇ ਕੌਰ ਲਗਦਾ ਹੈ। ਕ੍ਰਿਸ਼ਨੇਂਦਰ ਕੌਰ ਰਾਜਸਥਾਨ ਦੀ ਐਮ.ਐਲ.ਏ. ਹੈ। ਇਉਂ ਲਗਦਾ ਹੈ ਕਿ ਸਾਡੇ ਅਜਿਹੇ ਵਿਦਵਾਨਾਂ ਨੂੰ ਹਿੰਦੂ ਧਰਮ ਤੋਂ ਹੀ ਭਿਟ ਹੋਣ ਲੱਗ ਪਈ ਹੈ ਜੋ ਵਾਸਤਵ ਵਿਚ ਹਿੰਦੂ ਧਰਮ ਦੀ ਹੀ ਖਾਸੀਅਤ ਹੈ।

ਖੈਰ, ਉਨ੍ਹਾਂ ਦੀਆਂ ਭ੍ਰਿਸ਼ਟੀਆਂ ਦਲੀਲਾਂ ਕਾਰਨ ਕਿਸੇ ਦਿਨ ਆਮ ਸਿੱਖ ਆਪ ਹੀ ਉਨ੍ਹਾਂ ਤੋਂ ਦੂਰ ਹੋ ਜਾਣਗੇ। ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਸਿੱਖ ਸਿੱਖੀ ਦੀ ਮੁਖਧਾਰਾ ਤੋਂ ਵੀ ਟੁੱਟੇ ਹੋਏ ਹਨ ਤੇ ਇਕ ਤਰ੍ਹਾਂ ਨਾਲ ਹਿੰਦੂਆਂ ਦੇ ਨਾਲ ਵੀ ਨਹੀਂ ਵਿਚਰਦੇ, ਇਸ ਲਈ ਉਹ ਅਜਿਹੇ ਘਚੋਲਿਆਂ ਤੋਂ ਛੇਤੀ ਹੀ ਪ੍ਰਭਾਵਿਤ ਹੋ ਜਾਂਦੇ ਹਨ। ਕੁਝ ਹਲਕਿਆਂ ਵਲੋਂ ਗੁਰੂਆਂ ਦੇ ਨਾਂਵਾਂ ਤੋਂ ਪਹਿਲਾਂ ਸਨਮਾਨਸੂਚਕ ਉਪਾਧੀ 'ਸ੍ਰੀ' ਲਾਉਣ ਨੂੰ ਹਿੰਦੂਆਂ ਦੀ ਸਾਜਿਸ਼ ਦੱਸਿਆ ਜਾਣ ਲੱਗਾ ਹੈ।

'ਪੰਜਾਬ ਟਾਈਮਜ਼' ਵਿਚ ਅਕਸਰ ਹੀ ਚਰਚਾ ਵਿਚ ਰਹਿੰਦੇ ਅਜਿਹੇ ਹੀ ਸ਼ਖਸ ਅਜਮੇਰ ਸਿੰਘ ਬਾਰੇ ਮੇਰੇ ਫੇਸਬੁਕ ਦੋਸਤ ਜੁਝਾਰ ਢਿੱਲੋਂ ਨੇ ਕੁਝ ਸਮਾਂ ਪਹਿਲਾਂ ਆਪਣੀ ਵਾਲ 'ਤੇ ਲਿਖਿਆ ਸੀ, "ਪਿਛਲੇ ਦਿਨੀਂ ਇਕ ਮਹਾਨ ਸਿੱਖ ਚਿੰਤਕ ਵਿਦਵਾਨ ਟੋਰਾਂਟੋ ਆਪਣੀ ਕਿਤਾਬ ਵੇਚਣ ਆਇਆ ਸੀ, ਉਸ ਨੇ ਰੇਡੀਓ 'ਤੇ ਬੋਲਦਿਆਂ ਕਿਹਾ ਕਿ 'ਸ੍ਰੀ' ਸ਼ਬਦ ਹਿੰਦੂਆਂ ਦਾ ਸ਼ਬਦ ਹੈ, ਹਿੰਦੂ ਆਪਣੇ ਭਗਵਾਨ ਨੂੰ ਸ੍ਰੀ ਸ਼ਬਦ ਲਗਾ ਕੇ ਸੰਬੋਧਨ ਹੁੰਦੇ ਹਨ, ਜਿਵੇਂ ਸ੍ਰੀ ਰਾਮ, ਸ੍ਰੀ ਭਗਵਤ ਗੀਤਾ ਆਦਿ। ਇਹ ਸ਼ਬਦ ਸਿੱਖਾਂ ਦਾ ਨਹੀਂ, ਸਿੱਖਾਂ ਦਾ ਬ੍ਰਾਹਮਣੀਕਰਨ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਪ੍ਰਚਲਿਤ ਕੀਤਾ, ਬ੍ਰਾਹਮਣਾਂ ਨੇ। ਕਿਤਾਬ ਵਿਚ ਇਸ ਤਰ੍ਹਾਂ ਲਿਖਿਆ ਹੈ, ਗੁਰੂਆਂ ਦੇ ਨਾਂਵਾਂ ਮੂਹਰੇ 'ਸ੍ਰੀ' ਲਾਉਣ ਦੀ ਰੀਤ ਬਿਨਾ ਸ਼ੱਕ ਹਿੰਦੂ ਪਰੰਪਰਾ ਵਿਚੋਂ ਆਈ ਹੈ, ਜਿਵੇਂ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸ੍ਰੀ ਭਗਵਤ ਗੀਤਾ ਆਦਿ।"

ਜੁਝਾਰ ਢਿੱਲੋਂ ਨੇ ਇਸ ਬੇਹੂਦਾ ਦਲੀਲ ਦਾ ਯਥਾਯੋਗ ਜਵਾਬ ਦਿੱਤਾ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਅੰਦਰੂਨੀ ਗਵਾਹੀ ਨਾਲ ਸਾਬਤ ਕੀਤਾ ਕਿ ਗੁਰੂਆਂ-ਭਗਤਾਂ ਦੇ ਮਨ ਵਿਚ ਇਸ ਸ਼ਬਦ ਪ੍ਰਤੀ ਕਿੰਨੀ ਸ਼ਰਧਾ ਸੀ। ਇਸ ਦੇ ਕੁਝ ਅੰਸ਼ ਮੈਂ ਤੁਹਾਡੇ ਸਾਹਮਣੇ ਰੱਖਾਂਗਾ ਤੇ ਨਾਲ ਦੀ ਨਾਲ ਆਪਣੀ ਗੱਲ ਵੀ ਕਰਾਂਗਾ। ਧਿਆਨ ਰਹੇ, ਗੁਰਬਾਣੀ ਦੀ ਟੀਕਾਕਾਰੀ ਅਨੁਸਾਰ ਰਾਮ, ਕ੍ਰਿਸ਼ਨ ਜਾਂ ਵਿਸ਼ਨੂੰ ਦੇ ਨਾਂਵਾਂ ਨੂੰ ਪਰਮਾਤਮਾ ਦਾ ਅਰਥਾਵਾਂ ਮੰਨਿਆ ਗਿਆ ਹੈ: "ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ॥"; "ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ॥" (ਗੁਰੂ ਅਰਜਨ ਦੇਵ); "ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥" (ਭਗਤ ਨਾਮਦੇਵ); "ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ॥" (ਗੁਰੂ ਰਾਮਦਾਸ); "ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ॥" (ਭੱਟ ਗਯੰਦ); "ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥" (ਭੱਟ ਨਲ੍ਯ); "ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥" (ਭੱਟ ਗਯੰਦ)।

ਜੁਝਾਰ ਢਿੱਲੋਂ ਦਾ ਪ੍ਰਸ਼ਨ ਹੈ ਕਿ ਸਿੱਖ 'ਸ੍ਰੀ ਗੁਰੂ ਗ੍ਰੰਥ ਸਾਹਿਬ' ਆਖਦੇ ਹਨ, ਕੀ ਹੁਣ ਸਰਦਾਰ ਗੁਰੂ ਗ੍ਰੰਥ ਸਾਹਿਬ ਕਿਹਾ ਜਾਣਾ ਚਾਹੀਦਾ ਹੈ? ਗ੍ਰੰਥ ਸਾਹਿਬ ਵਿਚ ਇਕ ਰਾਗ ਦਾ ਨਾਂ ਹੀ ਸ੍ਰੀਰਾਗ ਹੈ, ਉਸ ਦਾ ਕੀ ਕੀਤਾ ਜਾਵੇ? ਬਹੁਤੇ ਸਿੰਘ ਗਾਤਰੇ ਪਾਈ ਕਿਰਪਾਨ ਨੂੰ ਵੀ 'ਸਿਰੀ ਸ੍ਰੀ ਸਾਹਿਬ' ਆਖਦੇ ਹਨ ਅਤੇ ਸਿੱਖ ਇਕ ਦੂਸਰੇ ਨੂੰ ਮਿਲਦੇ ਵਕਤ 'ਸਤਿ ਸ੍ਰੀ ਅਕਾਲ' ਆਖਦੇ ਹਨ, ਕੀ ਹੁਣ ਇਹ ਵੀ ਬਦਲਨਾ ਪਊ? ਕਿਉਂਕਿ 'ਸ੍ਰੀ' ਸ਼ਬਦ ਤਾਂ ਹਿੰਦੂਆਂ ਦਾ ਹੋਇਆ, ਮਹਾਨ-ਚਿੰਤਕ ਮੁਤਾਬਿਕ।"

ਦਰਅਸਲ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ+ਸਿਰੀ ਸ਼ਬਦ 93+153=246 ਵਾਰ ਵਰਤਿਆ ਗਿਆ ਹੈ। 'ਸਿਰੀ' ਸ਼ਬਦ-ਜੋੜ ਵਿਚ ਬਹੁਤਾ ਸਿਰੀ ਰਾਗ ਲਈ ਹੀ ਵਰਤੋਂ ਹੋਈ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਨੇ ਕੀਤੀ ਤੇ ਭਗਤਾਂ ਦੀ ਬਾਣੀ ਜਿਥੇ ਵੀ ਆਈ ਹੈ, ਉਥੇ ਸਿਰਲੇਖ ਵਜੋਂ ਉਨ੍ਹਾਂ ਦੇ ਨਾਂ ਤੋਂ ਪਹਿਲਾਂ ਸਨਮਾਨਸੂਚਕ 'ਸ੍ਰੀ' ਦੀ ਵਰਤੋਂ ਗੁਰੂ ਸਾਹਿਬ ਨੇ ਆਪ ਕੀਤੀ। ਕੁਝ ਮਿਸਾਲਾਂ: ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ; ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ; ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦ ਘਰ; ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ; ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ। ਭਾਵੇਂ ਗੁਰੂਆਂ ਦੇ ਨਾਂ ਲਈ ਅੰਕ ਦੱਸ ਕੇ ਮਹਲਾ ਸ਼ਬਦ ਵਰਤਿਆ ਗਿਆ ਹੈ ਪਰ ਇਕ ਅਪਵਾਦ ਵੀ ਮਿਲਦਾ ਹੈ, 'ਸ੍ਰੀ ਗੁਰੂ ਸਾਹਿਬ ਦੇ ਮੁਖਵਚਨ', ਜਿਵੇਂ 'ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫', ਦਸਮ ਗ੍ਰੰਥ ਵਿਚ 'ਸ੍ਰੀ ਮੁਖਵਾਕ ਪਾਤਸਾਹੀ ੧੦' ਸਰਬ-ਗਿਆਤ ਹੈ। ਭੱਟਾਂ ਦੀ ਬਾਣੀ ਵਿਚ ਸਪਸ਼ਟ ਤੌਰ 'ਤੇ ਗੁਰੂ ਦੇ ਨਾਂ ਅੱਗੇ ਸ੍ਰੀ ਸ਼ਬਦ ਦੀ ਵਰਤੋਂ ਹੋਈ ਹੈ, "ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ॥" (ਭਟ ਨਲ੍ਯ); ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥ (ਭਟ ਗਯੰਦ); ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥ (ਭਟ ਗਯੰਦ); ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥ (ਭਟ ਬਲ੍ਯ)।

ਸਿੱਖ ਜੈਕਾਰਾ, ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਿਹ; ਪ੍ਰਣਾਮਸੂਚਕ ਬੋਲ, 'ਸਤਿ ਸ੍ਰੀ ਅਕਾਲ'; ਸਿੱਖ ਅਰਦਾਸ ਵਿਚ ਕਈ ਗੁਰੂਆਂ ਦੇ ਨਾਂ ਨਾਲ ਸ੍ਰੀ ਲਾਇਆ ਮਿਲਦਾ ਹੈ ਜਿਵੇਂ "...ਸਿਮਰੋ ਸ੍ਰੀ ਹਰ ਰਾਇ, ਸ੍ਰੀ ਹਰਕ੍ਰਿਸ਼ਨ ਧਿਆਈਐ..." ਗੁਰਦੁਆਰਿਆਂ ਦੇ ਨਾਂ ਅੱਗੇ ਵੀ ਇਸ ਦੀ ਵਰਤੋਂ ਹੁੰਦੀ ਹੈ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਨਨਕਾਣਾ ਸਾਹਿਬ ਆਦਿ। ਕੁਝ ਸਥਾਨਾਂ ਦੇ ਨਾਂ ਅੱਗੇ ਇਹ ਸ਼ਬਦ ਲਗਦਾ ਹੈ ਜਿਵੇਂ ਸ੍ਰੀਨਗਰ, ਸ੍ਰੀ ਗੰਗਾਨਗਰ, ਸ੍ਰੀ ਲੰਕਾ। ਗੁਰੂ ਨਾਨਕ ਦੇਵ ਨੇ ਆਪਣੇ ਵੱਡੇ ਬੇਟੇ ਦਾ ਨਾਂ ਹੀ ਸ੍ਰੀ ਚੰਦ ਰੱਖਿਆ ਸੀ। ਸੋ, ਸਪਸ਼ਟ ਹੈ ਕਿ ਸ੍ਰੀ ਸ਼ਬਦ ਬਾਰੇ ਸਾਡੇ ਗੁਰੂਆਂ ਵਿਚ ਅਪਣੱਤ ਦੀ ਭਾਵਨਾ ਹੈ ਅਤੇ ਗੁਰੂ ਕਾਲ ਵੇਲੇ ਹੀ ਗੁਰੂਆਂ ਤੇ ਭਗਤਾਂ ਲਈ ਇਸ ਦੀ ਵਰਤੋਂ ਪ੍ਰਚਲਿਤ ਸੀ। ਮਹਾਨ ਕੋਸ਼ ਵਿਚ ਇਸ ਨੂੰ ਆਦਰਬੋਧਕ ਸ਼ਬਦ ਕਿਹਾ ਗਿਆ ਹੈ ਜੋ ਧਰਮ ਦੇ ਆਚਾਰਯ ਅਤੇ ਮਹਾਰਾਜੇ ਲਈ 108 ਵਾਰ; ਮਾਤਾ, ਪਿਤਾ, ਵਿਦਿਆ, ਗੁਰੂ ਲਈ 6 ਵਾਰ; ਆਪਣੇ ਮਾਲਿਕ ਵਾਸਤੇ 5 ਵਾਰ, ਵੈਰੀ ਨੂੰ 4 ਵਾਰ, ਮਿੱਤਰ ਨੂੰ 3 ਵਾਰ, ਨੌਕਰ ਨੂੰ 2 ਵਾਰ, ਪੁੱਤਰ ਤਥਾ ਇਸਤਰੀ ਨੂੰ ਇਕ ਵਾਰ ਵਰਤਣਾ ਚਾਹੀਏ। ਸ੍ਰੀ ਤੋਂ ਤੀਜੀ ਡਿਗਰੀ ਦਾ ਸ਼ਬਦ ਸ੍ਰੇਸ਼ਟ ਬਣਿਆ ਜਿਸ ਤੋਂ ਅੱਗੇ ਸੇਠ ਸ਼ਬਦ ਬਣਿਆ। ਹਿੰਦੂ ਧਰਮ ਦੀ ਹਰ ਗੱਲੇ ਨਿਖੇਧੀ ਲਈ ਤਹੂ ਅਜਿਹੇ ਸਿੱਖ ਵਿਦਵਾਨਾਂ ਦੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦਾ ਇਹ ਹਾਲ ਹੈ।

ਆਓ, ਜ਼ਰਾ ਸ੍ਰੀ ਸ਼ਬਦ ਦੇ ਪਿਛੋਕੜ ਬਾਰੇ ਕੁਝ ਜਾਣ ਲਈਏ। ਇਸ ਦਾ ਸੰਸਕ੍ਰਿਤ ਰੂਪ ਸ੍ਰੀ ਹੈ ਤੇ ਇਸ ਦੇ ਮੁਖ ਅਰਥ ਹਨ-ਲਛਮੀ, ਸਮ੍ਰਿਧੀ, ਧਨਵਾਨਤਾ; ਚਮਕ, ਸ਼ੋਭਾ, ਜਲੌ, ਸ਼ਾਨ, ਸੁੰਦਰਤਾ; ਉਚੀ ਪਦਵੀ, ਗੌਰਵ, ਸ਼ੁਭ, ਮਾਣਯੋਗ ਆਦਿ। ਦਰਅਸਲ ਇਸ ਸ਼ਬਦ ਵਿਚ ਸਾਰੀ ਪ੍ਰਿਥਵੀ, ਜੀਵ ਜੰਤੂ, ਬਨਸਪਤੀ-ਗੱਲ ਕੀ ਸਾਰਾ ਜਗਤ ਹੀ ਸਮਾਇਆ ਹੋਇਆ ਹੈ। ਭਗਵਾਨ ਵਿਸ਼ਨੂੰ ਨੂੰ ਸ੍ਰੀਮਾਨ, ਸ੍ਰੀਮਤ ਕਿਹਾ ਜਾਂਦਾ ਹੈ। ਗੌਰਤਲਬ ਹੈ ਕਿ ਸ੍ਰੀ ਸ਼ਬਦ ਇਸਤਰੀ ਲਿੰਗ ਹੈ ਤਦੇ ਇਸ ਦਾ ਇਕ ਅਰਥ ਲਛਮੀ ਵੀ ਹੈ। ਸ੍ਰੀਦੇਵੀ ਵੀ ਲਛਮੀ ਹੀ ਹੁੰਦੀ ਹੈ। ਇਸ ਦਾ ਭਾਵ ਇਹ ਵੀ ਹੈ ਕਿ ਸਾਰਾ ਜਗਤ ਸ੍ਰੀ ਵਿਚ ਹੀ ਆਸਰਾ ਭਾਲਦਾ ਹੈ। ਵਿਸ਼ਨੂੰ ਸ੍ਰੀ ਦੇ ਨਾਲ ਰਹਿੰਦਾ ਹੈ, ਉਸ ਦਾ ਪਤੀ ਹੈ, ਇਸ ਲਈ ਉਸ ਨੂੰ ਸ੍ਰੀਮਾਨ ਕਿਹਾ ਜਾਂਦਾ ਹੈ। ਸ੍ਰੀਮਾਨ ਵਿਚਲਾ ਮਾਨ ਸ਼ਬਦ ਸੰਸਕ੍ਰਿਤ 'ਵਤ' ਤੋਂ ਬਣਿਆ ਹੈ ਜਿਸ ਵਿਚ ਮਾਲਕ, ਸਵਾਮੀ ਦੇ ਭਾਵ ਹਨ। ਵਤ ਤੋਂ ਵੰਤ (ਰੂਪਵੰਤ) ਬਣਿਆ, ਇਸ ਤੋਂ ਵਾਨ (ਰੂਪਮਾਨ) ਤੇ ਫਿਰ ਮਾਨ। ਸੋ, ਸ੍ਰੀਮਾਨ ਦਾ ਅਰਥ ਹੋਇਆ ਜੋ ਸ੍ਰੀ ਯਾਨਿ ਲਛਮੀ ਦਾ ਸਵਾਮੀ, ਮਾਲਿਕ ਜਾਂ ਪਤੀ ਹੈ। ਸ੍ਰੀ ਸਾਰੇ ਜਗਤ ਦੀ ਧਾਰਨੀ ਹੈ। ਸ੍ਰੀ ਸ਼ਬਦ ਇਕ ਤਰ੍ਹਾਂ ਜਣਨੀ ਇਸਤਰੀ ਦਾ ਵੀ ਅਰਥਾਵਾਂ ਹੈ ਜਿਸ ਵਿਚ ਸਾਰੀ ਸਿਰਜਣਾਤਮਕ ਸ਼ਕਤੀ ਹੈ, ਜੋ ਸਭ ਪ੍ਰਾਣੀਆਂ ਦੀ ਧਾਰਨੀ ਹੈ।

ਵਿਡੰਬਨਾ ਹੈ, ਅੱਜ ਅਸੀਂ ਸਨਮਾਨਬੋਧਕ 'ਸ੍ਰੀ' ਸ਼ਬਦ ਪੁਰਖਾਂ ਦੇ ਅੱਗੇ ਲਾਉਂਦੇ ਹਾਂ ਤੇ ਔਰਤਾਂ ਦੇ ਅੱਗੇ ਸ੍ਰੀਮਤੀ ਜਦ ਕਿ ਮੁਢਲੇ ਤੌਰ 'ਤੇ ਇਹ ਸ਼ਬਦ ਹੈ ਹੀ ਇਸਤਰੀਵਾਚਕ। ਅਜਿਤ ਵਡਨੇਰਕਰ ਨੇ ਇਸ ਤਨਜ਼ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ। ਉਸ ਦਾ ਕਹਿਣਾ ਹੈ ਕਿ ਪੁਰਖ ਸ੍ਰੀਮਾਨ ਦਾ ਧਾਰਨੀ ਸ੍ਰੀ (ਲਛਮੀ, ਇਸਤਰੀ) ਕਰਕੇ ਹੋਇਆ ਪਰ ਵਿਅੰਗ ਵਾਲੀ ਗੱਲ ਹੈ ਕਿ ਪੁਰਖਵਾਚੀ ਸ੍ਰੀਮਾਨ ਤੋਂ ਫਿਰ ਇਸਤਰੀ ਲਿੰਗ ਸ਼ਬਦ ਸ੍ਰੀਮਤੀ ਬਣਾ ਲਿਆ ਗਿਆ ਤੇ ਇਸ ਤਰ੍ਹਾਂ ਇਸਤਰੀ ਦੀ ਸਥਿਤੀ ਗੌਣ ਕਰ ਦਿੱਤੀ ਗਈ। ਪੁਰਸ਼ ਦੇ ਅੱਗੇ ਲੱਗੇ ਸ੍ਰੀ ਅਗੇਤਰ ਦੀ ਵਿਆਖਿਆ ਇਹ ਕਹਿ ਕੇ ਕਰ ਦਿੱਤੀ ਜਾਂਦੀ ਹੈ ਕਿ ਇਹ ਤਾਂ ਜੀ ਸ੍ਰੀਮਾਨ ਦਾ ਸੰਖੇਪ ਹੈ! ਸ਼ਕਤੀਮਾਨ ਪੁਰਖ ਨੇ ਸ਼ਕਤੀਵਾਚਕ ਇਸਤਰੀ ਦਾ ਕਿੰਨਾ ਕੁਝ ਖੋਹ ਲਿਆ ਹੈ। ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸ੍ਰੇਸ਼ਟ ਸ਼ਬਦ ਸ੍ਰੀ ਦੀ ਹੀ ਤੀਜੀ ਡਿਗਰੀ ਹੈ ਤੇ ਸੇਠ ਇਸੇ ਦਾ ਬਦਲਿਆ ਰੂਪ ਹੈ। ਖੈਰ!

## ਕਹਾਣੀ ਦੀ ਪਰਵਾਜ਼

(ਪਿਛਲੇ ਸਫੇ ਦੀ ਬਾਕੀ)

ਪਹਿਲਾਂ ਟੱਪਦਾ ਸੀ ਨੌਂ ਨੌਂ ਕੋਠੇ
ਹੁਣ ਨੀ ਟੱਪੀਦੀਆਂ ਖਾਈਆਂ
ਖਾਈ ਟੱਪਦੇ ਦੇ ਲੱਗਿਆ ਕੰਡਾ
ਦੇਵੇ ਰਾਮ ਦੁਹਾਈਆਂ
ਮਾਸ ਮਾਸ ਤੇਰਾ ਕੁੱਤਿਆਂ ਨੇ ਖਾਧਾ
ਹੱਡੀਆਂ ਰੇਤ ਰਲਾਈਆਂ...

ਸੰਧੂ ਦੇ ਦਾਦਕੇ ਪਿੰਡ ਰੇਤ ਨਹੀਂ ਸੀ ਤੇ ਮ੍ਰਿਗ ਵੀ ਨਹੀਂ, ਮੋਰ ਬਹੁਤ ਸਨ। ਵਾਹੇ ਹੋਏ ਖੇਤਾਂ ਤੇ ਪਿੰਡ ਦੇ ਬੋਹੜਾਂ ਪਿੱਪਲਾਂ 'ਤੇ ਆਮ ਹੀ ਵੇਖੇ ਜਾ ਸਕਦੇ ਸਨ। ਉਸ ਨੂੰ ਮੋਰਾਂ ਦੇ ਖੰਭਾਂ ਨਾਲ ਮੋਹ ਰਿਹਾ। ਜਦ ਕਿਸੇ ਨੱਚਦੇ ਮੋਰ ਦਾ ਖੰਭ ਡਿਗਦਾ ਤਾਂ ਉਹ ਦੌੜ ਕੇ ਚੁੱਕਦਾ ਤੇ ਸਾਂਭ ਸਾਂਭ ਰੱਖਦਾ। ਉਸ ਨੇ ਲਿਖਿਆ, "ਮੈਂ ਮ੍ਰਿਗ-ਮੀਨ-ਪੰਖੇਰੂ ਦੇ ਸੱਚ ਨੂੰ ਮੰਨਦਾ ਹਾਂ। ਇਹ ਤਿੰਨੋਂ ਜਾਨਦਾਰ ਹਨ। ਜੇ ਕੋਈ ਰੱਬ ਹੈ ਤਾਂ ਇਨ੍ਹਾਂ ਵਿਚ ਹੀ ਵਸਦਾ ਹੈ। ਮੈਨੂੰ ਮੋਰਾਂ, ਹਿਰਨਾਂ ਤੇ ਮੱਛੀਆਂ ਦੇ ਮੋਹ ਨੇ ਵੱਡਿਆਂ ਕੀਤਾ ਹੈ। ਇਨ੍ਹਾਂ ਦੇ ਬੋਲ ਹੀ ਮੇਰੇ ਲਈ ਰੱਬ ਦੇ ਬੋਲ ਹਨ। ਮੇਰੀ ਰਚਨਕਾਰੀ ਦਾ ਭੇਤ ਵੀ ਇਨ੍ਹਾਂ ਬੋਲਾਂ ਵਿਚ ਹੀ ਹੈ।"

ਉਰਦੂ ਦਾ ਮਸ਼ਹੂਰ ਅਫਸਾਨਾ ਨਿਗਾਰ ਸਾਅਦਤ ਹਸਨ ਮੰਟੋ ਵੀ ਸੰਧੂ ਦੇ ਜਨਮ ਸਥਾਨ ਕੋਟਲਾ ਬਡਲਾ ਨੇੜਲੇ ਪਿੰਡ ਪਪੜੌਦੀ ਦਾ ਜੰਮਪਲ ਸੀ। ਤਹਿਸੀਲ ਸਮਰਾਲੇ ਦੇ ਇਹ ਪਿੰਡ ਨੇੜੋ ਨੇੜ ਹਨ। ਸੰਧੂ ਨੇ ਮੰਟੋ ਨੂੰ 'ਨਿੱਕੀ ਕਹਾਣੀ ਦਾ ਵੱਡਾ ਰੱਬ' ਕਹਿੰਦਿਆਂ ਲਿਖਿਆ, "ਮੇਰੀ ਜਾਚੇ ਮੰਟੋ ਦਾ ਸਾਰਾ ਜੀਵਨ ਹਿਰਨਾਂ ਤੇ ਹਿਰਨੀਆਂ ਵਾਲਾ ਸੀ। ਮੇਰਾ ਨਾਨਕਾ ਪਿੰਡ ਮੰਟੋ ਦੇ ਜਨਮ ਅਸਥਾਨ ਪਪੜੌਦੀ ਤੋਂ ਅੱਠ ਮੀਲ ਹੈ। ਮੈਂ ਆਪਣੇ ਬਚਪਨ ਵਿਚ ਸਮਰਾਲੇ ਦੇ ਆਲੇ ਦੁਆਲੇ ਹਿਰਨਾਂ ਦੀਆਂ ਡਾਰਾਂ ਨੂੰ ਚਰਾਂਦਾਂ ਵਿਚੋਂ ਲੰਘ ਕੇ ਮੂੰਗਫਲੀ ਦੇ ਖੇਤਾਂ ਵਿਚ ਚੁੰਗੀਆਂ ਭਰਦੇ ਤੱਕਿਆ ਹੈ। ਮੇਰਾ ਨਾਨਾ ਕਿਹਾ ਕਰਦਾ ਸੀ ਕਿ ਇਹ ਜਾਨਵਰ ਕਸਤੂਰੀ ਦੀ ਭਾਲ ਵਿਚ ਭਟਕਣ ਦਾ ਆਦੀ ਹੈ ਹਾਲਾਂਕਿ ਕਸਤੂਰੀ ਇਸ ਦੀ ਨਾਭੀ ਵਿਚ ਹੀ ਹੁੰਦੀ ਹੈ। ਕਈ ਵਾਰ ਮੈਂ ਸੋਚਦਾ ਹਾਂ ਕਿ ਹਿਰਨ ਤੇ ਹਿਰਨੀਆਂ ਆਪਣੀ ਕਸਤੂਰੀ ਆਪਣੇ ਨਾਲ ਹੀ ਲੈ ਕੇ ਤੁਰ ਜਾਂਦੇ ਹਨ, ਪਰ ਮੰਟੋ ਦੀ ਕਸਤੂਰੀ ਅੱਜ ਵੀ ਉਸ ਦੀਆਂ ਰਚਨਾਵਾਂ ਦੇ ਰੂਪ ਵਿਚ ਸਾਡੇ ਕੋਲ ਹੈ।"

ਬਿਲਕੁਲ ਠੀਕ ਫਰਮਾਇਆ ਸੰਧੂ ਨੇ। ਮੰਟੋ ਦੀ ਕਸਤੂਰੀ ਹੀ ਸਾਡੇ ਕੋਲ ਨਹੀਂ, ਗੁਲਜ਼ਾਰ ਸੰਧੂ ਦੀ ਕਸਤੂਰੀ ਵੀ ਸਾਡੇ ਕੋਲ ਰਹੇਗੀ। ਹੁਣ ਵੀ ਸੰਧੂ ਜਦੋਂ ਲੁਧਿਆਣਾ-ਸਮਰਾਲਾ ਮਾਰਗ 'ਤੇ ਨੀਲੋਂ ਦਾ ਪੁਲ ਲੰਘਣ ਲੱਗੇ ਤਾਂ ਪੁਲ ਉਤੇ ਰੁਕ ਜਾਂਦੈ। ਲਿਖਦੈ, "ਸਰਕਾਰ ਨੇ ਲੰਘਣ ਵਾਲਿਆਂ ਦੇ ਦੇਖਣ ਲਈ ਨੀਲੋਂ ਦੇ ਪੁਲ ਕੋਲ ਡੇਢ ਕੁ ਦਰਜਨ ਹਿਰਨ ਪਾਲੇ ਹੋਏ ਨੇ। ਮੈਨੂੰ ਉਨ੍ਹਾਂ ਦੀਆਂ ਅੱਖਾਂ ਵਿਚ ਸਦਾ ਬੁਝੀ ਹੋਈ ਰੌਸ਼ਨੀ ਨਜ਼ਰ ਆਈ ਹੈ। ਇਹ ਉਹ ਵਾਲੇ ਹਿਰਨ ਨਹੀਂ ਜੋ ਮੈਂ ਆਪਣੇ ਬਚਪਨ ਵਿਚ ਤੱਕੇ ਸਨ। ਪਪੜੌਦੀ ਦੀ ਮੇਰੀ ਸੱਜਰੀ ਫੇਰੀ ਨੇ ਇਸ ਉਤੇ ਮੋਹਰ ਲਾ ਦਿੱਤੀ ਹੈ। ਮੈਂ ਮੰਟੋ ਯਾਦਗਾਰੀ ਲਾਇਬ੍ਰੇਰੀ ਦਾ ਨਵਾਂ ਕਮਰਾ ਦੇਖਣ ਗਿਆ ਜਿਹੜਾ ਪਪੜੌਦੀ ਦੀ ਪੰਚਾਇਤ ਨੇ ਰਾਜ ਸਭਾ ਮੈਂਬਰ ਵੱਲੋਂ ਮਿਲੀ ਮਾਇਕ ਸਹਾਇਤਾ ਨਾਲ ਬਣਵਾਇਆ ਹੈ। ਉਸ ਦੇ ਨੀਂਹ ਪੱਥਰ ਉਤੇ ਸਾਅਦਤ ਹਸਨ ਮੰਟੋ ਦਾ ਨਾਂ ਹਸਨ ਲਾਲ ਮੰਟੋ ਲਿਖਿਆ ਹੋਇਆ ਹੈ। ਮੇਰੇ ਲਈ ਇਹ ਤਖ਼ਤੀ ਹਿਰਨ ਪਾਰਕ ਦੇ ਜਾਨਵਰਾਂ ਦੀਆਂ ਅੱਖਾਂ ਵਿਚਲੀ ਬੁਝੀ ਹੋਈ ਰੌਸ਼ਨੀ ਨਾਲੋਂ ਵੀ ਦੁਖਦਾਈ ਸੀ। ਮੈਨੂੰ ਜਾਪਦਾ ਹੈ ਕਿ ਜੇ ਮੰਟੋ ਏਧਰ ਵਾਲੇ ਪੰਜਾਬ ਵਿਚ ਹੀ ਰਹਿ ਕੇ ਲੰਮੀ ਉਮਰ ਭੋਗਦਾ ਤਾਂ ਸ਼ਾਇਦ ਮੇਰੀ ਤੇ ਉਸ ਦੀ ਮਿਲਣੀ ਵੀ ਹੋ ਜਾਂਦੀ। ਜੇ ਹੁੰਦੀ ਤਾਂ ਬਜ਼ੁਰਗ ਮੰਟੋ ਦੀਆਂ ਅੱਖਾਂ ਵਿਚ ਵੀ ਮੈਨੂੰ ਉਹੀ ਬੁਝੀ ਹੋਈ ਚਮਕ ਦਿਖਾਈ ਦੇਣੀ ਸੀ ਜਿਹੜੀ ਨੀਲੋਂ ਵਿਚ ਕੈਦ ਕੀਤੇ ਹਿਰਨਾਂ ਵਿਚ ਦੇਖਣ ਨੂੰ ਮਿਲਦੀ ਹੈ।" ਦੱਸਣਾ ਵਾਜਬ ਹੈ ਕਿ ਮੰਟੋ 12 ਮਈ 1912 ਨੂੰ ਪੈਦਾ ਹੋਇਆ ਸੀ ਤੇ 42 ਸਾਲ 8 ਮਹੀਨੇ 7 ਦਿਨ ਜਿਉਂ ਕੇ 18 ਜਨਵਰੀ 1955 ਨੂੰ ਫੌਤ ਹੋ ਗਿਆ ਸੀ।

000

ਸੰਧੂ ਨੇ ਊੜਾ ਐੜਾ ਅੱਖਰ ਲਿਖਣੇ ਆਪਣੀ ਨਾਨੀ ਤੋਂ ਸਿੱਖੇ ਸਨ ਜੋ ਨਾਮਧਾਰੀਆਂ ਦੇ ਪ੍ਰਭਾਵ ਹੇਠ ਗੁਰਮੁਖੀ ਪੜ੍ਹੀ ਸੀ। ਅੱਖਰ ਸਿਖਾਉਣ ਲਈ ਖੇਤ 'ਚੋਂ ਰੇਤ ਮੰਗਵਾ ਕੇ ਛਾਣੀ ਗਈ। ਛਾਣ ਕੇ ਬੈਠਕ ਦੇ ਲਿਪੇ ਪੋਚੇ ਫਰਸ਼ 'ਤੇ ਵਿਛਾਈ ਗਈ। ਨਾਨੀ ਨੇ ਦੋਹਤੇ ਦੀ ਉਂਗਲ ਆਪਣੀਆਂ ਦੋ ਉਂਗਲਾਂ ਵਿਚ ਫੜ ਕੇ ਊੜਾ ਪੁਆਇਆ ਸੀ। ਉਹੀ ਊੜਾ ਗੁਲਜ਼ਾਰ ਲਈ ਰੱਬ ਬਣਿਆ ਆ ਰਿਹੈ। ਉਹ ਨੰਗੇ ਪੈਰੀਂ ਸਕੂਲ ਜਾਂਦਾ ਰਿਹਾ, ਕਿਉਂਕਿ ਚੰਮ ਦੇ ਮੋਜੇ ਚੁਭਦੇ ਸਨ ਤੇ ਨੱਠਣ ਭੱਜਣ ਵਿਚ ਰੋਕ ਪਾਉਂਦੇ ਸਨ। ਜੇ ਨੱਚਣ ਕੁੱਦਣ ਨਾ ਹੋਵੇ ਤਾਂ ਸਕੂਲ ਜਾਣ ਦਾ ਸੁਆਦ ਮਾਰਿਆ ਜਾਂਦਾ ਸੀ। ਨਾਲੇ ਜੁੱਤੀ ਵਾਲੇ ਦੀ ਜੁੱਤੀ ਚੋਰੀ ਹੋ ਸਕਦੀ ਸੀ। ਇਕ ਪਿੰਡ ਤੋਂ ਦੂਜੇ ਪਿੰਡ ਤੇ ਦੂਜੇ ਤੋਂ ਤੀਜੇ ਪਿੰਡ। ਉਦੋਂ ਜੁੱਤੀ ਚੋਰੀ ਹੁੰਦੀ ਸੀ, ਅੱਜ ਕੱਲ੍ਹ ਮੁੰਡੇ ਚੋਰੀ ਹੁੰਦੇ ਨੇ। ਅਜਿਹੀ ਗੱਲ ਸੁਣਾ ਕੇ ਸੰਧੂ ਹੱਸਦਾ ਹੈ ਤੇ ਕਹਿੰਦਾ ਹੈ, "ਸੋ ਨੰਗੇ ਪੈਰਾਂ ਦੇ ਸੁਖ ਹੀ ਸੁਖ ਸਨ। ਪੈਰ ਗਰਮੀ ਦੀ ਤਪਸ਼ ਤੇ ਸਿਆਲੇ ਦੀ ਠੰਢ ਬਰਦਾਸ਼ਤ ਕਰਨਾ ਸਿੱਖ ਜਾਂਦੇ ਸਨ।"

ਗੁਲਜ਼ਾਰ ਸੰਧੂ ਨੂੰ ਬਚਪਨ ਵਿਚ ਕਿੱਸੇ ਪੜ੍ਹਨ ਦਾ ਸ਼ੌਕ ਸੀ। ਰੂਪ ਬਸੰਤ, ਜਾਨੀ ਚੋਰ, ਜ਼ਿੰਦਗੀ ਬਿਲਾਸ, ਸ਼ਿਆਮੋ ਨਾਰ ਤੇ ਜਿਉਣਾ ਮੌੜ ਤੋਂ ਲੈ ਕੇ ਬਾਬਾ ਬਿਧੀ ਚੰਦ ਦੇ ਘੋੜੇ ਤੇ ਬਾਬਾ ਬੰਦਾ ਬਹਾਦਰ ਤਕ ਸਾਰੇ ਕਿੱਸੇ ਉਸ ਨੇ ਕੋਟਲਾ ਬਡਲਾ ਤੇ ਬਾਹੋਮਾਜਰੇ ਰਹਿੰਦਿਆਂ ਪੜ੍ਹ ਛੱਡੇ ਸਨ। ਕਿੱਸੇ ਉਹ ਚੋਰੀ ਵੀ ਕਰ ਲੈਂਦਾ ਸੀ ਤੇ ਪੜ੍ਹਦਾ ਵੀ ਘਰਦਿਆਂ ਤੋਂ ਚੋਰੀ ਸੀ। ਇਕ ਵਾਰ ਚੋਰੀ ਕਰਦਾ ਫੜਿਆ ਗਿਆ ਜਿਸ ਕਰ ਕੇ ਕੰਨਾਂ ਨੂੰ ਹੱਥ ਲਾ ਕੇ ਮੁਆਫ਼ੀ ਮੰਗਣੀ ਪਈ। ਰਚਨਾਵਾਂ ਰਚਨ ਸਮੇਂ ਉਹੀ ਕਿੱਸੇ ਉਹਦੇ ਅੰਦਰੋਂ ਬੋਲਦੇ ਆ ਰਹੇ ਹਨ ਜੋ ਕਈ ਵਾਰ ਹੱਸਦੇ ਹਸਾਉਂਦੇ ਵੀ ਹਨ। ਉਹਦੇ ਹਾਸੇ ਤੋਂ ਜਾਪਦੈ ਜਿਵੇਂ ਧਰਮ ਰਾਜ ਨੇ ਉਸ ਨੂੰ ਕਿੱਸੇ ਚੋਰੀ ਕਰਨ ਤੋਂ ਬਖ਼ਸ਼ ਦਿੱਤਾ ਹੋਵੇ।

1947 ਵਿਚ ਉਹ ਆਪਣੇ ਪਿੰਡ ਸੂਨੀ ਪਰਤਿਆ ਤਾਂ ਇਹ ਵਰ੍ਹਾ ਦੇਸ਼ ਵੰਡ ਕਾਰਨ ਵਹਿਸ਼ੀ ਕਤਲੇਆਮ ਦਾ ਵਰ੍ਹਾ ਸੀ। ਇਸ ਦਾ ਗੁਲਜ਼ਾਰ ਦੇ ਕਿਸ਼ੋਰ ਮਨ 'ਤੇ ਡੂੰਘਾ ਪ੍ਰਭਾਵ ਪਿਆ। ਪਹਿਲਾਂ ਕਿੱਸੇ ਪੜ੍ਹਨ ਤੇ ਉਤੋਂ ਸੰਤਾਲੀ ਦੇ ਕਤਲੇਆਮ ਨੇ ਉਸ ਨੂੰ ਲਿਖਣ ਦੀ ਨਾਯਾਬ ਸਮੱਗਰੀ ਮੁਹੱਈਆ ਕੀਤੀ। ਉਹਨੀਂ ਦਿਨੀਂ ਬਾਹਰਲੇ ਦੰਗਾਕਾਰੀਆਂ ਦੇ ਟੋਲੇ ਨੇ ਸੂਨੀ ਦੇ ਮੁਸਲਮਾਨਾਂ ਨੂੰ ਧੱਕੇ ਨਾਲ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਉਨ੍ਹਾਂ ਦੇ ਪੀਲੀਆਂ ਚੁੰਨੀਆਂ ਤੇ ਪੀਲੇ ਪਟਕੇ ਪਹਿਨਾ ਦਿੱਤੇ, ਪਰ ਨੀਤ ਵਿਚੋਂ ਖੋਟੀ ਸੀ। ਇਹ ਪਛਾਣ ਉਨ੍ਹਾਂ ਉਤੇ ਸੌਖਾ ਵਾਰ ਕਰਨ ਲਈ ਦਿੱਤੀ ਗਈ ਸੀ। ਦੰਗਈ ਆਏ ਤੇ ਪੀਲੀਆਂ ਚੁੰਨੀਆਂ ਤੇ ਪੀਲੇ ਪਟਕਿਆਂ ਵਾਲਿਆਂ ਨੂੰ ਲੁੱਟ-ਮਾਰ ਗਏ। ਦੰਗਾਕਾਰੀਆਂ ਦੇ ਹਥਿਆਰਾਂ ਅੱਗੇ ਪਿੰਡ ਬੇਵਸ ਸੀ।

ਸੰਧੂ ਲਿਖਦੈ, "ਅਸੀਂ ਕਿੰਨੇ ਬੇਇੱਜ਼ਤ ਤੇ ਕਮਜ਼ੋਰ ਮਹਿਸੂਸ ਕਰਦੇ ਸਾਂ, ਇਸ ਦਾ ਅਸਲੀ ਸਬੂਤ ਉਦੋਂ ਹੋਇਆ ਜਦ ਸਾਡੇ ਪਿੰਡ ਤੋਂ ਅਗਵਾ ਕੀਤੀਆਂ ਦੋ ਕੁੜੀਆਂ ਅਗਵਾਕਾਰਾਂ ਨੂੰ ਚਕਮਾ ਦੇ ਕੇ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਤਾਏ ਦੇ ਘਰ ਆ ਵੜੀਆਂ ਸਨ। ਮੇਰਾ ਤਾਇਆ ਚਾਰ ਧੀਆਂ ਦਾ ਪਿਤਾ ਸੀ ਤੇ ਸੇਵਾ ਮੁਕਤ ਫੌਜੀ। ਉਹਦੇ ਕੋਲ ਬੰਦੂਕ ਸੀ ਤੇ ਪਿੰਡ ਦੇ ਬਾਕੀ ਘਰਾਂ ਵਿਚ ਵੀ ਉਦੋਂ ਬਰਛੇ, ਛਵ੍ਹੀਆਂ ਤੇ ਟਾਕੂਏ ਆ ਚੁੱਕੇ ਸਨ। ਉਨ੍ਹਾਂ ਦੇ ਅਗਵਾਕਾਰ ਇਨ੍ਹਾਂ ਕੁੜੀਆਂ ਜਿਨ੍ਹਾਂ ਨੂੰ ਅਸੀਂ ਆਪਣੀਆਂ ਧੀਆਂ ਮੰਨਦੇ ਸਾਂ, ਨੂੰ ਇਕ ਵਾਰ ਫਿਰ ਅਗਵਾ ਕਰਨ ਆਏ ਤਾਂ ਮੇਰੇ ਤਾਏ ਦੇ ਅੱਧੇ ਬੋਲ 'ਤੇ ਅਗਵਾਕਾਰੀਆਂ ਉਤੇ ਸਾਰੇ ਦਾ ਸਾਰਾ ਪਿੰਡ ਇੰਜ ਵਰ੍ਹਿਆ ਕਿ ਘੜੀ ਪਲ ਵਿਚ ਤਿੰਨੇ ਦੇ ਤਿੰਨੇ ਅਗਵਾਕਾਰੀ ਮੌਤ ਦੇ ਘਾਟ ਉਤਾਰ ਦਿੱਤੇ। ਇਸ ਜਿੱਤ ਪਿੱਛੋਂ ਮੇਰੇ ਪਿੰਡ ਦੇ ਲੋਕਾਂ ਦੇ ਚਿਹਰਿਆਂ ਦਾ ਜਲਾਲ ਵੇਖਣ ਵਾਲਾ ਸੀ। ਮੈਂ ਇਹ ਜਲਾਲ ਆਪਣੀ ਅੱਖੀਂ ਵੇਖਿਆ ਸੀ।"

ਬਾਅਦ ਵਿਚ ਸੰਧੂ ਨੇ ਇਸ ਘਟਨਾ ਉਤੇ ਆਧਾਰਤ ਕਹਾਣੀ 'ਸ਼ਹੀਦ' ਲਿਖੀ ਜੋ ਉਸ ਦੇ ਪਹਿਲੇ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਹੈ। ਜਦੋਂ ਇਹ ਕਹਾਣੀ ਲਿਖੀ ਗਈ ਉਦੋਂ ਸੰਧੂ ਹਾਲੇ ਕਹਾਣੀ ਲਿਖਣੀ ਸਿੱਖ ਹੀ ਰਿਹਾ ਸੀ। ਇਹ ਮੁੰਬਈ ਤੋਂ ਛਪਦੇ ਰਸਾਲੇ 'ਚੇਤਨਾ' ਵਿਚ ਛਪੀ ਤਾਂ ਰਾਜਿੰਦਰ ਸਿੰਘ ਬੇਦੀ ਨੇ ਇਸ ਬਾਰੇ ਸੰਧੂ ਨੂੰ ਗੁਰਮੁਖੀ ਅੱਖਰਾਂ ਵਿਚ ਏਨੀ ਪਿਆਰੀ ਚਿੱਠੀ ਲਿਖੀ ਕਿ ਸੰਧੂ ਨੇ ਕਈ ਦਹਾਕੇ ਸਾਂਭੀ ਰੱਖੀ। ਉਸ ਨੇ ਇਹ ਵੀ ਲਿਖਿਆ ਕਿ ਇਹ ਸ਼ਾਹਮੁਖੀ ਵਿਚ ਪਾਕਿਸਤਾਨ ਦੇ ਕਿਸੇ ਰਸਾਲੇ ਵਿਚ ਛਪਾਈ ਜਾਵੇ। ਫਿਲਮੀ ਕਲਾਕਾਰ ਬਲਰਾਜ ਸਾਹਨੀ ਨੇ ਵੀ ਸੰਧੂ ਨੂੰ ਚਿੱਠੀ ਲਿਖੀ ਜਿਸ ਵਿਚ ਕਹਾਣੀ ਦੀ ਉਸਤਤ ਕਰਦਿਆਂ ਲਿਖਿਆ ਕਿ ਕਹਾਣੀ ਪੜ੍ਹ ਕੇ ਉਹਦਾ ਮਨ ਸਰਸ਼ਾਰ ਹੋ ਗਿਆ।

ਖੁਸ਼ਵੰਤ ਸਿੰਘ ਨੇ ਇਸ ਦਾ ਅਨੁਵਾਦ 'ਗਾਡਜ਼ ਆਨ ਟਰਾਇਲ' ਨਾਂ ਹੇਠ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਦੇ ਸੰਗ੍ਰਹਿ 'ਲੈਂਡ ਆਫ ਫਾਈਵ ਰਿਵਰਜ਼' ਵਿਚ ਛਾਪਿਆ। ਇਹ ਕਹਾਣੀ ਸਾਅਦਤ ਹਸਨ ਮੰਟੋ ਦੀ 'ਟੋਬਾ ਟੇਕ ਸਿੰਘ' ਤੇ ਕੁਲਵੰਤ ਸਿੰਘ ਦੀ 'ਓਪਰੀ ਧਰਤੀ' ਦੇ ਬਰਾਬਰ ਛਪੀ। ਕੁਦਰਤੀ ਸੀ ਗੁਲਜ਼ਾਰ ਸੰਧੂ ਦਾ ਹੌਸਲਾ ਵਧ ਗਿਆ ਤੇ ਉਹ ਕਹਾਣੀਕਾਰ ਬਣਨ ਦੇ ਰਾਹ ਪੈ ਗਿਆ। ਸੂਨੀ ਦੇ ਇਸ ਸਾਕੇ ਦੀ ਯਾਦ ਵਿਚ ਸੰਧੂ ਦੀ ਪਤਨੀ ਡਾ. ਸੁਰਜੀਤ ਕੌਰ ਸੰਧੂ ਨੇ ਸੂਨੀ ਪਿੰਡ ਦਾ ਪ੍ਰਵੇਸ਼ ਦੁਆਰ ਬਣਵਾਇਆ ਹੈ ਜਿਸ ਉਤੇ ਸ਼ਬਦ ਉਕਰੇ ਹਨ: ਦਰਵਾਜ਼ਾ ਅਮਰ ਕਥਾ ਪਿੰਡ ਸੂਨੀ।

(ਚਲਦਾ)

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਲੰਮੇ ਗੀਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਗੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਿਆਹ ਮੌਕੇ ਗਾਏ ਜਾਂਦੇ ਲੰਮੇ ਗੀਤਾਂ ਬਾਰੇ ਵਿਚਾਰ ਸਾਂਝੇ ਕੀਤੇ ਹਨ। -ਸੰਪਾਦਕ*

ਲੰਮੇ ਗੀਤ ਸਮੂਹਿਕ ਰੂਪ ਵਿਚ ਹੀ ਗਾਏ ਜਾਂਦੇ ਸਨ। ਇਨ੍ਹਾਂ ਗੀਤਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੀ ਸਹਿਜ ਸਿਰਜਣਾ ਸੀ। ਇਨ੍ਹਾਂ ਵਿਚਲੀ ਸਾਦ-ਮੁਰਾਦੀ ਕਲਾਤਮਿਕਤਾ ਸਾਡੇ ਸਭਿਆਚਾਰਕ ਵਰਤਾਰੇ ਨੂੰ ਆਪਣੇ ਕਲਾਵੇ ਵਿਚ ਲੈਂਦੀ ਨਜ਼ਰ ਆਉਂਦੀ ਸੀ। ਇਨ੍ਹਾਂ ਵਿਚ ਯਥਾਰਥ ਦਾ ਦਰਿਆ ਕਲਵਲ-ਕਲਵਲ ਵਗਦਾ ਪ੍ਰਤੀਤ ਹੁੰਦਾ ਸੀ। ਇਹ ਨਦੀਆਂ ਜਿਹੀ ਤੋਰ ਤੁਰਦੇ ਨਾਰੀ ਮਨ ਦੀਆਂ ਸਭ ਅਵਸਥਾਵਾਂ ਦੀ ਵੇਦਨਾ ਨੂੰ ਪ੍ਰਗਟ ਕਰਦੇ ਸਨ। ਇਸ ਲਈ ਪੰਜਾਬੀ ਸਾਹਿਤ ਵਿਚ ਇਨ੍ਹਾਂ ਲੰਮੇ ਗੀਤਾਂ ਦਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਗੀਤਾਂ ਦਾ ਵਿਸ਼ਾ ਸਮੱਗਰੀ ਸਾਦ-ਮੁਰਾਦਾ ਹੋਣ ਦੇ ਬਾਵਜੂਦ ਅਰਥ ਭਰਪੂਰ ਸੀ। ਇਨ੍ਹਾਂ ਗੀਤਾਂ ਵਿਚ ਸੁਨੇਹੜੇ ਸਨ। ਮੁਟਿਆਰਾਂ ਦਾ ਆਪਣੇ ਪ੍ਰੇਮੀ ਪ੍ਰਤੀ ਪ੍ਰੇਮ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਉਨ੍ਹਾਂ ਲਈ ਬਿਰਹਾ ਦਾ ਦਰਦ ਅਸਹਿ ਹੁੰਦਾ ਸੀ। ਉਹ ਸਹੁਰੇ ਪਰਿਵਾਰ ਵਿਚ ਹੋ ਰਹੀਆਂ ਜ਼ਿਆਦਤੀਆਂ ਨੂੰ ਬਿਆਨਦੀਆਂ, ਮਾਪਿਆਂ ਨੂੰ ਚੇਤੇ ਕਰਦੀਆਂ ਆਪਣੇ ਮਨ ਦਾ ਗੁੱਭ-ਗੁਲਾਟ ਬੜੇ ਕਲਾਤਮਿਕ ਢੰਗ ਨਾਲ ਕੱਢਦੀਆਂ ਸਨ। ਕਈ ਗੀਤਾਂ ਦੀਆਂ ਵੰਨਗੀਆਂ ਬੋਲੀਆਂ ਨਾਲ ਰਲਦੀਆਂ ਮਿਲਦੀਆਂ ਪ੍ਰਤੀਤ ਹੁੰਦੀਆਂ ਸਨ।

ਇਹ ਗੀਤ ਗਾਉਂਦੇ ਕਦੀ ਹਾਸੇ ਦੇ ਫ਼ੁਹਾਰੇ ਫੁੱਟਦੇ ਸਨ, ਕਦੀ ਹੰਝੂਆਂ ਦੀਆਂ ਝੜੀਆਂ ਲੱਗਦੀਆਂ ਸਨ ਅਤੇ ਕਦੀ ਜਵਾਨੀ ਦਾ ਜੋਸ਼ ਹੁਲਾਰੇ ਲੈਂਦਾ ਸੀ। ਇਨ੍ਹਾਂ ਗੀਤਾਂ ਨੂੰ ਗਾਉਂਦੀਆਂ ਪੰਜਾਬਣਾਂ ਕਦੇ ਗੌਰਾਂ, ਕਦੇ ਸੀਤਾ, ਕਦੇ ਰਾਧਿਕਾ ਅਤੇ ਕਦੀ ਵਾਰਿਸ ਦੀ ਹੀਰ ਦਾ ਰੂਪ ਧਾਰਨ ਕਰ ਲੈਂਦੀਆਂ ਸਨ। ਵਿਆਹ ਵਾਲੇ ਘਰ ਬਣ-ਠਣ ਕੇ ਆਈਆਂ ਇਨ੍ਹਾਂ ਮੁਟਿਆਰਾਂ ਦੇ ਸਿਰਾਂ ਤੇ ਗੋਟੇ ਵਾਲੀਆਂ ਚੁੰਨੀਆਂ ਚਮਕਦੀਆਂ ਸਨ ਅਤੇ ਗਲਾਂ ਵਿਚ ਹਾਰ-ਹਮੇਲਾਂ ਲਿਸ਼ਕਾਂ ਮਾਰਦੀਆਂ ਸਨ। ਇਨ੍ਹਾਂ ਦੀਆਂ ਵੀਣੀਆਂ ਵਿੱਚ ਵੰਙਾਂ ਦੀ ਛਣਕਣ ਅਤੇ ਪੈਰਾਂ ਵਿਚ ਝਾਂਜਰਾਂ ਦੀ ਛਣ-ਛਣ ਨਾਲ ਮਹੌਲ ਸੰਗੀਤਕ ਬਣ ਜਾਂਦਾ ਸੀ। ਵਿਆਹ ਵਾਲੇ ਘਰ ਗੀਤ ਗਾਉਂਦੀਆਂ ਇਨ੍ਹਾਂ ਜੋਬਨ ਮੱਤੀਆਂ ਪੰਜਾਬਣਾਂ ਦੇ ਦਿਲ ਵਿਚ ਜਦ ਪਿਆਰ ਦੀਆਂ ਝਰਨਾਟਾਂ ਉਠਦੀਆਂ ਸਨ ਤਾਂ ਮੁੱਖੜੇ ਤੇ ਲਾਲੀ ਭਾਅ ਮਾਰਦੀ ਸੀ ਅਤੇ ਅੱਖਾਂ ਵਿਚ ਸ਼ਰਮ ਝਲਕਦੀ ਸੀ। ਇਹ ਅੱਖ ਦੇ ਇਸ਼ਾਰੇ ਨਾਲ ਗੱਲ ਕਰਦੀਆਂ ਪੰਜਾਬੀ ਦੀ ਲੋਕ ਬੋਲੀ 'ਅੱਖ ਨਾਲ ਗੱਲ ਕਰ ਗਈ, ਪੱਲਾ ਮਾਰ ਕੇ ਬੁਝਾ ਗਈ ਦੀਵਾ' ਬਿਆਨ ਜਾਂਦੀਆਂ ਸਨ। ਇਨ੍ਹਾਂ ਦਾ ਰੂਪ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਇਸ ਹੁਸਨ ਦੀ ਤਾਬ ਝੱਲਣੀ ਔਖੀ ਹੋ ਜਾਂਦੀ ਸੀ। ਗੱਲ ਕੀ ਇਨ੍ਹਾਂ ਸਾਹਵੇਂ ਅੰਬਰ ਦਾ ਚੰਨ ਵੀ ਫਿੱਕਾ ਲੱਗਣ ਲੱਗ ਪੈਂਦਾ ਸੀ।

ਅਜੋਕੇ ਸਮੇਂ ਵਿਚ ਵੀ ਕੁਝ ਥਾਂਵਾਂ 'ਤੇ ਇਹ ਗੀਤ ਗਾਏ ਜਾਂਦੇ ਹਨ। ਪਰਦੇਸਾਂ ਵਿਚ ਵੀ ਕੁੱਝ ਪੰਜਾਬਣਾਂ 'ਲੇਡੀ ਸੰਗੀਤ' ਲਈ ਪੂਰੀ ਤਿਆਰੀ ਕਰ ਕੇ ਪੁੱਜਦੀਆਂ ਹਨ, ਪਰ ਇਹ ਗੀਤ ਗਿਣਤੀ-ਮਿਣਤੀ ਦੇ ਹੀ ਹੁੰਦੇ ਹਨ।

### ਕੰਘੀ ਵਾਹਮਾਂ

ਕੰਘੀ ਵਾਹਮਾਂ ਤੇ ਦੁਖਣ ਮੇਰੇ ਵਾਲ ਨੀ ਮਾਏਂ।
ਮੈਂ ਤਾਂ ਹੋ ਗਈ ਆਂ ਹਾਲੋਂ ਬੇ-ਹਾਲ ਨੀ ਮਾਏਂ।
ਜਦ ਮੈਂ ਵਿਆਹੀ ਹੱਥੀਂ ਮੇਰੇ ਚੂੜੀਆਂ ਮਾਏਂ।
ਦਿਨੇ ਲੜਦਾ ਤੇ ਰਾਤੀਂ ਗੱਲਾਂ ਗੂੜ੍ਹੀਆਂ ਮਾਏਂ।
ਚੀਰੇ ਵਾਲਾ ਤਾਂ ਆਇਆ
ਮੈਨੂੰ ਲੈਣ ਨੀ ਮਾਏਂ,
ਸੁਹਣੇ ਲੱਗਦੇ ਨੇ ਮੈਨੂੰ
ਉਹਦੇ ਨੈਣ ਨੀ ਮਾਏਂ।
ਨੀਲੀ ਘੋੜੀ ਤੇ ਕਾਠੀ ਤਿੱਲੇਦਾਰ ਨੀ ਮਾਏਂ।

### ਕਾਲਿਆਂ ਬਾਗ਼ਾਂ ਦੇ ਕਾਲੇ ਨੇ ਜਾਮਨੂੰ

ਕਾਲਿਆਂ ਬਾਗ਼ਾਂ ਦੇ ਕਾਲੇ ਨੇ ਜਾਮਨੂੰ,
ਚਿੱਠੀ ਪਾਉਨੀ ਆਂ ਘਰ ਆ ਜਾ ਸ਼ਾਮ ਨੂੰ।
ਤੇਰੀ ਮਾਤਾ ਨੇ ਮੰਦੜਾ ਬੋਲਿਆ,
ਤੇਰੇ ਆਉਂਦੇ ਕੋਲ ਮੈਂ ਦੁਖ ਫੋਲਿਆ।
ਐਸਾ ਚੰਦਰਾ ਮੁੱਖੋਂ ਨਾ ਬੋਲਿਆ,
ਅੰਦਰ ਵੜ ਕੇ ਬਥੇਰਾ ਰੋ ਲਿਆ।
ਬਾਹਰ ਨਿਕਲ ਕੇ ਮੈਂ ਮੂੰਹ ਧੋ ਲਿਆ,
ਕਾਲਿਆਂ ਬਾਗ਼ਾਂ ਦੇ ਕਾਲੇ ਨੇ ਜਾਮਨੂੰ।
ਚਿੱਠੀ ਪਾਉਨੀ ਆਂ ਘਰ ਆ ਜਾ ਸ਼ਾਮ ਨੂੰ,
ਤੇਰੀ ਭੈਣਾਂ ਨੇ ਮੰਦੜਾ ਬੋਲਿਆ।
ਤੇਰੇ ਆਉਂਦੇ ਕੋਲ ਮੈਂ ਦੁਖ ਫੋਲਿਆ,
ਐਸਾ ਚੰਦਰਾ ਮੁੱਖੋਂ ਨਾ ਬੋਲਿਆ।
ਅੰਦਰ ਵੜ ਕੇ ਬਥੇਰਾ ਰੋ ਲਿਆ,
ਬਾਹਰ ਨਿਕਲ ਕੇ ਮੈਂ ਮੂੰਹ ਧੋ ਲਿਆ।

### ਉਚੇ ਉਚੇ ਮਹਿਲ

ਤੇਰੇ ਬਾਪ ਦੇ ਉਚੇ ਉਚੇ ਮਹਿਲ ਬੰਨਿਆਂ,
ਵੇ ਮੈਂ ਸ਼ੋਭਾ ਸੁਣ ਕੇ ਆਈ ਬੰਨਿਆਂ।
ਤੇਰੀ ਮਾਂ ਦਾ ਨਖ਼ਰਾ ਬਣਾਊਂ ਬੰਨਿਆਂ,
ਵੇ ਮੈਂ ਉਹਦੇ ਤੋਂ ਵੀ ਚੜ੍ਹਦੀ ਆਈ ਬੰਨਿਆਂ।
ਤੇਰੇ ਜੀਜਿਆਂ ਦੇ ਉਚੇ ਉਚੇ ਮਹਿਲ ਬੰਨਿਆਂ,
ਵੇ ਮੈਂ ਸ਼ੋਭਾ ਸੁਣ ਕੇ ਆਈ ਬੰਨਿਆਂ।
ਤੇਰੀਆਂ ਭੈਣਾਂ ਦਾ ਨਖ਼ਰਾ ਬਣਾਊਂ ਬੰਨਿਆਂ,
ਵੇ ਮੈਂ ਉਨ੍ਹਾਂ ਤੋਂ ਵੀ ਚੜ੍ਹਦੀ ਆਈ ਬੰਨਿਆਂ।

### ਮੇਰਾ ਨਿੱਕੜਾ ਦੇਵਰ ਚੰਗਾ

ਮੈਂ ਵਾਰੀ ਜਾਵਾਂ ਨਿੱਕੜੇ ਦੇ,
ਮੇਰਾ ਨਿੱਕੜਾ ਦੇਵਰ ਚੰਗਾ।
ਨਿੱਕੜੇ ਲਈ ਮੈਂ ਬੂਟ ਮੰਗਾਉਨੀ ਆਂ,
ਵੱਡੇ ਦੇ ਲੱਗ ਗਿਆ ਕੰਡਾ।
ਮੈਂ ਵਾਰੀ ਜਾਵਾਂ ਨਿੱਕੜੇ ਦੇ,
ਮੇਰਾ ਨਿੱਕੜਾ ਦੇਵਰ ਚੰਗਾ।
ਨਿੱਕੜੇ ਲਈ ਮੈਂ ਚੀਰਾ ਰੰਗਾਉਨੀ ਆਂ,
ਵੱਡੜਾ ਸਿਰ ਤੋਂ ਗੰਜਾ।
ਮੈਂ ਵਾਰੀ ਜਾਵਾਂ ਨਿੱਕੜੇ ਦੇ,
ਮੇਰਾ ਨਿੱਕੜਾ ਦੇਵਰ ਚੰਗਾ।
ਨਿੱਕੜੇ ਲਈ ਮੈਂ ਸਾਕ ਲਿਆਉਨੀ ਆਂ,
ਵੱਡਾ ਫਿਰੇਗਾ ਰੰਡਾ।
ਮੈਂ ਵਾਰੀ ਜਾਵਾਂ ਨਿੱਕੜੇ ਦੇ,
ਮੇਰਾ ਨਿੱਕੜਾ ਦੇਵਰ ਚੰਗਾ।

### ਮੇਰੇ ਨੂੰਹਾਂ ਲੜਿਆ

ਮੇਰੇ ਨੂੰਹਾਂ ਲੜਿਆ-ਸ਼ਾਵਾ!
ਕਾਲੇ ਰੰਗ ਵਾਲਾ-ਸ਼ਾਵਾ!
ਪੀਲੇ ਡੰਗ ਵਾਲਾ-ਸ਼ਾਵਾ!

### ਜਿੰਦੂਆ

*ਜਿੰਦੂਆ ਤੇ ਰਸ ਬਿੰਦੂਆ*
*ਦੋਵੇਂ ਸਕੇ ਭਰਾ,*
*ਜਿੰਦੂਏ ਸੰਗ ਜਿੰਦੇ ਮੇਰੀਏ*
*ਲਏ ਨੈਣ ਮਿਲਾ।*
*ਹੋ ਗਈ ਲਾ-ਲਾ*
*ਘਰ ਘਰ ਵਿਚ ਚਰਚਾ ਕਰਵਾਈ ਆ, ਹੋ ਜਿੰਦੂਆ...ਹੋ-ਹੋ-ਹੋ-ਹੋ।*
*ਚੱਲ ਜਿੰਦੂਆ ਵੇ ਚੱਲ ਚੱਲੀਏ ਬਜ਼ਾਰੀਂ,*
*ਜਿਥੇ ਨੇ ਵਿਕਦੇ ਰੁਮਾਲ।*
*ਹਾਏ ਵੇ ਜਿੰਦੂਆ ਬਿਰ ਵਿਛੋੜੇ*
*ਲੈ ਚੱਲ ਆਪਣੇ ਨਾਲ।*
*ਚੱਲ ਚੰਡੀਗੜ੍ਹ, ਚੱਲ ਦਿੱਲੀ ਸ਼ਹਿਰ ਜਿਥੇ ਹੋਰ ਭੁਲਾਈ ਆ, ਹੋ ਜਿੰਦੂਆ...ਹੋ-ਹੋ-ਹੋ-ਹੋ।*
*ਚੱਲ ਜਿੰਦੂਆ ਵੇ ਚੱਲ ਚੱਲੀਏ ਪਹਾੜੀਂ,*
*ਜਿੱਥੇ ਨੇ ਵਿਕਦੇ ਅਨਾਰ,*
*ਤੂੰ ਤੋੜੀਂ ਮੈਂ ਵੇਚਣ ਵਾਲੀ*
*ਇਕ ਰੁਪਈਏ ਚਾਰ।*
*ਗੋਰੇ ਰੰਗ ਦੀ ਮੈਂ ਲਾਲੀ ਅੰਗ ਦੀ ਰੱਬ ਤੋਂ ਮੰਗਵਾਈ ਆ, ਹੋ ਜਿੰਦੂਆ...ਹੋ-ਹੋ-ਹੋ-ਹੋ।*

ਆਈ ਸੱਸੀ ਨੀ, ਨੂੰਹਾਂ ਦੱਸੀਂ ਨੀ।
ਮੇਰੇ ਨੂੰਹਾਂ ਲੜਿਆ-ਸ਼ਾਵਾ!
ਕਾਲੇ ਰੰਗ ਵਾਲਾ-ਸ਼ਾਵਾ!
ਪੀਲੇ ਡੰਗ ਵਾਲਾ-ਸ਼ਾਵਾ!
ਆਈ ਜਠਾਣੀ ਨੀ, ਨੂੰਹਾਂ ਪਛਾਣੀ ਨੀ।
ਮੇਰੇ ਨੂੰਹਾਂ ਲੜਿਆ-ਸ਼ਾਵਾ!
ਕਾਲੇ ਰੰਗ ਵਾਲਾ-ਸ਼ਾਵਾ!
ਪੀਲੇ ਡੰਗ ਵਾਲਾ-ਸ਼ਾਵਾ!
ਆਈਂ ਜੇਠ ਵੇ, ਨੂੰਹਾਂ ਚੱਕੀ ਦੇ ਹੇਠ ਵੇ।
ਮੇਰੇ ਨੂੰਹਾਂ ਲੜਿਆ-ਸ਼ਾਵਾ!
ਕਾਲੇ ਰੰਗ ਵਾਲਾ-ਸ਼ਾਵਾ!
ਪੀਲੇ ਡੰਗ ਵਾਲਾ-ਸ਼ਾਵਾ!
ਆਈ ਦਿਓਰ ਵੇ, ਨੂੰਹਾਂ ਮਰੋੜ ਵੇ।

### ਮੈਂ ਚੱਲੀ ਪੀਆ ਪੇਕੜੇ

ਮੈਂ ਚੱਲੀ ਪੀਆ ਪੇਕੜੇ,



ਤੁਸੀਂ ਮਗਰੇ ਈ ਆ ਜਾਈਓ!
ਹਈ ਸ਼ਾਵਾ!
ਮੈਂ ਤਾਂ ਮਿਲਾਂਗੀ ਓਥੇ ਦਾਦੀ ਜੀ ਨੂੰ,
ਤੁਸੀਂ ਬਾਬਾ ਜੀ ਨੂੰ ਮਿਲ ਆਈਓ,
ਹਈ ਸ਼ਾਵਾ!

### ਕਿਸੇ ਲੜ ਲਾ ਜਾ ਇਸ ਜਵਾਨੀ ਨੂੰ

ਜੇ ਚੱਲਿਆ ਵੇ ਦਵਾਨੀ ਨੂੰ,
ਕਿਸੇ ਲੜ ਲਾ ਜਾ ਇਸ ਜਵਾਨੀ ਨੂੰ।
ਮੈਂ ਚੱਲਿਆ ਨੀ ਦਵਾਨੀ ਨੂੰ,
ਦਿਓਰ ਲੜ ਲਾ-ਲਾ ਇਸ ਜਵਾਨੀ ਨੂੰ।
ਦਿਓਰ ਮੇਰਾ ਨਿੱਕੜਾ ਵੇ ਇਸ ਜਵਾਨੀ ਨੂੰ।
ਜੇ ਚੱਲਿਆ ਵੇ ਦਵਾਨੀ ਨੂੰ,
ਕਿਸੇ ਲੜ ਲਾ ਜਾ ਇਸ ਜਵਾਨੀ ਨੂੰ।
ਮੈਂ ਚੱਲਿਆ ਨੀ ਦਵਾਨੀ ਨੂੰ,
ਜੇਠ ਲੜ ਲਾ-ਲਾ ਇਸ ਜਵਾਨੀ ਨੂੰ।
ਜੇਠ ਮੇਰਾ ਬੁੱਢੜਾ ਵੇ ਇਸ ਜਵਾਨੀ ਨੂੰ।
ਜੇ ਚੱਲਿਆ ਵੇ ਦਵਾਨੀ ਨੂੰ,
ਕਿਸੇ ਲੜ ਲਾ ਜਾ ਇਸ ਜਵਾਨੀ ਨੂੰ।
ਮੈਂ ਚੱਲਿਆ ਨੀ ਦਵਾਨੀ ਨੂੰ,
ਡੱਬੀ ਵਿਚ ਪਾ ਲਾ ਇਸ ਜਵਾਨੀ ਨੂੰ।

### ਸੁਰਮਾ ਵਿਕਣਾ ਆਇਆ

ਸੁਰਮਾ ਵਿਕਣਾ ਆਇਆ,
ਇਕ ਲੱਪ ਸੁਰਮੇ ਦੀ।
ਸ਼ਾਵਾ! ਨੀ ਇਕ ਲੱਪ ਸੁਰਮੇ ਦੀ।
ਹੋਰਾਂ ਨੇ ਲਿਆ ਪੈਸੇ ਧੇਲੇ,
ਮੇਰੀ ਸੱਸ ਨੇ ਟਕਾ ਭਨਾਇਆ।
ਇਕ ਲੱਪ ਸੁਰਮੇ ਦੀ,
ਸ਼ਾਵਾ! ਨੀ ਇਕ ਲੱਪ ਸੁਰਮੇ ਦੀ।
ਹੋਰਨਾਂ ਨੇ ਪਾਇਆ ਸੁਰਮ ਸਿਲਾਈ,
ਮੇਰੀ ਸੱਸ ਨੇ ਲਵੇੜਾ ਪਾਇਆ।
ਇਕ ਲੱਪ ਸੁਰਮੇ ਦੀ,
ਸ਼ਾਵਾ! ਨੀ ਇਕ ਲੱਪ ਸੁਰਮੇ ਦੀ।
ਹੋਰਨਾਂ ਨੇ ਪਾਇਆ ਸ਼ੀਸ਼ੀ ਬੋਤਲ,
ਮੇਰੀ ਸੱਸ ਨੇ ਘੜਾ ਭਰਾਇਆ।
ਇਕ ਲੱਪ ਸੁਰਮੇ ਦੀ,
ਸ਼ਾਵਾ! ਨੀ ਇਕ ਲੱਪ ਸੁਰਮੇ ਦੀ।

### ਮੇਰੇ ਸਹੁਰੇ ਨੇ ਪਾਈ ਵੰਡ

ਮੇਰੇ ਸਹੁਰੇ ਨੇ ਪਾਈ ਵੰਡ,
ਵੰਡ ਵਿਚ ਕੀ ਕੁਝ ਆਇਆ ਏ।
ਮੇਰੇ ਸਹੁਰੇ ਨੇ ਪਾਈ ਵੰਡ,
ਵੰਡ ਵਿਚ ਕੁਝ ਨਹੀਂ ਆਇਆ ਏ।
ਮੇਰੇ ਜੇਠ ਨੂੰ ਆਇਆ ਕੋਟ,
ਦਿਓਰ ਨੂੰ ਪੈਂਟ ਆਈ ਏ।
ਮੇਰੇ ਮਾਹੀਏ ਦੇ ਸੜ ਗਏ ਕਰਮ,
ਮਾਹੀਏ ਨੂੰ ਧੋਤੀ ਆਈ ਏ।
ਮੈਨੂੰ ਸੜੀ ਨੂੰ ਹੋਰ ਸੜਾਉਂਦਾ,
ਧੋਤੀ ਨੂੰ ਜ਼ਿਪਰ ਲਾਉਂਦਾ ਏ।

### ਵੇ ਚੱਪੇ ਭੰਨ ਭੰਨ ਪਾਲਿਆ

ਵੇ ਚੱਪੇ ਭੰਨ ਭੰਨ ਪਾਲਿਆ,
ਵੇ ਪੋਟੇ ਭੰਨ ਭੰਨ ਪਾਲਿਆ।
ਵੇ ਹੋਇਆ ਛੈਲ ਜਵਾਨ,
ਜੇ ਸ਼ਹੁ ਨਿੱਤ ਖੇਡੇ ਗੀਟੀਆਂ।
ਖੱਟਿਆ ਮੈਂ ਕਿਸ ਦਾ ਖਾਂ,
ਖੱਟਿਆ ਖਾਧ ਮੇਰੇ ਬਾਪ ਦਾ।
ਜਾਂ ਪੇਕੇ ਘਰ ਟੁਰ ਜਾ,
ਨੀ ਨੱਢੀਏ ਛੈਲ ਛਬੀਲੀਏ।
ਨੀ ਤੂੰ ਮੂਲੋਂ ਤਾ ਪਛਤਾ,
ਪੇਕੇ ਘਰ ਵਸਣ ਗੰਵਾਰਨਾਂ।
ਵੇ ਮੈਂ ਕਿਉਂ ਪੇਕੇ ਜਾਂ,
ਵੇ ਮੈਂ ਰੁੱਖੀ-ਮਿੱਸੀ ਖਾ ਕੇ।
ਤੇਰੇ ਮਾਪਿਆਂ ਕੋਲ ਰਹਾਂ,
ਵੇ ਤੇਰੇ ਮਾਪਿਆਂ ਕੋਲ ਰਹਾਂ।

### ਕੌਣ ਜਿੱਤੇ ਕੌਣ ਹਾਰੇ

ਚੰਦ ਤੇ ਸੂਰਜ ਦਾ ਪੈ ਗਿਆ ਝਗੜਾ,
ਕੌਣ ਜਿੱਤੇ ਕੌਣ ਹਾਰੇ?
ਚੰਨ ਕਹੇ ਜੱਗ ਚਾਨਣ ਮੇਰਾ,
ਸੂਰਜ ਕਹੇ ਤਪ ਮੇਰਾ ਵੇ-ਹੋ।
ਚੰਨ ਕਹੇ ਜੱਗ ਚਾਨਣ ਮੇਰਾ,
ਸੂਰਜ ਕਹੇ ਤਪ ਮੇਰਾ ਵੇ-ਹੋ।
ਸ਼ੀਸ਼ੇ ਤੇ ਸੁਰਮੇ ਦਾ ਪੈ ਗਿਆ ਝਗੜਾ,
ਕੌਣ ਜਿੱਤੇ ਕੌਣ ਹਾਰੇ?
ਸ਼ੀਸ਼ਾ ਕਹੇ ਜੱਗ ਦੇਖੇ ਮੈਨੂੰ,
ਸੁਰਮਾ ਕਹੇ ਅੱਖੀਂ ਰਹਿਣਾ ਵੇ-ਹੋ।
ਸ਼ੀਸ਼ਾ ਕਹੇ ਜੱਗ ਦੇਖੇ ਮੈਨੂੰ,
ਸੁਰਮਾ ਕਹੇ ਅੱਖੀਂ ਰਹਿਣਾ ਵੇ-ਹੋ।
ਅੰਬਰ ਤੇ ਧਰਤੀ ਦਾ ਪੈ ਗਿਆ ਝਗੜਾ,
ਕੌਣ ਜਿੱਤੇ ਕੌਣ ਹਾਰੇ?
ਅੰਬਰ ਕਹੇ ਮੈਂ ਅੱਜ ਹੀ ਵਰਸਾਂ,
ਧਰਤੀ ਕਹੇ ਸੋਕ ਜਾਣਾ ਵੇ-ਹੋ।
ਅੰਬਰ ਕਹੇ ਮੈਂ ਅੱਜ ਹੀ ਵਰਸਾਂ,
ਧਰਤੀ ਕਹੇ ਸੋਕ ਜਾਣਾ ਵੇ-ਹੋ।

### ਨਵੇਂ ਨਵੇਂ ਖੂਹਾ ਤੇਰੀ ਲੱਜ ਪੁਰਾਣੀ

ਨਵੇਂ ਨਵੇਂ ਖੂਹਾ ਤੇਰੀ ਲੱਜ ਪੁਰਾਣੀ,
ਅਸਾਂ ਨਹੀਓਂ ਪੀਣਾ ਤੇਰੇ ਖੂਹ ਦਾ ਪਾਣੀ।
ਬਾਰੀ ਵਿਚ ਬੈਠ ਕੇ ਮੈਂ ਸੁੱਖਾਂ ਮੰਗੀਆਂ...
ਅੱਜ ਪਤਾ ਲੱਗਾ ਤੇਰੇ ਨਾਲ ਮੰਗੀ ਆਂ।

### ਦਿਓਰ ਪ੍ਰਾਹੁਣਾ ਆ ਨੀ ਗਿਆ

ਰਿੱਧੀ ਸੀ ਛੋਲਿਆਂ ਦੀ ਦਾਲ,
ਨੀ ਮਾਏ! ਦਿਓਰ ਪ੍ਰਾਹੁਣਾ ਆ ਨੀ ਗਿਆ।
ਨੀ ਮਾਏ! ਦਿਓਰ ਪ੍ਰਾਹੁਣਾ ਆ ਨੀ ਗਿਆ,
ਨਾ ਤੋਰੀਂ ਦੇਵਰ ਦੇ ਨਾਲ ਨੀ ਮਾਏਂ ਨਾ ਤੋਰੀਂ।
ਦੇਵਰ ਅੱਖੀਆਂ ਨੀ ਗਹਿਰੀਆਂ,
ਘਰ ਆਏ ਸਾਜਨ ਨਾ ਮੋੜ ਨੀ ਧੀਏ।
ਘਰ ਆਏ ਸਾਜਨ ਨਾ ਮੋੜ ਨੀ ਧੀਏ,
ਛੋਟਾ ਵੀਰ ਨੀ ਲਾਡਲਾ।

### ਧਨੀਆਂ-ਜੀਰਾ

ਕਿਧਰੋਂ ਆਇਆ ਧਨੀਆਂ,
ਨੀ ਕਿਧਰੋਂ ਆਇਆ ਜੀਰਾ।
ਲੈ ਕਿਧਰੋਂ ਆਇਆ ਨੀ,
ਛੋਟੀਏ ਨਣਦੇ ਤੇਰਾ ਵੀਰਾ।
ਲਹੌਰੋਂ ਆਇਆ ਧਨੀਆਂ,
ਪਿਸ਼ਾਵਰੋਂ ਆਇਆ ਜੀਰਾ।
ਮੁਲਤਾਨੋਂ ਆਇਆ ਨੀ,
ਛੋਟੀਏ ਨਣਦੇ ਤੇਰਾ ਵੀਰਾ।

### ਲੈ ਕਾਲੀ ਚੁੰਨੀ ਉੱਡ ਗਈ

ਲੈ ਕਾਲੀ ਚੁੰਨੀ ਉੱਡ ਗਈ,
ਹੋ ਗਈ ਬਦਨਾਮੀ।
ਚੁੰਨੀ ਉਡਦੀ ਮੇਰੇ ਸਹੁਰੇ ਨੇ ਦੇਖੀ...
ਲੈ ਹਵੇਲੀ ਰੌਲਾ ਪੈ ਗਿਆ,
ਹੋ ਗਈ ਬਦਨਾਮੀ।

### ਇਹ ਬੁਢਾਪਾ ਕਾਹਨੂੰ ਆ ਗਿਆ

ਇਹ ਬੁਢਾਪਾ ਕਾਹਨੂੰ ਆ ਗਿਆ,
ਹਾਲ ਵੇ ਰੱਬਾ!
ਨੂੰਹਾਂ ਤੋਂ ਡਰਦੀ ਬੁੱਢੀ,
ਦਾਤਣ ਨਾ ਕਰਦੀ,
ਬੁੱਢਾ ਸੁਰਖ਼ੀ ਲੈ ਕੇ ਆ ਗਿਆ,
ਹਾਲ ਵੇ ਰੱਬਾ।

### ਵੀਰ ਮੇਰੇ ਨੇ ਬਾਗ਼ ਲਵਾਇਆ

ਵੀਰ ਮੇਰੇ ਨੇ ਬਾਗ਼ ਲਵਾਇਆ,
ਵਿਚ ਲਵਾਈਆਂ ਕਲੀਆਂ।
ਰਾਹੀਆਂ ਨੂੰ ਰਾਹ ਪਈ ਪੁੱਛਦੀ,
ਕਿਥੇ ਵੀਰ ਦੀਆਂ ਗਲੀਆਂ।
ਵੀਰ ਮੇਰੇ ਨੇ ਬਾਗ਼ ਲੁਆਇਆ,
ਬਾਗ਼ 'ਚ ਸਭ ਨੂੰ ਢੋਈ।
ਵਸੇਂ ਰਸੇਂ ਵੀਰਨਾ ਵੇ,
ਮੈਂ ਪਰਦੇਸਣ ਹੋਈ।
ਵੀਰ ਮੇਰੇ ਨੇ ਬਾਗ਼ ਲਵਾਇਆ,
ਬਾਗ਼ੀਂ ਠੰਢੀਆਂ ਛਾਵਾਂ।
ਡਾਰੋਂ ਵਿਛੜ ਗਈ,
ਕੂੰਜ ਵਾਂਗ ਕੁਰਲਾਵਾਂ।

### ਸਾਹਮਣੇ ਚੁਬਾਰੇ

ਸਾਹਮਣੇ ਚੁਬਾਰੇ ਕੁੜੀ ਖੇਡੇ ਗੀਟੀਆਂ,
ਗੱਭਰੂ ਜਵਾਨ ਮੁੰਡਾ ਮਾਰੇ ਸੀਟੀਆਂ।
ਮੱਛੀ ਵਾਲਾ ਕਹਿੰਦਾ, ਮੱਛੀ ਮੇਰੇ ਕੋਲ ਆ।
ਮਿਰਚ ਮਸਾਲਾ, ਹੱਟੀ ਵਾਲੇ ਕੋਲ ਆ।
ਸਾਹਮਣੇ ਚੁਬਾਰੇ ਕੁੜੀ ਖੇਡੇ ਗੀਟੀਆਂ,
ਗੱਭਰੂ ਜਵਾਨ ਮੁੰਡਾ, ਮਾਰੇ ਸੀਟੀਆਂ।
ਤੇਰਾ ਕੀ ਏ ਜਾਣਾ, ਵੇ ਬੇਗਾਨੇ ਪੁੱਤ ਦਾ।
ਵਾਲ ਕੱਲਾ ਕੱਲਾ ਹੋ ਜਾਊ, ਮੇਰੀ ਗੁੱਤ ਦਾ।
ਸਾਹਮਣੇ ਚੁਬਾਰੇ ਕੁੜੀ ਦੁੱਧ ਰਿੜਕੇ,
ਗੱਭਰੂ ਜਵਾਨ ਮੁੰਡਾ ਮਾਰੇ ਝਿੜਕੇ।
ਤੇਰਾ ਕੀ ਏ ਜਾਣਾ, ਵੇ ਬੇਗਾਨੇ ਪੁੱਤ ਦਾ।
ਵਾਲ ਕੱਲਾ ਕੱਲਾ ਹੋ ਜਾਊ, ਮੇਰੀ ਗੁੱਤ ਦਾ।
ਸਾਹਮਣੇ ਚੁਬਾਰੇ ਕੁੜੀ ਮੰਜਾ ਡਾਹ ਲਿਆ,
ਅੱਧੀ ਰਾਤ ਗਈ, ਮੱਛੀ ਵਾਲਾ ਆ ਗਿਆ।
ਤੇਰਾ ਕੀ ਏ ਜਾਣਾ, ਵੇ ਬੇਗਾਨੇ ਪੁੱਤ ਦਾ।
ਵਾਲ ਕੱਲਾ ਕੱਲਾ ਹੋ ਜਾਊ, ਮੇਰੀ ਗੁੱਤ ਦਾ।

ਇਸ ਤਰ੍ਹਾਂ ਹੋਰ ਵੀ ਅਣਗਿਣਤ ਲੰਮੇ ਗੀਤ ਹਨ ਜਿਹੜੇ ਵਿਆਹ ਮੌਕੇ ਰੌਣਕਾਂ ਲਾਉਣ ਲਈ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਸਾਡਾ ਸਭਿਆਚਾਰ ਝਾਤੀਆਂ ਮਾਰਦਾ ਦਿਸ ਪੈਂਦਾ ਹੈ।

# ਆਲੀਆ ਦਾ ਆਲਮ



ਆਮਨਾ ਕੌਰ

ਕੁਝ ਹੀ ਸਮੇਂ ਅੰਦਰ ਹਿੰਦੀ ਦੀਆਂ ਮੁੱਖਧਾਰਾ ਫਿਲਮਾਂ ਵਿਚ ਆਪਣੀ ਪੈਂਠ ਜਮਾਉਣ ਵਾਲੀ ਆਲੀਆ ਭੱਟ ਦੀ ਨਵੀਂ ਫਿਲਮ 'ਬਦਰੀਨਾਥ ਕੀ ਦੁਨੀਆ' ਮਾਰਚ ਵਿਚ ਰਿਲੀਜ਼ ਹੋ ਰਹੀ ਹੈ। ਪੈਂਦੀ ਸੱਟੇ ਹੀ ਫਿਲਮ ਆਪਣੇ ਨਾਂ ਕਰ ਕੇ ਵਿਵਾਦਾਂ ਵਿਚ ਘਿਰ ਗਈ ਹੈ। ਕੁਝ ਹਿੰਦੂ ਜਥੇਬੰਦੀਆਂ ਨੇ ਬਦਰੀਨਾਥ ਨਾਂ 'ਤੇ ਇਤਰਾਜ਼ ਕੀਤਾ ਹੈ। ਨਾਲ ਹੀ ਸੁਝਾਅ ਦਿੱਤਾ ਹੈ ਕਿ ਫਿਲਮ ਦੇ ਹੀਰੋ ਦਾ ਨਾਮ ਬਦਰੀਨਾਥ ਤੋਂ ਬਦਲ ਕੇ ਬਦਰੀ ਕਰ ਦਿੱਤਾ ਜਾਵੇ। ਉਂਜ ਆਲੀਆ ਭੱਟ ਦੀਆਂ ਪੰਜਵੇਂ ਉਂਗਲਾਂ ਫਿਲਹਾਲ ਘਿਓ ਵਿਚ ਹਨ। ਉਸ ਦੀ ਅਗਲੀ ਫਿਲਮ 'ਗੁਲੀ ਬੁਆਇ' ਫਿਲਮਸਾਜ਼ ਜ਼ੋਇਆ ਅਖ਼ਤਰ ਬਣਾ ਰਹੀ ਹੈ ਜਿਸ ਵਿਚ ਉਹ ਰਣਵੀਰ ਸਿੰਘ ਨਾਲ ਕੰਮ ਕਰ ਰਹੀ ਹੈ। ਇਸੇ ਤਰ੍ਹਾਂ ਉਸ ਦੀ ਅਗਲੀ ਫਿਲਮ ਫਿਲਮਸਾਜ਼ ਅਯਾਨ ਮੁਖਰਜੀ ਦੀ 'ਡਰੈਗਨ' ਹੈ ਜਿਸ ਵਿਚ ਉਸ ਦਾ ਹੀਰੋ ਰਣਬੀਰ ਕਪੂਰ ਹੈ। ਆਲੀਆ ਭੱਟ ਨੇ ਆਪਣਾ ਫਿਲਮੀ ਸਫ਼ਰ 2012 ਵਿਚ ਸ਼ੁਰੂ ਕੀਤਾ ਸੀ ਅਤੇ ਪੰਜ ਸਾਲਾਂ ਵਿਚ ਉਸ ਦੀਆਂ 11 ਫਿਲਮਾਂ ਆ ਚੁੱਕੀਆਂ ਹਨ। ਚਾਰ ਫਿਲਮਾਂ- 'ਕਪੂਰ ਐਂਡ ਸੰਨਜ਼', 'ਉੜਤਾ ਪੰਜਾਬ', 'ਐ ਦਿਲ ਹੈ ਮੁਸ਼ਕਿਲ' ਅਤੇ 'ਡੀਅਰ ਜ਼ਿੰਦਗੀ' ਤਾਂ ਸਿਰਫ 2016 ਵਿਚ ਹੀ ਰਿਲੀਜ਼ ਹੋਈਆਂ ਹਨ। 'ਉੜਤਾ ਪੰਜਾਬ' ਲਈ ਉਸ ਨੂੰ ਫਿਲਮਫੇਅਰ ਅਤੇ ਸਕਰੀਨ ਪੁਰਸਕਾਰ ਮਿਲ ਚੁੱਕੇ ਹਨ। 'ਡੀਅਰ ਜ਼ਿੰਦਗੀ' ਲਈ ਵੀ ਇਨ੍ਹਾਂ ਦੋਵਾਂ ਇਨਾਮਾਂ ਲਈ ਉਸ ਦੀ ਨਾਮਜ਼ਦਗੀ ਹੋਈ ਸੀ। ਅਸਲ ਵਿਚ ਆਲੀਆ ਭੱਟ ਅਜਿਹੀ ਕਲਾਕਾਰ ਹੈ ਜੋ ਆਪਣੇ ਮੂੰਹ ਵਿਚ ਚਾਂਦੀ ਦਾ ਚਮਚਾ ਲੈ ਕੇ ਜੰਮੀ ਸੀ। ਉਸ ਦਾ ਪਿਤਾ ਮਹੇਸ਼ ਭੱਟ ਕਿਸੇ ਜਾਣ ਪਛਾਣ ਦਾ ਮੁਹਤਾਜ਼ ਨਹੀਂ ਅਤੇ ਉਸ ਦੀ ਮਾਂ ਸੋਨੀ ਰਾਜ਼ਦਾਨ ਦਾ ਵੀ ਫਿਲਮੀ ਦੁਨੀਆ ਵਿਚ ਆਪਣਾ ਵੱਖਰਾ ਮੁਕਾਮ ਹੈ। ਆਲੀਆ ਦੇ ਕਰੀਅਰ ਦੀ ਸ਼ੁਰੂਆਤ ਫਿਲਮ 'ਸਟੂਡੈਂਟ ਆਫ਼ ਦਿ ਯੀਅਰ' ਨਾਲ ਕੀਤੀ ਸੀ ਅਤੇ ਇਹ ਫਿਲਮ ਕਰਨ ਜੌਹਰ ਨੇ ਬਣਾਈ ਸੀ। ਉਸ ਨੂੰ ਭਾਵੇਂ ਫਿਲਮ ਸਨਅਤ ਵਿਚ ਆਉਣ ਅਤੇ ਪੈਰ ਜਮਾਉਣ ਲਈ ਉਕਾ ਹੀ ਸੰਘਰਸ਼ ਨਹੀਂ ਕਰਨਾ ਪਿਆ, ਪਰ ਇਹ ਗੱਲ ਵੀ ਸੱਚ ਹੈ ਕਿ ਉਸ ਨੇ ਆਪਣੀ ਅਦਾਕਾਰੀ ਦੇ ਸਿਰ 'ਤੇ ਆਪਣਾ ਕਰੀਅਰ ਅਗਾਂਹ ਵਧਾਇਆ। 'ਹਾਈਵੇ' ਫਿਲਮ ਨਾਲ ਉਸ ਦੀ ਖ਼ੂਬ ਬੱਲੇ ਬੱਲੇ ਹੋਈ ਸੀ ਅਤੇ ਜਦੋਂ 2015 ਵਿਚ ਆਈ ਫਿਲਮ 'ਸ਼ਾਨਦਾਰ' ਜਦੋਂ ਫਲਾਪ ਹੋਈ ਤਾਂ ਉਸ ਨੇ ਇਸ ਅਸਫ਼ਲਤਾ ਨੂੰ ਵੀ ਹਾਂ-ਪੱਖ ਵਜੋਂ ਲੈਂਦਿਆਂ ਪੂਰੀ ਦਲੇਰੀ ਨਾਲ ਆਪਣੀਆਂ ਘਾਟਾਂ ਸਵੀਕਾਰ ਕੀਤੀਆਂ ਸਨ। ਅਸਲ ਵਿਚ ਕਲਾਕਾਰ ਅਤੇ ਜ਼ਿੰਦਗੀ ਪ੍ਰਤੀ ਉਸ ਦੀ ਇਸ ਹਕੀਕੀ ਪਹੁੰਚ ਨੇ ਹੀ ਉਸ ਦੇ ਕਰੀਅਰ ਨੂੰ ਪਹੀਏ ਲਗਾਏ ਹਨ। ਉਂਜ ਵੀ ਉਸ ਦੀ ਫਿਲਮਾਂ ਦੀ ਚੋਣ ਵੀ ਚੰਗੀ ਹੁੰਦੀ ਹੈ, ਬਲਕਿ ਕਹਿਣਾ ਚਾਹੀਦਾ ਹੈ ਕਿ ਫਿਲਮਸਾਜ਼ ਉਸ ਮੁਤਾਬਕ ਆਪਣੀ ਫਿਲਮਾਂ ਲਿਖਣ ਲੱਗ ਪਏ ਹਨ। ਇਹ ਆਮ ਗੱਲ ਨਹੀਂ, ਵੱਡੀ ਗੱਲ ਹੈ।

# ਫਿਲਮ 'ਅਲਿਫ' ਦੇ ਅਰਥ

ਜਗਜੀਤ ਸਿੰਘ ਸੇਖੋਂ

ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਅਲਿਫ' ਦੀ ਕਹਾਣੀ ਆਮ ਨਹੀਂ। ਇਹ ਫਿਲਮ ਪੱਤਰਕਾਰ ਤੋਂ ਫਿਲਮਸਾਜ਼ ਬਣੇ ਜ਼ੈਗਮ ਇਮਾਮ ਨੇ ਬਣਾਈ ਹੈ ਅਤੇ ਉਹ ਆਪਣੇ ਕਰੀਅਰ ਦੀ ਪਹਿਲੀ ਫ਼ਿਲਮ 'ਦੋਜ਼ਖ' ਨਾਂ ਦੀ ਫ਼ਿਲਮ ਬਣਾ ਕੇ ਚਰਚਾ ਵਿਚ ਆਇਆ ਸੀ। 'ਅਲਿਫ' ਵਿਚ ਉਹਨੇ ਸਿਖਿਆ ਲਈ ਜਾਗਰੂਕਤਾ ਦਾ ਹੋਕਾ ਦਿੱਤਾ ਹੈ। ਇਹ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਚਰਚਾ ਵਿਚ ਆ ਗਈ ਸੀ। ਪਿਛਲੇ ਸਾਲ ਨਵੰਬਰ ਵਿਚ ਇਹ ਆਸਟਰੇਲੀਆ ਦੇ 'ਇੰਡੀਅਨ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਆਫ ਕੁਈਨਜ਼ਲੈਂਡ' ਵਿਚ ਦਿਖਾਈ ਗਈ ਸੀ। ਇਸ ਨੂੰ ਭਾਰਤ ਦੀਆਂ ਕਈ ਯੂਨੀਵਰਸਿਟੀਆਂ ਵਿਚ ਵੀ ਦਿਖਾਇਆ ਜਾ ਚੁੱਕਾ ਹੈ। 'ਅਲਿਫ਼' ਨੂੰ ਗਲੋਬਲ ਫ਼ਿਲਮ ਫੈਸਟੀਵਲ ਵਿਚ ਬਿਹਤਰੀਨ ਸਕਰੀਨ ਪਲੇ ਅਤੇ ਬਿਹਤਰੀਨ ਬਾਲ ਕਲਾਕਾਰ ਦੇ ਪੁਰਸਕਾਰ ਵੀ ਪ੍ਰਾਪਤ ਹੋ ਚੁੱਕੇ ਹਨ।

ਇਸ ਫ਼ਿਲਮ ਦੀ ਕਹਾਣੀ ਮਦਰੱਸੇ ਵਿਚ ਪੜ੍ਹਨ ਵਾਲੇ ਦੋ ਦੋਸਤਾਂ ਦੀ ਹੈ ਜਿਨ੍ਹਾਂ ਵਿਚੋਂ ਇਕ ਕਾਨਵੈਂਟ ਸਕੂਲ ਦਾ ਵਿਦਿਆਰਥੀ ਬਣ ਕੇ ਡਾਕਟਰ ਬਣਨਾ ਚਾਹੁੰਦਾ ਹੈ, ਪਰ ਕਹਾਣੀ ਵਿਚ ਮੋੜ ਉਦੋਂ ਆਉਂਦਾ ਹੈ ਜਦੋਂ ਕੁਝ ਧਾਰਮਿਕ ਕੱਟੜਪੰਥੀ ਉਸ ਨੂੰ ਅਜਿਹਾ ਕਰਨ ਤੋਂ ਰੋਕਦੇ ਹਨ। ਦੋਨੋਂ ਦੋਸਤ ਇਕ ਦੂਜੇ ਦੀ ਮਦਦ ਕਰਦੇ ਹਨ। ਆਖਿਰ ਉਹ ਡਾਕਟਰ ਬਣ ਜਾਂਦਾ ਹੈ।

'ਅਲਿਫ਼' ਮੁਸਲਿਮ ਸਮਾਜ ਦੀ ਦੁਖ਼ਦੀ ਰਗ 'ਤੇ ਹੱਥ ਰੱਖਣ ਵਾਲੀ ਫ਼ਿਲਮ ਹੈ। ਇਸ ਬਾਰੇ ਜ਼ੈਗਮ ਇਮਾਮ ਦਾ ਕਹਿਣਾ ਹੈ ਕਿ ਫਿਲਮ ਨੇ ਬੇਸ਼ਕ ਮੁਸਲਮਾਨਾਂ ਦੀ ਦੁਖ਼ਦੀ ਰਗ 'ਤੇ ਹੱਥ ਰੱਖਿਆ ਹੈ, ਪਰ ਉਸ ਨੇ ਇਸ ਨੂੰ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਬਣਾਇਆ ਹੈ। ਉਸ ਮੁਤਾਬਕ, ਸਿੱਖਿਆ ਬਹੁਤ ਜ਼ਰੂਰੀ ਹੈ ਅਤੇ ਮਦਰੱਸੇ ਦੀ ਸਿੱਖਿਆ ਨਾਲ ਤੁਸੀਂ ਉਹ ਮੁਕਾਮ ਨਹੀਂ ਹਾਸਲ ਕਰ ਸਕਦੇ ਜਿਹੜਾ ਤੁਸੀਂ ਕਰਨਾ ਚਾਹੁੰਦੇ ਹੋ। ਉਸ ਨੇ ਫ਼ਿਲਮ ਦੇ ਜ਼ਰੀਏ ਰੂੜੀਵਾਦੀ ਸੋਚ 'ਤੇ ਹਮਲਾ ਕੀਤਾ ਹੈ ਜੋ ਧਰਮ ਦੇ ਨਾਂ 'ਤੇ ਖ਼ੁਦ ਦਾ ਹਿੱਤ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਿੰਦੀ ਫਿਲਮਾਂ ਵਾਲੀ ਲੀਕ ਤੋਂ ਹਟ ਕੇ ਤੁਰਨ ਵਾਲੇ ਸਿਨੇਮਾ ਬਾਰੇ ਜ਼ੈਗਮ ਇਮਾਮ ਦਾ ਕਹਿਣਾ ਹੈ ਕਿ ਫ਼ਿਲਮਾਂ ਦਾ ਮਕਸਦ ਸਿਰਫ਼ ਮਨੋਰੰਜਨ ਕਰਨਾ ਨਹੀਂ ਹੋਣਾ ਚਾਹੀਦਾ, ਦੁਨੀਆ ਅੰਦਰ ਸਿਨੇਮਾ ਸਮਾਜ ਸੁਧਾਰ ਦਾ ਵੱਡਾ ਮਾਧਿਅਮ ਵੀ ਹੈ। ਲੀਕ ਤੋਂ ਹਟਵੇਂ ਸਿਨੇਮਾ ਦੇ ਜ਼ਰੀਏ ਮਨੋਰੰਜਨ ਦੇ ਨਾਲ ਨਾਲ ਸਮਾਜ ਵਿਚ ਸਕਾਰਾਤਮਕ ਤਬਦੀਲੀ ਦਾ ਸੰਦੇਸ਼ ਵੀ ਦੇਣਾ ਸੰਭਵ ਹੈ। ਜਯਾ ਬੱਚਨ ਨੇ ਫ਼ਿਲਮ ਵਿਚ ਸੂਤਰਧਾਰ ਵਜੋਂ ਆਵਾਜ਼ ਦਿੱਤੀ ਹੈ। ਫ਼ਿਲਮ ਦੇ ਮੁੱਖ ਕਿਰਦਾਰਾਂ ਵਿਚ ਨੀਲਿਮਾ ਅਜ਼ੀਮ, ਦਾਨਿਸ਼ ਹੁਸੈਨ, ਦੱਖਣ ਦੇ ਸੁਪਰ ਸਟਾਰ ਆਦਿਤਿਆ ਓਮ, ਪਵਨ ਤਿਵਾੜੀ ਆਦਿ ਹਨ।






ਫਿਲਮ 'ਅਲਿਫ' ਵਿਚ ਅਦਾਕਾਰਾ ਨੀਲਿਮਾ ਅਜ਼ੀਮ (ਖੱਬੇ) ਅਤੇ ਫਿਲਮ ਦਾ ਪੋਸਟਰ।

# ਅਮਿਤਾਭ, ਐਂਗਰੀ ਯੰਗ ਮੈਨ ਤੇ 'ਜ਼ੰਜੀਰ'




ਕੁਲਦੀਪ ਕੌਰ
ਫੋਨ: +91-98554-04330

ਭਾਰਤੀ ਕਮਰਸ਼ੀਅਲ ਸਿਨੇਮਾ ਦੇ ਇਤਿਹਾਸ ਵਿਚ 1970-1980 ਦਾ ਦਹਾਕਾ ਮਨਮੋਹਨ ਦੇਸਾਈ, ਪ੍ਰਕਾਸ਼ ਮਹਿਰਾ ਅਤੇ ਅਮਿਤਾਭ ਬੱਚਨ ਦੀ ਤਿੱਕੜੀ ਦੇ ਨਾਂ ਕੀਤਾ ਜਾ ਸਕਦਾ ਹੈ। ਇਨ੍ਹਾਂ ਨੇ ਉਸ ਦਹਾਕੇ ਦੀ ਗਰਮ ਸਿਆਸਤ ਦੇ ਦੌਰ ਵਿਚ ਅਜਿਹੀਆਂ ਫਿਲਮਾਂ ਬਣਾਈਆਂ ਜਿਨ੍ਹਾਂ ਉਤੇ ਭਾਂਜਵਾਦ ਦਾ ਠੱਪਾ ਲੱਗਣ ਦੇ ਬਾਵਜੂਦ ਉਨ੍ਹਾਂ ਦੇ ਜਾਦੂ ਤੋਂ ਬਚਣਾ ਨਾਮੁਮਕਿਨ ਸੀ। ਇਕ ਇੰਟਰਵਿਊ ਵਿਚ ਮਨਮੋਹਨ ਦੇਸਾਈ ਦਾਅਵਾ ਕਰਦੇ ਹਨ ਕਿ ਭਾਰਤ ਵਿਚ ਸਿਨੇਮਾ ਦਾ ਅਜਿਹਾ ਕੋਈ ਦਰਸ਼ਕ ਨਹੀਂ ਜਿਸ ਨੇ ਮੇਰੀ ਜਾਂ ਪ੍ਰਕਾਸ਼ ਮਹਿਰਾ ਦੀ ਕੋਈ ਨਾ ਕੋਈ ਫਿ.ਲਮ ਨਾ ਦੇਖੀ ਹੋਵੇ। ਸ਼ਾਇਦ ਇਹ ਭਾਰਤੀ ਸਿਨੇਮਾ ਵਿਚ 15 ਸਾਲਾਂ ਤੱਕ ਫੈਲਿਆ ਉਹ ਮਸਾਲੇਦਾਰ ਸਮਾਂ ਸੀ ਜਦੋਂ ਦਰਸ਼ਕ ਪਰੀ ਕਹਾਣੀਆਂ ਦੀ ਥਾਂ ਇਨ੍ਹਾਂ ਫਿ.ਲਮਾਂ ਦੀਆਂ ਬਾਤਾਂ ਪਾਉਂਦੇ ਸਨ। ਇਹ ਫਿਲਮਾਂ ਰੂਮਾਨੀਅਤ ਦੀਆਂ ਫਿਲਮਾਂ ਸਨ, ਫਿਲਮਾਂ ਦੇ ਕਿਰਦਾਰ ਬੇਹਦ ਖ਼ੂਬਸੂਰਤ ਸਨ, ਉਨ੍ਹਾਂ ਦੀ ਜ਼ਿੰਦਗੀ ਆਦਰਸ਼ਾਂ ਦੇ ਲੇਖੇ ਲੱਗੀ ਹੁੰਦੀ ਸੀ; ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਆਦਰਸ਼ਾਂ ਦਾ ਅੰਤਿਮ ਟੀਚਾ ਨਿੱਜੀ ਇਨਸਾਫ ਦੀ ਜੰਗ ਜਿੱਤਣਾ ਹੀ ਹੁੰਦਾ ਸੀ। ਇਸ ਤਿੱਕੜੀ ਨੇ ਕਰੀਬ ਅਠਾਰਾਂ ਹਿੱਟ ਫਿਲਮਾਂ ਦਿੱਤੀਆਂ ਅਤੇ ਭਾਰਤੀ ਫਿ.ਲਮਾਂ ਦੀ ਨਵੀਂ ਮਸਾਲੇਦਾਰ ਪ੍ਰੀਭਾਸ਼ਾ ਘੜੀ।

ਮਨਮੋਹਣ ਦੇਸਾਈ ਅਤੇ ਪ੍ਰਕਾਸ਼ ਮਹਿਰਾ ਵਿਚ ਸੁਪਰ ਹਿੱਟ ਫਿਲਮ ਬਣਾਉਣ ਲਈ ਹਮੇਸ਼ਾ ਸਖਤ ਮੁਕਾਬਲਾ ਚਲਦਾ ਰਹਿੰਦਾ ਸੀ। ਇਥੋਂ ਤੱਕ ਵੀ ਕਿਹਾ ਜਾਂਦਾ ਹੈ ਕਿ ਪ੍ਰਕਾਸ਼ ਮਹਿਰਾ ਨੇ ਅਮਿਤਾਭ ਬੱਚਨ ਨੂੰ ਸਹੁੰ ਦਿੱਤੀ ਹੋਈ ਸੀ ਕਿ ਜਿਸ ਦਿਨ ਉਸ ਦੀ ਉਸ (ਅਮਿਤਾਭ) ਨਾਲ ਬਣਾਈ ਕੋਈ ਵੀ ਫਿਲਮ ਫਲਾਪ ਹੋ ਗਈ, ਉਹ ਫਿਲਮਾਂ ਬਣਾਉਣੀਆਂ ਬੰਦ ਕਰ ਦੇਵੇਂਗਾ। ਦੋਹਾਂ ਫਿਲਮਸਾਜ਼ਾਂ ਵਿਚ ਅਮਿਤਾਭ ਸਾਂਝੀ ਤੰਦ ਸੀ। ਦੋਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਜਜ਼ਬਾਤ ਗੁੰਨ੍ਹਣ ਦਾ ਹੁਨਰ ਆਉਂਦਾ ਸੀ। ਦੋਵੇਂ ਜ਼ਿੰਦਗੀ ਦੀ ਜੱਦੋ-ਜਹਿਦ ਵਿਚ ਉਲਝੇ ਦਰਸ਼ਕਾਂ ਦੀ ਉਂਗਲ ਫੜ ਉਨ੍ਹਾਂ ਨੂੰ ਆਪਣੇ ਸੁਪਨਿਆਂ ਅਤੇ ਕਿਰਦਾਰਾਂ ਦੀ ਮਿਕਨਾਤੀਸੀ ਦੁਨੀਆ ਵਿਚ ਲਿਜਾਣ ਦੇ ਮਾਹਿਰ ਸਨ। ਉਨ੍ਹਾਂ ਦੀਆਂ ਕਹਾਣੀਆਂ ਦੇ ਕਿਰਦਾਰ ਆਮ ਲੋਕਾਂ ਵਿਚੋਂ ਚੁਣੇ ਜ਼ਰੂਰ ਜਾਂਦੇ ਸਨ, ਪਰ ਫਿਲਮੀ ਪਰਦੇ ਉਤੇ ਉਹ ਜ਼ਿੰਦਗੀ ਦੇ ਕੈਨਵਸ ਤੋਂ ਵੀ ਵੱਡੇ ਹੋ ਕੇ ਖਾਸ ਬਣ ਜਾਂਦੇ ਸਨ। ਅਜਿਹਾ ਹੀ ਇਕ ਚਮਤਕਾਰ ਪ੍ਰਕਾਸ਼ ਮਹਿਰਾ ਨੇ ਅਮਿਤਾਭ ਬੱਚਨ ਨਾਲ ਫਿਲਮ 'ਜ਼ੰਜੀਰ' ਵਿਚ ਕੀਤਾ। ਫਿਲਮ 'ਜ਼ੰਜੀਰ' ਭਾਰਤੀ ਸਿਨੇਮਾ ਵਿਚ ਵੱਖਰਾ ਸਥਾਨ ਰੱਖਦੀ ਹੈ। ਇਸ ਨੇ ਭਾਰਤੀ ਦਰਸ਼ਕਾਂ ਨੂੰ ਅਜਿਹਾ ਐਂਗਰੀ ਯੰਗਮੈਨ ਦਿੱਤਾ ਜਿਸ ਨੇ ਨਾਇਕਤਵ ਦੇ ਅਰਥ ਹੀ ਬਦਲ ਦਿੱਤੇ। ਇਸ ਨੇ ਨਾਇਕ ਨੂੰ ਸਮੂਹਿਕ ਸੰਘਰਸ਼ਾਂ ਦੀ ਧਾਰਨਾ ਨਾਲੋਂ ਤੋੜ ਕੇ ਨਿੱਜੀ ਸੱਤਾ ਹਾਸਲ ਕਰਨ ਅਤੇ ਉਸ ਨੂੰ ਵਰਤਣ ਦੇ ਰਾਹ ਤੋਰਿਆ। ਇਸ ਨੇ ਅਛੋਪਲੇ ਜਿਹੇ ਚਾਕਲੇਟੀ ਅਤੇ ਮਾਸੂਮ ਨਾਇਕ ਦੇ ਅਕਸ (ਜਿਵੇਂ ਰਾਜ ਕਪੂਰ, ਸ਼ੰਮੀ ਕਪੂਰ,ਰਾਜੇਸ਼ ਖੰਨਾ, ਦੇਵ ਆਨੰਦ) ਨੂੰ ਰਾਤੋ-ਰਾਤ ਪਸੀਨੇ ਤੇ ਮਿੱਟੀ ਲਿਬੜੀਆਂ ਕੱਸੀਆਂ ਹੋਈਆਂ ਮੁੱਠੀਆਂ ਵਾਲੇ ਤੇ ਅੱਖਾਂ ਵਿਚ ਜ਼ੁ.ਲਮ ਨੂੰ ਮਿਟਾ ਦੇਣ ਵਾਲੀ ਵਹਿਸ਼ਤ ਵਾਲੇ ਕਿਰਦਾਰ ਨਾਲ ਬਦਲ ਦਿੱਤਾ। ਇਸ ਫਿਲਮਸਾਜ਼ ਦੁਆਰਾ ਕੀਤੀ ਇਸ ਤਬਦੀਲੀ ਨੇ ਭਾਰਤੀ ਸਿਨੇਮਾ ਨੂੰ ਸਦਾ ਲਈ ਬਦਲ ਦਿੱਤਾ। ਦਿਨਾਂ ਵਿਚ ਹੀ ਉਨ੍ਹਾਂ ਅਦਾਕਾਰਾਂ ਦੀ ਮੰਗ ਘੱਟ ਗਈ ਜੋ ਸਿਰਫ ਰੁਮਾਂਟਿਕ ਭੂਮਿਕਾਵਾਂ ਹੀ ਕਰ ਸਕਦੇ ਸਨ। ਦੂਜੇ ਪਾਸੇ ਉਨ੍ਹਾਂ ਅਦਾਕਾਰਾਂ ਦੇ ਭਾਅ ਵਧ ਗਏ ਜਿਹੜੇ ਰੁਮਾਂਸ ਦੇ ਨਾਲ-ਨਾਲ ਗੁੰਡਿਆਂ ਦੀਆਂ ਵੱਖੀਆਂ ਵੀ ਭੰਨ ਸਕਦੇ ਸਨ। ਸਾਊਪੁਣੇ ਦੇ ਨਾਲ-ਨਾਲ ਰਫ-ਟਫ ਹੋਣ ਦੀ ਜ਼ਰੂਰਤ ਨੇ ਅਦਾਕਾਰੀ ਸਕੂਲਾਂ ਵਿਚ ਨਵੇਂ ਚੈਪਟਰ ਸ਼ੁਰੂ ਕਰ ਦਿੱਤੇ। ਹੁਣ ਵੀ 'ਦਬੰਗ', 'ਬਾਡੀਗਾਰਡ, 'ਫੋਰਸ', 'ਰਾਊਡੀ ਰਾਠੌੜ' ਆਦਿ ਫਿਲਮਾਂ ਦੇਖਦਿਆਂ ਸੁੱਤੇ-ਸਿੱਧੇ 'ਜ਼ੰਜੀਰ' ਦੀ ਯਾਦ ਆ ਜਾਂਦੀ ਹੈ। ਮਨਮੋਹਨ ਦੇਸਾਈ ਨੇ ਤਾਂ ਆਪਣੀਆਂ ਨਾਇਕਾਵਾਂ ਤੋਂ ਵੀ ਕਈ ਪ੍ਰਕਾਰ ਦੇ ਸਟੰਟ ਕਰਵਾਉਣ ਨੂੰ ਤਰਜੀਹ ਦਿੱਤੀ।



ਫਿਲਮਸਾਜ਼ ਪ੍ਰਕਾਸ਼ ਮਹਿਰਾ




ਇਕ ਇੰਟਰਵਿਊ ਵਿਚ ਅਮਿਤਾਭ ਬੱਚਨ 'ਜ਼ੰਜੀਰ' ਨੂੰ ਯਾਦ ਕਰਦਿਆ ਆਖਦਾ ਹੈ ਕਿ ਇਹ ਫਿਲਮ ਬਣਨ ਤੱਕ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਰਾਜੇਸ਼ ਖੰਨਾ ਨਾਲ ਕੀਤੀ ਫਿਲਮ 'ਆਨੰਦ' ਸੀ। ਇਸ ਫਿਲਮ ਨੇ ਇਕ ਝਟਕੇ ਨਾਲ ਉਸ ਦੇ ਫਿਲਮੀ ਜੀਵਨ ਦੀ ਦਿਸ਼ਾ ਬਦਲ ਦਿੱਤੀ। ਹੁਣ ਕਲਪਨਾ ਕਰੋ ਕਿ ਕਿਸੇ ਅਦਾਕਾਰ ਜਿਸ ਨੂੰ ਐਂਗਰੀ ਯੰਗਮੈਨ ਦਾ ਇਹ ਰੋਲ ਸਿਰਫ ਇਸ ਲਈ ਆਫਰ ਕੀਤਾ ਗਿਆ ਕਿਉਂਕਿ ਰਾਜੇਸ਼ ਖੰਨਾ, ਦੇਵ ਆਨੰਦ ਅਤੇ ਧਰਮਿੰਦਰ ਨੇ ਨਾਂਹ ਕਰ ਦਿੱਤੀ ਸੀ, ਉਹੀ ਰੋਲ ਉਸ ਅਦਾਕਾਰ ਦੀ ਪਛਾਣ ਬਣ ਜਾਵੇ। ਸ਼ਾਇਦ ਇਸੇ ਕਾਰਨ ਫਿਲਮੀ ਦੁਨੀਆ ਨੂੰ ਮਾਇਆ ਨਗਰੀ ਕਹਿੰਦੇ ਹਨ।



ਅਮਿਤਾਭ ਬੱਚਨ, ਪ੍ਰਕਾਸ਼ ਮਹਿਰਾ (ਖੱਬੇ) ਅਤੇ ਮਨਮੋਹਨ ਦੇਸਾਈ।



20% OFF
PUNJABI MEGA PACK
$19.99 FOR 24 MONTHS
Save $120 over 2 years
All offers require credit qualification, 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.